

Ray Dhaliwal
Real Estate Broker

# Moving to Indiana?

**Contact Ray Dhaliwal @ 317-993-4987**

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com



Twenty-Fourth Year of Publication | ਨਿਊਯਾਰਕ ਐਡੀਸ਼ਨ | Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ



Email:punjabtimes1@gmail.com
www.punjabtimesusa.com


# ਪੰਜਾਬ ਟਾਈਮਜ਼


Punjab Times, Vol 24, Issue 50; December 16, 2023



20451 N. Plum Grove Rd., Palatine, IL 60074
Ph:847-359-0746, Fax:847-705-9388


# ਵਿਦੇਸ਼ ਦਾ ਰਾਹ ਔਖਾ ਹੋਇਆ



**ਚੰਡੀਗੜ੍ਹ:** ਪੜ੍ਹਾਈ ਲਈ ਵੀਜ਼ਾ ਲੈ ਕੇ ਵਿਦੇਸ਼ ਜਾਣ ਦਾ ਰਾਹ ਹੁਣ ਔਖਾ ਹੋ ਗਿਆ ਹੈ। ਇੰਗਲੈਂਡ ਤੋਂ ਬਾਅਦ ਹੁਣ ਆਸਟਰੇਲੀਆ ਅਤੇ ਕੈਨੇਡਾ ਨੇ ਵੀ ਅਜਿਹੇ ਪਾੜ੍ਹਿਆਂ ਲਈ ਸਖਤ ਨਿਯਮ ਤੈਅ ਕਰਨ ਦਾ ਐਲਾਨ ਕਰ ਦਿੱਤਾ ਹੈ। ਇੰਗਲੈਂਡ ਲਗਾਤਾਰ ਪਰਵਾਸੀ ਵਿਦਿਆਰਥੀਆਂ 'ਤੇ ਪਾਬੰਦੀਆਂ ਵਧਾ ਰਿਹਾ ਹੈ। ਕੈਨੇਡਾ, ਇੰਗਲੈਂਡ ਅਤੇ ਹੋਰ ਪੱਛਮੀ ਦੇਸ਼ ਪਰਵਾਸ ਨੂੰ ਘਟਾਉਣ ਦਾ ਯਤਨ ਕਰ ਰਹੇ ਹਨ।

ਚੇਤੇ ਰਹੇ ਕਿ ਕੈਨੇਡਾ ਤੋਂ ਬਾਅਦ ਆਸਟਰੇਲੀਆ ਹੀ ਅਜਿਹਾ ਦੇਸ਼ ਸੀ ਜਿਸ ਨੂੰ ਭਾਰਤੀ ਖਾਸ ਕਰ ਕੇ ਪੰਜਾਬੀ ਪਾੜ੍ਹੇ ਸਭ ਤੋਂ ਵੱਧ ਤਰਜੀਹ ਦੇ ਰਹੇ ਸਨ। ਹੁਣ ਆਸਟਰੇਲੀਆ ਨੇ ਵੀ ਆਵਾਸ ਵਿਚ ਵੱਡੀ ਕਟੌਤੀ ਕਰਨ ਅਤੇ ਵਿਦਿਆਰਥੀ ਵੀਜ਼ਿਆਂ ਲਈ ਸ਼ਰਤਾਂ ਸਖਤ ਕਰਨ ਦਾ ਐਲਾਨ ਕੀਤਾ ਹੈ। ਇਸ ਦਾ ਸਿੱਧਾ ਪ੍ਰਭਾਵ ਪੰਜਾਬ ਤੋਂ ਇੱਥੇ ਵਿਦਿਆਰਥੀ ਵੀਜ਼ੇ 'ਤੇ ਆਉਣ ਦੇ ਚਾਹਵਾਨਾਂ ਉਤੇ ਪੈਣਾ ਸੁਭਾਵਿਕ ਹੈ। ਨਵੀਆਂ ਤਰਮੀਮਾਂ ਤਹਿਤ ਹੁਣ ਵਿਦਿਆਰਥੀਆਂ ਨੂੰ ਵੀਜ਼ੇ ਲਈ ਅੰਗਰੇਜ਼ੀ ਵਿਚ ਵਧੇਰੇ ਮੁਹਾਰਤ ਦਾ ਪ੍ਰਮਾਣ ਦੇਣਾ ਹੋਵੇਗਾ ਤੇ ਆਈਲੈਟਸ ਵਰਗੇ ਟੈਸਟਾਂ ਵਿਚ ਪਹਿਲਾਂ ਨਾਲੋਂ ਵਧੇਰੇ ਅੰਕ ਲੈਣੇ ਹੋਣਗੇ। ਇਥੇ ਪੜ੍ਹ ਰਹੇ ਵਿਦਿਆਰਥੀ ਜੇਕਰ ਅੱਗੇ ਹੋਰ ਵੀਜ਼ਾ ਲੈਣਾ ਚਾਹੁਣਗੇ ਤਾਂ ਕੋਰਸ ਉਨ੍ਹਾਂ ਦੀ ਪੜ੍ਹਾਈ ਤੇ ਯੋਗਤਾ ਨਾਲ ਸਬੰਧਿਤ ਹੋਣੇ ਲਾਜ਼ਮੀ ਹੋਣਗੇ। ਅਰਜ਼ੀਆਂ ਵਿਚ ਜਾਅਲੀ ਦਸਤਾਵੇਜ਼ਾਂ ਅਤੇ ਫਰਜ਼ੀ ਦਾਅਵਿਆਂ ਕਾਰਨ ਕੁਝ ਮਹੀਨੇ ਪਹਿਲਾਂ ਮੁਲਕ ਦੀਆਂ ਪ੍ਰਮੁੱਖ ਯੂਨੀਵਰਸਿਟੀਆਂ ਨੇ ਭਾਰਤ ਤੋਂ ਪੰਜਾਬ ਸਮੇਤ ਹਰਿਆਣਾ, ਯੂ.ਪੀ. ਅਤੇ ਗੁਜਰਾਤ ਵਰਗੇ ਸੂਬਿਆਂ ਨਾਲ ਸਬੰਧਿਤ ਬਿਨੈਕਰਤਾਵਾਂ ਦੀਆਂ ਅਰਜ਼ੀਆਂ ਲੈਣ 'ਤੇ ਰੋਕ ਲਗਾ ਦਿੱਤੀ ਸੀ ਪਰ ਹੁਣ ਇਸ ਪਾਸੇ ਖਾਸ ਧਿਆਨ ਦਿੰਦਿਆਂ ਸਰਕਾਰ ਨੇ 'ਵੀਜ਼ਾ ਇੰਟੀਗਰਿਟੀ ਯੂਨਿਟ' ਸਥਾਪਤ ਕਰਨ ਦਾ ਐਲਾਨ ਕੀਤਾ ਹੈ। ਇਹ ਸੰਸਥਾ ਪੜ੍ਹਾਈ ਵੀਜ਼ਿਆਂ 'ਤੇ ਖਾਸ ਨਜ਼ਰ ਰੱਖੇਗੀ। ਇਸ ਸਮੇਂ ਮੁਲਕ ਵਿਚ ਤਕਰੀਬਨ ਸਾਢੇ ਛੇ ਲੱਖ ਕੌਮਾਂਤਰੀ ਵਿਦਿਆਰਥੀ ਹਨ।

ਦਸ ਸਾਲਾ ਆਵਾਸ ਨੀਤੀ ਬਾਰੇ ਗ੍ਰਹਿ ਮੰਤਰੀ ਕਲੇਅਰ ਓ'ਨੀਲ ਨੇ ਐਲਾਨ ਕਰਦਿਆਂ ਕਿਹਾ ਕਿ ਮੁਲਕ ਦੇ ਆਵਾਸ ਢਾਂਚੇ ਨੂੰ ਦਰੁਸਤ ਕਰਨ ਲਈ ਇਹ ਕਦਮ ਚੁੱਕੇ ਜਾ ਰਹੇ ਹਨ। ਅਗਲੇ ਦੋ ਸਾਲਾਂ ਵਿਚ ਆਵਾਸ ਨੂੰ ਪੰਜਾਹ ਫੀਸਦੀ ਤੱਕ ਘਟਾਇਆ ਜਾਵੇਗਾ ਅਤੇ ਜੇਕਰ ਹੋਰ ਕਟੌਤੀ ਦੀ ਲੋੜ ਪਈ ਤਾਂ ਸ਼ਰਤਾਂ 'ਚ ਤਰਮੀਮ ਵੀ ਸੰਭਵ ਹੋਵੇਗੀ। ਹੁਨਰਮੰਦ ਕਾਮਿਆਂ ਨੂੰ ਖੇਤਰੀ ਇਲਾਕਿਆਂ ਵਿਚ ਭੇਜਣ ਨੂੰ ਤਰਜੀਹ, ਸਾਇੰਸ ਤਕਨਾਲੋਜੀ, ਸਾਈਬਰ ਸੁਰੱਖਿਆ ਵਰਗੇ ਖੇਤਰਾਂ ਵਿਚ ਹੁਨਰਮੰਦਾਂ ਦੇ ਵੀਜ਼ੇ ਸਾਲਾਂ ਦੀ ਥਾਂ ਹਫਤਿਆਂ 'ਚ ਨਿਬੇੜੇ ਜਾਣਗੇ ਪਰ ਘੱਟ ਮੁਹਾਰਤੀ ਲੋਕਾਂ ਦੇ ਵੀਜ਼ਿਆਂ ਵਿਚ ਕਟੌਤੀ ਵੀ ਇਸ ਨੀਤੀ ਦਾ ਮੁੱਖ ਮਕਸਦ ਹੈ।

ਇਸ ਤੋਂ ਪਹਿਲਾਂ ਕੈਨੇਡਾ ਸਰਕਾਰ ਨੇ ਪੜ੍ਹਾਈ ਲਈ ਆਉਣ ਵਾਲੇ ਵਿਦਿਆਰਥੀਆਂ ਲਈ ਗਾਰੰਟੀਡ ਇਨਵੈਸਟਮੈਂਟ ਸਰਟੀਫਿਕੇਟ


***(ਬਾਕੀ ਸਫਾ 6 'ਤੇ)***


## ਮਹਿੰਗਾਈ ਕਾਰਨ ਕੈਨੇਡਾ ਛੱਡਣ ਲਈ ਮਜਬੂਰ ਹੋਣ ਲੱਗੇ ਲੋਕ

**ਓਟਵਾ:** ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਕਈ ਨਵੇਂ ਆਏ ਆਵਾਸੀ ਕੈਨੇਡਾ ਛੱਡ ਰਹੇ ਹਨ। 'ਸਟੈਟਿਸਟਿਕਸ ਕੈਨੇਡਾ' ਮੁਤਾਬਕ ਪਿਛਲੇ ਛੇ ਦਹਾਕਿਆਂ ਦੇ ਮੁਕਾਬਲੇ ਇਸ ਸਾਲ ਕੈਨੇਡਾ ਦੀ ਆਬਾਦੀ ਬਹੁਤ ਤੇਜ਼ੀ ਨਾਲ ਵਧੀ ਸੀ ਪਰ ਹੁਣ 'ਰਿਵਰਸ ਇਮੀਗ੍ਰੇਸ਼ਨ' ਦਾ ਰੁਝਾਨ ਦੇਖਣ ਨੂੰ ਮਿਲ ਰਿਹਾ ਹੈ। ਸਾਲ 2023 ਦੇ ਪਹਿਲੇ ਛੇ ਮਹੀਨਿਆਂ ਵਿਚ ਕੁੱਲ 42 ਹਜ਼ਾਰ ਲੋਕਾਂ ਨੇ ਕੈਨੇਡਾ ਛੱਡ ਦਿੱਤਾ ਸੀ; 2022 ਵਿਚ ਇਹ ਗਿਣਤੀ 93,818 ਸੀ। ਇਸ ਤੋਂ ਪਹਿਲਾਂ 2021 ਵਿਚ 85,927 ਲੋਕ ਦੇਸ਼ ਛੱਡ ਗਏ ਸਨ। ਅੰਕੜਿਆਂ ਮੁਤਾਬਕ 2019 ਵਿਚ ਸਭ ਤੋਂ ਵੱਧ ਆਵਾਸੀਆਂ ਨੇ ਦੇਸ਼ ਛੱਡਿਆ ਸੀ ਤੇ ਇਹ ਪਿਛਲੇ ਦੋ ਦਹਾਕਿਆਂ ਵਿਚ ਸਭ ਤੋਂ ਵੱਧ ਸੀ।

# ਮੋਦੀ ਸਰਕਾਰ ਨੇ ਪੰਜਾਬ ਦੇ ਫੰਡ ਫਿਰ ਰੋਕੇ



**ਚੰਡੀਗੜ੍ਹ:** ਕੇਂਦਰ ਸਰਕਾਰ ਨੇ ਪੰਜਾਬ ਦੇ ਵਿਕਾਸ ਲਈ ਵਿਸ਼ੇਸ਼ ਸਹਾਇਤਾ ਵਜੋਂ ਦਿੱਤੇ ਜਾਣ ਵਾਲੇ 1837 ਕਰੋੜ ਰੁਪਏ ਦੇ ਫੰਡ ਰੋਕ ਲਏ ਹਨ। ਪੰਜਾਬ ਸਰਕਾਰ ਨੇ ਵਰ੍ਹਾ 2023-24 ਲਈ ਸੂਬੇ ਵਿਚ 103 ਵਿਕਾਸ ਪ੍ਰੋਜੈਕਟਾਂ ਵਾਸਤੇ 1837.33 ਕਰੋੜ ਰੁਪਏ ਦੇ ਪੂੰਜੀ ਨਿਵੇਸ਼ ਲਈ ਤਜਵੀਜ਼ 6 ਜੁਲਾਈ ਨੂੰ ਭੇਜੀ ਸੀ। ਕੇਂਦਰੀ ਵਿੱਤ ਮੰਤਰਾਲੇ ਨੇ ਪੰਜਾਬ ਦੇ ਵਿੱਤ ਵਿਭਾਗ ਨੂੰ ਪੱਤਰ ਭੇਜ ਕੇ ਕਿਹਾ ਹੈ ਕਿ ਜਦੋਂ ਤੱਕ ਸੂਬਾ ਸਰਕਾਰ ਕੇਂਦਰੀ ਸਕੀਮਾਂ ਦੀਆਂ ਹਦਾਇਤਾਂ ਦੀ ਢੁਕਵੀਂ ਪਾਲਣਾ ਨਹੀਂ ਕਰਦੀ, ਉਦੋਂ ਤੱਕ ਕੇਂਦਰੀ ਫੰਡ ਜਾਰੀ ਨਹੀਂ ਹੋਣਗੇ।

ਕੇਂਦਰੀ ਵਿੱਤ ਮੰਤਰਾਲੇ ਨੇ ਕੇਂਦਰੀ ਫੰਡਾਂ ਨੂੰ ਰੋਕੇ ਜਾਣ ਪਿੱਛੇ ਆਯੂਸ਼ਮਾਨ ਭਾਰਤ ਹੈਲਥ ਐਂਡ ਵੈਲਨੈੱਸ ਸੈਂਟਰ ਸਕੀਮ ਤਹਿਤ ਪੰਜਾਬ ਨੂੰ ਜਾਰੀ ਫੰਡਾਂ ਦੀ ਵਰਤੋਂ ਮੌਕੇ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਦਾ ਹਵਾਲਾ ਦਿੱਤਾ ਹੈ। ਜ਼ਿਕਰਯੋਗ ਹੈ ਕਿ ਕੌਮੀ ਸਿਹਤ ਮਿਸ਼ਨ ਤਹਿਤ 'ਆਯੂਸ਼ਮਾਨ ਭਾਰਤ ਹੈਲਥ ਐਂਡ ਵੈਲਨੈੱਸ ਸੈਂਟਰ' ਵਾਸਤੇ ਪੰਜਾਬ ਨੂੰ 1114.57 ਕਰੋੜ ਰੁਪਏ ਦਿੱਤੇ ਜਾਣੇ ਸਨ ਜਿਸ 'ਚੋਂ ਕੇਂਦਰ ਨੇ ਆਪਣੀ 60 ਫੀਸਦੀ ਹਿੱਸੇਦਾਰੀ ਤਹਿਤ 438.46 ਕਰੋੜ ਦੇ ਫੰਡ ਜਾਰੀ ਵੀ ਕਰ ਦਿੱਤੇ ਸਨ। ਕੇਂਦਰ ਸਰਕਾਰ ਨੇ ਬਾਕੀ ਦੇ 676.11 ਕਰੋੜ ਦੇ ਫੰਡ ਜਾਰੀ ਕਰਨ 'ਤੇ ਰੋਕ ਲਗਾ ਦਿੱਤੀ ਸੀ। ਸੂਬਾ ਸਰਕਾਰ ਲਈ ਇਹ ਕਿਸੇ ਵਿੱਤੀ ਸੰਕਟ ਤੋਂ ਘੱਟ ਨਹੀਂ ਹੈ। ਚੇਤੇ ਰਹੇ ਕਿ ਕੇਂਦਰ ਸਰਕਾਰ ਵੱਲੋਂ ਸੂਬਿਆਂ ਨੂੰ ਪੂੰਜੀ ਖਰਚਿਆਂ ਵਾਸਤੇ ਉਤਸ਼ਾਹਿਤ ਕਰਨ ਲਈ ਵਿਆਜ ਮੁਕਤ ਕਰਜ਼ੇ ਦਿੱਤੇ ਜਾਂਦੇ ਹਨ ਅਤੇ ਇਸੇ ਤਹਿਤ ਹੀ ਸੂਬੇ ਨੂੰ ਪਹਿਲੇ ਪੜਾਅ 'ਚ 1807 ਕਰੋੜ ਰੁਪਏ ਦੀ ਵੰਡ ਕੀਤੀ ਗਈ ਸੀ।

ਉਧਰ, ਕੇਂਦਰੀ ਫੰਡ ਰੁਕਣ ਨਾਲ ਪੰਜਾਬ ਦੇ ਅਹਿਮ ਵਿਕਾਸ ਪ੍ਰੋਜੈਕਟ ਸ਼ੁਰੂ ਹੋਣ ਤੋਂ ਪਹਿਲਾਂ ਹੀ ਖਟਾਈ ਵਿਚ ਪੈ ਗਏ ਹਨ। ਸੂਬਾ ਸਰਕਾਰ ਨੇ 103 ਵਿਕਾਸ ਪ੍ਰੋਜੈਕਟਾਂ ਦੀ ਸੂਚੀ ਅਤੇ ਉਨ੍ਹਾਂ ਦੇ ਲਾਗਤ ਖ਼ਰਚਿਆਂ ਦਾ ਵਿਸਥਾਰ ਕੇਂਦਰੀ ਵਿੱਤ ਮੰਤਰਾਲੇ ਨੂੰ ਭੇਜਿਆ ਸੀ। ਪਤਾ ਲੱਗਾ ਹੈ ਕਿ ਪੰਜਾਬ ਸਰਕਾਰ ਕੇਂਦਰੀ ਇਤਰਾਜ਼ਾਂ ਨੂੰ ਦੂਰ ਕਰਨ ਲਈ 'ਆਮ ਆਦਮੀ ਕਲੀਨਿਕਾਂ' ਨੂੰ ਲੈ ਕੇ ਕੋਈ ਨਵਾਂ ਰਾਹ ਤਲਾਸ਼ ਰਹੀ ਹੈ।


**One stop shop for all your taxi needs**

**The Friendly Group Ltd.**
**Chelsea Taxi Brokers**
**Ph: 212-947-9833, 212-695-0601**

*40 ਸਾਲਾਂ ਤੋਂ ਭਾਈਚਾਰੇ ਦੀ ਸੇਵਾ ਵਿਚ*

*All types of insurance*
* *Medallion transfers*
* *Accident claims*
* *Taxi Stand Facility available*




We are here at your service to sell and buy or insure medallions and we are in business to help our Punjabi Community since last 40 years.

*Ask us about Purchase or new buyer and financing.

*ਟੈਕਸੀ ਮਡਾਲੀਅਨ ਖਰੀਦਣ, ਵੇਚਣ ਜਾਂ ਲੀਜ਼ 'ਤੇ ਲੈਣ ਜਾਂ ਦੇਣ ਲਈ ਸਾਡਾ ਸੂਝਵਾਨ ਤੇ ਸੁਹਿਰਦ ਸਟਾਫ਼ ਤੁਹਾਨੂੰ ਵਾਜਬ ਕੀਮਤਾਂ ਦਿਵਾਉਣ ਲਈ ਹਰ ਯਤਨ ਕਰੇਗਾ।*

# ਸਾਹਿਤਕ ਮਿਲਣੀ ਵਿਚ ਚੱਲਿਆ ਰਚਨਾਵਾਂ ਦਾ ਦੌਰ

**ਨਿਊਯਾਰਕ:** ਲੰਘੇ ਸ਼ਨਿਚਰਵਾਰ ਨਿਊਯਾਰਕ ਵਿਚ ਵੱਸਦੇ ਸਾਹਿਤਕ ਪ੍ਰੇਮੀਆਂ ਵਲੋਂ ਬਲਦੇਵ ਸਿੰਘ ਗਰੇਵਾਲ ਹੋਰਾਂ ਦੇ ਘਰ ਸਾਹਿਤਕ ਬੈਠਕ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਕਵਿਤਾ, ਕਹਾਣੀ ਤੇ ਗ਼ਜ਼ਲਾਂ ਦਾ ਦੌਰ ਚੱਲਿਆ। ਪਹਿਲਾਂ ਆਮ ਚਲੰਤ ਮਾਮਲਿਆਂ ਬਾਰੇ ਗੱਲਬਾਤ ਹੋਈ, ਜਿਸ ਦਾ ਸਿੱਟਾ ਇਹ ਕੱਢਿਆ ਗਿਆ ਕਿ ਦੁਨੀਆਂ ਦੇ ਹਾਲਾਤ ਖਰਾਬ ਹਨ ਸਾਰੇ ਚਿੰਤਤ ਹਨ ਪਰ ਹਾਲਾਤ ਨੂੰ ਠੀਕ ਕਰਨ ਦੀ ਕੋਈ ਖ਼ਾਸ ਪਹਿਲ ਕਦਮੀ ਕਿਸੇ ਪਾਸਿਓਂ ਨਹੀਂ ਹੋ ਰਹੀ। ਪਹਿਲੇ ਦਸ ਕੁ ਮਿੰਟ ਬੈਠਕ ਦਾ ਸੰਚਾਲਨ ਰਾਣੀ ਨਗਿੰਦਰ ਹੋਰਾਂ ਕੀਤਾ ਜਿਸ ਵਿਚ ਉਨ੍ਹਾਂ ਆਪਣੀਆਂ ਛੋਟੀਆਂ ਕਵਿਤਾਵਾਂ ਸੁਣਾਈਆਂ। ਬੈਠਕ ਦਾ ਬਾਕੀ ਬਚਦਾ ਸਮੇਂ ਦਾ ਸੰਚਾਲਨ ਬਲਵੀਰ ਸਿੰਘ ਡੁਮੇਲੀ ਹੋਰਾਂ ਕੀਤਾ।

ਪਹਿਲਾਂ ਮੁਮਤਾਜ ਹੁਸੈਨ ਹੋਰਾਂ ਆਪਣੀ ਕਵਿਤਾ "ਵੇ ਤੂੰ ਕਾਹਦਾ ਪਟਵਾਰੀ ਮੁੰਡਾ ਮੇਰਾ ਰੋਵੇ ਅੰਬ ਨੂੰ" ਸੁਣਾਈ। ਫ਼ਿਰ ਡਾਕਟਰ ਰਾਮ ਜੀ ਦਾਸ ਸੇਠੀ ਨੇ ਪਤਝੜ ਰੁੱਤ ਵਿਚ ਪੱਤਿਆਂ ਦੇ ਬਦਲਦੇ ਰੰਗਾਂ ਦੇ ਅੰਦਾਜ਼ ਨੂੰ ਖ਼ੂਬਸੂਰਤ ਖਿਆਲ ਨਾਲ ਪੇਸ਼ ਕੀਤਾ। ਜਸਵੀਰ ਸਿੰਘ ਡੁਮੇਲੀ ਨੇ ਬੜੇ ਹਿਰਖ਼ ਨਾਲ ਰੱਬ ਨੂੰ ਉਲਾਂਭਾ ਮਾਰਿਆ ਕਿ ਦਰੋਪਦੀ ਦੀ ਪਤ ਰੱਖਣ ਲਈ ਤਾਂ ਆ ਗਿਆ ਸੀ ਅੱਜ ਕਿੰਨੀਆਂ ਦਰੋਪਦੀਆਂ ਹੈਵਾਨਾਂ ਵਲੋਂ ਨਿਰਵਸਤਰ ਕੀਤੀਆਂ ਜਾ ਰਹੀਆਂ ਹਨ, ਤੂੰ ਵੀ ਹੈਵਾਨੀਅਤ ਤੋਂ ਡਰ ਕੇ ਕਿੱਧਰੇ ਛੁਪ ਕੇ ਬੈਠ ਗਿਉਂ? ਉਂਕਾਰ ਸਿੰਘ ਡੁਮੇਲੀ ਨੇ ਇਸ਼ਕ ਮਿਜ਼ਾਜੀ ਨਾਲ ਭਰਪੂਰ ਛੋਟੀਆਂ ਕਵਿਤਾਵਾਂ ਸੁਣਾ ਕੇ ਵਾਹ



ਵਾਹ ਖੱਟੀ। ਜੀਤ ਚੰਦਨ ਨੇ ਵੀ ਪਿਆਰ ਮੁਹੱਬਤ ਵਾਲੇ ਕੁੱਝ ਕਿੱਸੇ ਸੁਣਾਏ ਇੱਕ ਗਜ਼ਲ "ਆਪਣਾ ਯਾਰ ਬਣਾਵਾਂ ਕਿਸ ਨੂੰ, ਦਿਲ ਦਾ ਹਾਲ ਸੁਣਾਵਾਂ ਕਿਸ ਨੂੰ" ਵੀ ਸੁਣਾਈ। ਬਲਵਿੰਦਰ ਸਿੰਘ ਨੇ ਇੱਕ ਹਿੰਦੀ ਤੇ ਇਕ ਪੰਜਾਬੀ 'ਚ ਕਿਸੇ ਹੋਰ ਰਚਨਾਕਾਰ ਦੀਆਂ ਰਚਨਾਵਾਂ ਸੁਣਾਈਆਂ। ਰਾਣੀ ਨਗਿੰਦਰ ਹੋਰਾਂ ਗਾਜ਼ਾ ਵਿਚ ਇਨਸਾਨੀਅਤ ਦੇ ਹੋ ਰਹੇ ਨੰਗੇ ਨਾਚ ਬਾਰੇ ਕਵਿਤਾਵਾਂ ਸੁਣਾ ਕੇ ਗਮਗੀਨਤਾ ਵਾਲਾ ਮਾਹੌਲ ਸਿਰਜ ਦਿੱਤਾ। ਬਲਵੀਰ ਸਿੰਘ ਡੁਮੇਲੀ ਨੇ ਵੀ ਪਤਝੜ ਰੁੱਤ ਵਿਚ ਪੱਤਿਆਂ ਦੇ ਰੰਗੀਨ ਰੰਗਾਂ ਨਾਲ ਲੁਸ਼ ਲੁਸ਼ ਕਰਦੇ ਸੁਹੱਪਣ ਦੀ ਸੁੰਦਰ ਤਸਵੀਰ ਪੇਸ਼ ਕੀਤੀ।

"ਰੰਗ ਬਰੰਗੇ ਬਸਤਰ ਪਾ ਕੇ
ਕਿੱਧਰੋਂ ਘੁੰਮਦੇ ਆਏ ਪੱਤੇ
ਧੁੱਪ ਦੀਆਂ ਕਿਰਨਾਂ ਦੇ ਵਿੱਚੋਂ
ਲਾਲੀ ਕੱਢ ਲਿਆਏ ਪੱਤੇ"।

ਕਵਿਤਾ ਦੇ ਦੌਰ ਦੇ ਅਖੀਰ ਵਿਚ ਬੀ ਜੇ ਸਿੰਘ ਨੇ ਇਨਸਾਨੀਅਤ ਦੇ ਘਾਣ ਬਾਰੇ ਬਹੁਤ ਸੰਵੇਦਨਸ਼ੀਲ ਛੋਟੀ ਕਵਿਤਾ ਪੜ੍ਹੀ, ਜਿਸ ਵਿਚ ਮਨੁੱਖ ਵਲੋਂ ਮਨੁੱਖ ਉਤੇ ਕੀਤੇ ਜਾ ਰਹੇ ਹੈਵਾਨੀਅਤ ਦੇ ਹਮਲਿਆਂ ਨਾਲ ਪੈਦਾ ਹੋਏ ਦਰਦ ਦੀ ਹੂਕ ਸਾਫ ਸੁਣਾਈ ਦੇ ਰਹੀ ਸੀ। ਤਰਲੋਕ ਬੀਰ ਹੋਰਾਂ ਵੀ ਦੁਨੀਆਂ ਦੇ ਵਿਗੜਦੇ ਹਾਲਾਤ ਦਾ ਦ੍ਰਿਸ਼ ਆਪਣੀਆਂ ਕਵਿਤਾਵਾਂ ਰਾਹੀਂ ਪੇਸ਼ ਕੀਤਾ। ਕਹਾਣੀ ਦੇ ਦੌਰ ਵਿਚ ਮੁਮਤਾਜ ਹੁਸੈਨ ਨੇ ਆਰਟੀਫਿਸ਼ਲ ਇੰਟੈਲੀਜੈਂਸ ਨੂੰ ਬਿਆਨ ਕਰਦੀ ਕਹਾਣੀ "ਓ ਆਈ" ਬਾਬਾ ਪੜ੍ਹੀ ਜਿਸ ਵਿਚ ਆਉਣ ਵਾਲੇ ਸਮੇਂ ਵਿਚ ਸਭਨਾਂ ਦੇ ਜੀਵਨ ਉਤੇ ਪੈਣ ਵਾਲੇ ਅਸਰ ਨੂੰ ਬਾਖ਼ੂਬੀ ਪੇਸ਼ ਕੀਤਾ ਗਿਆ। ਬਲਦੇਵ ਸਿੰਘ ਗਰੇਵਾਲ ਹੋਰਾਂ ਆਪਣੀ ਕਹਾਣੀ "ਮੁਕਲਾਵਾ" ਸੁਣਾਈ ਜਿਸ ਨਾਲ ਸਾਰਿਆਂ ਦੇ ਕੋਏ ਹੰਝੂਆਂ ਨਾਲ ਸਿੱਲ੍ਹੇ ਹੋ ਗਏ। ਜਸਵੀਰ ਸਿੰਘ ਉਭੀ ਹੋਰਾਂ ਛੋਟੀ ਕਹਾਣੀ ਚੁੰਮਣ ਪੜ੍ਹ ਕੇ ਆਪਣੀ ਹਾਜ਼ਰੀ ਲੁਆਈ। ਰੀਟਾ ਕੋਹਲੀ ਨੇ ਫਰਾਜ਼ ਦੀ ਗਜ਼ਲ ਕਲਾਸੀਕਲ ਸੁਰ ਵਿਚ ਗਾਇਨ ਕੀਤੀ, ਜਿਸ ਨੂੰ ਸਭਨਾਂ ਨੇ ਪਸੰਦ ਕੀਤਾ। ਬੈਠਕ ਵਿਚ ਨੀਲੂ ਬੇਦੀ, ਤਰਲੋਚਨ ਸੱਚਰ ਪ੍ਰੀਤ ਸਿੰਘ ਹੋਰਾਂ ਹਾਜ਼ਰੀ ਭਰੀ। ਚਾਹ ਦੀ ਸੇਵਾ ਬਲਦੇਵ ਸਿੰਘ ਗਰੇਵਾਲ ਤੇ ਰੀਟਾ ਕੋਹਲੀ ਵਲੋਂ ਹੋਈ। ਅਖੀਰ ਵਿਚ ਉਂਕਾਰ ਸਿੰਘ ਡੁਮੇਲੀ ਦੀ ਕਿਤਾਬ "ਤਰਕਾਂ ਦੇ ਤੀਰ" ਲੋਕ ਅਰਪਣ ਕੀਤੀ ਗਈ। ਪੂਰੀ ਬੈਠਕ ਦੌਰਾਨ ਵਧੀਆ ਤੇ ਸਾਹਿਤਕ ਮਾਹੌਲ ਬਣਿਆ ਰਿਹਾ ਜਿਸ ਦਾ ਸਭਨਾਂ ਨੇ ਭਰਪੂਰ ਆਨੰਦ ਮਾਣਿਆ। ਮਿਸਿਜ਼ ਗਰੇਵਾਲ ਨੇ ਸਾਰਿਆਂ ਨੂੰ ਗਰਮ ਗਰਮ ਚਾਹ ਪਿਆ ਕੇ ਮਾਹੌਲ ਨੂੰ ਸੁਆਦਲਾ ਬਣਾਈ ਰੱਖਣ ਵਿਚ ਵੀ ਕੋਈ ਕਸਰ ਨਹੀਂ ਰਹਿਣ ਦਿੱਤੀ। ਛੇ ਕੁ ਵਜੇ ਸਾਰਿਆਂ ਨੇ ਅਗਲੇ ਮਹੀਨੇ ਫਿਰ ਮਿਲਣ ਦੀ ਆਸ ਨਾਲ ਇਕ ਦੂਜੇ ਨੂੰ ਅਲਵਿਦਾ ਆਖੀ। ਬੀ ਜੇ ਸਿੰਘ ਨੇ ਇਸ ਬੈਠਕ ਦੀ ਪ੍ਰਧਾਨਗੀ ਕੀਤੀ।

# ਅਸੀਸ ਮੰਚ ਵੱਲੋਂ ਪੱਤਰਕਾਰ ਅਤੇ ਸ਼ਾਇਰ ਸੁਸ਼ੀਲ ਦੁਸਾਂਝ ਦਾ ਸਨਮਾਨ

**ਸਰੀ:** ਬੀਤੇ ਦਿਨੀਂ ਅਸੀਸ ਮੰਚ ਟੋਰਾਂਟੋ ਵੱਲੋਂ ਦਿਸ਼ਾ ਦੇ ਸਹਿਯੋਗ ਨਾਲ ਪੰਜਾਬੀ ਭਵਨ ਵਿਚ ਪੰਜਾਬ ਤੋਂ ਆਏ ਨਾਮਵਰ ਪੱਤਰਕਾਰ ਅਤੇ ਸ਼ਾਇਰ ਸੁਸ਼ੀਲ ਦੁਸਾਂਝ ਦੇ ਸਨਮਾਨ ਵਿਚ ਸਮਾਗਮ ਕੀਤਾ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਜੀਟੀਏ ਦੀ ਜਾਣੀ-ਪਛਾਣੀ ਸ਼ਖ਼ਸੀਅਤ ਇੰਦਰਜੀਤ ਸਿੰਘ ਬੱਲ, ਨਾਮਵਰ ਕਹਾਣੀਕਾਰ ਵਰਿਆਮ ਸਿੰਘ ਸੰਧੂ,



ਸ਼ਾਇਰ ਭੁਪਿੰਦਰ ਦੁਲੇ, ਪੰਜਾਬੀ ਭਵਨ ਦੇ ਸੰਸਥਾਪਕ ਦਲਬੀਰ ਸਿੰਘ ਕਥੂਰੀਆ, ਸੁਸ਼ੀਲ ਦੁਸਾਂਝ ਅਤੇ ਸ਼ਾਇਰਾ ਪਰਮਜੀਤ ਦਿਓਲ ਨੇ ਕੀਤੀ। ਸਮਾਗਮ ਦੇ ਆਗਾਜ਼ ਵਿਚ ਰਿੰਟੂ ਭਾਟੀਆ ਨੇ ਸਭ ਨੂੰ ਜੀ ਆਇਆਂ ਆਖੀ ਅਤੇ ਅਸੀਸ ਮੰਚ ਦੇ ਕਾਰਜਾਂ ਬਾਰੇ ਅਤੇ ਪ੍ਰੋਗਰਾਮ ਦੇ ਵੇਰਵੇ ਸਾਂਝੇ ਕੀਤੇ। ਪਿਆਰਾ ਸਿੰਘ ਕੁੱਦੋਵਾਲ ਨੇ ਪ੍ਰਧਾਨਗੀ ਮੰਡਲ ਦੀ ਸ਼ੋਭਾ ਬਣੇ ਸਭ ਵਿਦਵਾਨਾਂ ਬਾਰੇ ਸਰੋਤਿਆਂ ਨਾਲ ਜਾਣ-ਪਛਾਣ ਕਰਵਾਈ।

ਸੁਸ਼ੀਲ ਦੁਸਾਂਝ ਨੇ ਇਸ ਸਮਾਗਮ ਲਈ ਅਸੀਸ ਮੰਚ ਟੋਰਾਂਟੋ ਦੀ ਸੰਸਥਾਪਕ ਪਰਮਜੀਤ ਦਿਓਲ ਅਤੇ ਤੀਰਥ ਦਿਓਲ ਦਾ ਧੰਨਵਾਦ ਕਰਦਿਆਂ ਆਪਣੀ ਪੱਤਰਕਾਰੀ ਦੇ ਸ਼ੁਰੂਆਤੀ ਸਮੇਂ, ਆਪਣੀ ਲੇਖਣੀ ਅਤੇ ਸਮੁੱਚੀ ਪੱਤਰਕਾਰੀ ਬਾਰੇ ਵਿਚਾਰ ਪ੍ਰਗਟ ਕੀਤੇ। ਉਨ੍ਹਾਂ ਆਪਣੀਆਂ ਕੁਝ ਗਜ਼ਲਾਂ ਅਤੇ ਕਵਿਤਾਵਾਂ ਵੀ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਪਰਮਜੀਤ ਦਿਓਲ ਅਤੇ ਤੀਰਥ ਦਿਓਲ ਨੇ ਸਮਾਗਮ ਵਿਚ ਸ਼ਾਮਲ ਹੋ ਕੇ ਮਾਣ ਵਧਾਉਣ ਵਾਲੀਆਂ ਸਭਨਾਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸਨਮਾਨ ਪੱਤਰ ਅਤੇ ਦੁਸ਼ਾਲੇ ਨਾਲ ਸੁਸ਼ੀਲ ਦੁਸਾਂਝ ਦਾ ਸਨਮਾਨ ਕੀਤਾ ਗਿਆ।

ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਸੁਖਚਰਨ ਕੌਰ ਗਿੱਲ, ਸਰਬਜੀਤ ਕੌਰ ਕਾਹਲੋਂ, ਹਰਪਾਲ ਸਿੰਘ ਭਾਟੀਆ, ਜਗੀਰ ਕਾਹਲੋਂ, ਰਾਜਵੰਤ ਕੌਰ ਸੰਧੂ, ਜਸਪਾਲ ਢਿੱਲੋਂ, ਹਰੀ ਦੇਵ ਕੰਡਾ, ਪਿਰਤਪਾਲ ਸਿੰਘ ਚੱਗਰ, ਸੁਖਚਰਨਜੀਤ ਗਿੱਲ, ਅੰਮ੍ਰਿਤ ਢਿੱਲੋਂ, ਚਰਜੀ ਬਾਜਵਾ, ਹਰਬੰਸ ਮੱਲ੍ਹੀ, ਗੁਰਦਿਆਲ ਸਿੰਘ ਬੱਲ, ਇਕਬਾਲ ਮਾਹਲ, ਜਨਕ ਜੋਸ਼ੀ, ਸੁਰਜੀਤ ਕੌਰ, ਡਾ. ਜਗਮੋਹਨ ਸੰਘਾ, ਜਸਵੀਰ (ਜੱਸੀ) ਭੁੱਲਰ, ਮਲਵਿੰਦਰ, ਹੀਰਾ ਰੰਧਾਵਾ, ਡਾ. ਦਵਿੰਦਰ ਲੱਧੜ, ਪਰਮਜੀਤ ਸਿੰਘ ਬਿਰਦੀ, ਹਰਜੀਤ ਸਿੰਘ ਗਿੱਲ, ਜਗਜੀਤ ਸਿੰਘ ਅਰੋੜਾ, ਅਫਜ਼ਲ ਰਾਜ਼, ਨਾਹਰ ਔਜਲਾ, ਹਰਦਿਆਲ ਸਿੰਘ ਝੀਤਾ, ਹਰਨੇਕ ਸਿੰਘ ਗਰੇਵਾਲ, ਜੇ ਬੀ ਐਸ ਰੰਧਾਵਾ, ਮਤਲੂਬ ਵੜੈਚ, ਹੀਰਾ ਸਿੰਘ ਹੰਸਪਾਲ, ਪ੍ਰਭਜੋਤ ਰਾਠੌਰ ਅਤੇ ਪਰਮਜੀਤ ਸਿੰਘ ਢਿੱਲੋਂ ਸ਼ਾਮਲ ਸਨ।

*-ਹਰਦਮ ਮਾਨ*

# ਅਮਰੀਕਾ ਦੇ ਦੋਸ਼ਾਂ ਨੇ ਮੋਦੀ ਸਰਕਾਰ ਦਾ ਸਿੱਖ ਵਿਰੋਧੀ ਚਿਹਰਾ ਕੀਤਾ ਬੇਨਕਾਬ: ਵਰਲਡ ਸਿੱਖ ਪਾਰਲੀਮੈਂਟ

ਵਰਲਡ ਸਿੱਖ ਪਾਰਲੀਮੈਂਟ ਦੇ ਕੋਆਰਡੀਨੇਟਰ ਭਾਈ ਹਿੰਮਤ ਸਿੰਘ ਅਮਰੀਕਾ, ਕੋ-ਆਰਡੀਨੇਟਰ ਭਾਈ ਗੁਰਚਰਨ ਸਿੰਘ ਗੁਰਾਇਆ ਜਰਮਨੀ, ਮੁੱਖ ਬੁਲਾਰੇ ਭਾਈ ਜੋਗਾ ਸਿੰਘ, ਜਨਰਲ ਸਕੱਤਰ ਭਾਈ ਮਨਪ੍ਰੀਤ ਸਿੰਘ, ਭਾਈ ਰਣਜੀਤ ਸਿੰਘ ਸਰਾਏ ਇੰਗਲੈਂਡ, ਭਾਈ ਜਤਿੰਦਰ ਸਿੰਘ ਜਰਮਨੀ, ਭਾਈ ਜਸਵਿੰਦਰ ਸਿੰਘ, ਭਾਈ ਹਰਜੀਤ ਸਿੰਘ, ਹਰਜੋਤ ਸਿੰਘ ਸੰਧੂ ਹਾਲੈਂਡ, ਸ਼ਿਗਾਰਾ ਸਿੰਘ ਮਾਨ ਫਰਾਂਸ ਨੇ ਪ੍ਰੈਸ ਦੇ ਨਾਂ ਜਾਰੀ ਬਿਆਨ ਵਿਚ ਅਮਰੀਕੀ ਜਾਂਚ ਏਜੰਸੀ ਐਫਬੀਆਈ ਵੱਲੋਂ ਭਾਰਤੀ ਏਜੰਟਾਂ ਉੱਤੇ ਲਾਏ ਗਏ ਵਿਸਤ੍ਰਿਤ ਦੋਸ਼ਾਂ ਦੀ ਸ਼ਲਾਘਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਦੋਸ਼ ਅਮਰੀਕਾ ਅਤੇ ਭਾਰਤ ਵਿਚ ਭਾਰਤੀ ਏਜੰਟਾਂ ਵੱਲੋਂ ਕੀਤੀਆਂ ਜਾ ਰਹੀਆਂ ਅਪਰਾਧਿਕ ਗਤੀਵਿਧੀਆਂ ਦੇ ਨਮੂਨੇ ਨੂੰ ਦਰਸਾਉਂਦੀ ਹੈ।

ਜ਼ਿਕਰਯੋਗ ਹੈ ਕਿ ਇਕ ਮਹੱਤਵਪੂਰਨ ਖੁਲਾਸੇ ਵਿਚ, ਅਮਰੀਕੀ ਨਿਆਂ ਵਿਭਾਗ ਨੇ ਨਿਊਯਾਰਕ ਵਿਚ ਸਿੱਖ ਸਵੈ-ਨਿਰਣੇ ਦੀ ਗੱਲ ਕਰਨ ਵਾਲੇ ਇੱਕ ਪ੍ਰਮੁੱਖ ਸਿੱਖ ਵਕੀਲ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਕਰਨ ਲਈ ਭਾਰਤ ਦੀ ਖੁਫੀਆ ਏਜੰਸੀ ਰਾਅ ਦੁਆਰਾ ਰਚੀ ਗਈ ਇਕ ਅਪਰਾਧਕ ਸਾਜ਼ਿਸ਼ ਦਾ ਪਰਦਾਫਾਸ਼ ਕੀਤਾ ਹੈ। 15,000 ਡਾਲਰ ਦੀ 'ਐਡਵਾਂਸ ਪੇਮੈਂਟ' ਸੌਂਪਣ ਦੀ ਫੋਟੋ ਸਮੇਤ ਸਬੂਤਾਂ ਨਾਲ ਲਾਏ ਗਏ ਇਸ ਦੋਸ਼ ਨੇ ਭਾਰਤ ਦੀ ਸੱਤਾਧਾਰੀ ਭਾਜਪਾ ਦੇ ਕੱਟੜਪੰਥੀ ਹਿੰਦੂਤਵ ਸ਼ਾਸਨ ਦੀ ਵਿਦੇਸ਼ ਨੀਤੀ ਨੂੰ ਡੂੰਘੇ ਸੰਕਟ ਵਿਚ ਧੱਕ ਦਿੱਤਾ ਹੈ।


ਅਮਰੀਕੀ ਜਾਂਚ ਏਜੰਸੀਆਂ ਐਫਬੀਆਈ ਅਤੇ ਸੀਆਈਏ ਨੇ ਮੋਦੀ ਸਰਕਾਰ ਨੂੰ ਸਖ਼ਤ ਚੇਤਾਵਨੀਆਂ ਜਾਰੀ ਕੀਤੀਆਂ ਹਨ ਅਤੇ ਅਮਰੀਕਾ ਦੀ ਸਰਕਾਰ ਨੇ ਨਾਰਥ ਅਮਰੀਕਾ ਵਿਚੋਂ ਭਾਰਤੀ ਖੁਫੀਆ ਏਜੰਸੀ ਰਾਅ ਦੇ ਅਧਿਕਾਰੀਆਂ ਨੂੰ ਬਾਹਰ ਕੱਢਿਆ ਹੈ। ਫਾਈਵ ਆਈਜ਼ ਅਲਾਇੰਸ ਦੀ ਇੰਟੈਲੀਜੈਂਸ 'ਤੇ ਆਧਾਰਿਤ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਜੋ ਕੁਝ ਸਮਾਂ ਪਹਿਲਾਂ ਭਾਈ ਹਰਦੀਪ ਸਿੰਘ ਨਿੱਜਰ ਨੂੰ ਭਾਰਤ ਸਰਕਾਰ ਵੱਲੋਂ ਕਤਲ ਕਰਨ ਦੇ ਇਲਜ਼ਾਮ ਲਗਾਏ ਗਏ ਸਨ, ਉਨ੍ਹਾਂ ਨੇ ਮੋਦੀ ਸਰਕਾਰ ਨੂੰ ਵਿਸ਼ਵ ਪੱਧਰ 'ਤੇ ਜ਼ਲੀਲ ਕੀਤਾ ਹੈ।

ਵਰਲਡ ਸਿੱਖ ਪਾਰਲੀਮੈਂਟ ਦੇ ਆਗੂਆਂ ਨੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਭਾਰਤ ਅੰਦਰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀ ਚਿੰਤਾਜਨਕ ਸਥਿਤੀ ਅਤੇ ਅੰਤਰ-ਰਾਸ਼ਟਰੀ ਜਬਰ ਵੱਲ ਧਿਆਨ ਦੇਣ ਦੀ ਅਪੀਲ ਕੀਤੀ। ਵਰਲਡ ਸਿੱਖ ਪਾਰਲੀਮੈਂਟ ਦੇ ਆਗੂਆਂ ਨੇ ਕਿਹਾ ਕਿ ਪੂਰੀ ਦੁਨੀਆਂ ਵਿਸ਼ਵ ਮਨੁੱਖੀ ਅਧਿਕਾਰ ਦਿਵਸ ਮਨਾ ਰਹੀ ਹੈ। ਇਸ ਮੌਕੇ ਸਾਡੀ ਅੰਤਰਰਾਸ਼ਟਰੀ ਭਾਈਚਾਰੇ ਨੂੰ ਅਪੀਲ ਹੈ ਕਿ ਉਹ ਭਾਰਤ ਦੀਆਂ ਗੈਰਕਾਨੂੰਨੀ ਅਤੇ ਅੱਤਵਾਦੀ ਕਾਰਵਾਈਆਂ ਦੀ ਨਿੰਦਾ ਕਰਨ ਅਤੇ ਭਾਰਤੀ ਲੀਡਰਾਂ ਨੂੰ ਸਿੱਖਾਂ ਖ਼ਿਲਾਫ ਜਬਰ ਕਰਨ ਲਈ ਜਵਾਬਦੇਹ ਠਹਿਰਾਉਣ। ਵਰਲਡ ਸਿੱਖ ਪਾਰਲੀਮੈਂਟ ਦੇਸ਼ ਵਿਦੇਸ਼ ਵਿੱਚ ਵਸਦੇ ਸਿੱਖਾਂ ਨੂੰ ਵੀ ਬੇਨਤੀ ਕਰਦੀ ਹੈ ਕਿ ਉਹ ਭਾਰਤ ਸਰਕਾਰ ਦੇ ਸਿੱਖਾਂ ਖ਼ਿਲਾਫ ਸਿਰਜੇ ਜਾ ਰਹੇ ਝੂਠੇ ਬਿਰਤਾਂਤ ਦਾ ਡਟ ਕੇ ਮੁਕਾਬਲਾ ਕਰਨ। ਸਿੱਖਾਂ ਦੇ ਕਤਲਾਂ ਲਈ ਭਾਰਤ ਸਰਕਾਰ ਨੂੰ ਜਵਾਬਦੇਹ ਬਣਾਉਣ ਲਈ ਆਪੋ ਆਪਣੇ ਮੁਲਕਾਂ ਦੀਆਂ ਸਰਕਾਰਾਂ ਨੂੰ ਜਾਣਕਾਰੀ ਦੇਣ। ਉਨ੍ਹਾਂ ਸਮੁੱਚੀ ਸਿੱਖ ਕੌਮ ਨੂੰ ਇਕਜੁਟ ਹੋਣ ਦਾ ਸੱਦਾ ਦਿੱਤਾ।

# ਕਹਾਣੀਕਾਰਾ ਗੁਰਮੀਤ ਪਨਾਗ ਨਾਲ ਵਿਪਸਾਅ ਕੈਲੀਫ਼ੋਰਨੀਆ ਵੱਲੋਂ ਰੂਬਰੂ

**ਮਾਰਟੀਨੇਜ:** ਬੀਤੇ ਐਤਵਾਰ ਵਿਸ਼ਵ ਪੰਜਾਬ ਸਾਹਿਤ ਅਕਾਦਮੀ, ਕੈਲੀਫ਼ੋਰਨੀਆ (ਵਿਪਸਾਅ) ਦੇ ਮੈਂਬਰਾਂ ਵੱਲੋਂ ਨਾਮਵਰ ਪੰਜਾਬੀ ਕੈਨੇਡੀਅਨ ਕਹਾਣੀਕਾਰਾ ਗੁਰਮੀਤ ਪਨਾਗ ਨਾਲ ਰੂਬਰੂ ਕੀਤਾ ਗਿਆ। ਇਹ ਰੂਬਰੂ ਪ੍ਰੋਗਰਾਮ ਵਿਪਸਾਅ ਪ੍ਰਧਾਨ ਕੁਲਵਿੰਦਰ ਦੇ ਗ੍ਰਹਿ ਵਿਖੇ ਆਯੋਜਿਤ ਕੀਤਾ ਗਿਆ। ਲਾਜ ਨੀਲਮ ਸੈਣੀ ਅਤੇ ਸੁਖਵਿੰਦਰ ਕੰਬੋਜ ਨੇ ਗੁਰਮੀਤ ਪਨਾਗ ਨਾਲ ਸਭ ਦੀ ਜਾਣ ਪਹਿਚਾਣ ਕਰਵਾਈ। ਕੁਲਵਿੰਦਰ ਨੇ ਆਏ ਮਹਿਮਾਨਾਂ ਅਤੇ ਮੈਂਬਰਾਂ ਨੂੰ ਜੀ ਆਇਆਂ ਕਿਹਾ।

ਗੁਰਮੀਤ ਪਨਾਗ ਨੇ ਆਪਣੇ ਸਾਹਿਤਕ ਸਫਰ ਬਾਰੇ ਵਿਸਥਾਰਿਤ ਜਾਣਕਾਰੀ ਹਾਜ਼ਰ



ਮੈਂਬਰਾਂ ਨਾਲ ਸਾਂਝੀ ਕੀਤੀ। ਆਪਣੀ ਲਿਖਣ ਪ੍ਰਕਿਰਿਆ ਬਾਰੇ ਉਨ੍ਹਾਂ ਕਿਹਾ ਕਿ ਉਹ ਕਹਾਣੀ ਲਿਖਣ ਤੋਂ ਪਹਿਲਾਂ ਕਹਾਣੀ ਦੇ ਵਿਸ਼ੇ ਅਤੇ ਪਾਤਰਾਂ ਬਾਰੇ ਡੂੰਘੀ ਖੋਜ ਕਰਦੇ ਹਨ ਤਾਂ ਕਿ ਕਹਾਣੀ ਨੂੰ ਯਥਾਰਥ ਦੇ ਨੇੜੇ ਰੱਖਿਆ ਜਾ ਸਕੇ। ਬੇਸ਼ੱਕ ਉਨ੍ਹਾਂ ਕਹਾਣੀ 10-12 ਕੁ ਸਾਲ ਪਹਿਲਾਂ ਹੀ ਲਿਖਣੀ ਸ਼ੁਰੂ ਕੀਤੀ ਹੈ, ਉਨ੍ਹਾਂ ਨੂੰ ਸਾਹਿਤਕ ਕਿਤਾਬਾਂ ਪੜ੍ਹਨ ਦਾ ਸ਼ੌਕ ਹਮੇਸ਼ਾ ਸੀ। ਉਨ੍ਹਾਂ ਦੇ ਪਤੀ ਜੰਗ ਪਨਾਗ ਨੇ ਦੱਸਿਆ ਕਿ ਗੁਰਮੀਤ ਹਮੇਸ਼ਾ ਡਾਇਰੀ ਲਿਖਦੇ ਰਹੇ ਹਨ ਜਿਸ ਵਿਚ ਉਹ ਰੋਜ਼ਮਰਾ ਦੀ ਜ਼ਿੰਦਗੀ ਦੀ ਤਫ਼ਸੀਲ ਲਿਖਦੇ ਰਹਿੰਦੇ ਸਨ, ਇਹ ਇੱਕ ਤਰ੍ਹਾਂ ਨਾਲ ਉਨ੍ਹਾਂ ਦਾ ਲਿਖਣ ਦਾ ਅਭਿਆਸ ਸੀ। ਗੁਰਮੀਤ ਪਨਾਗ ਦਾ ਕਹਾਣੀ ਸੰਗ੍ਰਹਿ "ਮੁਰਗ਼ਾਬੀਆਂ" ਪੰਜਾਬੀ ਸਾਹਿਤਕ ਜਗਤ ਵਿਚ ਕਾਫੀ ਚਰਚਿਤ ਰਿਹਾ ਹੈ। ਉਨ੍ਹਾਂ ਦੀਆਂ ਕਹਾਣੀਆਂ ਮੂਲ ਕੈਨੇਡੀਅਨਾਂ ਅਤੇ ਇੰਮੀਗਰਾਂਟ ਕੈਨੇਡੀਅਨਾਂ ਦੇ ਜੀਵਨ ਦੁਆਲੇ ਘੁੰਮਦੀਆਂ ਹਨ ਅਤੇ ਉਨ੍ਹਾਂ ਦੀ ਪਹਿਚਾਣ, ਸਮਾਜਿਕ ਹਾਲਾਤ ਅਤੇ ਆਰਥਿਕਤਾ ਨਾਲ ਸਬੰਧਿਤ ਸਵਾਲਾਂ ਦੇ ਜਵਾਬ ਲੱਭਣ ਦਾ ਯਤਨ ਹਨ।

ਇਸ ਰੂ-ਬ-ਰੂ ਬੈਠਕ ਵਿਚ ਭਾਰਤ ਤੋਂ ਕਵੀ/ਲੇਖਕ ਜਸਵੰਤ ਜ਼ਫ਼ਰ ਅਤੇ ਉਨ੍ਹਾਂ ਦੀ ਪਤਨੀ ਬਲਬੀਰ ਕੌਰ ਪੰਧੇਰ ਅਤੇ ਬੇਟੀ ਕੀਰਤ ਪੰਧੇਰ ਵੀ ਹਾਜ਼ਰ ਸਨ। ਸਾਹਿਤਕ ਗੱਲਬਾਤ ਵਿਚ ਗੁਲਸ਼ਨ ਦਿਆਲ, ਜਗਜੀਤ ਨੌਸ਼ਹਿਰਵੀ, ਜਸਵੰਤ ਜ਼ਫ਼ਰ, ਸੁਖਵਿੰਦਰ ਕੰਬੋਜ, ਕੁਲਵਿੰਦਰ, ਬਲਜਿੰਦਰ ਸਿੰਘ ਸਵੈਚ, ਤਾਰਾ ਸਾਗਰ ਅਤੇ ਹੋਰ ਦੋਸਤਾਂ ਨੇ ਭਰਪੂਰ ਸ਼ਮੂਲੀਅਤ ਕੀਤੀ।

*-ਜਗਜੀਤ ਨੌਸ਼ਹਿਰਵੀ*
*510-676-1565*

# ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਦੀ ਚੋਣ: ਬਲਬੀਰ ਸਿੰਘ ਚਾਨਾ ਦੀ ਸਮੁੱਚੀ ਸਲੇਟ ਜੇਤੂ

**ਸਰੀ:** ਗੁਰਦੁਆਰਾ ਸਾਹਿਬ ਬਰੁੱਕਸਾਈਡ ਸਰੀ ਦਾ ਪ੍ਰਬੰਧ ਚਲਾਉਣ ਵਾਲੀ ਸੰਸਥਾ 'ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ' ਦੀ ਸਾਲਾਨਾ ਮੀਟਿੰਗ ਬੀਤੇ ਦਿਨ ਗੁਰਦੁਆਰਾ ਸਾਹਿਬ ਵਿਖੇ ਹੋਈ ਜਿਸ ਵਿਚ ਸਾਲ 2024 ਅਤੇ 2025 ਲਈ ਨਵੇਂ ਅਹੁਦੇਦਾਰਾਂ ਦੀ ਚੋਣ ਕੀਤੀ ਗਈ। ਇਸ ਚੋਣ ਲਈ ਉਮੀਦਵਾਰਾਂ ਦੀਆਂ ਦੋ ਸਲੇਟਾਂ ਨਾਮਜ਼ਦ ਹੋਈਆਂ ਅਤੇ ਇਨ੍ਹਾਂ ਵਿੱਚੋਂ ਬਲਬੀਰ ਸਿੰਘ ਚਾਨਾ ਦੀ ਸਮੁੱਚੀ ਸਲੇਟ ਨੂੰ ਸੁਸਾਇਟੀ ਦੇ ਪ੍ਰਬੰਧ ਅਤੇ ਗੁਰਦੁਆਰਾ ਸਾਹਿਬ ਬਰੁੱਕਸਾਈਡ ਦੀ ਸੇਵਾ ਸੰਭਾਲ ਲਈ ਬਹੁਮਤ ਨਾਲ ਚੁਣ ਲਿਆ ਗਿਆ ਅਤੇ ਕਰਤਾਰ ਸਿੰਘ ਸੱਭਰਵਾਲ ਸਲੇਟ ਦਾ ਕੋਈ ਵੀ ਉਮੀਦਵਾਰ ਜਿੱਤ ਹਾਸਲ ਨਾ ਕਰ ਸਕਿਆ। ਚੋਣ ਬਹੁਤ ਹੀ ਸ਼ਾਂਤ ਤੇ ਸਦਭਾਵਨਾ ਵਾਲੇ ਮਾਹੌਲ ਵਿਚ ਹੋਈ ਅਤੇ ਸੁਸਾਇਟੀ ਦੇ ਜਾਣੇ ਪਹਿਚਾਣੇ ਤੇ ਸਰਬ ਸੰਮਤੀ ਨਾਲ ਚੁਣੇ ਗਏ ਮੈਂਬਰ ਸੁਰਿੰਦਰ ਸਿੰਘ ਗਹੀਰ ਨੇ ਚੋਣ ਕਮੇਟੀ ਚੇਅਰਮੈਨ ਦੀ ਜ਼ਿੰਮੇਵਾਰੀ ਕਾਨੂੰਨ ਅੰਦਰ ਰਹਿੰਦਿਆਂ ਬਾਖੂਬੀ ਨਿਭਾਈ।



ਸਾਲ 2024 ਅਤੇ 2025 ਲਈ ਚੁਣੀ ਗਈ ਸੁਸਾਇਟੀ ਦੀ ਕਾਰਜਕਾਰੀ ਕਮੇਟੀ ਵਿਚ ਪ੍ਰਧਾਨ-ਬਲਬੀਰ ਸਿੰਘ ਚਾਨਾ, ਸੀਨੀਅਰ ਮੀਤ ਪ੍ਰਧਾਨ-ਦੀਪ ਸਿੰਘ ਕਲਸੀ, ਮੀਤ ਪ੍ਰਧਾਨ - ਕਿਰਪਾਲ ਸਿੰਘ ਧਿੰਜਲ, ਸਕੱਤਰ- ਚਰਨਜੀਤ ਸਿੰਘ ਮਰਵਾਹਾ, ਸੀਨੀਅਰ ਮੀਤ ਸਕੱਤਰ - ਧਰਮ ਸਿੰਘ ਪਨੇਸਰ, ਮੀਤ ਸਕੱਤਰ - ਹਰਜੀਤ ਸਿੰਘ ਸੇਹਰਾ, ਖਜ਼ਾਨਚੀ - ਦਵਿੰਦਰ ਸਿੰਘ ਜੱਬਲ, ਸੀਨੀਅਰ ਮੀਤ ਖਜ਼ਾਨਚੀ - ਮਨਜੀਤ ਸਿੰਘ ਮੁੱਧਰ, ਮੀਤ ਖਜ਼ਾਨਚੀ - ਅਮਰੀਕ ਸਿੰਘ ਭੱਚੂ, ਪਬਲਿਕ ਰਿਲੇਸ਼ਨ ਸਕੱਤਰ - ਸੁਰਿੰਦਰ ਸਿੰਘ ਜੱਬਲ, ਮੈਂਬਰ ਅਮਰਜੀਤ ਸਿੰਘ ਬਰਮੀ, ਹਰਭਜਨ ਸਿੰਘ ਭੱਚੂ, ਸੁਖਵਿੰਦਰ ਸਿੰਘ ਭਾਰਜ, ਸੰਤੋਖ ਸਿੰਘ ਬਿਲਖੂ ਅਤੇ ਮਨਜੀਤ ਸਿੰਘ ਵਾਹਰਾ ਅਤੇ ਟਰੱਸਟੀ ਜਸਵੰਤ ਸਿੰਘ ਜੰਡੂ, ਗੁਰਨਾਮ ਸਿੰਘ ਕਲਸੀ ਅਤੇ ਤਰਸੇਮ ਸਿੰਘ ਵਿਰਦੀ ਚੁਣੇ ਗਏ।

*- ਹਰਦਮ ਮਾਨ*

# ਖਾਲੜਾ ਪਾਰਕ ਵਾਲੇ ਬਾਬਿਆਂ ਨੇ ਮਨਾਇਆ ਸਰਪੰਚ ਅਵਤਾਰ ਸਿੰਘ ਚੌਹਾਨ ਦਾ 85ਵਾਂ ਜਨਮ ਦਿਨ

**ਫਰਿਜ਼ਨੋ:** ਸਥਾਨਕ ਖਾਲੜਾ ਪਾਰਕ ਵਾਲੇ ਬਾਬਿਆਂ ਨੇ ਰਲ ਕੇ ਆਪਣੇ ਸਾਥੀ ਸਰਪੰਚ ਅਵਤਾਰ ਸਿੰਘ ਚੌਹਾਨ ਦਾ 85ਵਾਂ ਜਨਮ-ਦਿਨ ਬੜੀ ਸ਼ਾਨੋ-ਸ਼ੌਕਤ ਨਾਲ ਖਾਲੜਾ ਪਾਰਕ ਫਰਿਜ਼ਨੋ ਵਿਚ ਇਕ ਸਾਦੇ ਤੇ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਮਨਾਇਆ। ਖਾਲੜਾ ਪਾਰਕ ਵਾਲੇ ਬਾਬਿਆਂ ਨੇ ਕੇਕ ਕੱਟਿਆ ਤੇ ਸਰਪੰਚ ਸਾਬ੍ਹ ਨੂੰ ਹਾਰ ਪਾਇਆ। ਇਹ ਇੱਕ ਸਰਪਰਾਈਜ਼ ਪਾਰਟੀ ਸੀ। ਸਰਪੰਚ ਅਵਤਾਰ ਸਿੰਘ ਚੌਹਾਨ ਨੇ ਕਿਹਾ, "ਮੇਰੇ ਜਨਮ ਦਿਨ 'ਤੇ ਇਹ ਪਾਰਟੀ ਕਰਨ ਲਈ ਮੈਂ ਤਹਿ ਦਿਲੋਂ ਸਭਨਾਂ ਮੈਂਬਰਾਂ ਦਾ ਧੰਨਵਾਦੀ ਹਾਂ, ਮੈਂ ਜ਼ਿੰਦਗੀ ਦਾ ਇੱਕ ਇੱਕ ਸਾਹ ਕਮਿਊਨਿਟੀ ਦੀ ਸੇਵਾ ਵਿੱਚ ਲਾਵਾਂਗਾ।" ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਸ. ਅਵਤਾਰ ਸਿੰਘ ਚੌਹਾਨ ਪੰਜਾਬ ਦੇ ਨਗਰ ਪਿੰਡ ਦੇ ਲੰਮਾ ਸਮਾਂ ਸਰਪੰਚ ਰਹਿ ਚੁੱਕੇ ਹਨ, ਅਤੇ ਪਿਛਲੇ ਲੰਮੇ ਅਰਸੇ ਤੋਂ ਕੈਲੀਫੋਰਨੀਆ ਦੇ ਸ਼ਹਿਰ ਫਰਿਜ਼ਨੋ ਵਿਖੇ ਰਹਿ ਰਹੇ ਹਨ ਤੇ ਕਮਿਊਨਿਟੀ ਦੇ ਕੰਮਾਂ ਵਿੱਚ ਵਧ ਚੜ੍ਹ ਕੇ ਹਿੱਸਾ ਲੈ ਰਹੇ ਹਨ। ਹਰ ਸਾਲ ਖਾਲੜਾ ਸਾਬ੍ਹ ਦੀ ਯਾਦ ਵਿਚ ਮਨਾਏ ਜਾਂਦੇ ਸਮਾਗਮ ਵਿਚ ਵੀ ਸਰਪੰਚ ਅਵਤਾਰ ਸਿੰਘ ਚੌਹਾਨ ਅਹਿਮ ਭੂਮਿਕਾ ਨਿਭਾਉਂਦੇ ਆ ਰਹੇ ਹਨ। ਇਸ ਮੌਕੇ ਮਾਸਟਰ ਸੁਲੱਖਣ ਸਿੰਘ, ਹਰਦੇਵ ਸਿੰਘ ਰਾਊਕੇ, ਸਾਧੂ ਸਿੰਘ ਸੰਘਾ, ਹੈਰੀ ਮਾਨ, ਮਨਜੀਤ ਕੁਲਾਰ ਦੇ ਨਾਲ ਹੋਰ ਬਹੁਤ ਸਾਰੇ ਪਤਵੰਤੇ ਮੌਜੂਦ ਸਨ।

**-ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ**

# Change of Name

**This is to certify that I SAI ABHIJIT VARMA POTTURI, son of HARSHA CHAITANYA MAPAKSHI resident of D. NO.1-42, PATTAMVARI STREET, PENTAPADU 534166 WEST GODAVARI DIST. A.P. INDIA now living at 5619 BEALE STREET PLAINFIELD IN 46168, I have changed my name to ABHIJIT MAPAKSHI All concerned please note.**



Corporate NMLS# 68434
AZ License# BK-0945946
Sistar Mortgage
A Nationwide Lender
Balbir (Bill) Grewal
MORTGAGE LOAN OFFICER
NMLS# 353442
Over 2 Decades of experience providing high level servicing for new and experienced borrowers!
Residential and Commercial Loans
Available In Most States!
Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org


# Matrimonials

## ਲੜਕੀ ਦੀ ਲੋੜ ਹੈ

Ramgharia Sikh family looking for a suitable Sikh girl living in the US or Canada for their 29 years old 5'11" son, qualification PhD from University of Michigan in Industrial & Operations Engineering, working as Software Engineering Advisor in Los Angeles, California. Please contact us at: Email: kaur.parminder41@gmail.com

50-53

Arora Sikh family looking for a suitable match in USA or Canada for clean-shaven highly placed Sikh Surgeon in New York, USA, height 6'1", recently divorced, with Gursikh values no drinking, no smoking, vegetarian. Caste no bar, but the girl also should have Gursikh values, and no drinking, at least a graduate, and preferably working. Contact: E-Mail: jawa222@gmail.com or Call. 785-304-6280

50-53

Sikh Ahluwalia family looking for a Gursikh girl with educated background for their 37, 5' 8" son. Qualification BTech IT and PG in software development. Working as an IT professional in New York based company. He is turbaned Gursikh boy having faith in Guru Granth Sahib ji. Current location- Hartford CT. Please contact us at Whatsapp +1 315-849-6562 or Email @ richiewalia@gmail.com

50-53

ਜੱਟ ਸਿਖ 47, 5'10" ਸੋਹਣੇ ਸੁਨੱਖੇ, ਪੜ੍ਹੇ-ਲਿਖੇ, ਸ਼ਹਿਰੀ, ਖਾਨਦਾਨੀ ਯੂ.ਐੱਸ.ਏ. visitor visa, ਲੜਕੇ ਲਈ ਲੜਕੀ ਦੀ ਲੋੜ ਹੈ। Divorce, Widow ਵੀ ਸੰਪਰਕ ਕਰ ਸਕਦੇ ਹਨ। ਅੰਮ੍ਰਿਤਸਰ ਸ਼ਹਿਰੀ ਜਾਇਦਾਦ। ਵੱਡਾ ਭਰਾ ਯੂ.ਐੱਸ.ਏ. ਸਿਟੀਜ਼ਨ। ਚਾਹਵਾਨ ਸੰਪਰਕ ਕਰਨ: 484-219-4922 ਜਾਂ ਈ-ਮੇਲ baljitrandhawa0001@gmail.com.

48-51

Ramgharia Sikh boy 5'8" 1992 born, MEng Western University Canada, Working as Senior Software Engineer in Toronto Canada, Looking for a girl in similar profession living in Canada or US. Email: **dev.kirat@gmail.com** Ph +1 (313) 718-0178

45-48

ਗੁਰਸਿੱਖ ਪਰਿਵਾਰ ਨਾਲ ਸਬੰਧਤ ਅੰਮ੍ਰਿਤਧਾਰੀ ਲੜਕਾ, ਉਮਰ 36 ਸਾਲ, ਕੱਦ 5 ਫੁੱਟ 11 ਇੰਚ, Software Manager (San Francisco, CA, USA), ਵੈਜੀਟੇਰੀਅਨ, San Francisco Bay Area ਵਿੱਚ ਆਪਣਾ ਘਰ, ਤਲਾਕਸ਼ੁਦਾ (ਵਿਆਹ ਤੋਂ 4 ਮਹੀਨੇ ਬਾਅਦ) ਲਈ ਪੜ੍ਹੀ-ਲਿਖੀ, ਅੰਮ੍ਰਿਤਧਾਰੀ, ਵੈਜੀਟੇਰੀਅਨ, ਕੇਸਕੀ/ਦਸਤਾਰਧਾਰੀ (or willing to wear) ਲੜਕੀ ਦੀ ਲੋੜ ਹੈ। ਯੂ ਐਸ ਏ ਜਾਂ ਕੈਨੇਡਾ ਰਹਿ ਰਹੀ ਲੜਕੀ ਨੂੰ ਪਹਿਲ। ਜਾਤਪਾਤ ਦਾ ਕੋਈ ਬੰਧਨ ਨਹੀਂ। ਆਪਣਾ ਬਾਇਓਡੇਟਾ ਅਤੇ ਤਸਵੀਰ singhmat001@gmail.com 'ਤੇ ਈਮੇਲ ਕਰੋ ਜਾਂ +91-98993-79442 'ਤੇ ਵਟਸਐਪ ਕਰੋ ਜਾਂ 1-510-281-7065 'ਤੇ ਫੋਨ ਕਰੋ।

40-43

## ਲੜਕੇ ਦੀ ਲੋੜ ਹੈ

Jatt Sikh parents invite matrimonial alliance for their US born daughter 38, 5'9" beautiful, family oriented, never married. Master's in Bioengineering Management- executive position in Bay Area, California. The boy must be from the USA, professionally qualified; good-natured and well settled, with family values. Serious enquiries only. Please respond with latest photo and biodata to kaurprincess11@yahoo.com or whatsapp 669-946-5891

41-44

Jatt Sikh family seeks suitable match for their daughter who has her MD and is currently working in the Bay Area (California) as a Doctor. 38 yrs old (never married). 5'-5". The boy should be settled in the Bay Area (California) with a University degree and professionally employed. Please contact 408-763-3949

39-42

Hindu/Sikh Nai family looking for a suitable match for their U.S. citizen daughter, 26 years, 5'6". She has completed Bachelors of Science and currently in her final dentistry year pursuing DMD degree. The whole family is settled here and are U.S. citizens. Please contact us at: 516-510-9744

39-42

Jat Sikh well educated and well settled family seeking suitable match for their September, 2001 US born 5'-4" daughter. Turban wearing keshadari boy and compatible humble family is preference but others will be considered. She has earned an AA degree in management and Supervision. She is currently employed as a Federal employee in the Bay Area (California). Contact ph:510-861-6491 or pgrrealty@gmail.com

36-39

# ਬੰਦੀ ਸਿੰਘਾਂ ਦੀ ਰਿਹਾਈ ਲਈ ਪ੍ਰਧਾਨ ਮੰਤਰੀ ਕੋਲ ਪਹੁੰਚ ਕਰਨ ਦੀ ਤਿਆਰੀ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਲਵੰਤ ਸਿੰਘ ਰਾਜੋਆਣਾ ਅਤੇ ਹੋਰ ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਕੇਂਦਰ ਸਰਕਾਰ ਨਾਲ ਗੱਲਬਾਤ ਕਰਨ ਵਾਸਤੇ ਗਠਿਤ ਕੀਤੀ ਗਈ ਪੰਜ ਮੈਂਬਰੀ ਕਮੇਟੀ ਨੇ ਇਸ ਸਬੰਧੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲਣ ਦਾ ਫੈਸਲਾ ਲਿਆ ਹੈ। ਇਸ ਸਬੰਧੀ ਤਕਰਾਰ ਦੀ ਥਾਂ ਪਿਆਰ ਤੇ ਸਦਭਾਵ ਨਾਲ ਗੱਲ ਕਰਨ ਦਾ ਰਾਹ ਅਖਤਿਆਰ ਕੀਤਾ ਜਾਵੇਗਾ।

ਇਸ ਸਬੰਧੀ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰਨ ਲਈ ਚਾਰਾਜੋਈ ਸ਼ੁਰੂ ਕੀਤੀ ਜਾ ਰਹੀ ਹੈ। ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਵਿਚ ਹੋਈ ਮੀਟਿੰਗ 'ਚ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਦਿੱਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ, ਅਜੀਤ ਪ੍ਰਕਾਸ਼ਨ ਸਮੂਹ ਤੋਂ ਡਾ. ਬਰਜਿੰਦਰ ਸਿੰਘ ਹਮਦਰਦ, ਰਾਜੋਆਣਾ ਦੀ ਭੈਣ ਬੀਬੀ ਕਮਲਦੀਪ ਕੌਰ ਰਾਜੋਆਣਾ ਅਤੇ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਸ਼ਾਮਲ ਹੋਏ। ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਭਾਈ ਰਾਜੋਆਣਾ ਅਤੇ ਹੋਰ ਬੰਦੀ ਸਿੰਘਾਂ ਦੀ ਰਿਹਾਈ ਬਾਰੇ ਕੇਂਦਰ ਸਰਕਾਰ ਨਾਲ ਗੱਲਬਾਤ ਕਰਨ ਦਾ ਫੈਸਲਾ ਲਿਆ ਗਿਆ ਹੈ। ਇਸ ਸਬੰਧੀ ਮੁਲਾਕਾਤ



ਲਈ ਸਮਾਂ ਲੈਣ ਵਾਸਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖਿਆ ਜਾ ਰਿਹਾ ਹੈ।

ਉਹ ਚਾਹੁੰਦੇ ਹਨ ਕਿ ਬੰਦੀ ਸਿੰਘਾਂ ਦੇ ਮਾਮਲੇ ਵਿਚ ਵਧੀਆ ਮਾਹੌਲ 'ਚ ਸਰਕਾਰ ਨਾਲ ਗੱਲਬਾਤ ਅੱਗੇ ਤੁਰੇ। ਉਨ੍ਹਾਂ ਆਖਿਆ ਕਿ ਬੰਦੀ ਸਿੰਘਾਂ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ ਨੂੰ ਯਕੀਨੀ ਬਣਾਉਣ ਲਈ ਲੋਕਤੰਤਰੀ ਤਰੀਕੇ ਨਾਲ ਯਤਨ ਜਾਰੀ ਰੱਖੇ ਜਾਣਗੇ। ਦੱਸਣਯੋਗ ਹੈ ਕਿ ਪਹਿਲਾਂ ਇਸ ਸਬੰਧੀ ਕੇਂਦਰ ਸਰਕਾਰ ਵੱਲੋਂ ਕੋਈ ਹੁੰਗਾਰਾ ਨਾ ਮਿਲਣ ਕਾਰਨ ਸਿੱਖ ਸੰਸਥਾ ਧਰਨੇ ਤੇ ਮੁਜ਼ਾਹਰੇ ਦੇ ਰਾਹ ਤੁਰ ਪਈ ਸੀ, ਜਿਸ ਦਾ ਹੁਣ ਤੱਕ ਕੋਈ ਸਿੱਟਾ ਨਹੀਂ ਨਿਕਲਿਆ ਹੈ। ਸ਼੍ਰੋਮਣੀ ਕਮੇਟੀ ਵੱਲੋਂ ਆਪਣੀ ਇਸ ਮੰਗ ਲਈ 26 ਲੱਖ ਲੋਕਾਂ ਕੋਲੋਂ ਪ੍ਰੋਫਾਰਮੇ ਵੀ ਭਰਵਾਏ ਗਏ ਹਨ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਵੀ ਅਪੀਲ ਕੀਤੀ ਕਿ ਉਹ ਸਿੱਖਾਂ ਦੀਆਂ ਭਾਵਨਾਵਾਂ ਨੂੰ ਸਮਝਦੇ ਹੋਏ ਬੰਦੀ ਸਿੰਘਾਂ ਦੇ ਮਾਮਲਿਆਂ ਨੂੰ ਹੱਲ ਕਰਨ ਲਈ ਪਹਿਲਕਦਮੀ ਕਰਨ। ਕਮੇਟੀ ਕੇਂਦਰ ਸਰਕਾਰ ਵੱਲੋਂ ਕੀਤੇ ਐਲਾਨ ਮੁਤਾਬਕ ਰਾਜੋਆਣਾ ਦੀ ਫਾਂਸੀ ਦੀ ਸਜਾ ਨੂੰ ਮੁਆਫ ਕਰ ਕੇ ਉਮਰ ਕੈਦ ਵਿਚ ਤਬਦੀਲ ਕਰਨ, ਪ੍ਰੋ. ਦਵਿੰਦਰ ਪਾਲ ਅਤੇ ਗੁਰਦੀਪ ਸਿੰਘ ਖੇੜਾ ਦੀ ਰਿਹਾਈ ਲਈ ਜੋਰ ਪਾਵੇਗੀ।

## ਬੰਦੀ ਸਿੰਘਾਂ ਦੀ ਰਿਹਾਈ ਦਾ ਮਤਾ ਪਾਸ

**ਅੰਮ੍ਰਿਤਸਰ:** ਚੀਫ ਖਾਲਸਾ ਦੀਵਾਨ ਦੇ ਜਨਰਲ ਹਾਊਸ ਵੱਲੋਂ ਇਕ ਮਤਾ ਪਾਸ ਕਰ ਕੇ ਕੇਂਦਰ ਸਰਕਾਰ ਕੋਲੋਂ ਰਾਜੋਆਣਾ ਸਮੇਤ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਕੀਤੀ ਗਈ ਹੈ। ਮੀਟਿੰਗ ਦੌਰਾਨ ਦੀਵਾਨ ਦੇ ਮੈਂਬਰ ਭਗਵੰਤਪਾਲ ਸਿੰਘ ਸੱਚਰ ਵੱਲੋਂ ਮਤਾ ਲਿਆਂਦਾ ਗਿਆ ਕਿ ਚੀਫ ਖਾਲਸਾ ਦੀਵਾਨ ਦੀ ਇਹ ਮੀਟਿੰਗ ਕੇਂਦਰ ਸਰਕਾਰ ਤੋਂ ਸਰਬਸੰਮਤੀ ਨਾਲ ਮੰਗ ਕਰਦੀ ਹੈ ਕਿ ਉਹ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਕੀਤੇ ਗਏ ਆਪਣੇ ਫੈਸਲੇ 'ਤੇ ਤੁਰਤ ਅਮਲ ਕਰਦਿਆਂ ਸਜਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਤੁਰੰਤ ਰਿਹਾਅ ਕਰੇ ਅਤੇ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜਾ ਨੂੰ ਉਮਰ ਕੈਦ ਵਿੱਚ ਤਬਦੀਲ ਕਰੇ। ਸਮੂਹ ਹਾਊਸ ਵੱਲੋਂ ਅਤੇ ਕਾਰਜਸਾਧਕ ਕਮੇਟੀ ਵੱਲੋਂ ਵੀ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਗਿਆ।

## ਬਲਵੰਤ ਸਿੰਘ ਰਾਜੋਆਣਾ ਨੇ ਭੁੱਖ ਹੜਤਾਲ ਖਤਮ ਕੀਤੀ

**ਪਟਿਆਲਾ:** ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਵੀਰ ਸਿੰਘ, ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸੁਲਤਾਨ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਇਥੇ ਜੇਲ੍ਹ ਵਿਚ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਮਿਲੇ। ਇਸ ਦੌਰਾਨ ਰਾਜੋਆਣਾ ਨੇ ਅਕਾਲ ਤਖਤ ਦੇ ਜਥੇਦਾਰ ਹੱਥੋਂ ਜੂਸ ਪੀ ਕੇ ਆਪਣੀ ਭੁੱਖ ਹੜਤਾਲ ਤੋੜ ਦਿੱਤੀ। ਇਸ ਮੁਲਾਕਾਤ ਦੌਰਾਨ ਤਿੰਨ ਮੈਂਬਰੀ ਇਸ ਵਫ਼ਦ ਨੇ ਸ੍ਰੀ ਰਾਜੋਆਣਾ ਨੂੰ ਭਰੋਸਾ ਦਿਵਾਇਆ ਹੈ ਕਿ ਉਨ੍ਹਾਂ ਦੀ ਫਾਂਸੀ ਦੀ ਸਜਾ ਸਬੰਧੀ ਦਾਇਰ ਰਹਿਮ ਦੀ ਅਪੀਲ ਦੇ ਜਲਦੀ ਨਿਬੇੜੇ ਲਈ ਸਮੂਹ ਸਿੱਖ ਸੰਸਥਾਵਾਂ ਨੂੰ ਨਾਲ ਲੈ ਕੇ ਸੰਘਰਸ਼ ਕੀਤਾ ਜਾਵੇਗਾ।

# ਝੂਠੇ ਪੁਲਿਸ ਮੁਕਾਬਲੇ ਦਾ ਸੱਚ ਕਬੂਲਿਆ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੂੰ ਦੱਸਿਆ ਕਿ 25 ਸਾਲ ਪਹਿਲਾਂ ਜਿਸ ਪੁਲਿਸ ਮੁਕਾਬਲੇ ਵਿਚ ਗੁਰਨਾਮ ਸਿੰਘ ਬੰਡਾਲਾ ਉਰਫ ਨੀਲਾ ਤਾਰਾ ਦੱਸ ਕੇ ਸੁਖਪਾਲ ਸਿੰਘ ਨੂੰ ਮਾਰਿਆ ਗਿਆ ਸੀ, ਉਹ ਫ਼ਰਜ਼ੀ ਸੀ। ਇਸ ਮਾਮਲੇ 'ਚ ਝੂਠੇ ਤੱਥਾਂ ਦੇ ਆਧਾਰ 'ਤੇ ਐਫ.ਆਈ.ਆਰ. ਦਰਜ ਕੀਤੀ ਗਈ ਸੀ।

ਵਿਸ਼ੇਸ਼ ਜਾਂਚ ਟੀਮ (ਸਿੱਟ) ਨੇ ਪਹਿਲਾਂ ਹਾਈ ਕੋਰਟ ਨੂੰ ਦੱਸਿਆ ਸੀ ਕਿ ਸੁਖਪਾਲ ਸਿੰਘ ਜੁਲਾਈ-ਅਗਸਤ 1994 ਤੋਂ ਲਾਪਤਾ ਸੀ। ਉਨ੍ਹਾਂ ਇਹ ਵੀ ਦੱਸਿਆ ਕਿ ਰੋਪੜ ਜਿਲ੍ਹੇ ਦੇ ਮੋਰਿੰਡਾ ਥਾਣੇ ਅਧੀਨ ਪੈਂਦੇ ਖੇਤਰ 'ਚ ਪੁਲਿਸ ਮੁਕਾਬਲੇ ਦੌਰਾਨ ਇਕ ਅਣਪਛਾਤਾ ਵਿਅਕਤੀ ਮਾਰਿਆ ਗਿਆ ਸੀ ਅਤੇ ਇਸ ਸਬੰਧੀ ਜੁਲਾਈ 1994 ਨੂੰ ਧਾਰਾ 307 ਤੇ 34 ਅਤੇ ਆਰਮਜ਼ ਐਕਟ ਤੇ ਟਾਡਾ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ। ਪੁਲਿਸ ਵੱਲੋਂ ਦਾਅਵਾ ਕੀਤਾ ਗਿਆ ਸੀ ਕਿ ਪੁਲਿਸ ਮੁਕਾਬਲੇ 'ਚ ਜੋ ਵਿਅਕਤੀ ਮਾਰਿਆ ਗਿਆ, ਉਹ ਅਤਿਵਾਦੀ ਗੁਰਨਾਮ ਸਿੰਘ ਬੰਡਾਲਾ ਸੀ। ਹਾਲਾਂਕਿ ਬਾਅਦ ਵਿਚ ਪਤਾ ਲੱਗਿਆ ਕਿ ਬੰਡਾਲਾ ਜ਼ਿੰਦਾ ਸੀ ਅਤੇ ਉਸ ਨੂੰ 9 ਅਕਤੂਬਰ 1998 ਨੂੰ ਬਟਾਲਾ ਪੁਲਿਸ ਨੇ ਇਕ ਵੱਖਰੇ ਕੇਸ ਵਿੱਚ ਗ੍ਰਿਫਤਾਰ ਕੀਤਾ ਸੀ। ਤਾਜ਼ਾ ਹਲਫ਼ਨਾਮੇ 'ਚ ਪੁਲਿਸ ਦੇ ਵਿਸ਼ੇਸ਼ ਡਾਇਰੈਕਟਰ ਜਨਰਲ ਤੇ ਵਿਸ਼ੇਸ਼ ਜਾਂਚ ਟੀਮ ਦੇ ਚੇਅਰਪਰਸਨ ਗੁਰਪ੍ਰੀਤ ਦਿਓ ਨੇ ਦੱਸਿਆ, 'ਰੋਪੜ ਜ਼ਿਲ੍ਹੇ ਤੇ ਮੋਰਿੰਡਾ ਥਾਣੇ ਵਿਚ 29 ਜੁਲਾਈ 1994 ਨੂੰ ਦਰਜ ਕੀਤੇ ਗਏ ਕੇਸ ਦੀ ਪੜਤਾਲ ਦੌਰਾਨ ਪਤਾ ਲੱਗਾ ਹੈ ਕਿ ਇਸ ਕੇਸ ਵਿਚ ਦਰਸਾਇਆ ਗਿਆ ਪੁਲਿਸ ਮੁਕਾਬਲਾ ਪੂਰੀ ਤਰ੍ਹਾਂ ਫ਼ਰਜ਼ੀ ਸੀ ਅਤੇ ਐਫ.ਆਈ.ਆਰ. ਵੀ ਝੂਠੇ ਤੱਥਾਂ ਦੇ ਆਧਾਰ 'ਤੇ ਦਰਜ ਕੀਤੀ ਗਈ ਸੀ।' ਉਨ੍ਹਾਂ ਹਾਈ ਕੋਰਟ ਨੂੰ ਇਹ ਵੀ ਦੱਸਿਆ ਕਿ ਸਿੱਟ ਨੇ ਰੋਪੜ ਦੇ ਜ਼ਿਲ੍ਹਾ ਅਟਾਰਨੀ (ਲੀਗਲ) ਤੋਂ ਸਲਾਹ ਲੈ ਕੇ 21 ਅਕਤੂਬਰ 2023 ਨੂੰ ਤਤਕਾਲੀ ਐਸ.ਪੀ. (ਡੀ) ਪਰਮਰਾਜ ਸਿੰਘ, ਡੀ.ਐਸ.ਪੀ. ਜਸਪਾਲ ਸਿੰਘ ਤੇ ਏ.ਐਸ.ਆਈ. ਗੁਰਦੇਵ ਸਿੰਘ ਖ਼ਿਲਾਫ਼ ਰੋਪੜ ਜ਼ਿਲ੍ਹੇ ਦੇ ਸਿੰਘ ਭਗਵੰਤਪੁਰਾ ਥਾਣੇ 'ਚ ਨਵਾਂ ਕੇਸ ਦਰਜ ਕੀਤਾ ਹੈ।

ਇਸ ਮਾਮਲੇ 'ਚ 2013 ਵਿਚ ਪੀੜਤ ਦੀ ਪਤਨੀ ਦਲਬੀਰ ਕੌਰ ਤੇ ਪਿਤਾ ਜਗੀਰ ਸਿੰਘ ਵਾਸੀ ਪਿੰਡ ਕਾਲਾ ਅਫਗਾਨਾ ਨੇ ਵਕੀਲ ਆਰ ਕਾਰਤਿਕੇਯ ਰਾਹੀਂ ਪਟੀਸ਼ਨ ਦਾਇਰ ਕੀਤੀ ਸੀ। ਜਸਟਿਸ ਵਿਨੋਦ ਐੱਸ ਭਾਰਦਵਾਜ ਨੇ ਘਟਨਾਕ੍ਰਮ 'ਤੇ ਗੌਰ ਕਰਨ ਮਗਰੋਂ ਮਾਮਲੇ ਦਾ ਨਿਬੇੜਾ ਕਰ ਦਿੱਤਾ ਹੈ।

# ਬੰਗਲਾਦੇਸ਼ 'ਚ ਗੁਰੂਧਾਮਾਂ ਦੀ ਯਾਤਰਾ ਦੀ ਆਸ ਬੱਝੀ

**ਅੰਮ੍ਰਿਤਸਰ:** ਬੰਗਲਾਦੇਸ਼ ਦੇ ਹਾਈ ਕਮਿਸ਼ਨਰ ਮੁਹੰਮਦ ਮੁਸਤਫਿਜ਼ੁਰ ਰਹਿਮਾਨ ਵੱਲੋਂ ਬੰਗਲਾਦੇਸ਼ ਦੇ ਇਤਿਹਾਸਕ ਗੁਰਦੁਆਰਿਆਂ ਵਿਚ ਸਿੱਖ ਜਥਿਆਂ ਨੂੰ ਜਾਣ ਦੀ ਇਜਾਜ਼ਤ ਦੇਣ ਲਈ ਆਪਣੀ ਸਰਕਾਰ ਨਾਲ ਗੱਲ ਕਰਨ ਦੇ ਦਿੱਤੇ ਭਰੋਸੇ ਮਗਰੋਂ ਉਥੋਂ ਦੇ ਗੁਰੂਧਾਮਾਂ ਦੀ ਯਾਤਰਾ ਸ਼ੁਰੂ ਕਰਨ ਦੀ ਚਰਚਾ ਇਕ ਵਾਰ ਮੁੜ ਛਿੜ ਗਈ ਹੈ।

ਸ਼੍ਰੋਮਣੀ ਕਮੇਟੀ ਨੇ ਬਿਆਨ ਜਾਰੀ ਕੀਤਾ ਹੈ ਕਿ ਜੇਕਰ ਬੰਗਲਾਦੇਸ਼ ਸਰਕਾਰ ਇਜਾਜ਼ਤ ਦੇਵੇਗੀ ਤਾਂ ਸਿੱਖ ਸੰਸਥਾ ਗੁਰੂਧਾਮਾਂ ਦੀ ਯਾਤਰਾ ਵਾਸਤੇ ਜਥੇ ਭੇਜਣ ਲਈ ਕਾਹਲੀ ਹੈ। ਜ਼ਿਕਰਯੋਗ ਹੈ ਕਿ ਬੰਗਲਾਦੇਸ਼ ਦੇ ਹਾਈ ਕਮਿਸ਼ਨਰ ਇੱਥੇ ਪਾਇਟੈਕਸ ਵਪਾਰ ਮੇਲੇ ਵਿਚ ਸ਼ਾਮਲ ਹੋਣ ਲਈ ਆਏ ਸਨ। ਉਨ੍ਹਾਂ ਕਿਹਾ ਕਿ ਜਿਵੇਂ ਪਾਕਿਸਤਾਨ ਵਿਚ ਸਿੱਖਾਂ ਦੇ ਕਈ ਇਤਿਹਾਸਕ ਗੁਰਦੁਆਰੇ ਹਨ ਜਿੱਥੇ ਸਿੱਖ ਗੁਰੂ ਸਾਹਿਬਾਨ ਆਪਣੇ ਜੀਵਨ ਕਾਲ ਦੌਰਾਨ ਗਏ ਸਨ, ਉਸੇ ਤਰ੍ਹਾਂ ਬੰਗਲਾਦੇਸ਼ ਵਿਚ ਕੁਝ ਇਤਿਹਾਸਕ ਗੁਰਦੁਆਰੇ ਹਨ। ਇਨ੍ਹਾਂ ਸਿੱਖ ਗੁਰੂਧਾਮਾਂ ਵਿਚੋਂ ਢਾਕਾ ਸਥਿਤ ਗੁਰਦੁਆਰਾ ਨਾਨਕਸ਼ਾਹੀ ਸਭ ਤੋਂ ਮਸ਼ਹੂਰ ਹੈ। ਇਹ ਗੁਰਦੁਆਰਾ ਢਾਕਾ ਯੂਨੀਵਰਸਿਟੀ ਦੇ ਨਾਲ ਹੀ




ਸਥਾਪਤ ਹੈ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਨੇ ਆਪਣੀ ਇਕ ਉਦਾਸੀ ਦੌਰਾਨ ਇਸ ਸਥਾਨ ਦਾ ਦੌਰਾ ਕੀਤਾ ਸੀ ਅਤੇ ਬਾਅਦ ਵਿਚ ਸਿੱਖ ਸੰਗਤ ਨੇ ਇਸ ਸਥਾਨ 'ਤੇ ਗੁਰਦੁਆਰਾ ਨਾਨਕਸ਼ਾਹੀ ਦੀ ਸਥਾਪਨਾ ਕੀਤੀ ਸੀ।

ਬੰਗਲਾਦੇਸ਼ ਦੇ ਰਾਜਦੂਤ ਨੇ ਕਿਹਾ ਕਿ ਉਹ ਸਿੱਖ ਭਾਈਚਾਰੇ ਦੇ ਮੈਂਬਰਾਂ ਨੂੰ ਆਪਣੇ ਦੇਸ ਦੇ ਇਤਿਹਾਸਕ ਗੁਰਦੁਆਰਿਆਂ ਵਿਚ ਮੱਥਾ ਟੇਕਣ ਦੀ ਇਜਾਜ਼ਤ ਦੇਣ ਤੋਂ ਇਲਾਵਾ ਗੁਰਪੁਰਬਾਂ ਦੌਰਾਨ ਸਿੱਖ ਗੁਰਧਾਮਾਂ ਦੇ ਦਰਸ਼ਨਾਂ ਲਈ ਦੀ ਆਗਿਆ ਦੇਣ ਲਈ ਵੀ ਆਪਣੀ ਸਰਕਾਰ ਨਾਲ ਗੱਲ ਕਰਨਗੇ।

ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਰਾਜਿੰਦਰ ਸਿੰਘ ਮਹਿਤਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਇਸ ਸਬੰਧੀ ਨਵੀਂ ਦਿੱਲੀ ਸਥਿਤ ਬੰਗਲਾਦੇਸ਼ ਹਾਈ ਕਮਿਸ਼ਨ ਨਾਲ ਸੰਪਰਕ ਕਰੇਗੀ।

# ਸਿੱਖ ਜਥੇਬੰਦੀਆਂ ਵੱਲੋਂ ਬਠਿੰਡਾ ਵਿਚ ਰੋਸ ਮਾਰਚ

**ਬਠਿੰਡਾ:** ਵਿਸ਼ਵ ਮਨੁੱਖੀ ਅਧਿਕਾਰ ਦਿਵਸ ਸਬੰਧੀ ਦਲ ਖਾਲਸਾ ਵੱਲੋਂ ਸ਼ਹਿਰ ਵਿਚ ਰੋਸ ਮਾਰਚ ਕੀਤਾ ਗਿਆ। ਇਸ ਮੌਕੇ ਪ੍ਰਦਰਸ਼ਨਕਾਰੀਆਂ ਨੇ ਖਾਲਿਸਤਾਨ ਦੇ ਹੱਕ ਵਿਚ ਅਤੇ ਸੂਬਾ ਤੇ ਕੇਂਦਰ ਸਰਕਾਰਾਂ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਭਾਵੇਂ ਕਿ ਇਸ ਮਾਰਚ ਨੂੰ ਰੋਕਣ ਲਈ ਪੁਲਿਸ ਨੇ ਨਾਕੇ ਲਗਾਏ ਹੋਏ ਸਨ ਪਰ ਪ੍ਰਦਰਸ਼ਨਕਾਰੀਆਂ ਨੇ ਸਾਰੀਆਂ ਰੋਕਾਂ ਤੋੜ ਕੇ ਸ਼ਹਿਰ ਵਿਚ ਮਾਰਚ ਕੀਤਾ।

ਡਾ. ਜਸਬੀਰ ਸਿੰਘ ਡਾਂਗੋ ਤੇ ਦਲ ਖਾਲਸਾ ਦੀ ਪੀ.ਏ.ਸੀ. ਦੇ ਮੈਂਬਰ ਗੁਰਵਿੰਦਰ ਸਿੰਘ ਖਾਲਸਾ ਨੇ ਦੋਸ਼ ਲਾਇਆ ਕਿ ਪੁਲਿਸ ਵੱਲੋਂ ਪ੍ਰਦਰਸ਼ਨਕਾਰੀ ਸਿੰਘਾਂ ਨੂੰ ਗੁਰਦੁਆਰਾ ਸਿੰਘ ਸਭਾ ਅੰਦਰ ਨਤਮਸਤਕ ਨਾ ਹੋਣ ਦੇਣ ਲਈ ਰੋਕਾਂ ਲਗਾਈਆਂ ਹੋਈਆਂ ਸਨ ਅਤੇ ਦਲ ਖਾਲਸਾ ਤੇ ਹਮਾਇਤੀ ਜਥੇਬੰਦੀਆਂ ਦੇ ਆਗੂਆਂ ਨੂੰ ਮਾਰਚ ਵਿਚ ਸ਼ਾਮਲ ਹੋਣ ਤੋਂ ਰੋਕਣ ਲਈ ਘਰਾਂ ਵਿਚ ਨਜ਼ਰਬੰਦ ਕਰ ਦਿੱਤਾ ਗਿਆ।

ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਘੱਟ ਗਿਣਤੀਆਂ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਦੇ ਮਨੁੱਖੀ ਅਧਿਕਾਰ ਕੁਚਲੇ ਜਾ ਰਹੇ ਹਨ। ਘੱਟ ਗਿਣਤੀਆਂ ਨੂੰ ਵਿਚਾਰਾਂ ਦਾ ਪ੍ਰਗਟਾਵਾ ਕਰਨ ਤੋਂ ਵੀ ਰੋਕਿਆ ਜਾ ਰਿਹਾ ਹੈ। ਉਨ੍ਹਾਂ ਜੰਮੂ ਕਸ਼ਮੀਰ ਅਤੇ ਮਨੀਪੁਰ ਵਿਚ ਹੋਈ ਹਿੰਸਾ ਦੀ ਨਿਖੇਧੀ ਕਰਨ ਤੋਂ ਇਲਾਵਾ ਡੇਰਾ ਸਿਰਸਾ ਦੇ ਮੁਖੀ ਨੂੰ ਵਾਰ-ਵਾਰ ਪੈਰੋਲ ਦੇਣ 'ਤੇ ਵੀ ਇਤਰਾਜ਼ ਦਾਇਰ ਕੀਤਾ ਅਤੇ ਮੰਗ ਕੀਤੀ ਕਿ ਬਿਨਾ ਕਾਰਨ ਜੇਲ੍ਹਾਂ 'ਚ ਬੰਦ ਸਿੱਖਾਂ ਨੂੰ ਤੁਰਤ ਰਿਹਾਅ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਰਕਾਰ ਵਿਦੇਸ਼ਾਂ ਵਿਚ ਵੀ ਸਿੱਖਾਂ ਨੂੰ ਨਿਸ਼ਾਨਾ ਬਣਾ ਰਹੀ ਹੈ ਜਿਸ ਕਾਰਨ ਸਿੱਖਾਂ 'ਚ ਭਾਰੀ ਰੋਸ ਹੈ।

# ਜਥੇਦਾਰ ਨੇ ਤਾਬਿਆ ਬੈਠੇ ਗ੍ਰੰਥੀ ਦੀ ਕੁੱਟਮਾਰ ਦਾ ਗੰਭੀਰ ਨੋਟਿਸ ਲਿਆ

**ਖਰੜ:** ਇਥੇ ਮੋਰਿੰਡਾ-ਚੁੰਨੀ ਰੋਡ 'ਤੇ ਪੈਂਦੇ ਪਿੰਡ ਸਿੱਲ ਵਿਚ ਨੌਜਵਾਨ ਵੱਲੋਂ ਪਾਠ ਕਰ ਰਹੇ ਗ੍ਰੰਥੀ ਨਾਲ ਕੁੱਟਮਾਰ ਕਰਕੇ ਬੇਅਦਬੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਨੌਜਵਾਨ ਨੂੰ ਪਿੰਡ ਵਾਸੀਆਂ ਨੇ ਫੜ ਕੇ ਘੜੂੰਆਂ ਪੁਲਿਸ ਹਵਾਲੇ ਕਰ ਦਿੱਤਾ ਹੈ। ਮੁਲਜ਼ਮ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ ਹੈ।

ਗੁਰਦੁਆਰੇ ਵਿਚ ਗ੍ਰੰਥੀ ਉੱਪਰ ਹੋਏ ਹਮਲੇ ਅਤੇ ਬੇਅਦਬੀ ਦੀ ਘਟਨਾ ਦਾ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਗੰਭੀਰ ਨੋਟਿਸ ਲੈਂਦਿਆਂ ਆਖਿਆ ਕਿ ਬੇਅਦਬੀਆਂ ਨੂੰ ਰੋਕਣ ਵਿਚ ਸਰਕਾਰ ਦੀ ਅਸਫਲਤਾ ਕਾਰਨ ਅਜਿਹੇ ਲੋਕਾਂ ਦੇ ਹੌਸਲੇ ਵੱਧ ਰਹੇ ਹਨ। ਇਹ ਘਟਨਾ ਕਿਸੇ ਡੂੰਘੀ ਸਾਜ਼ਿਸ਼ ਵੱਲ ਇਸ਼ਾਰਾ ਕਰਦੀਆਂ ਹਨ। ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਹੁਣ ਸੰਗਤ ਨੂੰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨੂੰ ਰੋਕਣ ਲਈ ਸਰਕਾਰਾਂ 'ਤੇ ਨਿਰਭਰ ਰਹਿਣ ਦੀ ਥਾਂ ਪਿੰਡਾਂ ਤੇ ਨਗਰਾਂ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਖੁਦ ਗੁਰੂ ਘਰਾਂ ਦੀ ਪਹਿਰੇਦਾਰੀ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ।

ਪਿੰਡ ਦੇ ਸਰਪੰਚ ਸਿਮਰਨਜੀਤ ਸਿੰਘ ਨੇ ਦੱਸਿਆ ਕਿ ਸਵੇਰੇ ਤਕਰੀਬਨ 5 ਵਜੇ ਪਾਠੀ ਸਿੰਘ ਗੁਰਦੁਆਰੇ ਵਿਚ ਪਾਠ ਕਰ ਰਿਹਾ ਸੀ। ਪਿੰਡ ਵਾਸੀਆਂ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਰਵਿੰਦਰ ਸਿੰਘ ਉਰਫ ਲਾਡੀ ਜਿਹੜਾ ਕਿ ਪਿੰਡ ਭਟੇੜੀ ਦੇ ਪੈਟਰੋਲ ਪੰਪ 'ਤੇ ਕੰਮ ਕਰਦਾ ਸੀ, ਵੱਲੋਂ ਪਿੰਡ ਵਿਚ ਸਥਿਤ ਗੁਰਦੁਆਰੇ ਵਿਚ ਜਾ ਕੇ ਪਹਿਲਾਂ ਅਰਦਾਸ ਕੀਤੀ ਗਈ ਤੇ ਇਸ ਮਗਰੋਂ ਉਹ ਪਰਿਕਰਮਾ ਕਰਨ ਲੱਗ ਪਿਆ। ਇਸ ਦੌਰਾਨ ਉਸ ਨੇ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ 'ਤੇ



ਬੈਠੇ ਗ੍ਰੰਥੀ ਲਖਬੀਰ ਸਿੰਘ ਨਾਲ ਹੱਥੋਪਾਈ ਸ਼ੁਰੂ ਕਰ ਦਿੱਤੀ। ਇਸ ਦਾ ਗ੍ਰੰਥੀ ਵੱਲੋਂ ਮਰਿਆਦਾ ਨੂੰ ਧਿਆਨ ਵਿਚ ਰੱਖਦਿਆਂ ਸ਼ਾਂਤ ਰਹਿੰਦਿਆਂ ਵਿਰੋਧ ਕੀਤਾ ਗਿਆ ਪਰ ਨੌਜਵਾਨ ਗ੍ਰੰਥੀ ਨੂੰ ਖਿੱਚ ਕੇ ਗੋਲਕ ਕੋਲ ਲੈ ਗਿਆ ਅਤੇ ਉਸ ਦੀ ਕੁੱਟਮਾਰ ਸ਼ੁਰੂ ਕਰ ਦਿੱਤੀ। ਇਸ 'ਤੇ ਗ੍ਰੰਥੀ ਵੱਲੋਂ ਵੀ ਜਵਾਬੀ ਕਾਰਵਾਈ ਕੀਤੀ ਗਈ। ਇਸ ਕਾਰਨ ਜਪੁਜੀ ਸਾਹਿਬ ਦਾ ਪਾਠ ਖੰਡਿਤ ਹੋ ਗਿਆ। ਇਹ ਸਾਰੀ ਵਾਰਦਾਤ ਗੁਰਦੁਆਰੇ ਵਿਚ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਵਿਚ ਕੈਦ ਹੋ ਗਈ ਹੈ। ਇਸੇ ਦੌਰਾਨ ਨੌਜਵਾਨ ਰਵਿੰਦਰ ਸਿੰਘ ਨੇ ਕੱਪੜੇ ਉਤਾਰ ਦਿੱਤੇ। ਰੌਲਾ ਪੈਣ ਉਪਰੰਤ ਉਹ ਨਗਨ ਹਾਲਤ ਵਿਚ ਹੀ ਪਿੰਡ ਭਟੇੜੀ ਦੇ ਪੈਟਰੋਲ ਪੰਪ 'ਤੇ ਪਹੁੰਚ ਗਿਆ। ਮਗਰੋਂ ਪਿੰਡ ਵਾਸੀਆਂ ਨੇ ਉਸ ਨੂੰ ਕਾਬੂ ਕਰਕੇ ਪਿੰਡ ਲਿਆਉਣ ਉਪਰੰਤ ਪੁਲਿਸ ਹਵਾਲੇ ਕਰ ਦਿੱਤਾ। ਐਸ.ਐਚ.ਓ. ਘੜੂੰਆਂ ਭਗਤਬੀਰ ਸਿੰਘ ਨੇ ਦੱਸਿਆ ਕਿ ਗ੍ਰੰਥੀ ਲਖਬੀਰ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਰਵਿੰਦਰ ਸਿੰਘ ਉਰਫ ਲਾਡੀ ਵਿਰੁੱਧ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਰਾਜਪਾਲ ਵੱਲੋਂ ਤਿੰਨ ਬਿੱਲ ਹੁਣ ਰਾਸ਼ਟਰਪਤੀ ਕੋਲ ਭੇਜਣ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਤਕਰੀਬਨ ਸਾਢੇ ਪੰਜ ਮਹੀਨਿਆਂ ਤੋਂ ਬਕਾਇਆ ਪਏ ਤਿੰਨ ਬਿੱਲਾਂ ਨੂੰ ਹੁਣ ਰਾਸ਼ਟਰਪਤੀ ਕੋਲ ਭੇਜਣਗੇ। ਸੁਪਰੀਮ ਕੋਰਟ ਦੇ ਫੈਸਲੇ ਦੇ ਕਰੀਬ ਤਿੰਨ ਹਫਤਿਆਂ ਮਗਰੋਂ ਰਾਜਪਾਲ ਨੇ ਇਨ੍ਹਾਂ ਤਿੰਨ ਬਿੱਲਾਂ ਨੂੰ ਰਾਸ਼ਟਰਪਤੀ ਦੇ ਵਿਚਾਰ ਲਈ ਰਾਖਵੇਂ ਰੱਖਣ ਦਾ ਫੈਸਲਾ ਲਿਆ ਹੈ।

ਪੰਜਾਬ ਵਿਧਾਨ ਸਭਾ ਵੱਲੋਂ 19-20 ਜੂਨ ਦੇ ਸੈਸ਼ਨ ਵਿਚ ਚਾਰ ਬਿੱਲ ਪਾਸ ਕੀਤੇ ਗਏ ਸਨ ਜਿਨ੍ਹਾਂ ਨੂੰ ਰਾਜਪਾਲ ਕੋਲ ਮਨਜ਼ੂਰੀ ਲਈ ਭੇਜਿਆ ਗਿਆ ਸੀ। ਮੁੱਖ ਮੰਤਰੀ ਭਗਵੰਤ ਮਾਨ ਅਤੇ ਰਾਜਪਾਲ ਪੁਰੋਹਿਤ ਵਿਚਕਾਰ ਚੱਲ ਰਹੀ ਖਿੱਚੋਤਾਣ ਦੌਰਾਨ ਰਾਜ ਭਵਨ ਨੇ ਇਨ੍ਹਾਂ ਬਿੱਲਾਂ 'ਤੇ ਕੋਈ ਫੈਸਲਾ ਨਹੀਂ ਲਿਆ ਸੀ। ਰਾਸ਼ਟਰਪਤੀ ਦੇ ਵਿਚਾਰ ਲਈ ਰਾਖਵੇਂ ਰੱਖੇ ਬਿੱਲਾਂ ਵਿਚ 'ਸਿੱਖ ਗੁਰਦੁਆਰਾ (ਸੋਧ) ਬਿੱਲ 2023', 'ਪੰਜਾਬ ਯੂਨੀਵਰਸਿਟੀਜ਼ ਲਾਅਜ (ਸੋਧ) ਬਿੱਲ 2023' ਅਤੇ 'ਪੰਜਾਬ ਪੁਲਿਸ (ਸੋਧ) ਬਿੱਲ 2023' ਸ਼ਾਮਲ ਹਨ। ਕੁਝ ਦਿਨ ਪਹਿਲਾਂ ਰਾਜਪਾਲ ਨੇ 'ਪੰਜਾਬ ਐਫੀਲੀਏਟਿਡ



ਕਾਲਜਿਜ਼ (ਸੋਧ) ਬਿੱਲ 2023' ਨੂੰ ਮਨਜ਼ੂਰੀ ਦੇ ਦਿੱਤੀ ਸੀ।

ਇਹ ਤੱਥ ਦੱਸਣਯੋਗ ਹੈ ਕਿ ਪਿਛਲੇ ਵਰ੍ਹੇ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤਾ ਗਿਆ 'ਪੰਜਾਬ ਸਟੇਟ ਵਿਜੀਲੈਂਸ ਕਮਿਸ਼ਨ (ਰਿਪੀਲ) ਬਿੱਲ 2022' ਵੀ ਅਜੇ ਤੱਕ ਰਾਜ ਭਵਨ ਕੋਲ ਹੀ ਲੰਬਿਤ ਪਿਆ ਹੈ।

ਰਾਜ ਭਵਨ ਵੱਲੋਂ ਜਾਰੀ ਬਿਆਨ ਵਿਚ ਦੱਸਿਆ ਗਿਆ ਹੈ ਕਿ ਉਪਰੋਕਤ ਤਿੰਨ ਬਕਾਇਆ ਬਿੱਲ ਰਾਸ਼ਟਰਪਤੀ ਦੇ ਵਿਚਾਰ ਲਈ ਰਾਖਵੇਂ ਰੱਖੇ ਗਏ ਹਨ। ਚੇਤੇ ਰਹੇ ਕਿ ਰਾਜਪਾਲ ਨੇ 19-20 ਜੂਨ ਦੇ ਪੰਜਾਬ ਵਿਧਾਨ ਸਭਾ ਸੈਸ਼ਨ ਨੂੰ ਗੈਰਕਾਨੂੰਨੀ ਕਰਾਰ ਦੇ ਦਿੱਤਾ ਸੀ। ਰਾਜਪਾਲ ਦੇ ਇਸ ਫੈਸਲੇ ਨੂੰ ਸੂਬਾ ਸਰਕਾਰ ਨੇ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਸੀ। ਸੁਪਰੀਮ ਕੋਰਟ ਨੇ 10 ਨਵੰਬਰ ਨੂੰ ਸੁਣਾਏ ਆਪਣੇ ਫੈਸਲੇ ਵਿਚ 19-20 ਜੂਨ ਨੂੰ ਹੋਏ ਵਿਧਾਨ ਸਭਾ ਸੈਸ਼ਨ ਨੂੰ ਸੰਵਿਧਾਨਕ ਤੌਰ 'ਤੇ ਜਾਇਜ਼ ਕਰਾਰ ਦੇ ਦਿੱਤਾ ਸੀ। ਚੀਫ ਜਸਟਿਸ ਡੀ. ਵਾਈ ਚੰਦਰਚੂੜ ਦੀ ਅਗਵਾਈ ਹੇਠਲੇ ਬੈਂਚ ਨੇ ਰਾਜਪਾਲ ਨੂੰ ਬਕਾਇਆ ਬਿੱਲਾਂ 'ਤੇ ਫੈਸਲੇ ਲੈਣ ਦੇ ਨਿਰਦੇਸ਼ ਦਿੱਤੇ ਸਨ। ਸੁਪਰੀਮ ਕੋਰਟ ਦੇ ਫੈਸਲੇ ਪਿੱਛੋਂ ਮੁੱਖ ਮੰਤਰੀ ਨੇ ਰਾਜਪਾਲ ਨੂੰ ਪੱਤਰ ਲਿਖ ਕੇ ਸੁਪਰੀਮ ਕੋਰਟ ਦੇ ਫੈਸਲੇ ਦੀ ਰੌਸ਼ਨੀ ਵਿਚ ਇਨ੍ਹਾਂ ਬਿੱਲਾਂ ਦਾ ਨਿਬੇੜਾ ਕਰਨ ਬਾਰੇ ਕਿਹਾ ਸੀ। ਰਾਜਪਾਲ ਨੇ ਪਹਿਲਾਂ ਤਿੰਨ ਮਨੀ ਬਿੱਲ ਵੀ ਰੋਕ ਲਏ ਸਨ ਪਰ ਸੁਪਰੀਮ ਕੋਰਟ ਦੇ ਫੈਸਲੇ ਮਗਰੋਂ ਰਾਜ ਭਵਨ ਨੇ ਇਨ੍ਹਾਂ ਬਿੱਲਾਂ ਨੂੰ ਅਗਾਊਂ ਪ੍ਰਵਾਨਗੀ ਦੇ ਦਿੱਤੀ ਸੀ ਅਤੇ ਇਹ 28-29 ਨਵੰਬਰ ਨੂੰ ਹੋਏ ਸਰਦ ਰੁੱਤ ਇਜਲਾਸ ਦੌਰਾਨ ਪਾਸ ਕੀਤੇ ਗਏ ਸਨ।

ਰਾਜਪਾਲ ਵੱਲੋਂ ਜਿਨ੍ਹਾਂ ਤਿੰਨ ਬਿੱਲਾਂ ਨੂੰ ਰਾਖਵਾਂ ਰੱਖਿਆ ਗਿਆ ਹੈ, ਉਨ੍ਹਾਂ ਵਿਚ 'ਸਿੱਖ ਗੁਰਦੁਆਰਾ (ਸੋਧ) ਬਿੱਲ 2023' ਦਾ ਉਦੇਸ਼ ਸ੍ਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਦੇ ਮੁਫਤ ਪ੍ਰਸਾਰਨ ਨੂੰ ਯਕੀਨੀ ਬਣਾਉਣਾ ਹੈ ਜਦੋਂ ਕਿ 'ਪੰਜਾਬ ਯੂਨੀਵਰਸਿਟੀਜ਼ ਲਾਅਜ (ਸੋਧ) ਬਿੱਲ 2023' ਦਾ ਮਕਸਦ ਰਾਜਪਾਲ ਦੀ ਥਾਂ ਮੁੱਖ ਮੰਤਰੀ ਨੂੰ ਚਾਂਸਲਰ ਬਣਾਉਣਾ ਹੈ। ਇਸੇ ਤਰ੍ਹਾਂ 'ਪੰਜਾਬ ਪੁਲਿਸ (ਸੋਧ) ਬਿੱਲ 2023' ਦਾ ਮਨੋਰਥ ਪੁਲਿਸ ਮੁਖੀ ਦੀ ਚੋਣ ਦੀ ਪ੍ਰਕਿਰਿਆ ਵਿਚ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਦਾ ਦਖਲ ਰੋਕਣਾ ਹੈ।

## ਕੌਮੀ ਲੋਕ ਅਦਾਲਤ: ਪੰਜਾਬ 'ਚ 384 ਬੈਂਚਾਂ ਵੱਲੋਂ 2.97 ਲੱਖ ਕੇਸਾਂ ਦੀ ਸੁਣਵਾਈ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਿਟੀ ਦੇ ਕਾਰਜਕਾਰੀ ਚੇਅਰਮੈਨ ਜਸਟਿਸ ਗੁਰਮੀਤ ਸਿੰਘ ਸੰਧਾਵਾਲੀਆ ਦੀ ਅਗਵਾਈ ਹੇਠ ਸੂਬੇ ਭਰ ਵਿਚ ਕੌਮੀ ਲੋਕ ਅਦਾਲਤਾਂ ਲਗਾਈਆਂ ਗਈਆਂ। ਇਸ ਦੌਰਾਨ ਕੁੱਲ 384 ਬੈਂਚਾਂ ਵਿਚ ਲਗਭਗ 2.97 ਲੱਖ ਕੇਸਾਂ 'ਤੇ ਸੁਣਵਾਈ ਕੀਤੀ ਗਈ। ਇਸ ਦੌਰਾਨ ਲੋਕ ਅਦਾਲਤਾਂ ਵਿਚ ਦੀਵਾਨੀ ਕੇਸ, ਘਰੇਲੂ ਝਗੜੇ, ਜਾਇਦਾਦ ਦੇ ਝਗੜੇ, ਚੈੱਕ ਬਾਊਂਸ ਦੇ ਕੇਸ, ਮਜ਼ਦੂਰੀ ਸਬੰਧੀ ਮਾਮਲੇ, ਅਪਰਾਧਿਕ ਕੰਪਾਊਂਡੇਬਲ ਕੇਸ, ਐੱਫ.ਆਈ.ਆਰਜ਼. ਰੱਦ ਕਰਨ/ਅਣਟਰੇਸਡ ਰਿਪੋਰਟਾਂ ਆਦਿ ਨਾਲ ਸਬੰਧਤ ਲੰਬੇ ਸਮੇਂ ਤੋਂ ਲਟਕਦੇ ਆ ਰਹੇ ਮਾਮਲਿਆਂ 'ਤੇ ਸੁਣਵਾਈ ਕੀਤੀ ਗਈ। ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਿਟੀ ਦੇ ਮੈਂਬਰ ਸਕੱਤਰ ਮਨਜਿੰਦਰ ਸਿੰਘ ਅਤੇ ਸਮ੍ਰਿਤੀ ਧੀਰ ਨੇ ਦੱਸਿਆ ਕਿ ਕੌਮੀ ਲੋਕ ਅਦਾਲਤ ਦਾ ਮੁੱਖ ਉਦੇਸ਼ ਸਮਝੌਤਿਆਂ ਰਾਹੀਂ ਝਗੜਿਆਂ ਦਾ ਨਿਪਟਾਰਾ ਕਰਵਾਉਣਾ ਹੈ।

# ਦੇਸ਼ ਲਈ ਕੁਰਬਾਨ ਹੋਣ ਵਿਚ ਪੰਜਾਬੀ ਸਭ ਤੋਂ ਅੱਗੇ

## ਸੂਬੇ ਵਿਚ ਫੌਜੀਆਂ ਦੀਆਂ ਵਿਧਵਾਵਾਂ ਦੀ ਗਿਣਤੀ ਸਭ ਤੋਂ ਵੱਧ

**ਨਵੀਂ ਦਿੱਲੀ:** ਦੇਸ਼ ਭਰ ਵਿਚ ਫੌਜੀਆਂ ਦੀਆਂ ਵਿਧਵਾਵਾਂ ਦੀ ਗਿਣਤੀ 6,98,252 ਹੈ ਜਿਨ੍ਹਾਂ ਵਿਚੋਂ ਤਿੰਨ ਲੱਖ ਦੇ ਕਰੀਬ ਵਿਧਵਾਵਾਂ ਉੱਤਰ-ਪੱਛਮੀ ਭਾਰਤ ਵਿਚ ਰਹਿੰਦੀਆਂ ਹਨ। ਇਸ ਖੇਤਰ ਵਿਚ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ, ਰਾਜਸਥਾਨ, ਉੱਤਰਾਖੰਡ, ਦਿੱਲੀ ਤੇ ਚੰਡੀਗੜ੍ਹ ਸ਼ਾਮਲ ਹਨ। ਨਾ ਸਿਰਫ ਉੱਤਰ-ਪੱਛਮੀ ਖੇਤਰ ਬਲਕਿ ਦੇਸ਼ ਭਰ 'ਚੋਂ ਸਭ ਤੋਂ ਵੱਧ 74,253 ਫੌਜੀ ਵਿਧਵਾਵਾਂ ਪੰਜਾਬ 'ਚ ਰਹਿੰਦੀਆਂ ਹਨ। ਇਹ ਜਾਣਕਾਰੀ ਰੱਖਿਆ ਮੰਤਰਾਲੇ ਨੇ ਲੋਕ ਸਭਾ ਵਿਚ ਦਿੱਤੀ ਹੈ।



ਮਿਲੀ ਜਾਣਕਾਰੀ ਅਨੁਸਾਰ ਪੰਜਾਬ ਤੋਂ ਬਾਅਦ ਦੂਜੇ ਨੰਬਰ 'ਤੇ ਕੇਰਲ ਅਤੇ ਤੀਜੇ ਨੰਬਰ 'ਤੇ ਉੱਤਰ ਪ੍ਰਦੇਸ਼ ਆਉਂਦਾ ਹੈ ਜਿਨ੍ਹਾਂ ਵਿਚ ਵਿਧਵਾਵਾਂ ਦੀ ਗਿਣਤੀ ਕ੍ਰਮਵਾਰ 69,507 ਤੇ 68,815 ਹੈ। ਇਸ ਤੋਂ ਬਾਅਦ ਵਿਧਵਾਵਾਂ ਦੀ ਗਿਣਤੀ ਹਰਿਆਣਾ ਵਿਚ 53546, ਉੱਤਰਾਖੰਡ ਵਿਚ 48924, ਰਾਜਸਥਾਨ 44665, ਹਿਮਾਚਲ ਪ੍ਰਦੇਸ਼ 39367, ਜੰਮੂ ਕਸ਼ਮੀਰ ਵਿਚ 21890, ਦਿੱਲੀ 14029 ਤੇ ਚੰਡੀਗੜ੍ਹ ਵਿਚ 2640 ਹੈ।

ਰੱਖਿਆ ਅਧਿਕਾਰੀਆਂ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਇਹ ਵਿਧਵਾਵਾਂ ਉਨ੍ਹਾਂ ਫੌਜੀਆਂ ਦੀਆਂ ਨਹੀਂ ਹਨ ਜਿਹੜੇ ਜੰਗ ਦੌਰਾਨ ਸ਼ਹੀਦ ਹੋਏ ਜਾਂ ਦਹਿਸ਼ਤਗਰਦਾਂ ਨਾਲ ਮੁਕਾਬਲੇ ਦੌਰਾਨ ਸ਼ਹੀਦ ਹੋਏ। ਇਹ ਅੰਕੜਾ ਦੇਸ਼ ਭਰ ਦੇ ਫੌਜੀਆਂ ਦੀਆਂ ਵਿਧਵਾਵਾਂ ਦਾ ਹੈ ਜਿਨ੍ਹਾਂ ਦੀ ਮੌਤ ਕਿਸੇ ਵੀ ਕਾਰਨ ਤੋਂ ਹੋਈ ਹੈ। ਰੱਖਿਆ ਮੰਤਰਾਲੇ ਨੇ ਕਿਹਾ ਕਿ ਹਰਿਆਣਾ ਦੇਸ਼ ਭਰ ਵਿਚੋਂ ਛੇਵੇਂ ਸਥਾਨ ਉਤੇ ਹੈ ਅਤੇ ਇਸ ਸੂਬੇ ਵਿਚ ਵਿਧਵਾਵਾਂ ਦੀ ਗਿਣਤੀ 53,546 ਹੈ। ਜ਼ਿਕਰਯੋਗ ਹੈ ਕਿ ਉੱਤਰ-ਪੱਛਮੀ ਸੂਬਿਆਂ ਦੇ ਵੱਡੀ ਗਿਣਤੀ ਜਵਾਨ ਦੇਸ਼ ਦੇ ਸੁਰੱਖਿਆ ਬਲਾਂ ਵਿਚ ਤਾਇਨਾਤ ਹਨ। ਦੱਸਣਾ ਬਣਦਾ ਹੈ ਕਿ ਇਹ ਮਾਮਲਾ ਉਸ ਵੇਲੇ ਸਾਹਮਣੇ ਆਇਆ ਜਦੋਂ ਸੰਸਦ ਮੈਂਬਰ ਸੁਨੀਲ ਦੱਤਾਤ੍ਰੇਅ ਤਤਕਰੇ ਨੇ ਸਾਬਕਾ ਫੌਜੀਆਂ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਬਾਰੇ ਸਵਾਲ ਕੀਤਾ। ਉਨ੍ਹਾਂ ਕਿਹਾ ਕਿ ਇਹ ਵਿਧਵਾਵਾਂ ਪਰਿਵਾਰਕ ਪੈਨਸ਼ਨ ਦੀਆਂ ਹੱਕਦਾਰ ਹਨ ਜਿਹੜੀ ਕਿ 'ਇਕ ਰੈਂਕ, ਇਕ ਪੈਨਸ਼ਨ' ਤਹਿਤ ਹਰੇਕ ਪੰਜ ਸਾਲਾਂ ਬਾਅਦ ਸੋਧ ਕੇ ਮਿਲਣੀ ਚਾਹੀਦੀ ਹੈ। ਇਸ ਤੋਂ ਬਾਅਦ ਕੇਂਦਰੀ ਰੱਖਿਆ ਰਾਜ ਮੰਤਰੀ ਅਜੈ ਭੱਟ ਨੇ ਲੋਕ ਸਭਾ ਨੂੰ ਜਾਣਕਾਰੀ ਦਿੱਤੀ ਕਿ ਪਰਿਵਾਰਕ ਪੈਨਸ਼ਨ ਨੂੰ ਮਹਿੰਗਾਈ ਰਾਹਤ ਭੱਤੇ ਨਾਲ ਜੋੜਿਆ ਗਿਆ ਹੈ ਜਿਸ ਵਿਚ ਹਰ ਛੇ ਮਹੀਨਿਆਂ ਬਾਅਦ ਸੋਧ ਕੀਤੀ ਜਾਂਦੀ ਹੈ।

## ਮੋਹਨ ਭਾਗਵਤ ਵੱਲੋਂ ਡੇਰਾ ਰਾਧਾ ਸੁਆਮੀ ਮੁਖੀ ਨਾਲ ਬੰਦ ਕਮਰਾ ਮੀਟਿੰਗ

**ਰਈਆ:** ਰਾਸ਼ਟਰੀ ਸੋਇਮਸੇਵਕ ਸੰਘ ਦੇ ਮੁਖੀ ਮੋਹਨ ਭਾਗਵਤ ਵੱਡੇ ਕਾਫਲੇ ਰਾਹੀਂ ਡੇਰਾ ਰਾਧਾ ਸੁਆਮੀ ਬਿਆਸ ਪੁੱਜੇ, ਜਿੱਥੇ ਉਨ੍ਹਾਂ ਡੇਰਾ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨਾਲ ਬੰਦ ਕਮਰਾ ਮੀਟਿੰਗ ਕੀਤੀ।

ਸੰਘ ਮੁਖੀ ਬਿਆਸ ਪੁਲ ਤੋਂ ਗੱਡੀਆਂ ਦੇ ਵੱਡੇ ਕਾਫਲੇ ਰਾਹੀ ਡੇਰਾ ਬਿਆਸ ਦਾਖਲ ਹੋਏ ਅਤੇ ਡੇਰਾ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨਾਲ ਸਵੇਰੇ 11 ਤੋਂ ਦੁਪਹਿਰ 12 ਵਜੇ ਤੱਕ ਬੰਦ ਕਮਰਾ ਮੀਟਿੰਗ ਕੀਤੀ। ਸੰਘ ਮੁਖੀ ਨੇ ਡੇਰੇ ਅੰਦਰ ਲੰਗਰ ਹਾਲ ਵਿਚ ਜਾ ਕੇ ਉਥੇ ਪ੍ਰਬੰਧਾਂ ਸਬੰਧੀ ਵੀ ਦੇਖਿਆ। ਉਹ ਕਰੀਬ ਦੋ ਘੰਟੇ ਡੇਰੇ ਦੇ ਅੰਦਰ ਰਹੇ ਅਤੇ ਬਾਅਦ ਦੁਪਹਿਰ 12.50 ਵਜੇ ਰਵਾਨਾ ਹੋ ਗਏ। ਲੋਕ ਸਭਾ ਚੋਣਾਂ ਨੂੰ ਮੁੱਖ ਰੱਖਦੇ ਹੋਏ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਜਪਾ ਸਰਕਾਰ ਦੇ ਕਈ ਕੇਂਦਰੀ ਮੰਤਰੀ ਡੇਰੇ ਦੇ ਮੁਖੀ ਨਾਲ ਮਿਲ ਚੁੱਕੇ ਹਨ।

# ਪੰਜ ਦੇਸ਼ਾਂ ਨੇ ਪੰਜਾਬ ਨਾਲ ਵਪਾਰ ਵਧਾਉਣ 'ਚ ਦਿਲਚਸਪੀ ਦਿਖਾਈ

**ਅੰਮ੍ਰਿਤਸਰ:** ਪਾਇਟੈਕਸ ਵਪਾਰ ਮੇਲੇ ਦੇ ਦੂਜੇ ਦਿਨ ਵਪਾਰ ਵਧਾਉਣ ਸਬੰਧੀ ਕਾਨਫਰੰਸ ਕੀਤੀ ਗਈ, ਜਿਸ ਵਿਚ ਪੰਜ ਦੇਸਾਂ ਫਿਜ਼ੀ, ਬੰਗਲਾਦੇਸ਼, ਉਜਬੇਕਿਸਤਾਨ, ਇੰਡੋਨੇਸ਼ੀਆ ਅਤੇ ਕਿਰਗਿਜਤਾਨ ਨੇ ਪੰਜਾਬ ਵਿਚ ਆਪਣਾ ਕਾਰੋਬਾਰ ਵਧਾਉਣ ਅਤੇ ਪੂੰਜੀ ਨਿਵੇਸ਼ ਕਰਨ ਵਿਚ ਦਿਲਚਸਪੀ ਦਿਖਾਈ ਹੈ।

ਪੀ.ਐਚ.ਡੀ.ਸੀ.ਸੀ.ਆਈ. ਵੱਲੋਂ ਕਰਵਾਏ ਜਾ ਰਹੇ 17ਵੇਂ ਪਾਇਟੈਕਸ ਮੇਲੇ ਵਿਚ ਫਿਜ਼ੀ ਦੇ ਹਾਈ ਕਮਿਸ਼ਨਰ ਨਿਲੇਸ਼ ਰੋਨਿਲ ਕੁਮਾਰ, ਕਿਰਗਿਜਤਾਨ ਦੇ ਰਾਜਦੂਤ ਏਕੈਪ ਅਸਕਰ ਬੇਸਿਮੋਵ, ਬੰਗਲਾਦੇਸ਼ ਦੇ ਹਾਈ ਕਮਿਸ਼ਨਰ ਮੁਹੰਮਦ ਮੁਸਤਫਿਜੁਰ ਰਹਿਮਾਨ, ਉਜਬੇਕਿਸਤਾਨ ਦੇ ਵਪਾਰਕ ਆਰਥਿਕ ਸਲਾਹਕਾਰ ਖੁਰਸ਼ੀਦ ਬੇਕ ਸਮੀਵ ਅਤੇ ਇੰਡੋਨੇਸ਼ੀਆ ਦੇ ਵਪਾਰਕ ਪ੍ਰਤੀਨਿਧ ਬੋਨਾ ਕੁਸੁਮਾ ਪੁੱਜੇ ਜਿਨ੍ਹਾਂ ਨਾਲ ਪੰਜਾਬ ਇਨਵੈਸਟ ਦੇ ਸੀ.ਈ.ਓ. ਡੀ.ਪੀ.ਐਸ. ਖਰਬੰਦਾ ਨੇ ਮੀਟਿੰਗ ਕੀਤੀ। ਕਿਰਗਿਜਤਾਨ ਦੇ ਰਾਜਦੂਤ ਨੇ ਕਿਹਾ ਕਿ ਉਨ੍ਹਾਂ ਦੇ ਦੇਸ ਵੱਲੋਂ ਭਾਰਤ ਵਿਚ ਕੁੱਲ 100 ਨਵੇਂ ਉਦਯੋਗ ਸਥਾਪਤ ਕੀਤੇ ਜਾ ਰਹੇ ਹਨ। ਇਨ੍ਹਾਂ ਵਿਚੋਂ ਕੁਝ ਉਦਯੋਗ ਪੰਜਾਬ ਵਿਚ ਵੀ ਸਥਾਪਤ ਕੀਤੇ ਜਾਣਗੇ। ਉਨ੍ਹਾਂ ਸੀ.ਈ.ਓ. ਤੋਂ ਸਕੀਮਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਫਿਜ਼ੀ ਦੇ ਹਾਈ ਕਮਿਸ਼ਨਰ ਨਿਲੇਸ਼ ਰੋਨਿਲ ਕੁਮਾਰ ਨੇ ਪੰਜਾਬ ਵਿਚ ਉਤਪਾਦਨ ਤੇ ਸੈਰ-ਸਪਾਟਾ ਖੇਤਰਾਂ ਵਿਚ ਦਿਲਚਸਪੀ ਦਿਖਾਈ। ਉਜਬੇਕਿਸਤਾਨ ਨੇ ਕੁਦਰਤੀ ਗੈਸ ਅਤੇ ਖਣਿਜ ਉਦਯੋਗਾਂ ਦੇ ਭਵਿੱਖ ਬਾਰੇ ਪੰਜਾਬ ਸਰਕਾਰ ਦੇ ਨੁਮਾਇੰਦਿਆਂ ਨਾਲ ਗੱਲਬਾਤ ਕੀਤੀ। ਇੰਡੋਨੇਸ਼ੀਆ ਦੇ ਪ੍ਰਤੀਨਿਧ ਨੇ ਦੱਸਿਆ ਕਿ ਉਨ੍ਹਾਂ ਦੇ ਦੇਸ ਵਿਚ ਕੱਚੇ ਪਾਮ ਆਇਲ, ਇਲੈਕਟ੍ਰੀਕਲ ਉਪਕਰਨ ਦੀਆਂ ਕੰਪਨੀਆਂ ਭਾਰਤ ਨੂੰ ਆਪਣਾ ਵੱਡਾ ਬਾਜ਼ਾਰ ਮੰਨ ਰਹੀਆਂ ਹਨ। ਪੰਜਾਬ ਵਿਚ ਕੱਚੇ ਪਾਮ ਆਇਲ ਦੀ ਜ਼ਿਆਦਾ ਖਪਤ ਹੋਣ ਕਾਰਨ ਉਨ੍ਹਾਂ ਇਸ ਖੇਤਰ ਵਿਚ ਉਦਯੋਗ ਲਾਉਣ ਬਾਰੇ ਜਾਣਕਾਰੀ ਹਾਸਲ ਕੀਤੀ।

ਪੰਜਾਬ ਦੇ ਊਰਜਾ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਹੈ ਕਿ ਪੰਜਾਬ ਸਰਕਾਰ ਸੂਬੇ ਦੇ ਉਦਯੋਗਪਤੀਆਂ ਨੂੰ ਸਸਤੀ ਬਿਜਲੀ ਦੇਣ ਲਈ ਵਚਨਬੱਧ ਹੈ ਅਤੇ ਉਦਯੋਗਪਤੀਆਂ ਨੂੰ ਪੰਜਾਬ ਵਿਚ ਕਾਰੋਬਾਰ ਕਰਨ ਲਈ ਵਧੀਆ ਮਾਹੌਲ ਮੁਹੱਈਆ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਨੇ ਚਾਲੂ ਮਾਲੀ ਵਰ੍ਹੇ ਦੌਰਾਨ ਉਦਯੋਗਾਂ ਨੂੰ 2910 ਕਰੋੜ ਰੁਪਏ ਦੀ ਸਬਸਿਡੀ ਮੁਹੱਈਆ ਕਰਵਾਈ ਗਈ ਹੈ ਅਤੇ ਸਾਲ 2023-24 ਲਈ 3258 ਕਰੋੜ ਰੁਪਏ ਦੇ ਬਜਟ ਦਾ ਪ੍ਰਬੰਧ ਕੀਤਾ ਗਿਆ ਹੈ, ਜਿਸ ਵਿਚ ਪਾਵਰ ਟੈਰਿਫ ਸਬਸਿਡੀ ਲਈ 3133 ਕਰੋੜ ਅਤੇ ਪ੍ਰੋਤਸਾਹਨ ਲਈ 75 ਕਰੋੜ ਰੁਪਏ ਸ਼ਾਮਲ ਹਨ।

# 'ਆਪ' ਸਰਕਾਰ ਨੇ ਪੰਜਾਬ ਨੂੰ ਆਰਥਿਕ ਕੰਗਾਲੀ ਦੇ ਰਾਹ ਪਾਇਆ: ਸੁਖਬੀਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ 'ਆਪ' ਸਰਕਾਰ 'ਤੇ ਪੰਜਾਬ ਨੂੰ ਆਰਥਿਕ ਤੌਰ 'ਤੇ ਤਬਾਹ ਕਰਨ ਦੇ ਦੋਸ਼ ਲਾਏ ਹਨ। ਸਰਕਾਰ ਵੱਲੋਂ ਲਏ ਜਾ ਰਹੇ ਕਰਜ਼ੇ 'ਤੇ ਟਿੱਪਣੀ ਕਰਦਿਆਂ ਸ੍ਰੀ ਬਾਦਲ ਨੇ ਕਿਹਾ ਕਿ ਸਰਕਾਰ ਨੇ ਹਾਲ ਹੀ ਵਿਚ 941 ਕਰੋੜ ਰੁਪਏ ਦਾ ਨਵਾਂ ਕਰਜ਼ਾ ਲਿਆ ਹੈ ਜਿਸ ਮਗਰੋਂ ਨਵੰਬਰ ਦੇ ਮਹੀਨੇ ਵਿਚ ਲਿਆ ਗਿਆ ਕਰਜ਼ਾ 4,450 ਕਰੋੜ ਰੁਪਏ 'ਤੇ ਪਹੁੰਚ ਗਿਆ ਹੈ।

ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ 'ਆਪ' ਸਰਕਾਰ ਨੇ ਆਪਣੇ 20 ਮਹੀਨਿਆਂ ਦੇ ਕਾਰਜਕਾਲ ਦੌਰਾਨ ਹੁਣ ਤੱਕ 60 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਲੈ ਲਿਆ ਹੈ। ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਇਸ ਸਰਕਾਰ ਦਾ ਕਾਰਜਕਾਲ ਖਤਮ ਹੋਣ ਤੱਕ ਪੰਜਾਬ ਆਰਥਿਕ ਤੌਰ 'ਤੇ ਕੰਗਾਲ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਨੇ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਵੱਲੋਂ ਸ਼ੁਰੂ ਕੀਤੀਆਂ ਸਾਰੀਆਂ ਲੋਕ ਪੱਖੀ ਸਕੀਮਾਂ ਬੰਦ ਕਰ ਦਿੱਤੀਆਂ ਹਨ ਜਦਕਿ ਇਹ ਸਰਕਾਰ ਹੁਣ ਤੱਕ ਸੂਬੇ ਵਿਚ ਕੋਈ ਨਵਾਂ ਪ੍ਰੋਜੈਕਟ ਨਹੀਂ ਲਿਆ ਸਕੀ ਹੈ। ਸ੍ਰੀ ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਰਵਿੰਦ ਕੇਜਰੀਵਾਲ ਦੇ ਸੁਫਨਿਆਂ ਨੂੰ ਪੂਰਾ ਕਰਨ ਲਈ ਪੰਜਾਬ ਦੇ ਖਜਾਨੇ ਦੀ ਦੁਰਵਰਤੋਂ ਰੋਕਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਹਾਲ ਹੀ ਵਿਚ ਹੋਈਆਂ ਪੰਜ ਸੂਬਿਆਂ ਦੀਆਂ ਚੋਣਾਂ ਵਿਚ ਪੰਜਾਬ ਦੇ ਖਜਾਨੇ ਦੀ ਦੁਰਵਰਤੋਂ ਹੋਈ ਹੈ ਜਦਕਿ ਵੋਟਾਂ ਵਿਚ ਇਹ ਪਾਰਟੀ 'ਨੋਟਾ' ਤੋਂ ਵੀ ਪੱਛੜ ਗਈ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਨ 'ਤੇ 'ਆਪ' ਵੱਲੋਂ ਕੀਤੇ ਫਜ਼ੂਲ ਖਰਚੇ ਦੀ ਵਸੂਲੀ ਕੀਤੀ ਜਾਵੇਗੀ।

# ਮਾਨ ਸਰਕਾਰ ਆਧੁਨਿਕ ਤਕਨੀਕ ਨਾਲ ਰੋਕੇਗੀ ਜੀ.ਐਸ.ਟੀ. ਦੀ ਚੋਰੀ

**ਪਟਿਆਲਾ:** ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੀ ਖੁਸ਼ਹਾਲੀ, ਬਿਹਤਰੀ ਤੇ ਤਰੱਕੀ ਲਈ ਸੁਹਿਰਦ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਨਵੀਂ ਆਬਕਾਰੀ ਨੀਤੀ ਤਹਿਤ ਕਈ ਚੋਰ ਮੋਰੀਆਂ ਬੰਦ ਕਰ ਕੇ ਜਿੱਥੇ ਅਰਬਾਂ ਰੁਪਏ ਦਾ ਮਾਲੀਆ ਵਧਾਇਆ ਗਿਆ ਹੈ, ਉਥੇ ਹੀ ਆਧੁਨਿਕ ਲੀਹਾਂ 'ਤੇ ਚੱਲਦੇ ਹੋਏ ਆਬਕਾਰੀ ਵਿਭਾਗ ਵੱਲੋਂ ਹੋਰ ਨਵੀਆਂ ਪੁਲਾਂਘਾਂ ਪੁੱਟੀਆਂ ਜਾ ਰਹੀਆਂ ਹਨ।

ਇਸ ਤਹਿਤ ਆਈ.ਆਈ.ਟੀ. ਹੈਦਰਾਬਾਦ ਕੋਲੋਂ ਸਰਕਾਰ ਨੇ ਅਜਿਹਾ ਸਾਫਟਵੇਅਰ ਲਿਆ ਹੈ ਜਿਸ ਰਾਹੀਂ ਜੀ.ਐਸ.ਟੀ. ਦੀ ਚੋਰੀ ਨੂੰ ਠੱਲ੍ਹ ਪਾ ਕੇ ਮਾਲੀਏ ਵਿਚ ਹੋਰ ਵਾਧਾ ਕੀਤਾ ਜਾਵੇਗਾ।




ਉਹ ਇਥੇ ਇਕ ਸਮਾਗਮ ਵਿੱਚ ਸ਼ਾਮਲ ਹੋਣ ਲਈ ਪੁੱਜੇ ਸਨ। ਮੀਡੀਆ ਨਾਲ ਗੱਲਬਾਤ ਦੌਰਾਨ ਸ੍ਰੀ ਚੀਮਾ ਨੇ ਕਿਹਾ ਕਿ ਨਵੀਂ ਆਬਕਾਰੀ ਨੀਤੀ ਤਹਿਤ 400 ਕਰੋੜ ਰੁਪਏ ਦਾ ਮਾਲੀਆ ਵਧਣ ਪਿੱਛੇ ਚੋਰ ਮੋਰੀਆਂ ਬੰਦ ਹੋਣ ਦੀ ਗੱਲ ਸਪਸ਼ਟ ਹੋ ਜਾਂਦੀ ਹੈ, ਪਰ ਪਹਿਲਾਂ ਧਾਂਦਲੀਆਂ ਸਿਖਰਾਂ 'ਤੇ ਰਹੀਆਂ ਜਿਸ ਕਰ ਕੇ ਸੁਧਾਰਾਂ 'ਤੇ ਸਮਾਂ ਲੱਗਣਾ ਸੁਭਾਵਕ ਹੈ। ਮੰਤਰੀ ਦਾ ਕਹਿਣਾ ਸੀ ਕਿ ਚਾਰਜ ਸੰਭਾਲਣ ਮੌਕੇ ਕੇਂਦਰ ਵੱਲੋਂ ਪੰਜਾਬ ਵੱਲ ਕਰੀਬ 2500 ਕਰੋੜ ਰੁਪਏ ਕੱਢੇ ਗਏ ਸਨ ਪਰ ਉਨ੍ਹਾਂ ਦੀ ਮਿਹਨਤੀ ਟੀਮ ਦੇ ਯਤਨਾਂ ਸਦਕਾ ਸਪਸ਼ਟ ਹੋਇਆ ਕਿ ਦੇਣ ਦੀ ਥਾਂ ਸਗੋਂ ਪੰਜਾਬ ਨੇ ਕੇਂਦਰ ਕੋਲੋਂ 5500 ਕਰੋੜ ਰੁਪਏ ਲੈਣੇ ਹਨ। ਇਨ੍ਹਾਂ ਵਿਚੋਂ ਕੁਝ ਸਮਾਂ ਪਹਿਲਾਂ ਹੀ ਕੇਂਦਰ ਕੋਲੋਂ ਪੰਜਾਬ ਨੂੰ 3670 ਕਰੋੜ ਰੁਪਏ ਮਿਲ ਵੀ ਗਏ ਹਨ। ਵਿੱਤ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਮਾੜੇ ਵਿੱਤੀ ਹਾਲਾਤ ਦੇ ਬਾਵਜੂਦ 'ਆਪ' ਸਰਕਾਰ ਨੇ ਸਿੱਖਿਆ ਤੇ ਸਿਹਤ ਵਿਭਾਗ ਦੇ ਰਿਕਾਰਡ ਬਜਟ ਸਮੇਤ ਨੌਕਰੀਆਂ, ਬਿਜਲੀ ਤੇ ਨਹਿਰੀ ਪਾਣੀ ਸਮੇਤ ਕਈ ਹੋਰ ਸਹੂਲਤਾਂ ਮੁਹੱਈਆ ਕਰਵਾਈਆਂ ਹਨ।

## ਕੇਂਦਰੀ ਗਰਾਂਟਾਂ ਨਾ ਵਰਤਣ ਲਈ ਸਰਕਾਰ ਦੀ ਆਲੋਚਨਾ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ 2023-24 ਲਈ ਕੇਂਦਰ ਵੱਲੋਂ ਸੂਬਾ ਸਰਕਾਰ ਨੂੰ ਦਿੱਤੀਆਂ ਗਰਾਂਟਾਂ ਦੀ ਵਰਤੋਂ ਨਾ ਕਰਨ 'ਤੇ ਸਰਕਾਰ ਦੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਕੇਂਦਰ ਨੇ ਸੂਬਾ ਸਰਕਾਰ ਦੇ ਵੱਖ-ਵੱਖ ਵਿਭਾਗਾਂ ਨੂੰ 11 ਹਜ਼ਾਰ ਕਰੋੜ ਦੀਆਂ ਗਰਾਂਟਾਂ ਦਿੱਤੀਆਂ ਪਰ ਸਰਕਾਰ ਨੇ ਸਿਰਫ ਤਿੰਨ ਹਜ਼ਾਰ ਕਰੋੜ ਰੁਪਏ ਹੀ ਵਰਤ; ਅੱਠ ਹਜ਼ਾਰ ਕਰੋੜ ਰੁਪਏ ਖਰਚੇ ਜਾਣੇ ਬਾਕੀ ਹਨ। ਉਨ੍ਹਾਂ ਕਿਹਾ ਕਿ ਵਿੱਤੀ ਵਰ੍ਹਾ ਸਮਾਪਤ ਹੋਣ ਵਿਚ ਸਿਰਫ ਚਾਰ ਮਹੀਨੇ ਰਹਿ ਗਏ ਹਨ। ਸ੍ਰੀ ਬਾਜਵਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਹਾਲ ਹੀ ਵਿਚ ਇਕ ਮੀਟਿੰਗ ਸੱਦ ਕੇ ਸਾਰੇ ਵਿਭਾਗਾਂ ਦੇ ਸਕੱਤਰਾਂ ਕੋਲੋਂ ਗਰਾਂਟਾਂ ਦੇ ਅੱਠ ਹਜ਼ਾਰ ਕਰੋੜ ਰੁਪਏ ਕੇਂਦਰ ਨੂੰ ਵਾਪਸ ਹੋਣ ਤੋਂ ਬਚਾਉਣ ਲਈ ਸੁਝਾਅ ਮੰਗੇ ਹਨ।

# ਸੁਪਰੀਮ ਕੋਰਟ ਵੱਲੋਂ ਮੋਦੀ ਸਰਕਾਰ ਦੇ ਧਾਰਾ 370 ਰੱਦ ਕਰਨ ਦੇ ਫੈਸਲੇ ’ਤੇ ਮੋਹਰ

**ਨਵੀਂ ਦਿੱਲੀ:** ਸੁਪਰੀਮ ਕੋਰਟ ਦੇ ਪੰਜ ਮੈਂਬਰੀ ਸੰਵਿਧਾਨਕ ਬੈਂਚ ਨੇ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਸੰਵਿਧਾਨ ਦੀ ਧਾਰਾ 370 ਮਨਸੂਖ ਕਰਨ ਦੇ ਫੈਸਲੇ ਨੂੰ ਸਰਬਸੰਮਤੀ ਨਾਲ ਬਰਕਰਾਰ ਰੱਖਿਆ ਹੈ।

ਇਸ ਧਾਰਾ ਤਹਿਤ ਸਾਬਕਾ ਰਾਜ ਜੰਮੂ ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਤੇ ਤਾਕਤਾਂ ਹਾਸਲ ਸਨ। ਇਹੀ ਨਹੀਂ ਸੰਵਿਧਾਨਕ ਬੈਂਚ ਨੇ ਕੇਂਦਰ ਸਰਕਾਰ ਨੂੰ ‘ਜਿੰਨਾ ਛੇਤੀ ਹੋ ਸਕੇ’ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਰਾਜ ਦੇ ਰੁਤਬੇ ਨੂੰ ਬਹਾਲ ਕਰਨ ਦੇ ਹੁਕਮ ਵੀ ਦਿੱਤੇ ਹਨ। ਸਰਵਉੱਚ ਅਦਾਲਤ ਨੇ ਅਸੈਂਬਲੀ ਚੋਣਾਂ ਕਰਵਾਉਣ ਲਈ 30 ਸਤੰਬਰ 2024 ਤੱਕ ਦੀ ਸਮਾਂ ਸੀਮਾ ਨਿਰਧਾਰਿਤ ਕੀਤੀ ਹੈ। ਸੰਵਿਧਾਨਕ ਵਿਵਸਥਾ ਨੂੰ ਲੈ ਕੇ ਦਹਾਕਿਆਂ ਤੋਂ ਚੱਲ ਰਹੇ ਵਾਦ-ਵਿਵਾਦ ਨੂੰ ਸ਼ਾਂਤ ਕਰਦਿਆਂ ਚੀਫ ਜਸਟਿਸ ਡੀ.ਵਾਈ.ਚੰਦਰਚੂੜ ਦੀ ਅਗਵਾਈ ਹੇਠਲੇ ਪੰਜ ਜੱਜਾਂ ਦੇ ਸੰਵਿਧਾਨਕ ਬੈਂਚ ਨੇ ਸਰਬਸੰਮਤੀ ਵਾਲੇ ਤਿੰਨ ਫੈਸਲੇ ਸੁਣਾਉਂਦਿਆਂ ਧਾਰਾ 370 ਰੱਦ ਕਰਨ ਦੇ ਕੇਂਦਰ ਸਰਕਾਰ ਦੇ ਫੈਸਲੇ ਨੂੰ ਬਰਕਰਾਰ ਰੱਖਿਆ।

ਚੇਤੇ ਰਹੇ ਕਿ 1947 ਵਿਚ ਜੰਮੂ ਕਸ਼ਮੀਰ ਨੂੰ ਭਾਰਤ ਵਿਚ ਸ਼ਾਮਲ ਕੀਤੇ ਜਾਣ ਮੌਕੇ ਰਾਜ ਨੂੰ ਧਾਰਾ 370 ਤਹਿਤ ਵਿਸ਼ੇਸ਼ ਦਰਜਾ ਤੇ ਤਾਕਤਾਂ ਦਿੱਤੀਆਂ ਗਈਆਂ ਸਨ। ਕੇਂਦਰ ਸਰਕਾਰ ਨੇ 5 ਅਗਸਤ 2019 ਨੂੰ ਧਾਰਾ 370 ਮਨਸੂਖ ਕਰਦੇ ਹੋਏ ਜੰਮੂ ਕਸ਼ਮੀਰ ਨੂੰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਵੰਡ ਦਿੱਤਾ ਸੀ।

ਬੈਂਚ ਨੇ ਫੈਸਲੇ ਵਿਚ ਕਿਹਾ ਕਿ ਧਾਰਾ 370 ਆਰਜ਼ੀ ਪ੍ਰਬੰਧ ਸੀ ਅਤੇ ਸਾਬਕਾ ਰਾਜ ਵਿਚ ਸੰਵਿਧਾਨ ਸਭਾ, ਜਿਸ ਦੀ ਮਿਆਦ 1957 ਵਿਚ ਖਤਮ ਹੋ ਗਈ ਸੀ, ਦੀ ਗੈਰਮੌਜੂਦਗੀ ਵਿਚ ਇਸ ਆਰਜ਼ੀ ਵਿਵਸਥਾ ਨੂੰ ਵਾਪਸ ਲੈਣ ਦਾ ਅਧਿਕਾਰ ਭਾਰਤ ਦੇ ਰਾਸ਼ਟਰਪਤੀ ਕੋਲ ਸੀ। ਅਦਾਲਤ ਨੇ ਕਿਹਾ, “ਸੰਵਿਧਾਨ ਦੀ ਧਾਰਾ 370 ਨੂੰ ਧਾਰਾ 1 ਨਾਲ ਮਿਲ ਕੇ ਪੜ੍ਹਿਆ ਗਿਆ ਹੈ, ਇਸ ਵਿਚ ਕੋਈ ਸ਼ੱਕ ਨਹੀਂ ਰਹਿ ਜਾਂਦਾ ਹੈ ਕਿ ਜੰਮੂ ਕਸ਼ਮੀਰ ਦਾ ਰਾਸ਼ਟਰ ਦੇ ਇਕ ਹਿੱਸੇ ਵਜੋਂ ਏਕੀਕਰਨ, ਜੋ ਕਿ ਆਪਣੇ ਆਪ ਵਿਚ ਰਾਜਾਂ ਦਾ ਸੰਘ ਸੀ, ਸੰਪੂਰਨ ਸੀ। ਧਾਰਾ 370 ਦੀ ਕੋਈ ਵੀ ਵਿਆਖਿਆ ਇਹ ਦਾਅਵਾ ਨਹੀਂ ਕਰ ਸਕਦੀ ਕਿ ਜੰਮੂ-ਕਸ਼ਮੀਰ ਦਾ ਭਾਰਤ ਨਾਲ ਏਕੀਕਰਨ ਅਸਥਾਈ ਸੀ।”

## ਤਿੰਨ ’ਚੋਂ ਇਕ ਬੰਦੇ ਦਾ ਨਿੱਜੀ ਡਾਟਾ ਚੋਰੀ

**ਨਵੀਂ ਦਿੱਲੀ:** ਦੁਨੀਆ ਭਰ ਵਿਚ ਹਰ ਤਿੰਨ ਵਿਚੋਂ ਘੱਟੋ-ਘੱਟ ਇਕ ਵਿਅਕਤੀ ਦਾ ਸਾਈਬਰ ਹਮਲੇ ਵਿਚ ਦੌਰਾਨ ਨਿੱਜੀ ਡਾਟਾ ਚੋਰੀ ਹੋਇਆ ਹੈ ਤੇ ਉਨ੍ਹਾਂ ਨੂੰ ਇਸ ਬਾਰੇ ਪਤਾ ਵੀ ਨਹੀਂ ਹੈ। ਇਹ ਦਾਅਵਾ ਉਦਯੋਗ ਦੀਆਂ 1,600 ਤੋਂ ਵੱਧ ਕੰਪਨੀਆਂ ਦੇ ਸਰਵੇਖਣ ਵਿਚ ਕੀਤਾ ਗਿਆ ਹੈ। ਸਾਈਬਰ ਸੁਰੱਖਿਆ ਕੰਪਨੀ ਰੁਬਰਿਕ ਦੀ ਤਰਫੋਂ ਵੇਕਫੀਲਡ ਰਿਸਰਚ ਦੁਆਰਾ ਕਰਵਾਏ ਸਰਵੇਖਣ ਵਿਚ 500 ਜਾਂ ਵੱਧ ਕਰਮਚਾਰੀਆਂ ਵਾਲੀਆਂ ਕੰਪਨੀਆਂ ਦੇ ਆਈ.ਟੀ. ਅਤੇ ਸੁਰੱਖਿਆ ਨੀਤੀ ਨਿਰਮਾਤਾਵਾਂ ਨੇ ਹਿੱਸਾ ਲਿਆ। ਰੁਬਰਿਕ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀ.ਈ.ਓ.) ਅਤੇ ਸਹਿ-ਸੰਸਥਾਪਕ ਵਿਪੁਲ ਸਿਨਹਾ ਨੇ ਕਿਹਾ ਕਿ ਵਿਸ਼ਵ ਭਰ ਵਿਚ ਸਾਈਬਰ ਉਦਯੋਗ ਸਾਲ ਵਿਚ 200 ਅਰਬਨ ਡਾਲਰ ਦੀ ਕਮਾਈ ਕਰ ਰਿਹਾ ਹੈ। ਇਹ ਰਿਪੋਰਟ ਇਸ ਸਾਲ 30 ਜੂਨ ਤੋਂ 11 ਜੁਲਾਈ ਦਰਮਿਆਨ ਅਮਰੀਕਾ, ਬਰਤਾਨੀਆ ਅਤੇ ਭਾਰਤ ਸਮੇਤ 10 ਦੇਸ਼ਾਂ ‘ਚ ਕੀਤੇ ਗਏ ‘ਵੇਕਫੀਲਡ ਰਿਸਰਚ‘ ਸਰਵੇਖਣ ਦੇ ਆਧਾਰ ਉਤੇ ਤਿਆਰ ਕੀਤੀ ਗਈ ਹੈ।

## ਰਾਜ ਸਭਾ ਵਿਚ ਗੂੰਜਿਆ ਵਾਹਗਾ ਬਾਰਡਰ ਖੋਲ੍ਹਣ ਦਾ ਮੁੱਦਾ

**ਜਲੰਧਰ:** ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਰਾਜ ਸਭਾ ਵਿਚ ਵਾਹਗਾ ਬਾਰਡਰ ਖੋਲ੍ਹਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨਾਂ ਨੂੰ ਜੇਕਰ ਆਰਥਿਕ ਮੰਦਹਾਲੀ ਵਿਚੋਂ ਬਾਹਰ ਕੱਢਣਾ ਹੈ ਤਾਂ ਵਾਹਗਾ ਦੀ ਸਰਹੱਦ ਖੋਲ੍ਹੀ ਜਾਵੇ। ਸਿਫਰ ਕਾਲ ਦੌਰਾਨ ਕਿਸਾਨਾਂ ਦੀਆਂ ਮੰਗਾਂ ਉਠਾਉਂਦਿਆਂ ਸੰਤ ਸੀਚੇਵਾਲ ਨੇ ਕਿਹਾ ਕਿ ਹੁਣ ਖੇਤੀ ਲਾਹੇਵੰਦ ਧੰਦਾ ਨਾ ਹੋਣ ਕਰ ਕੇ ਪੰਜਾਬ ਦੀ ਜਵਾਨੀ ਵਿਦੇਸ਼ਾਂ ਵੱਲ ਤੇਜ਼ੀ ਨਾਲ ਜਾ ਰਹੀ। ਕਿਸਾਨ ਜਿਹੜੀ ਜ਼ਮੀਨ ਨੂੰ ਆਪਣੀ ਮਾਂ ਨਾਲੋਂ ਵੀ ਵੱਧ ਪਿਆਰ ਕਰਦਾ ਹੈ, ਉਸ ਨੂੰ ਛੱਡਣ ਲਈ ਮਜਬੂਰ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਕਾਰਨ ਕਿਸਾਨ ਤੇ ਮਜ਼ਦੂਰ ਖੁਦਕੁਸ਼ੀਆਂ ਕਰ ਰਹੇ ਹਨ। ਤਾਜ਼ਾ ਆਈਆਂ ਰਿਪੋਰਟਾਂ ਅਨੁਸਾਰ ਦੇਸ਼ ਵਿਚ ਰੋਜ਼ਾਨਾ 114 ਕਿਸਾਨ, ਮਜ਼ਦੂਰ ਤੇ ਦਿਹਾੜੀਦਾਰ ਖੁਦਕੁਸ਼ੀਆਂ ਕਰ ਰਹੇ ਹਨ। ਸੰਤ ਸੀਚੇਵਾਲ ਨੇ ਸਦਨ ਵਿਚ ਕਿਹਾ ਕਿ ਕਿਸਾਨ ਅੰਦੋਲਨ ਦੌਰਾਨ ਸਰਕਾਰ ਵੱਲੋਂ ਮੰਨੀਆਂ ਮੰਗਾਂ ਵੀ ਲਾਗੂ ਨਹੀਂ ਕੀਤੀਆਂ ਜਾ ਰਹੀਆਂ। ਜੇਕਰ ਸਰਕਾਰ ਐਮ.ਐਸ.ਪੀ. ਦੀ ਗਾਰੰਟੀ ਦਾ ਕਾਨੂੰਨ ਬਣਾ ਦੇਵੇ ਤਾਂ ਇਸ ਦਾ ਲਾਭ ਕਿਸਾਨਾਂ ਨੂੰ ਮਿਲ ਸਕਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਹਰੇਕ ਸਾਲ 23 ਫਸਲਾਂ ‘ਤੇ ਐਮ.ਐਸ.ਪੀ. ਐਲਾਨਦੀ ਹੈ ਪਰ ਕਣਕ ਤੇ ਝੋਨੇ ਨੂੰ ਛੱਡ ਕੇ ਕਿਸਾਨਾਂ ਦੀਆਂ ਬਾਕੀ ਫਸਲਾਂ ਐਮ.ਐਸ.ਪੀ. ਉਤੇ ਨਹੀਂ ਖਰੀਦੀਆਂ ਜਾਂਦੀਆਂ। ਮੱਕੀ ਦਾ ਭਾਅ ਸਰਕਾਰ ਨੇ 1962 ਰੁਪਏ ਐਲਾਨਿਆ ਸੀ ਪਰ ਕਿਸਾਨਾਂ ਕੋਲੋਂ ਮੱਕੀ 800 ਤੋਂ ਲੈ ਕੇ 1200 ਰੁਪਏ ਕੁਇੰਟਲ ਤੱਕ ਹੀ ਖਰੀਦੀ ਜਾ ਰਹੀ ਸੀ। ਉਨ੍ਹਾਂ ਕੇਂਦਰ ਸਰਕਾਰ ਤੋਂ ਵਾਹਗਾ ਬਾਰਡਰ ਖੋਲ੍ਹਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਬਾਰਡਰ ਰਾਹੀਂ ਵਪਾਰ ਹੋਣ ਨਾਲ ਦੋਹਾਂ ਦੇਸ਼ਾਂ ਦੇ ਲੋਕਾਂ ਨੂੰ ਲਾਭ ਮਿਲੇਗਾ।

## ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਡੀ.ਐਸ.ਪੀ. ਗ੍ਰਿਫਤਾਰ

**ਫ਼ਿਰੋਜ਼ਪੁਰ:** ਸਥਾਨਕ ਪੁਲਿਸ ਨੇ ਭ੍ਰਿਸ਼ਟਾਚਾਰ ਦੇ ਇਕ ਮਾਮਲੇ ਵਿਚ ਇਥੋਂ ਦੇ ਸ਼ਹਿਰੀ ਹਲਕੇ ਦੇ ਡੀ.ਐਸ.ਪੀ. ਸੁਰਿੰਦਰ ਪਾਲ ਬਾਂਸਲ ਨੂੰ ਗ੍ਰਿਫਤਾਰ ਕਰ ਲਿਆ ਹੈ। ਕੁਝ ਦਿਨ ਪਹਿਲਾਂ ਡੀ.ਐਸ.ਪੀ. ਨੂੰ ਥਾਣਾ ਛਾਉਣੀ ਵਿਚ ਦਰਜ ਹੋਏ ਇਕ ਕੇਸ ਵਿਚ ਨਾਮਜ਼ਦ ਕੀਤਾ ਗਿਆ ਸੀ। ਡੀ.ਐਸ.ਪੀ. ਉਤੇ ਦਲਾਲ ਰਾਹੀਂ ਰਿਸ਼ਵਤ ਲੈਣ ਦੇ ਦੋਸ਼ ਹੇਠ ਕੇਸ ਦਰਜ ਕੀਤਾ ਗਿਆ ਸੀ। ਪੜਤਾਲ ਮਗਰੋਂ ਸਾਹਮਣੇ ਆਇਆ ਕਿ ਬਾਂਸਲ ਦੇ ਬੈਂਕ ਖਾਤੇ ਵਿਚ ਰਿਸ਼ਵਤ ਦੀ ਰਕਮ ਜਮ੍ਹਾਂ ਕਰਵਾਈ ਗਈ ਹੈ। ਜ਼ਿਕਰਯੋਗ ਹੈ ਕਿ ਇੱਥੋਂ ਦੀ ਕੋਠੀ ਰਾਏ ਸਾਹਿਬ ਦੇ ਵਾਸੀ ਗੁਰਮੇਜ ਸਿੰਘ ਪੁੱਤਰ ਰਫ਼ੀਕ ਖ਼ਿਲਾਫ਼ ਪਿਛਲੇ ਸਾਲ ਥਾਣਾ ਛਾਉਣੀ ਵਿਚ ਇਕ ਲੜਕੀ ਕੋਲੋਂ ਰੇਲਵੇ ਵਿਚ ਟੀ.ਟੀ.ਈ. ਭਰਤੀ ਕਰਵਾਉਣ ਦੇ ਨਾਂ ‘ਤੇ ਸੱਤ ਲੱਖ ਰੁਪਏ ਠੱਗਣ ਦੇ ਦੋਸ਼ ਹੇਠ ਕੇਸ ਦਰਜ ਹੋਇਆ ਸੀ। ਇਹ ਥਾਣਾ ਡੀ.ਐਸ.ਪੀ. ਬਾਂਸਲ ਅਧੀਨ ਆਉਂਦਾ ਸੀ। ਬਾਂਸਲ ਨੇ ਗੁਰਮੇਜ ਸਿੰਘ ਨੂੰ ਆਪਣੀ ਪੜਤਾਲ ਦੌਰਾਨ ਬੇਗੁਨਾਹ ਸਾਬਤ ਕਰ ਦਿੱਤਾ ਸੀ। ਇਸ ਮਗਰੋਂ ਗੁਰਮੇਜ ਸਿੰਘ, ਡੀ.ਐਸ.ਪੀ. ਬਾਂਸਲ ਦੇ ਕਾਫੀ ਨੇੜੇ ਆ ਗਿਆ ਅਤੇ ਕੰਮ ਕਰਾਉਣ ਦੇ ਇਵਜ਼ ਵਿਚ ਲੋਕਾਂ ਤੋਂ ਰਿਸ਼ਵਤ ਲੈ ਕੇ ਉਸ ਨੂੰ ਦੇਣ ਲੱਗ ਪਿਆ। ਪੜਤਾਲ ਦੌਰਾਨ ਪਤਾ ਲੱਗਿਆ ਕਿ ਕੁਝ ਸਮਾਂ ਪਹਿਲਾਂ ਗੁਰਮੇਜ ਸਿੰਘ ਨੇ ਪੰਜ ਲੱਖ ਰੁਪਏ ਡੀ.ਐਸ.ਪੀ. ਦੇ ਬੈਂਕ ਖਾਤੇ ਵਿਚ ਜਮ੍ਹਾਂ ਕਰਵਾਏ ਸਨ।

## ਬੰਦੀ ਸਿੰਘ: ਦਿੱਲੀ ਪ੍ਰਦਰਸ਼ਨ ’ਚ ਪੁੱਜਣਗੀਆਂ ਗੁਰਦੁਆਰਾ ਕਮੇਟੀਆਂ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮੁਆਫ ਕਰਵਾਉਣ ਤੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ 20 ਦਸੰਬਰ ਨੂੰ ਦਿੱਲੀ ਵਿਚ ਕੀਤੇ ਜਾਣ ਵਾਲੇ ਰੋਸ ਪ੍ਰਦਰਸ਼ਨ ਦੀ ਸਫਲਤਾ ਲਈ ਸ਼੍ਰੋਮਣੀ ਕਮੇਟੀ ਵੱਲੋਂ ਪੰਜਾਬ ਦੀਆਂ ਲੋਕਲ ਗੁਰਦੁਆਰਾ ਕਮੇਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕੀਤੀ ਗਈ।

ਸ਼੍ਰੋਮਣੀ ਕਮੇਟੀ ਇਸ ਤੋਂ ਪਹਿਲਾਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨਾਂ ਦੇ ਵੱਖ-ਵੱਖ ਗਰੁੱਪਾਂ ਨਾਲ ਵੀ ਮੀਟਿੰਗ ਕਰ ਚੁੱਕੀ ਹੈ। ਦਿੱਲੀ ਦੇ ਗੁਰਦੁਆਰਾ ਰਕਾਬ ਗੰਜ ਤੋਂ ਰਾਸ਼ਟਰਪਤੀ ਭਵਨ ਤੱਕ ਕੀਤੇ ਜਾਣ ਵਾਲੇ ਪੰਥਕ ਰੋਸ ਪ੍ਰਦਰਸ਼ਨ ਵਿਚ ਪੰਜਾਬ ਦੀਆਂ ਲੋਕਲ ਗੁਰਦੁਆਰਾ ਕਮੇਟੀਆਂ ਦੇ ਨੁਮਾਇੰਦਿਆਂ ਦੀ ਵੱਡੀ ਗਿਣਤੀ ਸ਼ਮੂਲੀਅਤ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਦਫ਼ਤਰ ਵਿਚ ਗੁਰਦੁਆਰਾ ਕਮੇਟੀਆਂ ਦੇ ਪ੍ਰਧਾਨਾਂ ਅਤੇ ਹੋਰ ਨੁਮਾਇੰਦਿਆਂ ਦੀ ਮੀਟਿੰਗ ਕੀਤੀ ਗਈ, ਜਿਸ ਵਿਚ ਜੈਕਾਰਿਆਂ ਦੀ ਗੂੰਜ ਵਿਚ ਰੋਸ ਪ੍ਰਦਰਸ਼ਨ ‘ਚ ਸ਼ਮੂਲੀਅਤ ਕਰਨ ਦੀ ਪ੍ਰਵਾਨਗੀ ਦਿੱਤੀ ਗਈ।

## ਵਿਦੇਸ਼ ਦਾ ਰਾਹ ਔਖਾ ਹੋਇਆ

*(ਪਹਿਲੇ ਸਫੇ ਦੀ ਬਾਕੀ)*

(ਤੈਅਸ਼ੁਦਾ ਨਿਵੇਸ਼ ਦਾ ਪ੍ਰਮਾਣ ਪੱਤਰ - ਜੀ.ਆਈ.ਸੀ.) ਦੀ ਰਾਸ਼ੀ 10 ਹਜ਼ਾਰ ਕੈਨੇਡੀਅਨ ਡਾਲਰ ਤੋਂ ਵਧਾ ਕੇ 20635 ਕੈਨੇਡੀਅਨ ਡਾਲਰ ਪ੍ਰਤੀ ਵਿਦਿਆਰਥੀ ਕਰ ਦਿੱਤੀ ਹੈ। ਜੀ.ਆਈ.ਸੀ ਤਹਿਤ ਵਿਦਿਆਰਥੀ ਇਹ ਰਾਸ਼ੀ ਕੈਨੇਡਾ ਦੇ ਬੈਂਕ ਵਿਚ ਇਕ ਸਾਲ ਲਈ ਜਮ੍ਹਾਂ ਕਰਵਾਉਂਦੇ ਹਨ ਅਤੇ ਵਿਦਿਆਰਥੀ ਨੂੰ ਉਸ ਖਾਤੇ ਵਿਚੋਂ ਹਰ ਮਹੀਨੇ ਨਿਸ਼ਚਿਤ ਰਕਮ ਇਕ ਸਾਲ ਲਈ ਮਿਲਦੀ ਹੈ। ਇਸ ਤਰ੍ਹਾਂ ਵਿਦਿਆਰਥੀਆਂ ਦੁਆਰਾ ਇਕ ਸਾਲ ਲਈ ਕੀਤੇ ਜਾਣ ਵਾਲੇ ਖਰਚ ਦਾ ਇਕ ਹਿੱਸਾ ਅਗਾਊਂ ਹੀ ਕੈਨੇਡਾ ਦੇ ਬੈਂਕ ਵਿਚ ਪਹੁੰਚ ਜਾਂਦਾ ਹੈ। ਇਹੀ ਨਹੀਂ, ਵਿਦਿਆਰਥੀਆਂ ਨੂੰ ਰਿਹਾਇਸ਼, ਖਾਣੇ, ਸਿਹਤ ਸੰਭਾਲ ਅਤੇ ਹੋਰ ਚੀਜ਼ਾਂ ਲਈ ਵੀ ਵੱਧ ਖਰਚੇ ਦਾ ਬੋਝ ਸਹਿਣਾ ਪੈ ਰਿਹਾ ਹੈ।

ਜੀ.ਆਈ.ਸੀ. ਦੁੱਗਣੀ ਕਰਨ ਤੋਂ ਬਾਅਦ ਕੈਨੇਡਾ ਦੇ ਆਵਾਸ ਮੰਤਰੀ ਮਾਰਕ ਮਿਲਰ ਨੇ ਸੰਕੇਤ ਦਿੱਤਾ ਹੈ ਕਿ ਅਗਲੇ ਸਾਲ ਤੋਂ ਕੌਮਾਂਤਰੀ ਵਿਦਿਅਕ ਵੀਜ਼ਿਆਂ ਦੀ ਗਿਣਤੀ ਘਟਾਈ ਜਾ ਸਕਦੀ ਹੈ। ਮੰਤਰੀ ਨੇ ਕਿਹਾ ਹੈ ਕਿ ਸਰਕਾਰ ਵਿਦਿਅਕ ਵੀਜ਼ਿਆਂ ਨੂੰ ਕੈਨੇਡਾ ‘ਚ ਵਸਣ ਦਾ ਜੁਗਾੜ ਬਣਾਈ ਰੱਖਣ ਦੀ ਥਾਂ ਦੇਸ਼ ਦੇ ਵਿਦਿਅਕ ਢਾਂਚੇ ਵਿਚ ਸੁਧਾਰ ਕਰਨ ਲਈ ਦ੍ਰਿੜ੍ਹ ਸੰਕਲਪ ਹੈ ਜਿਸ ਲਈ ਸਖਤ ਫੈਸਲੇ ਲੈਣੇ ਜ਼ਰੂਰੀ ਹਨ। ਉਧਰ, ਸਰਕਾਰ ਉਸ ਆਰਜ਼ੀ ਯੋਜਨਾ ਨੂੰ ਵੀ ਬੰਦ ਕਰਨ ਦੇ ਰੌਂਅ ਵਿਚ ਹੈ ਜਿਸ ਤਹਿਤ ਕੌਮਾਂਤਰੀ ਗਰੈਜੂਏਟਾਂ ਦੇ ਮਿਆਦ ਪੁਗਾ ਚੁੱਕੇ ਵਰਕ ਪਰਮਿਟ ਜਾਂ ਛੇਤੀ ਹੀ ਮਿਆਦ ਪੂਰੀ ਹੋਣ ਵਾਲੇ ਵਰਕ ਪਰਮਿਟਾਂ ਨੂੰ 18 ਮਹੀਨੇ ਹੋਰ ਵਧਾਉਣ ਲਈ ਅਪਲਾਈ ਕਰਨ ਵਾਸਤੇ ਪ੍ਰਵਾਨਗੀ ਦਿੱਤੀ ਜਾਂਦੀ ਹੈ। ਕੌਮਾਂਤਰੀ ਨਾਗਰਿਕ ਜਿਨ੍ਹਾਂ ਦੇ ਪੋਸਟ ਗਰੈਜੂਏਟ ਵਰਕ ਪਰਮਿਟ ਦੀ ਮਿਆਦ 31 ਦਸੰਬਰ ਨੂੰ ਪੂਰੀ ਹੋ ਰਹੀ ਹੈ, ਉਹ ਇਸ ਨੂੰ ਨਵਿਆਉਣ ਦੇ ਯੋਗ ਹਨ ਪਰ ਜਿਨ੍ਹਾਂ ਦੇ ਵਰਕ ਪਰਮਿਟ ਇਸ ਮਿਤੀ ਤੋਂ ਬਾਅਦ ਮਿਆਦ ਪੂਰੀ ਕਰਨਗੇ, ਉਹ ਮੁੜ ਨਵਿਆਉਣ ਲਈ ਅਪਲਾਈ ਨਹੀਂ ਕਰ ਸਕਣਗੇ।

ਪੰਜਾਬੀਆਂ ਵਿਚ ਕੈਨੇਡਾ ਅਤੇ ਹੋਰ ਦੇਸ਼ਾਂ ਵਿਚ ਜਾ ਕੇ ਵੱਸਣ ਦੀ ਚਾਹਤ ਏਨੀ ਪ੍ਰਬਲ ਹੈ ਕਿ ਉਹ ਸਭ ਕੁਝ ਦਾਅ ‘ਤੇ ਲਗਾ ਕੇ ਵੀ ਵਿਦੇਸ਼ ਪਹੁੰਚਣਾ ਚਾਹੁੰਦੇ ਹਨ। ਰਾਸ਼ੀ ਵਿਚ ਇਹ ਵਾਧਾ ਇਨ੍ਹਾਂ ਚਾਹਵਾਨਾਂ ਲਈ ਬੁਰੀ ਖਬਰ ਹੈ ਕਿਉਂਕਿ ਕੈਨੇਡਾ ਜਾਣ ਦੇ ਚਾਹਵਾਨ ਵਿਦਿਆਰਥੀਆਂ ਦੇ ਮਾਪਿਆਂ ਨੂੰ ਪਹਿਲਾਂ ਨਾਲੋਂ ਦੁੱਗਣੇ ਪੈਸਿਆਂ ਦਾ ਇੰਤਜ਼ਾਮ ਕਰਨਾ ਪਵੇਗਾ।

## ਮਨੀਲਾ ’ਚ ਪੰਜਾਬੀ ਨੌਜਵਾਨ ਦੀ ਹੱਤਿਆ

**ਸਮਾਲਸਰ:** ਪਿੰਡ ਲੰਡੇ ਦੇ ਨੌਜਵਾਨ ਦੀ ਮਨੀਲਾ ਵਿਚ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਹਾਕਮ ਸਿੰਘ ਸਰਾ ਦੇ ਦੋ ਲੜਕੇ ਲੱਖਾ ਅਤੇ ਸੁਖਚੈਨ ਸਿੰਘ ਫਿਲਪੀਨਜ਼ ਗਏ ਸਨ। ਲੱਖਾ ਪਿਛਲੇ ਦਿਨੀਂ ਘਰ ਵਿਚ ਆਖੰਡ ਪਾਠ ਦੇ ਭੋਗ ਸਬੰਧੀ ਪਿੰਡ ਆ ਗਿਆ ਸੀ। ਚੈਨਾ ਅਤੇ ਲੰਡੇ ਪਿੰਡ ਦਾ ਇਕ ਹੋਰ ਲੜਕਾ ਮਨੀਲਾ ਵਿਚ ਮਾਲ ਤੋਂ ਸਾਮਾਨ ਖਰੀਦ ਕੇ ਵਾਪਸ ਆ ਰਹੇ ਸਨ ਤਾਂ ਹਮਲਾਵਰਾਂ ਨੇ ਚੈਨੇ ਦੇ ਸਿਰ ਵਿਚ ਕਈ ਗੋਲੀਆਂ ਮਾਰ ਦਿੱਤੀਆਂ; ਦੂਜੇ ਲੜਕੇ ਦਾ ਬਚਾਅ ਹੋ ਗਿਆ। ਚੈਨੇ ਦੀ ਚਾਰ ਸਾਲ ਦੀ ਬੱਚੀ ਹੈ, ਜੋ ਆਪਣੀ ਮਾਂ ਨਾਲ ਪਿੰਡ ਲੰਡੇ ਵਿਚ ਆਈ ਹੋਈ ਹੈ।

## ਡਰੱਗ ਕੇਸ ਵਿਚ ਮਜੀਠੀਆ ਨੂੰ ਸੰਮਨ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਦਰਜ ਹੋਏ ਡਰੱਗ ਮਾਮਲੇ ਦੀ ਜਾਂਚ ਲਈ ਏ.ਡੀ.ਜੀ.ਪੀ. ਐਮ.ਐਸ. ਚੀਮਾ ਦੀ ਅਗਵਾਈ ਹੇਠ ਗਠਿਤ ਵਿਸ਼ੇਸ਼ ਜਾਂਚ ਟੀਮ (ਸਿੱਟ) ਨੇ ਉਨ੍ਹਾਂ ਨੂੰ 18 ਦਸੰਬਰ ਨੂੰ ਪੇਸ਼ ਹੋਣ ਲਈ ਸੰਮਨ ਜਾਰੀ ਕੀਤਾ ਹੈ। ਪੰਜਾਬ ਪੁਲਿਸ ਨੇ ਦੋ ਸਾਲ ਪਹਿਲਾਂ 20 ਦਸੰਬਰ 2021 ‘ਚ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਨਸ਼ਿਆਂ ਸਬੰਧੀ ਕੇਸ ਦਰਜ ਕੀਤਾ ਸੀ ਪਰ ਅਦਾਲਤ ਨੇ ਉਨ੍ਹਾਂ ਦੀ ਗ੍ਰਿਫਤਾਰੀ ਦੋ ਮਹੀਨੇ ਅੱਗੇ ਪਾ ਦਿੱਤੀ ਸੀ। ਇਸ ਮਾਮਲੇ ‘ਚ ਪੰਜ ਮਹੀਨੇ ਜੇਲ੍ਹ ‘ਚ ਕੱਟਣ ਮਗਰੋਂ ਮਜੀਠੀਆ ਨੂੰ 10 ਅਗਸਤ 2022 ਵਿਚ ਜ਼ਮਾਨਤ ਮਿਲੀ ਸੀ। ਮਜੀਠੀਆ ਖ਼ਿਲਾਫ਼ ਕੇਸ ‘ਚ ਅਜੇ ਤੱਕ ਚਾਰਜਸ਼ੀਟ ਦਾਇਰ ਨਹੀਂ ਕੀਤੀ ਗਈ। ਤਾਜ਼ਾ ਸੰਮਨਾਂ ਨੂੰ ਮੁੱਖ ਮੰਤਰੀ ਭਗਵੰਤ ਮਾਨ ਤੇ ਮਜੀਠੀਆ ਦਰਮਿਆਨ ਚੱਲ ਰਹੀ ਸ਼ਬਦੀ ਜੰਗ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਹਰਜੀਤ ਸਿੰਘ ਸਾਹੀ | ਰਘਬੀਰ ਸਿੰਘ ਘੁੰਨ | ਗੁਰਵੀਰ ਸਿੰਘ ਗਿੱਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਸਰਵਣ ਸਿੰਘ ਟਿਵਾਣਾ | ਦਰਸ਼ਨ ਸਿੰਘ ਦਰੜ | ਜਸਕਰਨ ਸਿੰਘ ਧਾਲੀਵਾਲ |
| ਜਸਬੀਰ ਕੌਰ ਢਿੱਲੋਂ | ਜੈਦੇਵ ਸਿੰਘ ਭੱਠਲ | ਡਾ. ਗੁਰਚਰਨ ਸਿੰਘ ਗਰੇਵਾਲ | ਅਮਰੀਕ ਸਿੰਘ (ਅਮਰ ਕਾਰਪੇਟ) |
| ਡਾ. ਇਨਕਲਾਬੀ ਥਾਂਦੀ | ਪਰਮਿੰਦਰ ਸਿੰਘ ਵਾਲੀਆ | ਰਾਜਿੰਦਰ ਸਿੰਘ ਬੈਂਸ | ਅੰਮ੍ਰਿਤਪਾਲ ਸਿੰਘ ਸੰਘਾ |
| ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਮਨਦੀਪ ਸਿੰਘ ਭੂਰਾ | ਭੁਪਿੰਦਰ ਸਿੰਘ ਧਾਲੀਵਾਲ |
| ਹਰਦਿਆਲ ਸਿੰਘ ਦਿਓਲ | ਡਾ. ਤੇਜਿੰਦਰ ਸਿੰਘ ਮੰਡੇਰ | ਗੁਲਜ਼ਾਰ ਸਿੰਘ ਮੁਲਤਾਨੀ | ਅਮੋਲਕ ਸਿੰਘ ਗਾਖਲ |
| ਡਾ. ਗੁਰਦਿਆਲ ਸਿੰਘ ਬਸਰਾਨ | ਜਗਦੀਸ਼ਰ ਸਿੰਘ ਕਲੇਰ | ਅਵਤਾਰ ਸਿੰਘ ਸਪਰਿੰਗਫੀਲਡ | ਜਸਵਿੰਦਰ ਸਿੰਘ (ਜੱਸੀ) ਗਿੱਲ |


**Punjab Times**

**Established in 2000**
**24nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# 'ਭਗਵੰਤ ਮਾਨ ਸਰਕਾਰ, ਤੁਹਾਡੇ ਦੁਆਰ' ਯੋਜਨਾ ਦਾ ਆਗਾਜ਼ ਕੀਤਾ

**ਲੁਧਿਆਣਾ:** ਪੰਜਾਬ ਵਾਸੀਆਂ ਨੂੰ ਜ਼ਰੂਰੀ ਸੇਵਾਵਾਂ ਮੁਹੱਈਆ ਕਰਵਾਉਣ ਲਈ ਸੂਬੇ ਵਿਚ 'ਭਗਵੰਤ ਮਾਨ ਸਰਕਾਰ, ਤੁਹਾਡੇ ਦੁਆਰ' ਯੋਜਨਾ ਦਾ ਆਗਾਜ਼ ਕੀਤਾ ਗਿਆ ਹੈ ਜਿਸ ਨਾਲ 43 ਸੇਵਾਵਾਂ ਲੋਕਾਂ ਨੂੰ ਘਰ ਬੈਠਿਆਂ ਹੀ ਮਿਲਣਗੀਆਂ। ਪਿੰਡ ਧਨਾਨਸੂ ਸਥਿਤ ਸਾਈਕਲ ਵੈਲੀ ਵਿਚ ਸਮਾਗਮ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਇਸ ਯੋਜਨਾ ਦਾ ਉਦਘਾਟਨ ਕੀਤਾ।

ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਅੱਜ ਦਾ ਦਿਨ ਇਤਿਹਾਸਕ ਹੈ ਕਿਉਂਕਿ ਇਮਾਨਦਾਰ ਸਰਕਾਰ ਨੇ ਸੂਬੇ ਵਿਚ ਅਸੰਭਵ ਜਾਪਣ ਵਾਲੀ ਗੱਲ ਨੂੰ ਹਕੀਕਤ ਬਣਾ ਦਿੱਤਾ ਹੈ। ਅੱਜ ਤੋਂ ਆਮ ਆਦਮੀ ਦਾ ਮਾਣ-ਸਤਿਕਾਰ ਬਹਾਲ ਹੋਵੇਗਾ ਕਿਉਂਕਿ ਹੁਣ ਸਰਕਾਰੀ ਦਫਤਰਾਂ ਵਿਚ ਉਸ ਦੀ ਖੱਜਲ-ਖੁਆਰੀ ਹਮੇਸ਼ਾ ਲਈ ਖਤਮ ਹੋਵੇਗੀ।



ਉਨ੍ਹਾਂ ਕਿਹਾ ਕਿ ਸੂਬੇ ਨੇ ਅਰਵਿੰਦ ਕੇਜਰੀਵਾਲ ਦੀ ਸੋਚ ਵਿਚੋਂ ਉਪਜੇ 'ਦਿੱਲੀ ਮਾਡਲ' ਨੂੰ ਅਪਨਾਇਆ ਹੈ ਜਿਸ ਨਾਲ ਸੂਬੇ ਵਿਚ ਜੁਆਬਦੇਹੀ ਅਤੇ ਪਾਰਦਰਸ਼ੀ ਸ਼ਾਸਨ ਵਾਲੇ ਨਵੇਂ ਯੁੱਗ ਦੀ ਸ਼ੁਰੂਆਤ ਹੋਈ ਹੈ। ਉਨ੍ਹਾਂ ਉਮੀਦ ਪ੍ਰਗਟਾਈ ਕਿ ਇਹ ਨਾਗਰਿਕ ਕੇਂਦਰਿਤ ਮਾਡਲ ਸਮੁੱਚੇ ਦੇਸ਼ ਵਿਚ ਲਾਗੂ ਹੋਵੇਗਾ ਜਿਸ ਨਾਲ ਦੇਸ਼ ਵਾਸੀਆਂ ਨੂੰ ਬਿਹਤਰ ਸੇਵਾਵਾਂ ਹਾਸਲ ਹੋਣਗੀਆਂ।

ਉਨ੍ਹਾਂ ਕਿਹਾ ਕਿ ਟੌਲ ਫਰੀ ਨੰਬਰ 1076 ਲੋਕਾਂ ਨੂੰ ਉਨ੍ਹਾਂ ਦੇ ਘਰ ਨਿਰਧਾਰਤ ਸਮੇਂ ਵਿੱਚ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਵਿੱਚ ਸਹਾਈ ਹੋਵੇਗਾ। ਉਨ੍ਹਾਂ ਅਧਿਕਾਰੀਆਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਅੱਜ 43 ਸੇਵਾਵਾਂ ਦੀ ਸ਼ੁਰੂਆਤ ਕੀਤੀ ਗਈ ਹੈ ਪਰ ਸੂਬਾ ਸਰਕਾਰ ਦੀਆਂ 80 ਤੋਂ ਵੱਧ ਸਕੀਮਾਂ ਸ਼ੁਰੂ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਲੋਕਾਂ ਦੇ ਰੋਜ਼ਾਨਾ ਦੇ ਕੰਮਕਾਜ ਕਰਵਾਉਣ ਲਈ ਪਾਰਟੀ ਦੇ ਸਾਰੇ ਵਿਧਾਇਕ ਇਸ ਸਕੀਮ ਉਤੇ ਨਿਰੰਤਰ ਨਜ਼ਰ ਰੱਖਣਗੇ ਤਾਂ ਜੋ ਆਮ ਆਦਮੀ ਨੂੰ ਕਿਸੇ ਤਰ੍ਹਾਂ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਪਿਛਲੀਆਂ ਸਰਕਾਰਾਂ ਅਤੇ ਉਨ੍ਹਾਂ ਦੀ ਕਾਰਗੁਜ਼ਾਰੀ ਦੀ ਆਲੋਚਨਾ ਕਰਦਿਆਂ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਦਾ ਵੀ ਲੇਖਾ-ਜੋਖਾ ਪੇਸ਼ ਕੀਤਾ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪਾਰਟੀ ਵੱਲੋਂ ਸੂਬੇ ਦੇ ਲੋਕਾਂ ਨੂੰ ਦਿੱਤੀ ਗਈ ਇਕ-ਇਕ ਗਾਰੰਟੀ ਹਰ ਹਾਲ ਵਿਚ ਪੂਰੀ ਕੀਤੀ ਜਾਵੇਗੀ ਤਾਂ ਜੋ ਉਨ੍ਹਾਂ ਨੂੰ ਵੱਧ ਤੋਂ ਵੱਧ ਲਾਭ ਪਹੁੰਚਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਮਹਾਨ ਆਜ਼ਾਦੀ ਘੁਲਾਟੀਆਂ ਨੇ ਬਰਾਬਰੀ ਵਾਲੇ ਸਮਾਜ ਦਾ ਸੁਫਨਾ ਦੇਖਿਆ ਸੀ ਪਰ ਪਿਛਲੇ 75 ਸਾਲਾਂ ਦੌਰਾਨ ਦੇਸ਼ ਭਗਤਾਂ ਦੇ ਇਹ ਸੁਫਨੇ ਅਧੂਰੇ ਰਹਿ ਗਏ ਕਿਉਂਕਿ ਕਿਸੇ ਨੇ ਵੀ 'ਸਰਕਾਰ, ਤੁਹਾਡੇ ਦੁਆਰ' ਵਰਗਾ ਕ੍ਰਾਂਤੀਕਾਰੀ ਕਦਮ ਕਦੇ ਵੀ ਨਹੀਂ ਚੁੱਕਿਆ। ਉਨ੍ਹਾਂ ਕਿਹਾ ਕਿ ਜਲਦੀ ਹੀ ਲੋਕਾਂ ਨੂੰ 100 ਫੀਸਦੀ ਸਰਕਾਰੀ ਸੇਵਾਵਾਂ ਉਨ੍ਹਾਂ ਦੇ ਦਰ 'ਤੇ ਪ੍ਰਾਪਤ ਹੋਣਗੀਆਂ। ਉਨ੍ਹਾਂ ਸੂਬੇ ਵਿਚੋਂ ਭ੍ਰਿਸ਼ਟਾਚਾਰ ਦਾ ਸਫਾਇਆ ਕਰਨ ਲਈ ਸਰਕਾਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਨੇ ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ ਵਜੋਂ 'ਭ੍ਰਿਸ਼ਟਾਚਾਰ ਵਿਰੋਧੀ ਹੈਲਪਲਾਈਨ ਨੰਬਰ' ਸ਼ੁਰੂ ਕੀਤਾ ਸੀ ਅਤੇ ਕਈ ਵੱਡੀਆਂ ਭ੍ਰਿਸ਼ਟ ਮੱਛੀਆਂ ਨੂੰ ਸਲਾਖਾਂ ਪਿੱਛੇ ਡੱਕਿਆ ਗਿਆ ਹੈ ਅਤੇ ਉਨ੍ਹਾਂ ਤੋਂ ਬਰਾਮਦ ਹੋਏ ਪੈਸੇ ਨੂੰ ਸੂਬੇ ਦੇ ਵਿਕਾਸ ਲਈ ਵਰਤਿਆ ਜਾ ਰਿਹਾ ਹੈ।

## ਕੇਜਰੀਵਾਲ ਦੀ ਸੋਚ ਵਿਚੋਂ ਉਪਜਿਆ 'ਦਿੱਲੀ ਮਾਡਲ' ਅਪਣਾਇਆ: ਮਾਨ

**ਲੁਧਿਆਣਾ:** ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਅੱਜ ਤੋਂ ਆਮ ਆਦਮੀ ਦਾ ਮਾਣ-ਸਤਿਕਾਰ ਬਹਾਲ ਹੋਵੇਗਾ ਕਿਉਂਕਿ ਹੁਣ ਸਰਕਾਰੀ ਦਫਤਰਾਂ ਵਿਚ ਉਸ ਦੀ ਖੱਜਲ-ਖੁਆਰੀ ਹਮੇਸ਼ਾ ਲਈ ਖਤਮ ਹੋਵੇਗੀ। ਉਨ੍ਹਾਂ ਕਿਹਾ ਕਿ ਸੂਬੇ ਨੇ ਅਰਵਿੰਦ ਕੇਜਰੀਵਾਲ ਦੀ ਸੋਚ ਵਿਚੋਂ ਉਪਜੇ 'ਦਿੱਲੀ ਮਾਡਲ' ਨੂੰ ਅਪਨਾਇਆ ਹੈ ਜਿਸ ਨਾਲ ਸੂਬੇ ਵਿਚ ਜੁਆਬਦੇਹੀ ਅਤੇ ਪਾਰਦਰਸ਼ੀ ਸ਼ਾਸਨ ਵਾਲੇ ਨਵੇਂ ਯੁੱਗ ਦੀ ਸ਼ੁਰੂਆਤ ਹੋਈ ਹੈ। ਉਨ੍ਹਾਂ ਕਿਹਾ ਕਿ ਟੌਲ ਫਰੀ ਨੰਬਰ 1076 ਲੋਕਾਂ ਨੂੰ ਉਨ੍ਹਾਂ ਦੇ ਘਰ ਨਿਰਧਾਰਤ ਸਮੇਂ ਵਿੱਚ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਵਿੱਚ ਸਹਾਈ ਹੋਵੇਗਾ। ਉਨ੍ਹਾਂ ਅਧਿਕਾਰੀਆਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਅੱਜ 43 ਸੇਵਾਵਾਂ ਦੀ ਸ਼ੁਰੂਆਤ ਕੀਤੀ ਗਈ ਹੈ ਪਰ ਸੂਬਾ ਸਰਕਾਰ ਦੀਆਂ 80 ਤੋਂ ਵੱਧ ਸਕੀਮਾਂ ਸ਼ੁਰੂ ਕੀਤੀਆਂ ਜਾਣਗੀਆਂ।

## ਝਾਰਖੰਡ 'ਚ ਜ਼ਬਤ ਹੋਏ ਤਿੰਨ ਸੌ ਕਰੋੜ ਬਾਰੇ ਜਾਖੜ ਨੇ ਚੁੱਕੇ ਸਵਾਲ



**ਜਲੰਧਰ:** ਭਾਜਪਾ ਦੀ ਪੰਜਾਬ ਇਕਾਈ ਦੇ ਪ੍ਰਧਾਨ ਸੁਨੀਲ ਕੁਮਾਰ ਜਾਖੜ ਨੇ 'ਆਪ' ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਸਵਾਲ ਕਰਦਿਆਂ ਕਿਹਾ ਕਿ ਝਾਰਖੰਡ ਵਿਚ ਜ਼ਬਤ ਕੀਤੇ 300 ਕਰੋੜ ਦਾ ਕੋਈ ਕੁਨੈਕਸ਼ਨ ਪੰਜਾਬ ਨਾਲ ਵੀ ਹੈ? ਉਨ੍ਹਾਂ ਸਰਕਟ ਹਾਊਸ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਜਾਣਨਾ ਚਾਹੁੰਦਾ ਹੈ ਕਿ ਦਿੱਲੀ ਅਤੇ ਪੰਜਾਬ ਦੇ ਕਥਿਤ ਸ਼ਰਾਬ ਘੁਟਾਲੇ ਤੋਂ ਬਾਅਦ ਝਾਰਖੰਡ ਦੇ ਸ਼ਰਾਬ ਕਾਰੋਬਾਰੀ ਤੋਂ ਫੜੇ ਗਏ ਕਾਲੇ ਧਨ ਦਾ ਪੰਜਾਬ ਨਾਲ ਕੋਈ ਸਬੰਧ ਤਾਂ ਨਹੀਂ ਹੈ। ਉਨ੍ਹਾਂ ਕਿਹਾ ਕਿ ਸ਼ਰਾਬ ਦੇ ਕਾਰੋਬਾਰੀ ਸਬੰਧਾਂ ਕਾਰਨ ਹੀ ਦਿੱਲੀ ਦੇ ਉਪ ਮੁੱਖ ਮੰਤਰੀ ਰਹੇ ਮਨੀਸ਼ ਸਿਸੋਦੀਆ ਜੇਲ੍ਹ ਵਿਚ ਹਨ। ਇਸ ਕਰਕੇ ਏਜੰਸੀਆਂ ਪੰਜਾਬ ਦੇ ਸੰਦਰਭ ਵਿਚ ਸ਼ਰਾਬ ਕਾਰੋਬਾਰ ਦੇ ਦਿੱਲੀ ਸਬੰਧਾਂ ਦੀ ਜਾਂਚ ਕਰ ਰਹੀਆਂ ਹਨ। ਸ੍ਰੀ ਜਾਖੜ ਨੇ ਕਿਹਾ ਕਿ ਝਾਰਖੰਡ ਦੇ ਵੱਡੇ ਸ਼ਰਾਬ ਕਾਰੋਬਾਰੀ ਅਤੇ ਕਾਂਗਰਸ ਦੇ ਰਾਜ ਸਭਾ ਮੈਂਬਰ ਧੀਰਜ ਸਾਹੂ ਕੋਲੋਂ ਲਗਭਗ 300 ਕਰੋੜ ਦੀ ਰਕਮ ਫੜੀ ਗਈ ਹੈ। ਇਸ ਸਬੰਧੀ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਕਿਧਰੇ ਵੀ ਨਿੰਦਾ ਕਰਨ ਵਾਲਾ ਬਿਆਨ ਨਹੀਂ ਆਇਆ। ਪੰਜਾਬ ਦੇ ਲੋਕ ਕੇਜਰੀਵਾਲ ਦੇ ਦੋਹਰੇ ਮਾਪਦੰਡਾਂ ਬਾਰੇ ਜਾਣਨਾ ਚਾਹੁੰਦੇ ਹਨ।

# ਸਿੱਧੂ ਮੂਸੇਵਾਲਾ ਦੇ ਪਿਤਾ ਨੂੰ ਹਾਈ ਕੋਰਟ ਤੋਂ ਇਨਸਾਫ ਦੀ ਆਸ

**ਮਾਨਸਾ:** ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਇਥੇ ਪਿੰਡ ਮੂਸਾ ਵਿਚ ਕਿਹਾ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਜੇਲ੍ਹਾਂ ਵਿਚ ਮੋਬਾਈਲ ਫੋਨਾਂ ਦੀ ਵਰਤੋਂ ਬਾਰੇ ਲਏ ਗਏ ਨੋਟਿਸ ਮਗਰੋਂ ਸਾਰੇ ਪਰਿਵਾਰ ਅਤੇ ਪ੍ਰਸ਼ੰਸਕਾਂ ਨੂੰ ਇਨਸਾਫ ਦੀ ਉਮੀਦ ਬੱਝੀ ਹੈ। ਉਨ੍ਹਾਂ ਕਿਹਾ ਕਿ ਉਮੀਦ ਹੈ ਕਿ ਲਾਰੈਂਸ ਬਿਸ਼ਨੋਈ ਦੀ ਜੇਲ੍ਹ ਤੋਂ ਕੀਤੀ ਗਈ ਇੰਟਰਵਿਊ ਸਬੰਧੀ ਅਦਾਲਤ ਵੱਲੋਂ ਚੰਗਾ ਫੈਸਲਾ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਫੈਸਲੇ ਨਾਲ ਜੇਲ੍ਹਾਂ ਰਾਹੀਂ ਗੈਂਗਸਟਰਾਂ ਦੀਆਂ ਗਤੀਵਿਧੀਆਂ ਨੂੰ ਕੁਝ ਠੱਲ੍ਹ ਪਵੇਗੀ।

ਬਲਕੌਰ ਸਿੰਘ ਸਿੱਧੂ ਨੇ ਕਿਹਾ ਕਿ ਲੋਕਾਂ ਨੂੰ ਗੈਂਗਸਟਰਾਂ ਦੀਆਂ ਧਮਕੀਆਂ ਅਤੇ ਗੋਲੀਆਂ



ਤੋਂ ਡਰਨਾ ਨਹੀਂ ਚਾਹੀਦਾ ਸਗੋਂ ਉਨ੍ਹਾਂ ਦਾ ਮੁਕਾਬਲਾ ਕਰਨ ਲਈ ਮੈਦਾਨ ਵਿਚ ਨਿੱਤਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਗੈਂਗਸਟਰਾਂ ਦੀਆਂ ਧਮਕੀਆਂ ਅੱਗੇ ਪੁਲਿਸ ਦੇ ਬਹੁਤੇ ਅਫਸਰ ਚੁੱਪ ਕਰਕੇ ਬੈਠੇ ਹਨ। ਬਲਕੌਰ ਸਿੰਘ ਨੇ ਕਿਹਾ ਕਿ ਜੇਲ੍ਹ ਵਿਚ ਬੰਦ ਉਸ ਦੇ ਪੁੱਤ ਦੇ ਕਾਤਲਾਂ ਕੋਲੋਂ ਪਿਛਲੇ ਨੌਂ ਮਹੀਨਿਆਂ ਦੌਰਾਨ ਚਾਰ ਮੋਬਾਈਲ ਫੋਨ ਫੜੇ ਜਾ ਚੁੱਕੇ ਹਨ, ਜਿਸ ਤੋਂ ਸਹਿਜੇ ਹੀ ਜੇਲ੍ਹਾਂ ਅੰਦਰ ਹੋ ਰਹੀ ਨਿਯਮਾਂ ਦੀ ਕਥਿਤ ਉਲੰਘਣਾ ਸਬੰਧੀ ਅੰਦਾਜ਼ਾ ਲਾਇਆ ਜਾ ਸਕਦਾ ਹੈ। ਸ੍ਰੀ ਸਿੱਧੂ ਨੇ ਕਿਹਾ ਕਿ ਗੈਂਗਸਟਰ ਲਾਰੈਂਸ ਬਿਸ਼ਨੋਈ ਨੇ ਵੀਡੀਓ ਬਣਾ ਕੇ ਸੋਸ਼ਲ ਮੀਡੀਆ 'ਤੇ ਪਾ ਦਿੱਤੀ ਸੀ ਤੇ ਹਾਲੇ ਤੱਕ ਸਰਕਾਰ ਨੇ ਇਨ੍ਹਾਂ ਨੂੰ ਰੋਕਣ ਲਈ ਕੋਈ ਕਾਰਵਾਈ ਨਹੀਂ ਕੀਤੀ, ਜਦਕਿ ਸ਼ੁਭਦੀਪ ਦਾ ਗੀਤ 'ਐਸ.ਵਾਈ.ਐਲ' 24 ਘੰਟਿਆਂ ਵਿਚ ਬੰਦ ਕਰਵਾ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਕਾਨੂੰਨ ਵਿਵਸਥਾ ਦੀ ਹਾਲਤ ਮਾੜੀ ਹੈ ਅਤੇ 'ਆਪ' ਸਰਕਾਰ ਤੋਂ ਜੋ ਆਸਾਂ ਲਗਾਈਆਂ ਸਨ, ਉਹ ਢਹਿ-ਢੇਰੀ ਹੋ ਗਈਆਂ ਹਨ।

## ਆਸਟਰੇਲੀਆ ਕ੍ਰਿਕਟ ਬੋਰਡ ਤੋਂ 28 ਗੁਣਾ ਵੱਧ ਅਮੀਰ ਹੈ ਬੀ.ਸੀ.ਸੀ.ਆਈ.

**ਨਵੀਂ ਦਿੱਲੀ:** ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ.ਸੀ.ਸੀ.ਆਈ.) ਨੂੰ ਦੁਨੀਆਂ ਭਰ ਦੇ ਸਭ ਤੋਂ ਅਮੀਰ ਕ੍ਰਿਕਟ ਬੋਰਡ ਵਜੋਂ ਜਾਣਿਆ ਜਾਂਦਾ ਹੈ। ਤਾਜ਼ਾ ਮੀਡੀਆ ਰਿਪੋਰਟ ਵਿਚ ਇਸ ਦੀ ਮੌਜੂਦਾ ਸੰਪਤੀ ਦੇ ਸਹੀ ਅੰਕੜਿਆਂ ਤੋਂ ਪਰਦਾ ਚੁੱਕਿਆ ਗਿਆ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਭਾਰਤੀ ਬੋਰਡ ਨੇ ਆਪਣੇ ਆਸਟਰੇਲਿਆਈ ਹਮਰੁਤਬਾ ਨਾਲੋਂ 28 ਗੁਣਾ ਵੱਧ ਕਮਾਈ ਕੀਤੀ ਹੈ। ਪਿਛਲੇ ਮਹੀਨੇ ਬੀ.ਸੀ.ਸੀ.ਆਈ. ਦੀ ਕੁੱਲ ਸੰਪਤੀ 2.25 ਅਰਬ ਡਾਲਰ (ਕਰੀਬ 18,700 ਕਰੋੜ ਰੁਪਏ) ਸੀ। ਕ੍ਰਿਕਟ ਆਸਟਰੇਲੀਆ ਦੂਜਾ ਸਭ ਤੋਂ ਵੱਧ ਅਮੀਰ ਬੋਰਡ ਹੈ। ਉਸ ਦੀ ਸੰਪਤੀ 7.9 ਕਰੋੜ ਡਾਲਰ ਹੈ। ਸਿਖਰਲੇ ਦੇ 10 ਕ੍ਰਿਕਟ ਬੋਰਡਾਂ ਦੀ ਜੇ ਸਾਰੀ ਸੰਪਤੀ ਮਿਲਾਈ ਜਾਵੇ ਤਾਂ ਉਹ ਭਾਰਤੀ ਦੀ ਬੋਰਡ ਦੀ ਕੁੱਲ ਜਾਇਦਾਦ ਦਾ 85.88 ਫੀਸਦੀ ਬਣਦਾ ਹੈ।

# ਕਾਂਗਰਸ ਨੂੰ ਨੁਕਸਾਨ ਪਹੁੰਚਾਉਣ ਦੇ ਰੌਂਅ ਵਿਚ 'ਆਪ': ਬਾਜਵਾ

**ਚੰਡੀਗੜ੍ਹ:** ਸੀਨੀਅਰ ਕਾਂਗਰਸੀ ਆਗੂ ਤੇ ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ 'ਆਪ' ਦੇਸ਼ ਦੇ ਵੱਖ-ਵੱਖ ਸੂਬਿਆਂ ਵਿਚ ਭਾਜਪਾ ਦੇ ਇਸ਼ਾਰੇ 'ਤੇ ਕਾਂਗਰਸ ਨੂੰ ਨੁਕਸਾਨ ਪਹੁੰਚਾ ਰਹੀ ਹੈ।

ਉਨ੍ਹਾਂ ਕਿਹਾ ਕਿ ਮੱਧ ਪ੍ਰਦੇਸ਼, ਰਾਜਸਥਾਨ ਤੇ ਛੱਤੀਸਗੜ੍ਹ ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਸਣੇ ਕੁਝ ਹੋਰਨਾਂ ਸੂਬਿਆਂ ਵਿਚ 'ਆਪ' ਨੂੰ ਸ਼ਰਮਨਾਕ ਹਾਰ ਦਾ ਸਾਹਮਣਾ ਕਰਨਾ ਪਿਆ ਹੈ।

ਪਾਰਟੀ ਦੀਆਂ ਵੋਟਾਂ ਦੀ ਗਿਣਤੀ ਨੋਟਾ ਤੋਂ ਵੀ ਘੱਟ ਰਹੀ ਹੈ। ਸ੍ਰੀ ਬਾਜਵਾ ਨੇ ਕਿਹਾ ਕਿ 'ਆਪ' ਭਾਜਪਾ ਦੀ 'ਬੀ' ਟੀਮ ਹੈ। 'ਆਪ' ਦਾ ਕੰਮ ਕਰਨ ਦਾ ਤਰੀਕਾ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵਰਗਾ ਹੈ। ਭਾਜਪਾ ਕੋਲ ਵਿਰੋਧੀ ਪਾਰਟੀਆਂ ਵਿਰੁੱਧ ਦੁਰਵਰਤੋਂ ਕਰਨ ਲਈ ਕਈ ਏਜੰਸੀਆਂ ਹਨ। ਇਸੇ ਤਰ੍ਹਾਂ ਪੰਜਾਬ ਸਰਕਾਰ ਕੋਲ ਪੰਜਾਬ ਕਾਂਗਰਸ ਨੂੰ ਡਰਾਉਣ ਲਈ ਸਿਰਫ ਇਕ ਏਜੰਸੀ ਵਿਜੀਲੈਂਸ ਬਿਊਰੋ ਹੈ।

ਉਨ੍ਹਾਂ ਕਿਹਾ ਕਿ 'ਆਪ' ਲੀਡਰਸ਼ਿਪ ਨੇ ਹਾਲ ਹੀ 'ਚ 'ਆਪ' ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਦਾ ਨਵਾਂ ਡਰਾਮਾ ਰਚਿਆ ਸੀ। ਇਹ ਕਾਂਗਰਸ ਦੀਆਂ ਵੋਟਾਂ ਨੂੰ ਨੁਕਸਾਨ ਪਹੁੰਚਾਉਣ ਲਈ ਚੋਣਾਂ ਵਾਲੇ ਸੂਬਿਆਂ ਵਿਚ ਹਮਦਰਦੀ ਬਟੋਰਨ ਦੀ ਇਕ ਸੋਚੀ ਸਮਝੀ ਸਾਜ਼ਿਸ਼ ਸੀ।

# ਪੰਜਾਬ 'ਚ ਸੜਕ ਹਾਦਸਿਆਂ 'ਚ ਮੌਤਾਂ ਬਾਰੇ ਡਰਾਉਣੇ ਅੰਕੜੇ

**ਚੰਡੀਗੜ੍ਹ:** ਨੈਸ਼ਨਲ ਕ੍ਰਾਈਮ ਰਿਪੋਰਟ ਬਿਊਰੋ (ਐਨ.ਸੀ.ਆਰ.ਬੀ.) ਵੱਲੋਂ ਸਾਲ 2022 ਦੀ ਜਾਰੀ ਕੀਤੀ ਗਈ ਰਿਪੋਰਟ ਅਨੁਸਾਰ ਸਾਲ 2021 ਅਤੇ 2022 ਵਿਚ ਪੰਜਾਬ ਵਿਚ ਵਾਪਰੇ ਸੜਕ ਹਾਦਸਿਆਂ ਦੌਰਾਨ ਮਰਨ ਵਾਲਿਆਂ ਦੀ ਗਿਣਤੀ ਜ਼ਖਮੀਆਂ ਨਾਲੋਂ ਕੀਤੇ ਵੱਧ ਦਰਜ ਕੀਤੀ ਗਈ ਹੈ। ਰਿਪੋਰਟ ਅਨੁਸਾਰ ਪੰਜਾਬ ਵਿਚ ਸਾਲ 2021 ਵਿਚ 6,097 ਸੜਕ ਹਾਦਸੇ ਵਾਪਰੇ, ਜਿਨ੍ਹਾਂ ਵਿਚ 4,688 ਵਿਅਕਤੀਆਂ ਦੀ ਮੌਤ ਹੋ ਗਈ ਜਦੋਂਕਿ 3,372 ਵਿਅਕਤੀ ਜ਼ਖ਼ਮੀ ਹੋਏ। ਇਸੇ ਤਰ੍ਹਾਂ 2022 'ਚ ਸੜਕ ਹਾਦਸਿਆਂ ਦੀ ਗਿਣਤੀ 6,122 ਦਰਜ ਕੀਤੀ ਗਈ, ਜਿਨ੍ਹਾਂ ਵਿਚ 4,516 ਮੌਤਾਂ ਹੋਈਆਂ ਅਤੇ 3,034 ਜਣੇ ਜ਼ਖ਼ਮੀ ਹੋਏ।

ਐਨ.ਸੀ.ਆਰ.ਬੀ. ਦੀ ਰਿਪੋਰਟ ਅਨੁਸਾਰ ਪੰਜਾਬ ਵਿਚ ਸਾਲ 2022 ਦੇ ਸੜਕ ਹਾਦਸਿਆਂ ਦੌਰਾਨ ਮਰਨ ਵਾਲਿਆਂ ਵਿਚੋਂ 2,099 ਵਿਅਕਤੀ ਅਤੇ ਜ਼ਖ਼ਮੀ ਹੋਣ ਵਾਲਿਆਂ ਵਿਚੋਂ 1,663 ਜਣੇ ਦੋ-ਪਹੀਆ ਵਾਹਨਾਂ 'ਤੇ ਸਵਾਰ ਸਨ। ਇਸ ਦੇ ਨਾਲ ਹੀ 215 ਸਾਈਕਲ ਸਵਾਰਾਂ ਦੀ ਮੌਤ ਹੋਈ ਤੇ 112 ਵਿਅਕਤੀ ਜ਼ਖ਼ਮੀ ਹੋਏ। ਸਾਲ 2022



'ਚ ਵਾਪਰੇ ਸੜਕ ਹਾਦਸਿਆਂ 'ਚ 609 ਪੈਦਲ ਜਾ ਰਾਹਗੀਰਾਂ ਦੀ ਮੌਤ ਹੋਈ, ਜਦਕਿ 241 ਜਣੇ ਜ਼ਖ਼ਮੀ ਹੋਏ। ਇਸ ਰਿਪੋਰਟ ਵਿਚ ਹਾਦਸਿਆਂ ਦਾ ਮੁੱਖ ਕਾਰਨ ਆਵਾਜਾਈ ਦਾ ਸਹੀ ਢੰਗ ਨਾਲ ਪ੍ਰਵਾਹ ਨਾ ਹੋਣਾ ਜਾਂ ਹੋਰਨਾਂ ਰੁਕਾਵਟਾਂ ਨੂੰ ਦੱਸਿਆ ਗਿਆ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਵੱਲੋਂ ਸੂਬੇ ਵਿਚ ਸੜਕ ਹਾਦਸਿਆਂ 'ਤੇ ਨੱਥ ਪਾਉਣ ਲਈ ਵਿਸ਼ੇਸ਼ ਫੋਰਸ ਦਾ ਗਠਨ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਸੂਬੇ ਵਿਚ ਸੜਕ ਹਾਦਸਿਆਂ ਦੌਰਾਨ ਲੋਕਾਂ ਨੂੰ ਤੁਰਤ ਸਿਹਤ ਸਹੂਲਤ ਮੁਹੱਈਆ ਕਰਵਾਉਣ ਲਈ 'ਫਰਿਸ਼ਤੇ' ਸਕੀਮ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ। ਇਸ ਸਕੀਮ ਤਹਿਤ ਸੜਕ ਹਾਦਸੇ ਦੌਰਾਨ ਜ਼ਖ਼ਮੀਆਂ ਨੂੰ ਨੇੜਲੇ ਹਸਪਤਾਲ ਪਹੁੰਚਾਉਣ ਵਾਲਿਆਂ ਨੂੰ ਸੂਬਾ ਸਰਕਾਰ ਵੱਲੋਂ ਸਨਮਾਨਿਤ ਕੀਤਾ ਜਾਵੇਗਾ।

ਰਿਪੋਰਟ ਅਨੁਸਾਰ ਹਰਿਆਣਾ ਵਿਚ ਹਾਦਸਿਆਂ ਦੀ ਦਰ ਪੰਜਾਬ ਨਾਲੋਂ ਵੱਧ ਹੈ। ਹਰਿਆਣਾ ਵਿਚ ਸਾਲ 2021 ਵਿਚ 10,049 ਸੜਕ ਦੁਰਘਟਨਾਵਾਂ ਦਰਜ ਕੀਤੀਆਂ ਗਈਆਂ, ਜਦਕਿ 2022 ਵਿਚ ਇਹ ਅੰਕੜਾ 10,654 ਹੋ ਗਿਆ। ਹਰਿਆਣਾ ਵਿਚ ਸਾਲ 2021 ਦੌਰਾਨ ਸੜਕ ਹਾਦਸਿਆਂ ਵਿਚ 4,983 ਲੋਕਾਂ ਦੀ ਮੌਤ ਹੋਈ ਤੇ 7972 ਜਣੇ ਜ਼ਖ਼ਮੀ ਹੋਏ ਸਨ। ਇਸੇ ਤਰ੍ਹਾਂ 2022 ਵਿਚ 5,228 ਮੌਤਾਂ ਹੋਈਆਂ ਤੇ 8,353 ਲੋਕ ਜ਼ਖ਼ਮੀ ਹੋਏ।

## ਫਰਿਸ਼ਤੇ ਸਕੀਮ ਲਈ ਸਰਕਾਰ ਤਿਆਰ: ਡਾ. ਬਲਬੀਰ

**ਚੰਡੀਗੜ੍ਹ:** ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨਾਲ ਇੱਥੇ ਸਿਹਤ ਤੇ ਮੈਡੀਕਲ ਸਿੱਖਿਆ ਵਿਭਾਗ ਦੇ ਚੱਲ ਰਹੇ ਵਿਕਾਸ ਪ੍ਰੋਜੈਕਟਾਂ ਦੀ ਸਮੀਖਿਆ ਮੀਟਿੰਗ ਕੀਤੀ। ਸ੍ਰੀ ਚੀਮਾ ਨੇ ਕਿਹਾ ਕਿ ਸਿਹਤ ਵਿਭਾਗ ਨਾਲ ਸਬੰਧਤ ਸਾਰੀਆਂ ਫਾਈਲਾਂ ਦਾ ਪਹਿਲ ਦੇ ਆਧਾਰ 'ਤੇ ਨਿਪਟਾਰਾ ਹੋਵੇਗਾ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਫਰਿਸ਼ਤੇ ਸਕੀਮ ਸ਼ੁਰੂ ਕਰਨ ਲਈ ਤਿਆਰ ਹੈ, ਜਿਸ ਤਹਿਤ ਸੜਕ ਹਾਦਸਿਆਂ ਦੇ ਜ਼ਖ਼ਮੀਆਂ ਦਾ 48 ਘੰਟਿਆਂ 'ਚ ਮੁਫਤ ਇਲਾਜ ਕੀਤਾ ਜਾਵੇਗਾ। ਇਸ ਤੋਂ ਇਲਾਵਾ ਜ਼ਖ਼ਮੀਆਂ ਨੂੰ ਹਸਪਤਾਲ ਲਿਜਾਣ ਵਾਲੇ ਵਿਅਕਤੀ ਨੂੰ 2 ਹਜ਼ਾਰ ਰੁਪਏ ਨਾਲ ਸਨਮਾਨਿਆ ਜਾਵੇਗਾ।

# 2023 ਵਿਚ ਹੁਣ ਤੱਕ ਦੁਨੀਆ ਅੰਦਰ 93 ਪੱਤਰਕਾਰਾਂ ਦੀ ਮੌਤ




**ਬਰੱਸਲਜ:** ਦੁਨੀਆ ਭਰ ਦੇ ਪੱਤਰਕਾਰਾਂ ਦੀ ਨੁਮਾਇੰਦਗੀ ਕਰਨ ਵਾਲੀ ਪ੍ਰਮੁੱਖ ਸੰਸਥਾ ਨੇ ਆਪਣਾ ਕੰਮ ਕਰਦੇ ਹੋਏ ਮੀਡੀਆ ਕਰਮੀਆਂ ਦੀਆਂ ਮੌਤਾਂ ਦੀਆਂ ਘਟਨਾਵਾਂ ਨੂੰ ਗੰਭੀਰ ਚਿੰਤਾ ਦਾ ਵਿਸ਼ਾ ਦੱਸਦਿਆਂ ਕਿਹਾ ਹੈ ਕਿ 2023 ਵਿਚ ਦੁਨੀਆ ਭਰ ਵਿਚ 94 ਮੀਡੀਆ ਕਰਮੀਆਂ ਦੀ ਮੌਤ ਹੋਈ ਤੇ ਪਿਛਲੇ 30 ਸਾਲਾਂ ਵਿਚ ਕਿਸੇ ਵੀ ਸੰਘਰਸ਼ ਦੌਰਾਨ ਇੰਨੀ ਵੱਡੀ ਗਿਣਤੀ ਵਿਚ ਪੱਤਰਕਾਰ ਨਹੀਂ ਮਾਰੇ ਗਏ ਹਨ, ਜਿੰਨੇ ਹਮਾਸ ਅਤੇ ਇਜ਼ਰਾਈਲ ਵਿਚਕਾਰ ਜੰਗ ਵਿਚ ਮਾਰੇ ਗਏ ਹਨ। ਇੰਟਰਨੈਸ਼ਨਲ ਫੈਡਰੇਸ਼ਨ ਆਫ ਜਰਨਲਿਸਟਸ (ਆਈ.ਐਫ.ਜੇ) ਨੇ ਮੀਡੀਆ ਕਰਮੀਆਂ ਦੀਆਂ ਮੌਤਾਂ ਦੀ ਆਪਣੀ ਸਾਲਾਨਾ ਗਿਣਤੀ ਵਿਚ ਕਿਹਾ ਹੈ ਕਿ ਇਸ ਸਾਲ ਹੁਣ ਤੱਕ 94 ਪੱਤਰਕਾਰ ਮਾਰੇ ਜਾ ਚੁੱਕੇ ਹਨ ਅਤੇ ਕਰੀਬ 400 ਹੋਰ ਜੇਲ੍ਹਾਂ ਵਿਚ ਬੰਦ ਹਨ। ਸੰਗਠਨ ਨੇ ਅਫ਼ਗਾਨਿਸਤਾਨ, ਫਲੀਪੀਨਜ਼, ਭਾਰਤ, ਚੀਨ ਅਤੇ ਬੰਗਲਾਦੇਸ਼ ਵਿਚ ਮੀਡੀਆ ਕਰਮੀਆਂ ਦੀਆਂ ਮੌਤਾਂ ਦੀਆਂ ਘਟਨਾਵਾਂ ਦੀ ਵੀ ਨਿੰਦਾ ਕੀਤੀ ਹੈ। ਸਮੂਹ ਨੇ ਕਿਹਾ ਕਿ 7 ਅਕਤੂਬਰ ਨੂੰ ਹਮਾਸ ਦੇ ਇਜ਼ਰਾਈਲ 'ਤੇ ਹਮਲੇ ਤੋਂ ਬਾਅਦ ਇਜ਼ਰਾਈਲ-ਹਮਾਸ ਯੁੱਧ ਨੂੰ ਕਵਰ ਕਰਨ ਵਾਲੇ 68 ਪੱਤਰਕਾਰ ਮਾਰੇ ਗਏ ਹਨ, ਜੋ ਦੁਨੀਆ ਭਰ ਵਿਚ ਮਾਰੇ ਗਏ ਸਾਰੇ ਮੀਡੀਆ ਕਰਮਚਾਰੀਆਂ ਦਾ 72 ਪ੍ਰਤੀਸ਼ਤ ਹੈ।

# ਇਜ਼ਰਾਈਲ ਨੇ ਗਾਜ਼ਾ ਉਤੇ ਹਮਲੇ ਹੋਰ ਤੇਜ਼ ਕੀਤੇ

**ਰਾਫਾਹ:** ਦੱਖਣੀ ਗਾਜ਼ਾ ਦੇ ਖਾਨ ਯੂਨਿਸ ਸ਼ਹਿਰ ਵਿਚ ਜ਼ੋਰਦਾਰ ਜੰਗ ਜਾਰੀ ਹੈ। ਇਸ ਦੇ ਨਾਲ ਹੀ ਇਜ਼ਰਾਇਲੀ ਸੈਨਾ ਉੱਤਰੀ ਗਾਜ਼ਾ ਵਿਚ ਵਿਰੋਧ ਦਾ ਲਗਾਤਾਰ ਸਾਹਮਣਾ ਕਰ ਰਹੀ ਹੈ।

ਗਾਜ਼ਾ ਵਿਚ ਹਮਲੇ ਅਜਿਹੇ ਸਮੇਂ ਵਧੇ ਹਨ ਜਦ ਅਮਰੀਕਾ ਨੇ ਲੜਾਈ ਰੋਕਣ ਦੇ ਹਾਲੀਆ ਕੌਮਾਂਤਰੀ ਯਤਨਾਂ ਵਿਚ ਅੜਿੱਕਾ ਪਾ ਦਿੱਤਾ ਹੈ ਤੇ ਆਪਣੇ ਕਰੀਬੀ ਸਹਿਯੋਗੀਆਂ ਨੂੰ ਹੋਰ ਜੰਗੀ ਸਾਜੋ-ਸਾਮਾਨ ਭੇਜਿਆ ਹੈ। ਇਸ ਤੋਂ ਬਾਅਦ ਇਜ਼ਰਾਈਲ ਨੇ ਆਪਣੀ ਮੁਹਿੰਮ ਤੇਜ ਕਰ ਦਿੱਤੀ ਹੈ। ਹਜ਼ਾਰਾਂ ਫਲਸਤੀਨੀ ਨਾਗਰਿਕਾਂ ਦੀ ਹੱਤਿਆ ਤੇ ਗਾਜਾ ਦੀ ਕਰੀਬ 85 ਫੀਸਦੀ ਆਬਾਦੀ ਦੇ ਉਜੜਨ ਤੋਂ ਬਾਅਦ ਇਜ਼ਰਾਈਲ ਨੂੰ ਵਧਦੇ ਕੌਮਾਂਤਰੀ ਰੋਹ ਤੇ ਜੰਗਬੰਦੀ ਦੇ ਦਬਾਅ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਗੌਰਤਲਬ ਹੈ ਕਿ ਅਮਰੀਕਾ ਨੇ ਲੜਾਈ ਨੂੰ ਖਤਮ ਕਰਨ ਦੀ ਤਜਵੀਜ਼ ਉਤੇ ਸੰਯੁਕਤ ਰਾਸ਼ਟਰ ਸਲਾਮਤੀ ਪਰਿਸ਼ਦ ਵਿਚ ਆਪਣੀ 'ਵੀਟੋ' ਤਾਕਤ ਦੀ ਵਰਤੋਂ ਕਰ ਕੇ ਹਾਲ ਦੇ ਦਿਨਾਂ 'ਚ ਇਜ਼ਰਾਈਲ ਦੀ ਮੁਹਿੰਮ ਵਿਚ ਅਹਿਮ ਸਹਿਯੋਗ ਕੀਤਾ ਹੈ। ਅਮਰੀਕਾ ਨੇ ਇਜ਼ਰਾਈਲ ਨੂੰ 10 ਕਰੋੜ ਡਾਲਰ ਤੋਂ ਵੱਧ ਦੇ ਹਥਿਆਰ ਵੇਚੇ ਹਨ।



ਅਮਰੀਕਾ ਨੇ ਹਮਾਸ ਨੂੰ ਖਤਮ ਕਰਨ ਤੇ ਸੱਤ ਅਕਤੂਬਰ ਵਰਗੇ ਕਿਸੇ ਹਮਲੇ ਨੂੰ ਦੁਹਰਾਉਣ ਤੋਂ ਬਚਣ ਦੇ ਇਜ਼ਰਾਈਲ ਦੇ ਟੀਚੇ ਪ੍ਰਤੀ ਸਮਰਥਨ ਵੀ ਜਤਾਇਆ ਹੈ। ਜ਼ਿਕਰਯੋਗ ਹੈ ਕਿ ਇਸ ਮਹੀਨੇ ਦੀ ਸ਼ੁਰੂਆਤ ਵਿਚ ਇਜ਼ਰਾਇਲੀ ਸੈਨਾ ਖਾਨ ਯੂਨਿਸ ਵਿਚ ਦਾਖਲ ਹੋਈ ਸੀ। ਸ਼ਹਿਰ ਵਾਸੀਆਂ ਨੇ ਕਿਹਾ ਕਿ ਉਨ੍ਹਾਂ ਰਾਤ ਭਰ ਲਗਾਤਾਰ ਗੋਲੀਬਾਰੀ ਤੇ ਧਮਾਕਿਆਂ ਦੀ ਆਵਾਜ਼ ਸੁਣੀ। ਉਨ੍ਹਾਂ ਦੱਸਿਆ ਕਿ ਲੜਾਕੂ ਜਹਾਜ਼ਾਂ ਨੇ ਗਾਜਾ ਦੇ ਦੂਜੇ ਸਭ ਤੋਂ ਵੱਡੇ ਸ਼ਹਿਰ ਵਿਚ ਤੇ ਇਸ ਦੇ ਆਲੇ-ਦੁਆਲੇ ਬੰਬਾਰੀ ਕੀਤੀ। ਹਮਾਸ ਦੇ ਕਬਜ਼ੇ ਵਾਲੇ ਖੇਤਰ ਦੇ ਸਿਹਤ ਮੰਤਰਾਲੇ ਮੁਤਾਬਕ ਜੰਗ ਕਾਰਨ ਗਾਜ਼ਾ ਵਿਚ ਮਾਰੇ ਗਏ ਲੋਕਾਂ ਦੀ ਗਿਣਤੀ 17 ਹਜ਼ਾਰ ਨੂੰ ਪਾਰ ਕਰ ਗਈ ਹੈ। ਇਨ੍ਹਾਂ ਵਿਚ ਵੱਡੀ ਗਿਣਤੀ ਬੱਚੇ ਤੇ ਔਰਤਾਂ ਸ਼ਾਮਲ ਹਨ।

## ਐਟਲਾਂਟਾ: ਗੋਲੀਬਾਰੀ ਵਿਚ ਤਿੰਨ ਦੀ ਮੌਤ

**ਐਟਲਾਂਟਾ:** ਅਮਰੀਕਾ ਦੇ ਐਟਲਾਂਟਾ ਸ਼ਹਿਰ ਵਿਚ ਗੋਲੀਬਾਰੀ ਦੀ ਘਟਨਾ ਵਿਚ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ਅਤੇ ਇਕ ਜ਼ਖ਼ਮੀ ਹੋ ਗਿਆ। ਪੁਲਿਸ ਨੇ ਇਹ ਜਾਣਕਾਰੀ ਦਿੱਤੀ। ਐਟਲਾਂਟਾ ਪੁਲਿਸ ਵਿਭਾਗ ਨੇ ਦੱਸਿਆ ਕਿ ਅਧਿਕਾਰੀਆਂ ਨੇ ਸ਼ਹਿਰ ਦੇ ਬੱਕਹੈੱਡ ਜ਼ਿਲ੍ਹੇ ਵਿਚ ਪੀਚਟ੍ਰੀ ਰੋਡ ਐਨ.ਈ. 'ਤੇ ਗੋਲੀਬਾਰੀ ਦੀ ਸੂਚਨਾ ਮਿਲਣ ਤੋਂ ਬਾਅਦ ਕਾਰਵਾਈ ਕੀਤੀ ਗਈ। ਪੁਲਿਸ ਨੇ ਦੱਸਿਆ ਕਿ 20 ਸਾਲ ਦੇ ਤਿੰਨ ਪੀੜਤਾਂ ਨੂੰ ਘਟਨਾ ਸਥਾਨ 'ਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਅਤੇ ਚੌਥੇ ਨੂੰ ਹਸਪਤਾਲ ਲਿਜਾਇਆ ਗਿਆ। ਪੁਲਿਸ ਨੇ ਕਿਹਾ ਕਿ ਜਾਂਚ ਅਧਿਕਾਰੀਆਂ ਨੇ ਗੋਲੀਬਾਰੀ ਦੇ ਕਾਰਨਾਂ ਦਾ ਪਤਾ ਲਾਉਣ ਲਈ ਘਟਨਾ ਸਥਾਨ ਦਾ ਦੌਰਾ ਕੀਤਾ ਅਤੇ ਜਾਂਚ ਅਜੇ ਵੀ ਜਾਰੀ ਹੈ। ਉਨ੍ਹਾਂ ਕਿਹਾ ਕਿ ਗੋਲੀਬਾਰੀ 3005 ਬੱਕਹੈੱਡ ਅਪਰਾਟਮੈਂਟ ਵਿਚ ਨਸ਼ੀਲੇ ਪਦਾਰਥ ਨਾਲ ਸਬੰਧਤ ਗਤੀਵਿਧੀ ਕਾਰਨ ਹੋਈ। ਡਬਿਲਊ.ਏ.ਐਨ.ਐਫ. ਟੀ.ਵੀ. ਦੀ ਖਬਰ ਮੁਤਾਬਕ ਮੇਜਰ ਪੀਟਰ ਮਾਲੇਕੀ ਨੇ ਦੱਸਿਆ, "ਇਹ ਘਰ ਵਿਚ ਵੜ ਕੇ ਹਮਲਾ ਕਰਨ ਦਾ ਮਾਮਲਾ ਨਹੀਂ ਹੈ। ਸਾਡਾ ਮੰਨਣਾ ਹੈ ਕਿ ਇਹ ਕਿਸੇ ਤਰ੍ਹਾਂ ਦੇ ਨਸ਼ੀਲੇ ਪਦਾਰਥ ਦੇ ਲੈਣ-ਦੇਣ ਨਾਲ ਸਬੰਧਤ ਮਾਮਲਾ ਸੀ।"

# ਦੇਸ਼ ਭਰ 'ਚ 310 ਜ਼ਿਲ੍ਹਿਆਂ ਲਈ ਖਤਰਾ ਬਣੀ ਜਲਵਾਯੂ ਤਬਦੀਲੀ

**ਨਵੀਂ ਦਿੱਲੀ:** ਇਕ ਵਿਆਪਕ ਮੁਲਾਂਕਣ ਵਿਚ ਪੂਰੇ ਦੇਸ਼ ਦੇ 310 ਅਜਿਹੇ ਜ਼ਿਲ੍ਹਿਆਂ ਦੀ ਸ਼ਨਾਖ਼ਤ ਕੀਤੀ ਗਈ ਹੈ, ਜਿਨ੍ਹਾਂ ਲਈ ਜਲਵਾਯੂ ਤਬਦੀਲੀ ਦੀਆਂ ਚੁਣੌਤੀਆਂ ਨੇ 'ਸਭ ਤੋਂ ਵੱਧ ਖਤਰਾ' ਖੜ੍ਹਾ ਕਰ ਦਿੱਤਾ ਹੈ। ਇਨ੍ਹਾਂ ਵਿਚੋਂ 109 ਜ਼ਿਲ੍ਹੇ 'ਬੇਹੱਦ ਜ਼ਿਆਦਾ' ਖਤਰੇ ਵਾਲੇ ਵਰਗ ਵਿਚ ਹਨ, ਜਦਕਿ 201 ਹੋਰਾਂ ਲਈ ਵੀ ਜ਼ਿਆਦਾ ਜ਼ੋਖ਼ਮ ਪੈਦਾ ਹੋ ਗਿਆ ਹੈ। ਇਹ ਵਰਗੀਕਰਨ, ਜਲਵਾਯੂ ਤਬਦੀਲੀ ਦੇ ਸਮਿਆਂ ਵਿਚ ਖੇਤੀਬਾੜੀ ਕਰਨ ਬਾਰੇ ਕੇਂਦਰੀ ਖੋਜ ਉੱਦਮਾਂ ਤਹਿਤ ਕੀਤਾ ਗਿਆ ਹੈ।



ਇਹ ਉੱਦਮ ਜਲਵਾਯੂ ਤਬਦੀਲੀ ਦੇ ਮੱਦੇਨਜ਼ਰ ਖੇਤੀਬਾੜੀ ਖੇਤਰ ਨੂੰ ਮਜ਼ਬੂਤ ਕਰਨ ਉਤੇ ਕੇਂਦਰਤ ਹੈ। ਲੋਕ ਸਭਾ ਵਿਚ ਕੇਂਦਰੀ ਖੇਤੀਬਾੜੀ ਮੰਤਰੀ ਨੇ ਦੱਸਿਆ ਕਿ ਉਤਰ ਪ੍ਰਦੇਸ਼ ਦੇ 48 ਜ਼ਿਲ੍ਹੇ ਜ਼ਿਆਦਾ ਜੋਖ਼ਮ ਵਾਲੇ ਵਰਗ ਵਿਚ ਹਨ। ਇਨ੍ਹਾਂ ਵਿਚੋਂ 22 ਲਈ 'ਬੇਹੱਦ ਜ਼ਿਆਦਾ ਖਤਰਾ' ਤੇ 26 ਲਈ 'ਜ਼ਿਆਦਾ' ਜੋਖ਼ਮ ਪੈਦਾ ਹੋਣ ਬਾਰੇ ਕਿਹਾ ਗਿਆ ਹੈ। ਇਸ ਤੋਂ ਬਾਅਦ ਰਾਜਸਥਾਨ ਦੇ 27 ਜ਼ਿਲ੍ਹਿਆਂ ਵਿਚੋਂ 17 'ਬੇਹੱਦ ਵੱਧ' ਤੇ 10 'ਜ਼ਿਆਦਾ' ਖਤਰੇ ਵਾਲੇ ਵਰਗ ਵਿਚ ਹਨ। ਸੂਚੀ ਵਿਚ ਬਿਹਾਰ ਦੇ 10 ਜ਼ਿਲ੍ਹੇ ਸ਼ਾਮਲ ਹਨ। ਹਿਮਾਚਲ ਦੇ 12 ਵਿਚੋਂ 8 ਜ਼ਿਲ੍ਹਿਆਂ ਲਈ ਵੀ ਜਲਵਾਯੂ ਤਬਦੀਲੀ ਨੇ ਚੁਣੌਤੀਆਂ ਪੈਦਾ ਕੀਤੀਆਂ ਹਨ। ਖੇਤੀ ਮੰਤਰੀ ਨੇ ਦੱਸਿਆ ਕਿ ਭਾਰਤੀ ਖੇਤੀਬਾੜੀ ਖੋਜ ਕੌਂਸਲ ਨੇ 2014 ਤੋਂ ਹੀ ਜਲਵਾਯੂ ਤਬਦੀਲੀ ਵਿਚ ਹੰਢ ਸਕਣ ਵਾਲੀਆਂ ਫਸਲਾਂ ਦੀਆਂ ਕਿਸਮਾਂ ਪੈਦਾ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ। ਉਨ੍ਹਾਂ ਕਿਹਾ ਕਿ ਕੁੱਲ 1971 ਕਿਸਮਾਂ ਹੁਣ ਤੱਕ ਪੈਦਾ ਕੀਤੀਆਂ ਜਾ ਚੁੱਕੀਆਂ ਹਨ। ਮੰਤਰੀ ਨੇ ਮੌਜੂਦਾ ਦੌਰ ਨਾਲ ਨਜਿੱਠਣ ਲਈ ਚੁੱਕੇ ਜਾ ਰਹੇ ਕਦਮਾਂ ਬਾਰੇ ਜਾਣਕਾਰੀ ਦਿੱਤੀ।

ਪੰਜਾਬ ਤੇ ਹਰਿਆਣਾ ਵਰਗੇ ਰਵਾਇਤੀ ਅਨਾਜ ਉਤਪਾਦਕ ਰਾਜ ਵੀ ਜਲਵਾਯੂ ਤਬਦੀਲੀ ਦੇ ਖਤਰਿਆਂ ਤੋਂ ਬਚੇ ਹੋਏ ਨਹੀਂ ਹਨ। ਪੰਜਾਬ ਦੇ ਗੁਰਦਾਸਪੁਰ, ਜਲੰਧਰ, ਮੋਗਾ, ਫਰੀਦਕੋਟ ਤੇ ਬਠਿੰਡਾ ਜ਼ਿਲ੍ਹਿਆਂ ਨੂੰ ਵੀ 'ਬੇਹੱਦ ਵੱਧ' ਜੋਖ਼ਮ ਵਾਲੇ ਵਰਗ ਵਿਚ ਰੱਖਿਆ ਗਿਆ ਹੈ। ਜਦਕਿ ਮੁਕਤਸਰ ਤੇ ਮਾਨਸਾ ਦੇ ਨਾਲ ਕਣਕ-ਝੋਨਾ ਪੈਦਾ ਕਰਨ ਵਾਲੇ ਮੋਹਰੀ ਜ਼ਿਲ੍ਹੇ ਸੰਗਰੂਰ ਤੇ ਫਿਰੋਜ਼ਪੁਰ ਜਲਵਾਯੂ ਤਬਦੀਲੀ ਤੋਂ 'ਜ਼ਿਆਦਾ ਖਤਰੇ' ਵਾਲੇ ਵਰਗ ਵਿਚ ਪਾਏ ਗਏ ਹਨ। ਇਸੇ ਤਰ੍ਹਾਂ ਹਰਿਆਣਾ ਦੇ ਫਤਿਹਾਬਾਦ, ਭਿਵਾਨੀ ਤੇ ਮਹੇਂਦਰਗੜ੍ਹ 'ਬੇਹੱਦ ਵੱਧ' ਖਤਰੇ ਵਾਲੇ ਵਰਗ ਵਿਚ ਹਨ। ਜਦਕਿ ਕੈਥਲ, ਜੀਂਦ, ਸਿਰਸਾ, ਰੋਹਤਕ, ਝੱਜਰ, ਰਿਵਾੜੀ ਤੇ ਗੁੜਗਾਓਂ ਵੀ 'ਜ਼ਿਆਦਾ' ਜੋਖ਼ਮ ਵਾਲੀ ਸ਼੍ਰੇਣੀ ਵਿਚ ਹਨ।

# ਗੁਰਦਾਸਪੁਰ ਦੇ ਡੀ.ਸੀ. ਅਤੇ ਪੰਜਾਬ ਨੂੰ ਜੁਰਮਾਨਾ

**ਗੁਰਦਾਸਪੁਰ:** ਨੈਸ਼ਨਲ ਗਰੀਨ ਟ੍ਰਿਬਿਊਨਲ (ਐਨ.ਜੀ.ਟੀ.) ਨੇ ਸਾਲਿਡ ਵੇਸਟ ਪ੍ਰਬੰਧਾਂ ਦੇ ਚੱਲ ਰਹੇ ਇਕ ਮਾਮਲੇ ਵਿਚ ਨਿੱਜੀ ਤੌਰ 'ਤੇ ਹਾਜ਼ਰ ਨਾ ਹੋਣ ਕਾਰਨ ਗੁਰਦਾਸਪੁਰ ਦੇ ਡੀ.ਸੀ. ਅਤੇ ਪੰਜਾਬ ਰਾਜ ਨੂੰ ਮੁੱਖ ਸਕੱਤਰ ਰਾਹੀਂ ਇਕ-ਇਕ ਲੱਖ ਰੁਪਏ ਦਾ ਜੁਰਮਾਨਾ ਲਗਾਇਆ ਹੈ। ਇਹ ਮਾਮਲਾ ਜ਼ਿਲ੍ਹੇ ਦੇ ਦੀਨਾਨਗਰ ਕਸਬੇ ਨਾਲ ਸਬੰਧਤ ਹੈ।

ਜ਼ਿਕਰਯੋਗ ਹੈ ਕਿ ਦੀਨਾਨਗਰ ਵਾਸੀ ਅਤੇ ਸਮਾਜ ਸੇਵੀ ਸੁਨੀਲ ਦੱਤ ਨੇ ਸ਼ਹਿਰ ਵਿਚ ਠੋਸ ਰਹਿੰਦ-ਖੂੰਹਦ ਦੇ ਨਿਪਟਾਰੇ ਨਾਲ ਸਬੰਧਤ ਨਿਯਮਾਂ ਦੀ ਉਲੰਘਣਾ ਨੂੰ ਲੈ ਕੇ ਸਥਾਨਕ ਨਗਰ ਕੌਂਸਲ ਖ਼ਿਲਾਫ਼ ਪਟੀਸ਼ਨ ਦਾਇਰ ਕੀਤੀ ਸੀ। ਐਨ.ਜੀ.ਟੀ. ਨੇ 5 ਅਕਤੂਬਰ ਨੂੰ ਨਿਰਦੇਸ਼ ਦਿੱਤਾ ਸੀ ਕਿ ਸੁਨੀਲ ਦੱਤ ਵੱਲੋਂ ਦਰਜ ਸ਼ਿਕਾਇਤ ਦੇ ਤੱਥਾਂ ਦੀ ਪੜਤਾਲ ਲਈ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਗੁਰਦਾਸਪੁਰ ਦੇ ਡੀ.ਸੀ. 'ਤੇ ਆਧਾਰਿਤ ਨੁਮਾਇੰਦਿਆਂ ਦੀ ਸਾਂਝੀ ਕਮੇਟੀ ਬਣਾਈ ਜਾਵੇ। ਸਾਂਝੀ ਕਮੇਟੀ ਦੀ ਰਿਪੋਰਟ 21 ਨਵੰਬਰ ਨੂੰ ਐਨ.ਜੀ.ਟੀ. ਨੂੰ ਈ-ਮੇਲ ਰਾਹੀਂ ਭੇਜੀ ਗਈ ਸੀ।

ਇਸ ਰਿਪੋਰਟ ਦੇ ਆਧਾਰ 'ਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਦੀਨਾਨਗਰ ਕੌਂਸਲ ਦੀ ਕਾਰਜਕਾਰੀ ਅਧਿਕਾਰੀ ਕਿਰਨ ਮਹਾਜਨ, ਗੁਰਦਾਸਪੁਰ ਦੇ ਡੀ.ਸੀ. ਅਤੇ ਪੰਜਾਬ ਰਾਜ ਨੂੰ ਨੋਟਿਸ ਜਾਰੀ ਕੀਤੇ ਗਏ ਸਨ।

ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਐਡਵੋਕੇਟ ਨਗਿੰਦਰ ਬੈਨੀਪਾਲ ਪੇਸ਼ ਹੋਏ ਸਨ ਜਦੋਂ ਕਿ ਕਿਰਨ ਮਹਾਜਨ ਵੀਡੀਓ ਕਾਨਫਰੰਸਿੰਗ ਰਾਹੀਂ ਟ੍ਰਿਬਿਊਨਲ ਦੇ ਸਾਹਮਣੇ ਨਿੱਜੀ ਤੌਰ 'ਤੇ ਪੇਸ਼ ਹੋਏ ਸਨ। ਡੀ.ਸੀ. ਗੁਰਦਾਸਪੁਰ ਅਤੇ ਪੰਜਾਬ ਰਾਜ ਵੱਲੋਂ ਕੋਈ ਵੀ ਪੇਸ਼ ਨਾ ਹੋਇਆ। ਇਨ੍ਹਾਂ ਤੱਥਾਂ ਦੇ ਮੱਦੇਨਜ਼ਰ ਸੁਣਵਾਈ 20 ਮਾਰਚ, 2024 ਤੱਕ ਮੁਲਤਵੀ ਕਰ ਦਿੱਤੀ ਗਈ ਹੈ।

# ਹੱਤਿਆ ਦੀ ਸਾਜ਼ਿਸ਼ 'ਚ ਸ਼ਾਮਲ ਲੋਕਾਂ ਦੀ ਜਵਾਬਦੇਹੀ ਜ਼ਰੂਰੀ: ਅਮਰੀਕਾ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਦੀ ਸਰਕਾਰੀ ਰਿਹਾਇਸ਼ ਅਤੇ ਦਫਤਰ ਵ੍ਹਾਈਟ ਹਾਊਸ ਨੇ ਕਿਹਾ ਹੈ ਕਿ ਭਾਰਤ ਅਮਰੀਕਾ ਦਾ ਰਣਨੀਤਕ ਭਾਈਵਾਲ ਹੈ ਅਤੇ ਉਸ ਨੇ ਨਵੀਂ ਦਿੱਲੀ ਨੂੰ ਅਪੀਲ ਕੀਤੀ ਹੈ ਕਿ ਉਹ ਅਮਰੀਕੀ ਸਿੱਖ ਵੱਖਵਾਦੀ ਨੇਤਾ ਦੀ ਹੱਤਿਆ ਦੀ ਸਾਜ਼ਿਸ਼ ਲਈ ਜ਼ਿੰਮੇਵਾਰ ਲੋਕਾਂ ਨੂੰ ਜਵਾਬਦੇਹ ਠਹਿਰਾਏ।

ਅਮਰੀਕਾ ਦੇ ਰਾਸ਼ਟਰੀ ਸੁਰੱਖਿਆ ਬੁਲਾਰੇ ਜਾਨ ਕਿਰਬੀ ਨੇ ਇੱਥੇ ਵ੍ਹਾਈਟ ਹਾਊਸ 'ਚ ਪ੍ਰੈੱਸ ਕਾਨਫਰੰਸ ਵਿਚ ਕਿਹਾ, 'ਭਾਰਤ ਰਣਨੀਤਕ ਭਾਈਵਾਲ ਹੈ। ਅਸੀਂ ਇਸ ਰਣਨੀਤਕ ਭਾਈਵਾਲੀ ਨੂੰ ਹੋਰ ਡੂੰਘਾ ਕਰ ਰਹੇ ਹਾਂ। ਇਸ ਦੇ ਨਾਲ ਹੀ ਅਸੀਂ ਯਕੀਨੀ ਤੌਰ ਉਤੇ ਇਨ੍ਹਾਂ ਦੋਸ਼ਾਂ ਦੀ ਗੰਭੀਰਤਾ ਨੂੰ ਵੀ ਸਮਝਦੇ ਹਾਂ।'

ਕਿਰਬੀ ਨੇ ਇਸ ਕਥਿਤ ਸਾਜ਼ਿਸ਼ ਦਾ ਭਾਰਤ ਅਤੇ ਅਮਰੀਕਾ ਦੇ ਦੁਵੱਲੇ ਸਬੰਧਾਂ ਉਤੇ ਕੀ ਪ੍ਰਭਾਵ ਪੈ ਸਕਦਾ ਹੈ, ਨਾਲ ਜੁੜੇ ਸਵਾਲ ਦਾ ਜਵਾਬ ਦਿੰਦੇ ਹੋਏ ਕਿਹਾ, "ਅਸੀਂ ਚਾਹੁੰਦੇ ਹਾਂ ਕਿ ਇਸ ਦੀ ਡੂੰਘੀ ਜਾਂਚ ਹੋਣੀ ਚਾਹੀਦੀ ਹੈ ਅਤੇ ਜ਼ਿੰਮੇਵਾਰਾਂ ਨੂੰ ਢੁਕਵੇਂ ਢੰਗ ਨਾਲ ਜਵਾਬਦੇਹ ਬਣਾਇਆ ਜਾਵੇ। ਇਸ ਮਾਮਲੇ ਦੀ ਸਰਗਰਮੀ ਨਾਲ ਜਾਂਚ ਕੀਤੀ ਜਾ ਰਹੀ ਹੈ।"

# ਨਰਗਿਸ ਮੁਹੰਮਦੀ ਦੇ ਬੱਚਿਆਂ ਨੇ ਸਵੀਕਾਰਿਆ ਨੋਬੇਲ ਸ਼ਾਂਤੀ ਪੁਰਸਕਾਰ

**ਹੇਲਸਿੰਕੀ:** ਜੇਲ੍ਹ ਵਿਚ ਬੰਦ ਇਰਾਨੀ ਕਾਰਕੁਨ ਨਰਗਿਸ ਮੁਹੰਮਦੀ ਦੇ ਬੱਚਿਆਂ ਨੇ ਨਾਰਵੇ ਦੀ ਰਾਜਧਾਨੀ ਵਿਚ ਇਕ ਸਮਾਰੋਹ ਦੌਰਾਨ ਉਸ ਦੀ ਤਰਫੋਂ ਇਸ ਸਾਲ ਦਾ ਨੋਬੇਲ ਸ਼ਾਂਤੀ ਪੁਰਸਕਾਰ ਸਵੀਕਾਰਿਆ। ਮੁਹੰਮਦੀ ਆਪਣੇ ਦੇਸ਼ ਵਿਚ ਮਹਿਲਾਵਾਂ ਦੇ ਅਧਿਕਾਰਾਂ ਅਤੇ ਜਮਹੂਰੀਅਤ ਲਈ ਮੁਹਿੰਮ ਚਲਾਉਣ ਦੇ ਨਾਲ-ਨਾਲ ਮੌਤ ਦੀ ਸਜਾ ਖ਼ਿਲਾਫ਼ ਸਰਗਰਮ ਰਹੀ ਹੈ। ਮੁਹੰਮਦੀ ਦੇ 17 ਸਾਲਾ ਜੌੜੇ ਬੱਚਿਆਂ ਅਲੀ ਅਤੇ ਕਿਆਨਾ ਰਹਿਮਾਨੀ ਨੇ ਓਸਲੋ ਸਿਟੀ ਹਾਲ ਵਿਚ ਇਹ ਪੁਰਸਕਾਰ ਪ੍ਰਾਪਤ ਕੀਤਾ, ਜਿਸ ਮਗਰੋਂ ਉਨ੍ਹਾਂ ਆਪਣੀ ਮਾਂ ਦੇ ਨਾਂ 'ਤੇ ਨੋਬੇਲ ਸ਼ਾਂਤੀ ਪੁਰਸਕਾਰ ਭਾਸ਼ਨ ਦਿੱਤਾ। ਦੋਵੇਂ ਬੱਚੇ ਆਪਣੇ ਪਿਤਾ ਨਾਲ ਪੈਰਿਸ ਵਿਚ ਜਲਾਵਤਨੀ ਕੱਟ ਰਹੇ ਹਨ।



ਮੁਹੰਮਦੀ (51) ਨੂੰ ਅਕਤੂਬਰ 'ਚ 2023 ਨੋਬੇਲ ਸ਼ਾਂਤੀ ਪੁਰਸਕਾਰ ਨਾਲ ਸਨਮਾਨਿਤ ਕਰਨ ਦਾ ਐਲਾਨ ਕੀਤਾ ਗਿਆ ਸੀ। ਉਹ ਫਿਲਹਾਲ ਤਹਿਰਾਨ ਦੀ ਇਕ ਜੇਲ੍ਹ ਵਿਚ ਬੰਦ ਹੈ। ਇਰਾਨ ਵਿਚ ਇਸ ਤੋਂ ਪਹਿਲਾਂ ਵੀ ਉਸ ਨੂੰ ਕਈ ਵਾਰ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਹ ਕਈ ਸਾਲ ਜੇਲ੍ਹ ਵਿਚ ਰਹਿ ਚੁੱਕੀ ਹੈ। ਓਸਲੋ ਵਿਚ ਪ੍ਰੈੱਸ ਮਿਲਣੀ ਦੌਰਾਨ ਕਿਆਨਾ ਰਹਿਮਾਨੀ ਨੇ ਆਪਣੀ ਮਾਂ ਦਾ ਇਕ ਸੰਦੇਸ਼ ਪੜ੍ਹਿਆ ਜਿਸ ਵਿਚ ਉਨ੍ਹਾਂ 'ਅਸਹਿਮਤੀ, ਪ੍ਰਦਰਸ਼ਨਕਾਰੀਆਂ ਅਤੇ ਮਨੁੱਖ ਅਧਿਕਾਰਾਂ ਦੇ ਰਾਖਿਆਂ ਦੀ ਆਵਾਜ਼ ਨੂੰ ਦੁਨੀਆ ਤੱਕ ਪਹੁੰਚਾਉਣ' ਵਿਚ ਕੌਮਾਂਤਰੀ ਮੀਡੀਆ ਵੱਲੋਂ ਨਿਭਾਈ ਗਈ ਭੂਮਿਕਾ ਦੀ ਪ੍ਰਸ਼ੰਸਾ ਕੀਤੀ।

ਮੁਹੰਮਦੀ ਨੇ ਆਪਣੇ ਸੰਦੇਸ਼ ਵਿਚ ਕਿਹਾ, "ਇਰਾਨੀ ਸਮਾਜ ਨੂੰ ਆਲਮੀ ਸਮਰਥਨ ਦੀ ਲੋੜ ਹੈ ਅਤੇ ਤੁਸੀਂ, ਪੱਤਰਕਾਰ ਅਤੇ ਮੀਡੀਆ ਕਰਮੀ ਇਸਲਾਮੀ ਗਣਤੰਤਰ ਸਰਕਾਰ ਦੇ ਵਿਨਾਸ਼ਕਾਰੀ ਜ਼ੁਲਮ ਖ਼ਿਲਾਫ਼ ਸਖਤ ਸੰਘਰਸ਼ ਵਿਚ ਸਾਡੇ ਸਭ ਤੋਂ ਵੱਡੇ ਅਤੇ ਸਭ ਤੋਂ ਮਹੱਤਵਪੂਰਨ ਸਹਿਯੋਗੀ ਹੋ। ਤੁਹਾਡੀਆਂ ਕੋਸ਼ਿਸ਼ਾਂ ਲਈ, ਤੁਸੀਂ ਸਾਡੇ ਲਈ ਜੋ ਕੁਝ ਵੀ ਕੀਤਾ ਹੈ, ਉਸ ਲਈ ਮੈਂ ਤੁਹਾਡਾ ਤਹਿ ਦਿਲੋਂ ਧੰਨਵਾਦ ਕਰਦੀ ਹਾਂ।" ਕਿਆਨਾ ਰਹਿਮਾਨੀ ਨੇ ਕਿਹਾ ਕਿ ਉਨ੍ਹਾਂ ਨੂੰ ਆਪਣੀ ਮਾਂ ਨਾਲ ਫਿਰ ਮਿਲਣ ਦੀ ਉਮੀਦ ਬਹੁਤ ਘੱਟ ਹੈ।

ਉਨ੍ਹਾਂ ਕਿਹਾ, "ਸ਼ਾਇਦ ਮੈਂ ਉਨ੍ਹਾਂ ਨੂੰ 30 ਜਾਂ 40 ਸਾਲ ਵਿਚ ਦੇਖ ਸਕਾਂਗੀ ਪਰ ਮੈਨੂੰ ਲੱਗਦਾ ਹੈ ਕਿ ਮੈਂ ਉਨ੍ਹਾਂ ਨੂੰ ਮੁੜ ਨਹੀਂ ਦੇਖ ਸਕਾਂਗੀ ਪਰ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿਉਂਕਿ ਮੇਰੀ ਮਾਂ ਹਮੇਸ਼ਾ ਮੇਰੇ ਦਿਲ ਵਿੱਚ ਰਹੇਗੀ।" ਇਸ ਤੋਂ ਪਹਿਲਾਂ ਮੁਹੰਮਦੀ ਦੇ ਪਤੀ ਤਾਗੀ ਰਹਿਮਾਨੀ ਨੇ ਕਿਹਾ ਸੀ ਕਿ ਉਸ ਨੇ 11 ਸਾਲ ਤੋਂ ਆਪਣੀ ਪਤਨੀ ਨੂੰ ਨਹੀਂ ਦੇਖਿਆ ਹੈ ਅਤੇ ਉਸ ਦੇ ਬੱਚਿਆਂ ਨੇ ਸੱਤ ਸਾਲ ਤੋਂ ਆਪਣੀ ਮਾਂ ਨੂੰ ਨਹੀਂ ਦੇਖਿਆ ਹੈ। ਪੁਰਸਕਾਰਾਂ ਦੇ 122 ਸਾਲ ਦੇ ਇਤਿਹਾਸ ਵਿਚ ਇਹ ਪੰਜਵਾਂ ਮੌਕਾ ਹੈ ਕਿ ਸ਼ਾਂਤੀ ਪੁਰਸਕਾਰ ਕਿਸੇ ਅਜਿਹੇ ਵਿਅਕਤੀ ਨੂੰ ਦਿੱਤਾ ਗਿਆ ਹੈ ਜੋ ਜੇਲ੍ਹ 'ਚ ਹੈ ਜਾਂ ਘਰ ਵਿਚ ਨਜ਼ਰਬੰਦ ਹੈ।

# ਸਾਕਾ ਨਕੋਦਰ: 38 ਸਾਲਾਂ ਬਾਅਦ ਵੀ ਇਨਸਾਫ ਦੀ ਉਡੀਕ



**ਜਲੰਧਰ:** ਸਾਕਾ ਨਕੋਦਰ ਨਾਂ ਦੇ ਨਾਲ ਜਾਣੇ ਜਾਂਦੇ ਨਕੋਦਰ ਬੇਅਦਬੀ ਕਾਂਡ ਦੇ ਪੀੜਤ 38 ਸਾਲ ਬੀਤ ਜਾਣ 'ਤੇ ਵੀ ਇਨਸਾਫ਼ ਲਈ ਦਰ-ਦਰ ਭਟਕ ਰਹੇ ਹਨ। ਇਸ ਕਾਂਡ ਵਿਚ ਪੁਲਿਸ ਦੀਆਂ ਗੋਲੀਆਂ ਨਾਲ ਸ਼ਹੀਦ ਹੋਏ ਚਾਰ ਨੌਜਵਾਨਾਂ ਵਿਚੋਂ ਇਕ ਨੌਜਵਾਨ ਦੇ ਪਿਤਾ ਬਲਦੇਵ ਸਿੰਘ ਲਿੱਤਰਾਂ ਨੇ 75ਵੇਂ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਦਿਵਸ ਮੌਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਾਂ ਪੱਤਰ ਲਿਖਿਆ ਹੈ।


ਪੱਤਰ ਵਿਚ ਸ੍ਰੀ ਲਿੱਤਰਾਂ ਨੇ ਕਿਹਾ ਕਿ 4 ਫਰਵਰੀ 1986 ਦੇ ਦਿਨ ਪੰਜਾਬ ਪੁਲਿਸ ਅਤੇ ਸੀ.ਆਰ.ਪੀ.ਐਫ. ਦੇ ਸੁਰੱਖਿਆ ਬਲਾਂ ਵੱਲੋਂ ਚਾਰ ਨਿਰਦੋਸ਼ ਨੌਜਵਾਨਾਂ ਰਵਿੰਦਰ ਸਿੰਘ ਲਿੱਤਰਾਂ, ਹਰਮਿੰਦਰ ਸਿੰਘ ਰਾਏਪੁਰ ਚਲੂਪਰ, ਬਲਧੀਰ ਸਿੰਘ ਰਾਮਗੜ੍ਹ ਅਤੇ ਝਿਲਮਣ ਸਿੰਘ ਗੋਰਸੀਆ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ। ਇਹ ਨੌਜਵਾਨ ਗੁਰਦੁਆਰਾ ਗੁਰੂ ਅਰਜਨ ਦੇਵ ਸਾਹਿਬ ਨਕੋਦਰ ਵੱਲ ਜਾ ਰਹੇ ਸ਼ਾਂਤਮਈ ਮਾਰਚ ਦਾ ਹਿੱਸਾ ਸਨ।

ਉਨ੍ਹਾਂ ਪੰਜਾਬ ਸਰਕਾਰ ਤੋਂ ਇਸ ਸਬੰਧੀ ਇਨਸਾਫ ਦੀ ਮੰਗ ਕੀਤੀ ਹੈ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਪੰਜਾਬ ਪੁਲਿਸ ਨੇ 25 ਸਾਲ ਮਗਰੋਂ ਝੂਠੇ ਮੁਕਾਬਲੇ ਦਾ ਸੱਚ ਕਬੂਲਿਆ ਸੀ। ਇਸ ਕਾਰਨ ਇਨ੍ਹਾਂ ਨੌਜਵਾਨਾਂ ਦੇ ਮਾਪਿਆਂ ਨੂੰ ਹੁਣ ਇਸ ਸਬੰਧੀ ਇਨਸਾਫ ਦੀ ਆਸ ਬੱਝੀ ਹੈ।

## ਕਸ਼ਮੀਰ, ਪੰਜਾਬ ਤੇ ਮਨੀਪੁਰ ਦਾ ਦੌਰਾ ਕਰੇ ਐਮਨੈਸਟੀ ਇੰਟਰਨੈਸ਼ਨਲ: ਦਲ ਖਾਲਸਾ

**ਅੰਮ੍ਰਿਤਸਰ:** ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ ਮੌਕੇ ਦਲ ਖਾਲਸਾ ਨੇ ਐਮਨੈਸਟੀ ਇੰਟਰਨੈਸ਼ਨਲ ਅਤੇ ਹਿਊਮਨ ਰਾਈਟਸ ਵਾਚ ਵਰਗੀਆਂ ਨਿਰਪੱਖ ਅਤੇ ਪ੍ਰਮੁੱਖ ਸੰਸਥਾਵਾਂ ਨੂੰ ਕਸ਼ਮੀਰ, ਪੰਜਾਬ ਅਤੇ ਮਨੀਪੁਰ ਸੂਬਿਆਂ ਵਿਚ ਆਪਣੀਆਂ ਟੀਮਾਂ ਭੇਜ ਕੇ ਮਨੁੱਖੀ ਅਧਿਕਾਰਾਂ ਦੀ ਤਰਸਯੋਗ ਹਾਲਤ ਅਤੇ ਨਿੱਘਰਦੀ ਸਥਿਤੀ ਦਾ ਜਾਇਜ਼ਾ ਲੈਣ ਦੀ ਅਪੀਲ ਕੀਤੀ ਹੈ। ਪਾਰਟੀ ਦੇ ਆਗੂ ਪਰਮਜੀਤ ਸਿੰਘ ਮੰਡ ਨੇ ਦੋਸ਼ ਲਾਇਆ ਕਿ ਪੰਜਾਬ ਵਿਚ ਪੁਲਿਸ ਨੂੰ ਮਿਲੀਆਂ ਤਾਕਤਾਂ ਅਤੇ ਖੁੱਲ੍ਹਾਂ ਹੀ ਮਨੁੱਖੀ ਅਧਿਕਾਰਾਂ ਦੇ ਘਾਣ ਦਾ ਮੁੱਖ ਕਾਰਨ ਹਨ। ਉਨ੍ਹਾਂ ਕਿਹਾ ਕਿ ਇਸ ਵਰ੍ਹੇ ਸਿੱਖਾਂ ਦੇ ਅੰਤਰਰਾਸ਼ਟਰੀ ਪੱਧਰ 'ਤੇ ਕਤਲਾਂ ਨੇ ਦਿੱਲੀ ਅਤੇ ਅੰਮ੍ਰਿਤਸਰ ਵਿਚ ਦਰਾੜ ਨੂੰ ਹੋਰ ਡੂੰਘਾ ਕੀਤਾ ਹੈ। ਇਸੇ ਤਰ੍ਹਾਂ ਬੰਦੀ ਸਿੰਘਾਂ ਦੀ ਰਿਹਾਈ ਅਤੇ ਵਿਸ਼ੇਸ਼ ਕਰਕੇ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਰੱਦ ਕਰਨ ਦਾ ਮੁੱਦਾ ਸਿੱਖ ਪੰਥ ਲਈ ਚੁਣੌਤੀ ਬਣਿਆ ਹੋਇਆ ਹੈ।

## 'ਐਨੀਮਲ' ਵਿਚ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੇ ਦ੍ਰਿਸ਼ਾਂ ਦਾ ਮੁੱਦਾ ਭਖਿਆ




**ਅੰਮ੍ਰਿਤਸਰ:** ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਸੈਂਟਰਲ ਬੋਰਡ ਆਫ ਫਿਲਮ ਸਰਟੀਫਿਕੇਸ਼ਨ ਨੂੰ ਪੱਤਰ ਲਿਖ ਕੇ ਫਿਲਮ 'ਐਨੀਮਲ' ਦੇ ਕੁਝ ਦ੍ਰਿਸ਼ਾਂ 'ਤੇ ਇਤਰਾਜ਼ ਪ੍ਰਗਟਾਉਂਦਿਆਂ ਇਨ੍ਹਾਂ ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਣ ਦੀ ਗੱਲ ਆਖੀ ਹੈ।

ਜਥੇਬੰਦੀ ਦੇ ਸਰਪ੍ਰਸਤ ਕਰਨੈਲ ਸਿੰਘ ਪੀਰ ਮੁਹੰਮਦ ਤੇ ਪ੍ਰਧਾਨ ਐਡਵੋਕੇਟ ਪਰਮਿੰਦਰ ਸਿੰਘ ਢੀਂਗਰਾ ਦਾ ਕਹਿਣਾ ਹੈ ਕਿ ਫਿਲਮ ਦੇ ਕੁਝ ਇਤਰਾਜ਼ਯੋਗ ਦ੍ਰਿਸ਼ਾਂ ਨੇ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਸੈਂਟਰਲ ਬੋਰਡ ਆਫ ਫਿਲਮ ਸਰਟੀਫਿਕੇਸ਼ਨ ਦੇ ਮੁੱਖ ਕਾਰਜਕਾਰੀ ਅਧਿਕਾਰੀ ਰਵਿੰਦਰ ਭਾਕਰ ਨੂੰ ਭੇਜੇ ਇਕ ਪੱਤਰ ਵਿਚ ਫੈਡਰੇਸ਼ਨ ਦੇ ਆਗੂਆਂ ਨੇ ਅਪੀਲ ਕੀਤੀ ਹੈ ਕਿ ਇਨ੍ਹਾਂ ਇਤਰਾਜ਼ਾਂ ਨੂੰ ਦੂਰ ਕਰਨ ਲਈ ਤੁਰਤ ਦਖਲ ਦਿੱਤਾ ਜਾਵੇ। ਫਿਲਮ ਵਿਚ ਇਤਰਾਜ਼ਯੋਗ ਦ੍ਰਿਸ਼ਾਂ ਬਾਰੇ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਇਨ੍ਹਾਂ ਦ੍ਰਿਸ਼ਾਂ ਵਿਚ ਰਣਬੀਰ ਕਪੂਰ ਵੱਲੋਂ ਸਿਗਰਟ ਪੀਂਦੇ ਹੋਏ ਇਕ ਗੁਰਸਿੱਖ ਵਿਅਕਤੀ ਦੇ ਚਿਹਰੇ 'ਤੇ ਧੂੰਆਂ ਛੱਡਣਾ, ਸੰਤ ਕਬੀਰ ਦੇ ਇਕ ਪਵਿੱਤਰ ਸ਼ਬਦ ਨੂੰ ਵਿਗਾੜਨਾ, ਗੁੰਡਾਗਰਦੀ ਦੇ ਮਾਹੌਲ ਨੂੰ ਦਰਸਾਉਂਦਾ 'ਅਰਜਨ ਵੈਲੀ' ਗੀਤ ਅਤੇ ਇਕ ਅੰਤਿਮ ਸੀਨ ਜਿੱਥੇ ਰਣਬੀਰ ਕਪੂਰ ਇਕ ਗੁਰਸਿੱਖ ਵਿਅਕਤੀ ਦੇ ਦਾੜ੍ਹੇ 'ਤੇ ਕਸਾਈ ਵਾਲਾ ਚਾਕੂ ਰੱਖਦਾ ਹੈ, ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਅਜਿਹੇ ਦ੍ਰਿਸ਼ ਸਿੱਖ ਕੌਮ ਦੀਆਂ ਸੱਭਿਆਚਾਰਕ ਅਤੇ ਧਾਰਮਿਕ ਕਦਰਾਂ-ਕੀਮਤਾਂ ਪ੍ਰਤੀ ਨਿਰਾਦਰ ਨੂੰ ਦਰਸਾਉਂਦੇ ਹਨ। ਸਿੱਖ ਆਗੂਆਂ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਵੀ ਅਪੀਲ ਕੀਤੀ ਕਿ ਭਵਿੱਖ ਵਿਚ ਅਜਿਹੀਆਂ ਫਿਲਮਾਂ ਦੇ ਨਿਰਮਾਣ ਨੂੰ ਰੋਕਣ ਲਈ ਫਿਲਮ ਨਿਰਮਾਤਾਵਾਂ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇ।

## ਅਕਾਲੀ ਦਲ ਨੇ ਨਰਮੇ ਦੀ ਖਰੀਦ ਲਈ ਕੇਂਦਰ ਦਾ ਦਖਲ ਮੰਗਿਆ




**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਵਿਚ ਨਰਮੇ ਦੀ ਖਰੀਦ 6,920 ਰੁਪਏ ਪ੍ਰਤੀ ਕੁਇੰਟਲ ਯਕੀਨੀ ਬਣਾਉਣ ਲਈ ਕੇਂਦਰ ਸਰਕਾਰ ਤੋਂ ਦਖਲ ਮੰਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਨਰਮੇ ਦਾ ਭਾਅ 6,920 ਰੁਪਏ ਪ੍ਰਤੀ ਕੁਇੰਟਲ ਤੈਅ ਕੀਤਾ ਗਿਆ ਹੈ, ਜਦੋਂਕਿ ਕਾਟਨ ਕਾਰਪੋਰੇਸ਼ਨ ਆਫ ਇੰਡੀਆ (ਸੀ.ਸੀ.ਆਈ.) ਵੱਲੋਂ 150 ਰੁਪਏ ਕੱਟ ਲਗਾਉਣ ਕਾਰਨ ਕਿਸਾਨਾਂ ਨੂੰ 6,770 ਰੁਪਏ ਪ੍ਰਤੀ ਕੁਇੰਟਲ ਦਿੱਤਾ ਜਾ ਰਿਹਾ ਹੈ। ਇਸ ਕਾਰਨ ਅਬੋਹਰ ਪੱਟੀ ਦੇ ਕਿਸਾਨ ਪਰੇਸ਼ਾਨ ਹਨ। ਉਨ੍ਹਾਂ ਕਿਹਾ ਕਿ 30 ਨਵੰਬਰ ਨੂੰ ਖਰੀਦ ਬੰਦ ਕਰ ਦਿੱਤੀ ਗਈ ਸੀ ਜੋ ਮੁੜ 7 ਦਸੰਬਰ ਨੂੰ ਸ਼ੁਰੂ ਹੋਈ, ਮਗਰੋਂ 9 ਦਸੰਬਰ ਨੂੰ ਫਿਰ ਬੰਦ ਕਰ ਦਿੱਤੀ ਗਈ।

ਸ੍ਰੀ ਬਾਦਲ ਨੇ ਕਿਹਾ ਕਿ ਵਾਰ-ਵਾਰ ਖਰੀਦ ਬੰਦ ਕਰਨ ਨਾਲ ਕਿਸਾਨ ਆਪਣੀ ਜਿਣਸ ਪ੍ਰਾਈਵੇਟ ਵਪਾਰੀਆਂ ਨੂੰ ਵੇਚਣ ਲਈ ਮਜਬੂਰ ਹਨ ਜੋ ਅੱਗੇ 5 ਹਜ਼ਾਰ ਰੁਪਏ ਤੋਂ 5,200 ਰੁਪਏ ਪ੍ਰਤੀ ਕੁਇੰਟਲ ਦਾ ਭਾਅ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਕਿਸਾਨ ਨਾ ਤਾਂ ਆਪਣੀ ਜਿਣਸ ਦੂਰ-ਦੁਰਾਡੇ ਤੱਕ ਲਿਜਾ ਸਕਦੇ ਹਨ ਅਤੇ ਨਾ ਹੀ ਸਟੋਰ ਕਰ ਸਕਦੇ ਹਨ। ਸੂਬੇ ਵਿਚ ਹੋਈ 3.5 ਲੱਖ ਕੁਇੰਟਲ ਨਰਮੇ ਦੀ ਪੈਦਾਵਾਰ ਵਿਚੋਂ ਸੀ.ਸੀ.ਆਈ. ਨੇ ਹਾਲੇ ਤੱਕ ਸਿਰਫ ਇਕ ਲੱਖ ਕੁਇੰਟਲ ਨਰਮਾ ਖਰੀਦਿਆ ਹੈ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਕਿ ਨਰਮੇ ਦੀ ਬਿਨਾਂ ਰੁਕਾਵਟ ਖਰੀਦ ਯਕੀਨੀ ਬਣਾਈ ਜਾਵੇ, ਕਿਸਾਨਾਂ ਨੂੰ 6,920 ਰੁਪਏ ਪ੍ਰਤੀ ਕੁਇੰਟਲ ਭਾਅ ਦਿੱਤਾ ਜਾਵੇ ਅਤੇ 6,770 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਜਿਣਸ ਵੇਚਣ ਵਾਲੇ ਕਿਸਾਨਾਂ ਨੂੰ ਬਕਾਇਆ ਅਦਾ ਕੀਤਾ ਜਾਵੇ।

## ਬਿਆਸ 'ਚ ਅਚਾਨਕ ਪਾਣੀ ਦਾ ਪੱਧਰ ਵਧਣ ਕਾਰਨ ਫਸਲਾਂ ਦਾ ਨੁਕਸਾਨ

**ਤਰਨ ਤਾਰਨ:** ਬਿਆਸ ਵਿਚ ਪਾਣੀ ਦਾ ਪੱਧਰ ਅਚਾਨਕ ਵੱਧ ਜਾਣ ਕਾਰਨ ਮੰਡ ਖੇਤਰ ਦੇ ਮੁੰਡਾਪਿੰਡ ਸਮੇਤ ਕਈ ਪਿੰਡਾਂ ਦੀ ਹਜ਼ਾਰਾਂ ਏਕੜ ਕਣਕ ਦੀ ਫਸਲ ਪਾਣੀ ਦੀ ਮਾਰ ਹੇਠ ਆ ਗਈ ਹੈ। ਪ੍ਰਭਾਵਿਤ ਪਿੰਡਾਂ ਵਿਚ ਮੁੰਡਾਪਿੰਡ ਤੋਂ ਇਲਾਵਾ ਘੜਕਾ, ਗੁੱਜਰਪੁਰਾ, ਜੌਹਲ ਢਾਏ ਵਾਲਾ, ਭੈਲ ਢਾਏ ਵਾਲਾ ਆਦਿ ਸ਼ਾਮਲ ਹਨ। ਇਕੱਲੇ ਮੁੰਡਾਪਿੰਡ ਦੀ 1000 ਏਕੜ ਦੇ ਕਰੀਬ ਕਣਕ ਦੀ ਫਸਲ ਪਾਣੀ ਦੀ ਮਾਰ ਹੇਠ ਆ ਗਈ ਹੈ।

ਪਾਣੀ ਦਾ ਵਧਿਆ ਪੱਧਰ ਨਾ ਘਟਣ ਕਰਕੇ ਇਲਾਕੇ ਦੇ ਕਿਸਾਨਾਂ ਦੀਆਂ ਫਸਲਾਂ ਬਚਣ ਦੀਆਂ ਸਾਰੀਆਂ ਉਮੀਦਾਂ ਖਤਮ ਹੋ ਗਈਆਂ ਹਨ। ਇਸ ਤੋਂ ਪਹਿਲਾਂ ਇਲਾਕੇ ਵਿਚ ਹੜ੍ਹਾਂ ਕਾਰਨ ਵੀ ਉਹ ਝੋਨੇ ਦੀ ਫਸਲ ਗੁਆ ਬੈਠੇ ਸਨ। ਜਾਣਕਾਰੀ ਅਨੁਸਾਰ ਦਰਿਆ ਦੇ ਇਸ ਪੱਧਰ ਨੇ ਮੰਡ ਖੇਤਰ ਵਿੱਚ ਮੁੰਡਾਪਿੰਡ, ਘੜਕਾ, ਗੁੱਜਰਪੁਰਾ, ਜੌਹਲ ਢਾਏ ਵਾਲਾ, ਭੈਲ ਢਾਏ ਵਾਲਾ ਆਦਿ ਦੀ 5000 ਏਕੜ ਦੇ ਕਰੀਬ ਕਣਕ ਦੀ ਫਸਲ ਦਾ ਨੁਕਸਾਨ ਕੀਤਾ ਹੈ। ਕਿਸਾਨਾਂ ਨੇ ਦੱਸਿਆ ਕਿ ਇਲਾਕੇ ਅੰਦਰ ਨਾ ਤਾਂ ਦਰਿਆ ਦੇ ਪਾਣੀ ਦਾ ਪੱਧਰ ਘਟਿਆ ਹੈ ਅਤੇ ਨਾ ਹੀ ਉਨ੍ਹਾਂ ਦੇ ਖੇਤਾਂ 'ਚ ਖੜ੍ਹੇ ਪਾਣੀ ਦੀ ਕਿਤੇ ਨਿਕਾਸੀ ਹੋ ਰਹੀ ਹੈ, ਜਿਸ ਕਾਰਨ ਫਸਲ ਦੇ ਬਚਾਅ ਦੀ ਕੋਈ ਸੰਭਾਵਨਾ ਨਜ਼ਰ ਨਹੀਂ ਆ ਰਹੀ.



ਕਿਸਾਨਾਂ ਨੇ ਕਿਹਾ ਕਿ ਬਿਆਸ ਡੈਮ ਤੋਂ ਦਰਿਆ ਵਿਚ ਪਾਣੀ ਦੇ ਛੱਡਣ 'ਤੇ ਇਸ ਨੂੰ ਡਾਊਨ ਸਟਰੀਮ ਨੂੰ ਵੀ ਨਹੀਂ ਭੇਜਿਆ ਜਾ ਰਿਹਾ। ਕਿਸਾਨਾਂ ਨੇ ਕਿਹਾ ਕਿ ਮੌਸਮ ਠੰਢਾ ਹੋਣ ਕਰਕੇ ਉਨ੍ਹਾਂ ਦੇ ਖੇਤਾਂ ਵਿਚ ਖੜ੍ਹਾ ਪਾਣੀ ਸੁੱਕਣ ਨੂੰ ਦੋ ਮਹੀਨੇ ਤੋਂ ਵੀ ਜ਼ਿਆਦਾ ਸਮਾਂ ਲੱਗ ਜਾਵੇਗਾ। ਉਨ੍ਹਾਂ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਪ੍ਰਸ਼ਾਸਨ ਵੱਲੋਂ ਉਨ੍ਹਾਂ ਦੀ ਸਾਰ ਲੈਣ ਲਈ ਕੋਈ ਅਧਿਕਾਰੀ ਨਹੀਂ ਆਇਆ। ਇਹ ਇਲਾਕਾ ਚਾਰ ਮਹੀਨੇ ਪਹਿਲਾਂ ਵੀ ਬੁਰੀ ਤਰ੍ਹਾਂ ਨਾਲ ਹੜ੍ਹਾਂ ਦੀ ਮਾਰ ਹੇਠ ਆਇਆ ਸੀ ਅਤੇ ਕਿਸਾਨਾਂ ਨੇ ਆਪਣੇ ਝੋਨੇ ਦੀ ਫਸਲ ਪੂਰੀ ਤਰ੍ਹਾਂ ਨਾਲ ਨਸ਼ਟ ਹੋਣ ਮਗਰੋਂ ਕਣਕ ਦੀ ਫਸਲ ਬੀਜੀ ਸੀ ਪਰ ਉਸ ਨੂੰ ਵੀ ਪਾਣੀ ਦੀ ਮਾਰ ਪੈ ਗਈ ਹੈ।

## 84 ਕਤਲੇਆਮ ਪੀੜਤ ਸੁਸਾਇਟੀ ਦੇ ਆਗੂ ਘਰਾਂ ਵਿਚ ਨਜ਼ਰਬੰਦ ਕੀਤੇ

**ਲੁਧਿਆਣਾ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਲੁਧਿਆਣਾ ਦੌਰੇ ਕਾਰਨ ਪੁਲਿਸ ਵੱਲੋਂ ਸ਼ਹਿਰ ਵਿੱਚ ਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਇਸ ਮੌਕੇ ਪੁਲਿਸ ਨੇ 1984 ਕਤਲੇਆਮ ਪੀੜਤ ਵੈੱਲਫੇਅਰ ਸੁਸਾਇਟੀ ਦੇ ਪ੍ਰਧਾਨ ਸੁਰਜੀਤ ਸਿੰਘ ਦੁੱਗਰੀ ਤੇ ਮਹਿਲਾ ਵਿੰਗ ਦੀ ਪ੍ਰਧਾਨ ਗੁਰਦੀਪ ਕੌਰ ਨੂੰ ਉਨ੍ਹਾਂ ਦੇ ਘਰਾਂ ਵਿਚ ਹੀ ਨਜ਼ਰਬੰਦ ਕਰ ਦਿੱਤਾ।

ਦੰਗਾ ਪੀੜਤ ਪਰਿਵਾਰਾਂ ਨੇ ਮੁੱਖ ਮੰਤਰੀ ਵੱਲੋਂ ਉਨ੍ਹਾਂ ਨਾਲ ਰੱਖੀ ਮੀਟਿੰਗ ਰੱਦ ਕੀਤੇ ਜਾਣ ਮਗਰੋਂ 8 ਦਸੰਬਰ ਨੂੰ ਚੰਡੀਗੜ੍ਹ ਸਥਿਤ ਉਨ੍ਹਾਂ ਦੀ ਕੋਠੀ ਅੱਗੇ ਧਰਨਾ ਦੇ ਕੇ ਨਾਅਰੇਬਾਜ਼ੀ ਕੀਤੀ ਸੀ। ਉਸ ਦਿਨ ਸੁਰਜੀਤ ਸਿੰਘ ਦੁੱਗਰੀ ਤੇ ਗੁਰਦੀਪ ਕੌਰ ਦੀ ਅਗਵਾਈ ਹੇਠ ਪੰਜਾਬ ਭਰ ਤੋਂ ਪੁੱਜੇ ਪੀੜਤ ਪਰਿਵਾਰ ਮੀਟਿੰਗ ਲਈ ਪੰਜਾਬ ਭਵਨ ਬਾਹਰ ਮੁੱਖ ਮੰਤਰੀ ਦੀ ਉਡੀਕ ਕਰਦੇ ਰਹੇ ਸਨ ਪਰ ਕਿਸੇ ਅਧਿਕਾਰੀ ਨੇ ਉਨ੍ਹਾਂ ਨੂੰ ਉਸ ਦਿਨ ਮੀਟਿੰਗ ਨਾ ਹੋ ਸਕਣ ਸਬੰਧੀ ਜਾਣੂ ਨਹੀਂ ਕਰਵਾਇਆ ਸੀ। ਪੁਲਿਸ ਨੂੰ ਖਦਸ਼ਾ ਸੀ ਕਿ ਮੁੱਖ ਮੰਤਰੀ ਦੇ ਦੌਰੇ ਦੌਰਾਨ ਪੀੜਤ ਪਰਿਵਾਰ ਮੁੱਖ ਮੰਤਰੀ ਦਾ ਘਿਰਾਓ ਕਰ ਸਕਦੇ ਹਨ। ਇਸ ਕਰ ਕੇ ਸਵੇਰੇ 7 ਵਜੇ ਹੀ ਥਾਣਾ ਦੁੱਗਰੀ ਦੀ ਐਸ.ਐਚ.ਓ. ਦੀ ਅਗਵਾਈ ਹੇਠ ਪੁਲਿਸ ਪਾਰਟੀ ਸੁਰਜੀਤ ਸਿੰਘ ਦੁੱਗਰੀ ਦੇ ਘਰ ਪੁੱਜ ਗਈ ਤੇ ਉਨ੍ਹਾਂ ਨੂੰ ਘਰੋਂ ਬਾਹਰ ਨਿਕਲਣ ਤੋਂ ਰੋਕ ਦਿੱਤਾ। ਉਨ੍ਹਾਂ ਗੁਰਦੀਪ ਕੌਰ ਦੇ ਘਰ ਰੱਖੀ ਇਕ ਮੀਟਿੰਗ ਵਿੱਚ ਜਾਣ ਦੀ ਗੱਲ ਆਖੀ ਤਾਂ ਪੁਲਿਸ ਪਾਰਟੀ ਉਨ੍ਹਾਂ ਨੂੰ ਗੱਡੀ 'ਚ ਬਿਠਾ ਕੇ ਗੁਰਦੀਪ ਕੌਰ ਦੇ ਘਰ ਲੈ ਆਈ ਜਿਥੇ ਦੋਵੇਂ ਨਜ਼ਰਬੰਦ ਰਹੇ।




ਇਸੇ ਦੌਰਾਨ ਸੁਰਜੀਤ ਸਿੰਘ ਦੁੱਗਰੀ ਨੇ ਦੱਸਿਆ ਕਿ ਜਥੇਬੰਦੀ ਵੱਲੋਂ ਪੰਜਾਬ ਦੇ ਰਾਜਪਾਲ ਨਾਲ ਮੁਲਾਕਾਤ ਲਈ ਸਮਾਂ ਮੰਗਿਆ ਗਿਆ ਹੈ ਤੇ ਜਲਦੀ ਹੀ ਸੂਬਾ ਪੱਧਰੀ ਮੀਟਿੰਗ ਕਰਕੇ ਅਗਲਾ ਪ੍ਰੋਗਰਾਮ ਉਲੀਕਿਆ ਜਾਵੇਗਾ। ਇਸੇ ਦੌਰਾਨ ਪਿੰਡ ਧਨਾਨਸੂ 'ਚ ਰੱਖੀ ਮੈਗਾ ਰੈਲੀ ਦੌਰਾਨ ਹਰੇਕ ਵਿਧਾਇਕ ਨੂੰ ਰੈਲੀ ਤੱਕ ਵਰਕਰ ਲਿਆਉਣ ਲਈ ਦਿੱਤੀਆਂ 80-80 ਬੱਸਾਂ ਸਵੇਰੇ ਹੀ ਵੱਖ-ਵੱਖ ਇਲਾਕਿਆਂ ਵੱਲ ਤੋਰ ਦਿੱਤੀਆਂ ਗਈਆਂ ਤੇ ਦੂਜੇ ਪਾਸੇ ਬੱਸਾਂ ਦੀ ਉਡੀਕ 'ਚ ਸ਼ਹਿਰ ਦੇ ਚੌਰਾਹਿਆਂ 'ਤੇ ਖੜ੍ਹੀਆਂ ਸਵਾਰੀਆਂ ਸਾਰਾ ਦਿਨ ਖੱਜਲ ਖੁਆਰ ਹੁੰਦੀਆਂ ਰਹੀਆਂ।

## ਦਿੱਲੀ ਮੋਰਚੇ ਨਾਲ ਸਬੰਧਿਤ ਮੰਗਾਂ 'ਤੇ ਕੇਂਦਰ ਖਿਲਾਫ ਲਾਮਬੰਦੀ ਤਿੱਖੀ ਹੋਈ

**ਸੰਗਰੂਰ:** ਕਿਸਾਨ ਜਥੇਬੰਦੀਆਂ ਨੇ ਦਿੱਲੀ ਮੋਰਚੇ ਨਾਲ ਸਬੰਧਤ ਮੰਗਾਂ 'ਤੇ ਕੇਂਦਰ ਖ਼ਿਲਾਫ਼ ਲਾਮਬੰਦੀ ਸ਼ੁਰੂ ਕਰ ਦਿੱਤੀ ਹੈ। ਭਾਰਤੀ ਕਿਸਾਨ ਯੂਨੀਅਨ ਏਕਤਾ (ਆਜ਼ਾਦ) ਦੀ ਸੂਬਾ ਕਮੇਟੀ ਦੀ ਮੀਟਿੰਗ ਸੂਬਾਈ ਆਗੂ ਦਿਲਬਾਗ ਸਿੰਘ ਹਰੀਗੜ੍ਹ ਦੀ ਅਗਵਾਈ ਹੇਠ ਸਥਾਨਕ ਗੁਰਦੁਆਰਾ ਨਾਨਕਿਆਣਾ ਸਾਹਿਬ ਵਿਖੇ ਹੋਈ। ਇਸ ਵਿਚ ਸੂਬਾ ਆਗੂ ਜਸਵਿੰਦਰ ਸਿੰਘ ਲੌਂਗੋਵਾਲ ਅਤੇ ਮਨਜੀਤ ਸਿੰਘ ਨਿਆਲ ਤੋਂ ਇਲਾਵਾ ਵੱਖ-ਵੱਖ ਜ਼ਿਲ੍ਹਿਆਂ ਦੇ ਆਗੂਆਂ ਨੇ ਸ਼ਮੂਲੀਅਤ ਕੀਤੀ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਜਸਵਿੰਦਰ ਸਿੰਘ ਲੌਂਗੋਵਾਲ ਅਤੇ ਮਨਜੀਤ ਸਿੰਘ ਨਿਆਲ ਨੇ ਕਿਹਾ ਕਿ ਉੱਤਰੀ ਭਾਰਤ ਦੀਆਂ 18 ਸੰਘਰਸ਼ਸ਼ੀਲ ਜਥੇਬੰਦੀਆਂ ਅਤੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਕਿਸਾਨੀ ਮੰਗਾਂ ਨੂੰ ਲੈ ਕੇ ਆਉਣ ਵਾਲੇ ਦਿਨਾਂ ਵਿਚ ਪੰਜਾਬ ਅੰਦਰ ਵੱਡੇ ਇਕੱਠ ਕਰਕੇ ਦਿੱਲੀ ਮੋਰਚੇ ਨਾਲ ਸਬੰਧਤ ਮੰਗਾਂ ਤੇ ਕੇਂਦਰ ਸਰਕਾਰ ਖ਼ਿਲਾਫ਼ ਸੰਘਰਸ਼ ਸ਼ੁਰੂ ਕੀਤਾ ਜਾਵੇਗਾ। ਇਸ ਦੀ ਤਿਆਰੀ ਵਜੋਂ ਪਿੰਡ-ਪਿੰਡ ਮੀਟਿੰਗਾਂ ਤੇ ਰੈਲੀਆਂ ਦੀ ਸ਼ੁਰੂਆਤ ਕਰਕੇ ਕਿਸਾਨਾਂ ਨੂੰ ਲਾਮਬੰਦ ਕੀਤਾ ਜਾਵੇਗਾ।



ਕਿਸਾਨ ਆਗੂਆਂ ਨੇ ਕਿਹਾ ਕੇਂਦਰ ਸਰਕਾਰ ਕਾਰਪੋਰੇਟ ਘਰਾਣਿਆਂ ਦੀ ਪਿੱਠ 'ਤੇ ਖੜ੍ਹੀ ਹੈ। ਵਿਕਾਸ ਦੇ ਨਾਂ 'ਤੇ ਰਿਆਇਤਾਂ ਦੇ ਕੇ ਕਾਰਪੋਰੇਟ ਜਗਤ ਦੇ ਹਿੱਤ ਸੁਰੱਖਿਅਤ ਕਰ ਰਹੀ ਹੈ। ਖੇਤੀ ਸੈਕਟਰ ਨਾਲ ਵੱਡੀ ਪੱਧਰ 'ਤੇ ਵਿਤਕਰੇਬਾਜ਼ੀ ਕੀਤੀ ਜਾ ਰਹੀ ਹੈ। ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਕੇਂਦਰ ਸਰਕਾਰ ਸਾਰੀਆਂ ਫਸਲਾਂ 'ਤੇ ਐਮ.ਐਸ.ਪੀ. ਤੈਅ ਕਰਕੇ ਖਰੀਦ ਦੀ ਗਾਰੰਟੀ ਦਾ ਕਾਨੂੰਨ ਬਣਾਵੇ, ਕਿਸਾਨਾਂ-ਮਜ਼ਦੂਰਾਂ ਦੇ ਸਮੁੱਚੇ ਕਰਜ਼ੇ ਖਤਮ ਕਰੇ, 60 ਸਾਲ ਤੋਂ ਉੱਪਰ ਦੇ ਕਿਸਾਨਾਂ ਨੂੰ 10 ਹਜ਼ਾਰ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦੇਣਾ ਯਕੀਨੀ ਬਣਾਏ, ਲਖੀਮਪੁਰ ਖੀਰੀ ਦੇ ਕਾਤਲਾਂ ਨੂੰ ਸਜਾਵਾਂ ਦਿੱਤੀਆਂ ਜਾਣ, ਸ਼ਹੀਦ ਕਿਸਾਨਾਂ ਦੇ ਪਰਿਵਾਰਾਂ ਨੂੰ ਨੌਕਰੀਆਂ ਅਤੇ ਮੁਆਵਜ਼ਾ ਦੇਣ ਦਾ ਵਾਅਦਾ ਪੂਰਾ ਕੀਤਾ ਜਾਵੇ, ਸੁਆਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕੀਤੀਆਂ ਜਾਣ।

# ਕੁਦਰਤੀ ਕਹਿਰ ਦੇ ਬਾਵਜੂਦ ਝੋਨੇ ਦੀ ਖਰੀਦ ਨੇ ਰਿਕਾਰਡ ਤੋੜੇ

**ਚੰਡੀਗੜ੍ਹ:** ਪੰਜਾਬ ਵਿਚ ਝੋਨੇ ਦੀ ਸਰਕਾਰੀ ਖਰੀਦ ਖਤਮ ਹੋ ਗਈ ਹੈ ਅਤੇ ਸੂਬੇ ਦੇ ਖਰੀਦ ਕੇਂਦਰਾਂ ਵਿਚ 185.88 ਲੱਖ ਮੀਟਰਿਕ ਟਨ ਫਸਲ ਖਰੀਦ ਹੋਈ ਹੈ ਜਿਸ 'ਚੋਂ 60 ਹਜ਼ਾਰ ਮੀਟਰਿਕ ਟਨ ਫਸਲ ਵਪਾਰੀਆਂ ਨੇ ਖਰੀਦੀ ਹੈ। ਐਤਕੀਂ ਫਸਲੀ ਖਰੀਦ ਨੇ ਪਿਛਲੇ ਸਾਲ ਦਾ ਰਿਕਾਰਡ ਤੋੜ ਦਿੱਤਾ ਹੈ। ਕੇਂਦਰੀ ਖੁਰਾਕ ਮੰਤਰਾਲੇ ਨੇ ਪੰਜਾਬ ਨੂੰ ਸਰਕਾਰੀ ਖਰੀਦ ਲਈ ਹਫਤੇ ਦੀ ਮੋਹਲਤ ਦਿੱਤੀ ਸੀ। ਪਹਿਲੀ ਅਕਤੂਬਰ ਤੋਂ ਸੂਬੇ ਵਿਚ ਝੋਨੇ ਦੀ ਖਰੀਦ ਸ਼ੁਰੂ ਹੋਈ ਸੀ।

ਪੰਜਾਬ ਨੂੰ ਇਸ ਵਾਰ ਹੜ੍ਹਾਂ ਕਾਰਨ ਕਾਫੀ ਪਰੇਸ਼ਾਨੀਆਂ ਵੀ ਝੱਲਣੀਆਂ ਪਈਆਂ ਸਨ ਅਤੇ ਕਈ ਜ਼ਿਲ੍ਹਿਆਂ ਵਿਚ ਕਿਸਾਨਾਂ ਨੂੰ ਝੋਨੇ ਦੀ ਦੁਬਾਰਾ ਲੁਆਈ ਕਰਨੀ ਪਈ ਸੀ। ਕੁਦਰਤੀ ਆਫਤਾਂ ਦੀ ਚੁਣੌਤੀ ਨੂੰ ਪਾਰ ਕਰਦਿਆਂ ਝੋਨੇ ਦੀ ਫਸਲ ਮਿੱਥੇ 182 ਲੱਖ ਮੀਟਰਿਕ ਟਨ ਦੇ ਟੀਚੇ ਨੂੰ ਪਾਰ ਕਰ ਗਈ ਹੈ। ਪਿਛਲੇ ਦਿਨਾਂ ਵਿਚ ਰੋਜ਼ਾਨਾ ਇਕ ਲੱਖ ਮੀਟਰਿਕ ਟਨ ਦੀ ਆਮਦ ਹੀ ਰਹਿ ਗਈ ਸੀ। ਚੇਤੇ ਰਹੇ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਹੜ੍ਹਾਂ ਦੇ ਹਵਾਲੇ ਨਾਲ ਕੇਂਦਰ ਸਰਕਾਰ ਨੂੰ ਸੂਬੇ ਵਿਚ



ਸਰਕਾਰੀ ਖਰੀਦ ਇਕ ਹਫਤੇ ਲਈ ਵਧਾਉਣ ਵਾਸਤੇ ਕਿਹਾ ਸੀ।

ਝੋਨੇ ਦੀ ਸਰਕਾਰੀ ਖਰੀਦ ਦਾ ਸੀਜ਼ਨ ਇਸ ਵਾਰ ਸਵਾ ਦੋ ਮਹੀਨੇ ਚੱਲਿਆ ਹੈ। ਪੰਜਾਬ ਸਰਕਾਰ ਵੱਲੋਂ ਹੁਣ ਤੱਕ 39,911 ਕਰੋੜ ਰੁਪਏ ਦੀ ਰਾਸ਼ੀ ਕਿਸਾਨਾਂ ਨੂੰ ਜਾਰੀ ਕੀਤੀ ਜਾ ਚੁੱਕੀ ਹੈ ਜਦਕਿ 40,653 ਕਰੋੜ ਦੇ ਬਿਲ ਜਮ੍ਹਾਂ ਹੋਏ ਹਨ। ਖੁਰਾਕ ਤੇ ਸਪਲਾਈ ਵਿਭਾਗ ਦੇ ਸੀਨੀਅਰ ਅਧਿਕਾਰੀ ਗੁਰਕੀਰਤ ਕਿਰਪਾਲ ਸਿੰਘ ਨੇ ਕਿਹਾ ਕਿ ਫਸਲ ਇਸ ਵਾਰ ਬੰਪਰ ਹੋਈ ਹੈ ਅਤੇ ਝਾੜ ਵੀ ਕਾਫੀ ਵਧਿਆ ਹੈ ਜਿਸ ਦੀ ਸਮੁੱਚੀ ਖਰੀਦ ਦਾ ਕੰਮ ਮੁਕੰਮਲ ਹੋ ਗਿਆ ਹੈ। ਸੂਬੇ ਨੂੰ ਇਸ ਵਾਰ ਦੋ ਦਫ਼ਾ ਹੜ੍ਹਾਂ ਦੀ ਮਾਰ ਝੱਲਣੀ ਪਈ ਪ੍ਰੰਤੂ ਕਿਸਾਨਾਂ ਨੇ ਹਿੰਮਤ ਨਹੀਂ ਹਾਰੀ। ਇਸ ਵਾਰ ਝੋਨੇ ਦਾ ਝਾੜ ਵੀ ਔਸਤਨ 75 ਕੁਇੰਟਲ ਪ੍ਰਤੀ ਹੈਕਟੇਅਰ ਦਾ ਰਿਹਾ ਹੈ ਜਦਕਿ ਪਿਛਲੇ ਸਾਲ ਇਹੋ ਝਾੜ 68.17 ਕੁਇੰਟਲ ਪ੍ਰਤੀ ਹੈਕਟੇਅਰ ਦਾ ਸੀ। ਬੰਪਰ ਫਸਲ ਕਾਰਨ ਸਰਕਾਰੀ ਖਜ਼ਾਨੇ ਨੂੰ ਵੀ ਟੈਕਸਾਂ ਦੇ ਰੂਪ ਵਿਚ ਵੱਧ ਆਮਦਨੀ ਹੋਣ ਦੀ ਆਸ ਹੈ। ਭਾਰਤੀ ਖੁਰਾਕ ਨਿਗਮ ਨੇ ਤਾਂ ਇਸ ਵਾਰ ਪੰਜਾਬ ਚੋਂ ਨਾਮਾਤਰ ਫਸਲ ਹੀ ਖਰੀਦ ਕੀਤੀ ਹੈ।

ਪੰਜਾਬ ਵਿਚ ਅਨਾਜ ਭੰਡਾਰਨ ਦੀ 167.37 ਲੱਖ ਮੀਟਰਿਕ ਟਨ ਦੀ ਜਗ੍ਹਾ ਹੈ ਜਿਸ 'ਚ ਕਵਰਡ ਸਟੋਰੇਜ ਵੀ ਸ਼ਾਮਲ ਹੈ। ਫਸਲ 185.88 ਲੱਖ ਮੀਟਰਿਕ ਟਨ ਖਰੀਦ ਹੋ ਚੁੱਕੀ ਹੈ ਜਿਸ ਕਰਕੇ ਭੰਡਾਰਨ ਲਈ ਭਾਰਤੀ ਖੁਰਾਕ ਨਿਗਮ ਨੂੰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਖੁਰਾਕ ਨਿਗਮ ਦੇ ਅਧਿਕਾਰੀ ਆਖਦੇ ਹਨ ਕਿ ਜਨਵਰੀ ਮਹੀਨੇ ਤੱਕ ਜਦੋਂ ਚੌਲ ਦਾ ਭੰਡਾਰਨ ਕੀਤਾ ਜਾਣਾ ਹੈ, ਉਸ ਸਮੇਂ ਤੱਕ ਭੰਡਾਰਨ ਦੀ ਕੋਈ ਸਮੱਸਿਆ ਨਹੀਂ ਰਹਿਣੀ ਕਿਉਂਕਿ ਪੰਜਾਬ ਚੋਂ ਲਗਾਤਾਰ ਅਨਾਜ ਦੀ ਮੂਵਮੈਂਟ ਵੀ ਹੋ ਰਹੀ ਹੈ।

## ਮਸ਼ੀਨਰੀ ਲਾਪਤਾ ਹੋਣ ਦੀ ਜਾਂਚ ਕੇਂਦਰੀ ਏਜੰਸੀ ਕਰੇ: ਚੰਦੂਮਾਜਰਾ

**ਚੰਡੀਗੜ੍ਹ:** ਪਰਾਲੀ ਸਾੜਨ ਤੋਂ ਰੋਕਣ ਲਈ ਕੇਂਦਰ ਸਰਕਾਰ ਵੱਲੋਂ ਪੰਜਾਬ ਸਰਕਾਰ ਨੂੰ ਭੇਜੀਆਂ 11 ਹਜ਼ਾਰ ਮਸ਼ੀਨਾਂ ਕਿੱਥੇ ਲਾਪਤਾ ਹੋ ਗਈਆਂ, ਕਿਉਂਕਿ ਇਹ ਮਸ਼ੀਨਾਂ ਭਗਵੰਤ ਮਾਨ ਸਰਕਾਰ ਵੱਲੋਂ ਪੰਜਾਬ ਦੇ ਕਿਸਾਨਾਂ ਨੂੰ ਉਪਲਬਧ ਹੀ ਨਹੀਂ ਕਰਵਾਈਆਂ ਗਈਆਂ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਲੀਡਰ ਅਤੇ ਸਾਬਕਾ ਸੰਸਦ ਮੈਂਬਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਕੀਤਾ। ਚੰਦੂਮਾਜਰਾ ਨੇ ਮੰਗ ਕੀਤੀ ਕਿ 150 ਕਰੋੜ ਤੋਂ ਵੱਧ ਦੇ ਇਸ ਸਕੈਂਡਲ ਦੀ ਕੇਂਦਰੀ ਏਜੰਸੀ ਤੋਂ ਜਾਂਚ ਕਰਵਾਈ ਜਾਣੀ ਚਾਹੀਦੀ ਹੈ। ਸੂਬੇ ਅੰਦਰ ਅਮਨ ਤੇ ਕਾਨੂੰਨ ਵਿਵਸਥਾ ਦੀ ਹਾਲਤ ਤੇ ਬੋਲਦਿਆਂ ਚੰਦੂਮਾਜਰਾ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੇਲੇ ਦਾ ਖੁਸ਼ਹਾਲ ਪੰਜਾਬ ਅੱਜ ਲੁੱਟਿਆ ਹੋਇਆ ਮਹਿਸੂਸ ਕਰ ਰਿਹਾ ਹੈ। ਉਨ੍ਹਾਂ ਕਿਹਾ ਪੰਜਾਬ ਦੀ ਭਗਵੰਤ ਮਾਨ ਸਰਕਾਰ ਬਿਲਕੁਲ ਫੇਲ੍ਹ ਸਾਬਤ ਹੋਈ ਹੈ।

## ਨਦੀਆਂ ਜੋੜਨ ਦਾ ਵਾਜਪਾਈ ਦਾ ਸੁਫਨਾ ਪੂਰਾ ਕਰਾਂਗੇ: ਸ਼ੇਖਾਵਤ

**ਨਵੀਂ ਦਿੱਲੀ:** ਕੇਂਦਰੀ ਜਲ ਊਰਜਾ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੇ ਕਿਹਾ ਕਿ ਕੇਂਦਰ ਸਰਕਾਰ ਰਾਜਾਂ ਵਿਚਾਲੇ ਆਪਸੀ ਸਮਝੌਤਿਆਂ ਦੇ ਆਧਾਰ ਉਤੇ ਨਦੀਆਂ ਨੂੰ ਆਪਸ ਵਿਚ ਜੋੜਨ ਦੇ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੇ ਵਿਚਾਰ ਨੂੰ ਪੂਰਾ ਕਰਨ ਲਈ ਵਚਨਬੱਧ ਹੈ। ਉਨ੍ਹਾਂ ਲੋਕ ਸਭਾ ਵਿਚ ਪ੍ਰਸ਼ਨ ਕਾਲ ਵਿਚ ਇਹ ਵੀ ਕਿਹਾ ਕਿ ਜੇ ਸਾਰੇ ਸੂਬੇ ਸਹਿਮਤ ਹੋਣ ਅਤੇ ਦਰਿਆਵਾਂ ਨਾਲ ਸਬੰਧਤ ਸਾਰੇ ਲਿੰਕ ਜੁੜ ਜਾਣ ਤਾਂ ਸਦੀਆਂ ਲਈ ਜਲ ਸਰੋਤਾਂ ਦੀ ਕਮੀ ਦੀ ਚੁਣੌਤੀ ਨਾਲ ਨਜਿੱਠਿਆ ਜਾ ਸਕਦਾ ਹੈ। ਭਾਜਪਾ ਸੰਸਦ ਮੈਂਬਰ ਹੇਮਾ ਮਾਲਿਨੀ ਦੇ ਸਵਾਲ ਦਾ ਜਵਾਬ ਦਿੰਦੇ ਹੋਏ ਮੰਤਰੀ ਨੇ ਕਿਹਾ ਕਿ ਦੇਸ ਵਿਚ ਨਦੀਆਂ ਨੂੰ ਆਪਸ ਵਿਚ ਜੋੜਨ ਦੇ ਸਬੰਧ ਵਿਚ ਪੰਜ ਤਰਜੀਹੀ ਪ੍ਰੋਜੈਕਟਾਂ ਦੀ ਪਛਾਣ ਕੀਤੀ ਗਈ ਹੈ, ਜਿਸ ਵਿਚ ਉੱਤਰ ਪ੍ਰਦੇਸ ਅਤੇ ਮੱਧ ਪ੍ਰਦੇਸ ਦਰਮਿਆਨ ਸਮਝੌਤਾ ਹੋਇਆ ਹੈ ਅਤੇ ਪੜਾਅ-1 ਪੂਰਾ ਹੋ ਗਿਆ ਹੈ। ਅਤੇ ਪੜਾਅ-2 ਲਈ ਮਨਜ਼ੂਰੀ ਮਿਲਣ ਤੋਂ ਬਾਅਦ ਇਸ ਨੂੰ ਅੱਗੇ ਵਧਾਇਆ ਜਾ ਰਿਹਾ ਹੈ। ਕੇਂਦਰੀ ਮੰਤਰੀ ਨੇ ਕਿਹਾ ਕਿ ਇਸੇ ਤਰ੍ਹਾਂ ਮੱਧ ਪ੍ਰਦੇਸ ਅਤੇ ਰਾਜਸਥਾਨ ਨੂੰ ਵੀ ਅਜਿਹੇ 'ਲਿੰਕ' ਪ੍ਰੋਜੈਕਟ 'ਤੇ ਸਹਿਮਤੀ ਬਣਾਉਣ ਲਈ ਬੇਨਤੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ 2014 ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਬਣਨ ਤੋਂ ਬਾਅਦ ਦੇਸ ਵਿਚ 31 ਅਜਿਹੇ 'ਲਿੰਕ' ਦੀ ਸ਼ਨਾਖਤ ਕੀਤੀ ਗਈ ਸੀ, ਜਿੱਥੇ ਪਾਣੀ ਦੀ ਬਹੁਤਾਤ ਹੈ ਅਤੇ ਜਿੱਥੋਂ ਘਾਟ ਵਾਲੇ ਇਲਾਕਿਆਂ ਵਿਚ ਪਾਣੀ ਪਹੁੰਚਾਇਆ ਜਾ ਸਕਦਾ ਹੈ।

# ਪੰਜਾਬ ਸਰਕਾਰ ਸੂਬੇ 'ਚ ਸੌ ਹੋਰ ਆਮ ਆਦਮੀ ਕਲੀਨਿਕ ਖੋਲ੍ਹੇਗੀ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸੂਬੇ ਵਿਚ ਛੇਤੀ ਹੀ 100 ਹੋਰ ਆਮ ਆਦਮੀ ਕਲੀਨਿਕ ਖੋਲ੍ਹੇ ਜਾਣਗੇ। ਇਸ ਗੱਲ ਦਾ ਪ੍ਰਗਟਾਵਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਕੰਮਕਾਜ ਦਾ ਜਾਇਜ਼ਾ ਲੈਣ ਲਈ ਸੱਦੀ ਮੀਟਿੰਗ ਵਿੱਚ ਕੀਤਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ 'ਚ ਹੁਣ ਤੱਕ 664 ਆਮ ਆਦਮੀ ਕਲੀਨਿਕ ਚੱਲ ਰਹੇ ਹਨ, ਜਿਥੇ 84 ਜ਼ਰੂਰੀ ਦਵਾਈਆਂ ਅਤੇ 40 ਤੋਂ ਵੱਧ ਟੈਸਟਾਂ ਦੀ ਸਹੂਲਤ ਮੁਫਤ ਮੁਹੱਈਆ ਕਰਵਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਆਉਂਦੇ ਦਿਨਾਂ ਵਿਚ 100 ਹੋਰ ਕਲੀਨਿਕ ਲੋਕਾਂ ਨੂੰ ਸਮਰਪਿਤ ਕੀਤੇ ਜਾਣਗੇ ਜਿਸ ਨਾਲ ਹਰੇਕ ਪੰਜਾਬੀ ਨੂੰ ਆਪਣੇ ਘਰ ਦੇ ਨਜ਼ਦੀਕ ਵਧੀਆ ਸਿਹਤ ਸਹੂਲਤਾਂ ਮਿਲ ਸਕਣਗੀਆਂ। ਉਨ੍ਹਾਂ ਕਿਹਾ ਕਿ ਆਮ ਆਦਮੀ ਕਲੀਨਿਕ ਸੂਬੇ ਵਿਚ ਸਿਹਤ ਸੰਭਾਲ ਢਾਂਚੇ ਨੂੰ ਮਜ਼ਬੂਤ ਕਰਨ ਵਿਚ ਵਰਦਾਨ ਸਾਬਤ ਹੋ ਰਹੇ ਹਨ। ਇਨ੍ਹਾਂ ਕਲੀਨਿਕਾਂ ਵਿੱਚ ਹੁਣ ਤੱਕ 80 ਲੱਖ ਤੋਂ ਵੱਧ ਲੋਕ ਇਲਾਜ ਕਰਵਾ ਚੁੱਕੇ ਹਨ। ਇਨ੍ਹਾਂ ਕਲੀਨਿਕਾਂ ਨੇ ਸਿਹਤ ਖੇਤਰ ਵਿਚ ਕ੍ਰਾਂਤੀਕਾਰੀ ਤਬਦੀਲੀ ਲਿਆਂਦੀ ਹੈ ਜਿਸ ਨਾਲ ਆਮ ਆਦਮੀ ਨੂੰ ਬਹੁਤ ਫਾਇਦਾ ਹੋਇਆ ਹੈ।

ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਅਧਿਕਾਰੀਆਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਸੂਬੇ ਵਿਚ ਨਵੇਂ ਬਣ ਰਹੇ ਮੈਡੀਕਲ ਕਾਲਜਾਂ ਨੂੰ ਚਾਲੂ ਕਰਨ ਲਈ ਪ੍ਰਕਿਰਿਆ ਵਿਚ ਤੇਜ਼ੀ ਲਿਆਉਣ ਦੇ ਆਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਆਜ਼ਾਦੀ ਦੇ 75 ਸਾਲਾਂ ਬਾਅਦ ਸੂਬੇ ਵਿਚ ਸਿਰਫ ਤਿੰਨ ਮੈਡੀਕਲ ਕਾਲਜ ਖੁੱਲ੍ਹੇ ਹਨ। ਹੁਣ ਆਉਂਦੇ




ਇਕ ਸਾਲ ਵਿਚ ਸੂਬੇ ਵਿਚ ਪੰਜ ਹੋਰ ਮੈਡੀਕਲ ਕਾਲਜ ਖੋਲ੍ਹੇ ਜਾਣਗੇ।

ਮੁੱਖ ਮੰਤਰੀ ਨੇ ਕਿਹਾ ਕਿ 'ਆਪ' ਸਰਕਾਰ ਸੂਬੇ ਦੇ ਹਰੇਕ ਜ਼ਿਲ੍ਹੇ ਵਿਚ ਇਕ-ਇਕ ਮੈਡੀਕਲ ਕਾਲਜ ਖੋਲ੍ਹਣ ਲਈ ਕੰਮ ਕਰ ਰਹੀ ਹੈ ਅਤੇ ਇਸ ਕੰਮ ਨੂੰ ਇਕ ਸਾਲ ਵਿਚ ਪੂਰਾ ਕੀਤਾ ਜਾਵੇਗਾ। ਇਸ ਨਾਲ ਸੂਬੇ ਦੇ ਵਿਦਿਆਰਥੀਆਂ ਨੂੰ ਮਿਆਰੀ ਇਲਾਜ ਅਤੇ ਡਾਕਟਰੀ ਸਿੱਖਿਆ ਪ੍ਰਦਾਨ ਕਰਨ ਵਿਚ ਮਦਦ ਮਿਲੇਗੀ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਦੇਸ਼ ਵਿਚ ਮੈਡੀਕਲ ਸਿੱਖਿਆ ਦਾ ਧੁਰਾ ਬਣਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਕਿਹਾ ਕਿ ਲੋਕਾਂ ਨੂੰ ਹਰ ਤਰ੍ਹਾਂ ਨਾਲ ਮਿਆਰੀ ਸਿਹਤ ਸੇਵਾਵਾਂ ਮੁਹੱਈਆ ਕਰਵਾਉਣਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਸਿਹਤ ਖੇਤਰ ਸੂਬਾ ਸਰਕਾਰ ਦਾ ਪ੍ਰਮੁੱਖ ਖੇਤਰ ਹੈ ਅਤੇ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

# ਪੰਜਾਬੀ ਦਾ ਮਸਲਾ: ਕੇਂਦਰੀ ਸਿੰਘ ਸਭਾ ਅਕਾਲੀ ਦਲ 'ਤੇ ਵਰ੍ਹੀ

**ਚੰਡੀਗੜ੍ਹ:** ਕੇਂਦਰੀ ਸਿੰਘ ਸਭਾ ਨੇ ਦੋਸ਼ ਲਾਇਆ ਹੈ ਕਿ ਅਕਾਲੀ ਦਲ 1966 ਵਿਚ ਬੋਲੀ ਆਧਾਰਿਤ ਪੰਜਾਬੀ ਸੂਬਾ ਬਣਾਉਣ ਵਿਚ ਸਫਲ ਹੋ ਗਿਆ ਸੀ ਪਰ ਸੂਬੇ ਅੰਦਰ ਪਾਰਟੀ ਦੀ ਅਗਵਾਈ ਵਿਚ ਪੰਜ ਵਾਰ ਬਣੀ ਸਰਕਾਰ ਨੇ ਪੰਜਾਬ ਰਾਜ ਭਾਸ਼ਾ ਐਕਟ, 1967 ਨੂੰ ਲਾਗੂ ਨਹੀਂ ਕੀਤਾ ਜਿਸ ਕਰ ਕੇ ਹਿੰਦੀ ਪੰਜਾਬ ਵਿਚ ਸਿਰਫ ਪ੍ਰਫੁੱਲਿਤ ਹੀ ਨਹੀਂ ਹੋਈ ਬਲਕਿ ਇਸੇ ਨੂੰ ਦੋ-ਭਾਸ਼ੀ ਸੂਬਾ ਬਣਨ ਦੇ ਰਾਹ ਪਾ ਦਿੱਤਾ।

ਸਭਾ ਦੇ ਨੁਮਾਇੰਦਿਆਂ ਪ੍ਰੋ. ਸ਼ਾਮ ਸਿੰਘ, ਜਸਪਾਲ ਸਿੰਘ ਸਿੱਧੂ, ਰਾਜਵਿੰਦਰ ਸਿੰਘ ਰਾਹੀ, ਮਾਲਵਿੰਦਰ ਸਿੰਘ ਮਾਲੀ, ਗੁਰਸ਼ਮਸ਼ੀਰ ਸਿੰਘ ਵੜੈਚ, ਗੁਰਪ੍ਰੀਤ ਸਿੰਘ, ਸੁਰਿੰਦਰ ਸਿੰਘ ਕਿਸ਼ਨਪੁਰਾ ਅਤੇ ਖੁਸ਼ਹਾਲ ਸਿੰਘ ਆਦਿ ਨੇ ਕਿਹਾ ਕਿ ਸਿਆਸੀ ਅਤੇ ਵੋਟ-ਬੈਂਕ ਦੀ ਗਿਣਤੀ-ਮਿਣਤੀ ਕਰ ਕੇ ਅਕਾਲੀ ਸਰਕਾਰਾਂ ਨੇ ਜਾਣ-ਬੁੱਝ ਕੇ ਪੰਜਾਬੀ ਭਾਸ਼ਾ ਐਕਟ ਪ੍ਰਤੀ ਉਦਾਸੀਨਤਾ ਦਿਖਾਈ ਅਤੇ ਇਥੋਂ ਤੱਕ ਕਿ ਪੰਜਾਬੀ ਭਾਸ਼ਾ ਵਿਭਾਗ ਨੂੰ ਫੰਡ ਦੇਣੇ ਬੰਦ ਕਰ ਕੇ ਖ਼ਤਮ ਹੀ ਕਰ ਦਿੱਤਾ। ਅਕਾਲੀ ਸਰਕਾਰ ਸਮੇਂ ਭਾਸ਼ਾ ਐਕਟ ਵਿਚ 2008 ਵਿਚ ਤਰਮੀਮ ਕਰ ਕੇ ਪੰਜਾਬੀ ਨੂੰ ਸਕੂਲਾਂ ਵਿਚ ਪੜ੍ਹਾਉਣਾ ਲਾਜ਼ਮੀ ਕਰ ਦਿੱਤਾ ਗਿਆ ਪਰ ਬਾਦਲ ਸਰਕਾਰ ਨੇ ਤਰਮੀਮ ਕੀਤੇ ਐਕਟ ਲਾਗੂ ਕਰਨ ਲਈ ਨੋਟੀਫਿਕੇਸ਼ਨ ਵੀ ਜਾਰੀ ਨਹੀਂ ਕੀਤਾ।

# ਪੰਜਾਬ ਵਿਚ ਹੁਣ ਕੇਬਲ ਉਤੇ ਸਰਦਾਰੀ ਲਈ ਜੰਗ ਸ਼ੁਰੂ ਹੋਈ

**ਚੰਡੀਗੜ੍ਹ:** ਪੰਜਾਬ ਵਿਚ ਕੇਬਲ ਉਤੇ ਏਕਾਧਿਕਾਰ ਲਈ ਜੰਗ ਸ਼ੁਰੂ ਹੋ ਗਈ ਹੈ। ਇਸ ਮਾਮਲੇ ਸਬੰਧੀ ਸੂਬੇ ਵਿਚ ਪਿਛਲੇ ਕੁਝ ਹਫਤਿਆਂ ਵਿਚ ਇਕ-ਦੂਜੇ ਖਿਲਾਫ਼ 15 ਐਫ.ਆਈ.ਆਰਜ਼. ਦਰਜ ਹੋਈਆਂ ਹਨ। ਵਿਰੋਧੀ ਧਿਰਾਂ ਨੇ ਦੋਸ਼ ਲਾਇਆ ਹੈ ਕਿ ਇਹ ਕੇਸ ਸੱਤਾਧਾਰੀਆਂ ਵੱਲੋਂ ਮੀਡੀਆ 'ਤੇ ਕਬਜ਼ਾ ਕਰਨ ਦੇ ਯਤਨਾਂ ਤਹਿਤ ਦਰਜ ਕੀਤੇ ਗਏ ਹਨ ਕਿਉਂਕਿ ਸਰਕਾਰ ਚਾਹੁੰਦੀ ਹੈ ਕਿ ਸੂਬੇ ਵਿਚ ਸਿਰਫ ਸਰਕਾਰ ਪੱਖੀ ਮੀਡੀਆ ਚੈਨਲ ਹੀ ਕੰਮ ਕਰਨ। ਮਿਲੀ ਜਾਣਕਾਰੀ ਅਨੁਸਾਰ ਫਾਸਟਵੇਅ ਟਰਾਂਸਮਿਸ਼ਨ ਪ੍ਰਾਈਵੇਟ ਲਿਮਿਟਡ ਖ਼ਿਲਾਫ਼ ਨੌਂ ਕੇਸ ਦਰਜ ਕੀਤੇ ਗਏ ਹਨ ਜਦਕਿ ਵਿਰੋਧੀ ਧਿਰ ਦੇ ਕੇਬਲ ਅਪਰੇਟਰਾਂ ਖ਼ਿਲਾਫ਼ ਛੇ ਕੇਸ ਦਰਜ ਕੀਤੇ ਗਏ ਹਨ। ਇਹ ਕੇਸ ਚੋਰੀ, ਤਾਰਾਂ ਕੱਟਣ ਤੇ ਬਕਸੇ ਚੋਰੀ ਕਰਨ ਦੇ ਦੋਸ਼ ਹੇਠ ਦਰਜ ਕੀਤੇ ਗਏ ਹਨ।

ਦਿਲਚਸਪ ਗੱਲ ਇਹ ਹੈ ਕਿ ਫਾਸਟਵੇਅ ਅਪਰੇਟਰਾਂ 'ਤੇ ਅਕਾਲੀ-ਭਾਜਪਾ ਸਰਕਾਰ ਵੇਲੇ 2007 ਤੋਂ 2017 ਤੱਕ ਅਜਿਹੇ ਹੀ ਦੋਸ਼ ਲੱਗੇ ਸਨ। ਇਸ ਮਾਮਲੇ ਸਬੰਧੀ ਅੰਮ੍ਰਿਤਸਰ ਵਿਚ ਕੇਬਲ ਅਪਰੇਟਰਾਂ ਨੇ ਸੂਬਾ ਪੱਧਰੀ ਰੋਸ



ਪ੍ਰਦਰਸ਼ਨ ਕਰਦਿਆਂ ਦੋਸ਼ ਲਾਇਆ ਕਿ ਪੁਲਿਸ ਕੇਬਲ ਅਪਰੇਟਰਾਂ ਨੂੰ ਤੰਗ-ਪ੍ਰੇਸ਼ਾਨ ਕਰ ਰਹੀ ਹੈ ਅਤੇ ਪੰਜਾਬ ਭਰ ਵਿਚ ਕੇਬਲ ਨੈੱਟਵਰਕ ਦੇ ਸਮੁੱਚੇ ਸਿਸਟਮ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਪਿਛਲੇ ਕੁਝ ਹਫਤਿਆਂ ਵਿਚ ਅੰਮ੍ਰਿਤਸਰ ਵਿੱਚ 10, ਪਟਿਆਲਾ ਵਿਚ ਤਿੰਨ ਅਤੇ ਮੁਹਾਲੀ ਤੇ ਫਤਹਿਗੜ੍ਹ ਸਾਹਿਬ ਵਿਚ ਇਕ-ਇਕ ਐਫ.ਆਈ.ਆਰ. ਦਰਜ ਕੀਤੀ ਗਈ ਹੈ। ਲੁਧਿਆਣਾ ਵਿਚ ਹਾਲੇ ਤੱਕ ਅਜਿਹਾ ਕੋਈ ਮਾਮਲਾ ਸਾਹਮਣੇ ਨਹੀਂ ਆਇਆ ਹੈ।

ਵਿਸ਼ੇਸ਼ ਡੀ.ਜੀ.ਪੀ. (ਲਾਅ ਐਂਡ ਆਰਡਰ) ਅਰਪਿਤ ਸ਼ੁਕਲਾ ਨੇ ਦੱਸਿਆ ਕਿ ਇਨ੍ਹਾਂ ਦੋਸ਼ਾਂ ਵਿਚ ਕੋਈ ਸਚਾਈ ਨਹੀਂ ਹੈ ਕਿ ਪੁਲਿਸ ਕਿਸੇ ਵੀ ਵਿਵਾਦ ਵਿਚ ਪੱਖਪਾਤੀ ਭੂਮਿਕਾ ਨਿਭਾਅ ਰਹੀ ਹੈ। ਜੇਕਰ ਕਿਸੇ ਨੂੰ ਕੋਈ ਸਮੱਸਿਆ ਆਉਂਦੀ ਹੈ ਤਾਂ ਉਹ ਸੀਨੀਅਰ ਅਧਿਕਾਰੀਆਂ ਤੱਕ ਪਹੁੰਚ ਕਰ ਸਕਦੇ ਹਨ। ਉਧਰ, ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਦੱਸਿਆ ਕਿ ਉਨ੍ਹਾਂ ਨੂੰ ਸ਼ਿਕਾਇਤਾਂ ਮਿਲ ਰਹੀਆਂ ਹਨ ਕਿ 'ਆਪ' ਵਿਧਾਇਕ ਪ੍ਰਸ਼ਾਸਨ ਅਤੇ ਪੁਲਿਸ ਦੀ ਸ਼ਰੇਆਮ ਦੁਰਵਰਤੋਂ ਕਰ ਰਹੇ ਹਨ। 'ਆਪ' ਉਹੀ ਕਰ ਰਹੀ ਹੈ ਜੋ ਅਕਾਲੀ ਆਪਣੀ ਸਰਕਾਰ ਵੇਲੇ ਕਰਦੇ ਸਨ। 'ਆਪ' ਇਹ ਤੈਅ ਕਰਨਾ ਚਾਹੁੰਦੀ ਹੈ ਕਿ ਸੂਬਾ ਵਾਸੀਆਂ ਨੂੰ ਕੀ ਦੇਖਣਾ ਜਾਂ ਸੁਣਨਾ ਚਾਹੀਦਾ ਹੈ। ਇਸ ਕਰ ਕੇ ਉਹ ਮੀਡੀਆ ਚੈਨਲਾਂ 'ਤੇ ਕਬਜ਼ਾ ਕਰਨਾ ਚਾਹੁੰਦੇ ਹਨ। ਦੂਜੇ ਪਾਸੇ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ 'ਆਪ' ਸਾਰੇ ਮੀਡੀਆ ਵਿਚ ਆਪਣੀ ਆਵਾਜ਼ ਸੁਣਾਉਣਾ ਚਾਹੁੰਦੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਕੇਬਲ ਕਾਰੋਬਾਰ ਨੂੰ ਕਾਬੂ ਹੇਠ ਕਰਨ ਲਈ ਹਰ ਤਰ੍ਹਾਂ ਦੇ ਹੱਥਕੰਡੇ ਅਪਣਾ ਰਹੀ ਹੈ।

ਉਧਰ, 'ਆਪ' ਦੇ ਮੁੱਖ ਬੁਲਾਰੇ ਮਾਲਵਿੰਦਰ ਸਿੰਘ ਕੰਗ ਨੇ ਕਿਹਾ ਕਿ 'ਆਪ' ਸਰਕਾਰ ਕਿਸੇ ਦੇ ਕਾਰੋਬਾਰ ਵਿਚ ਦਖਲ ਨਹੀਂ ਦਿੰਦੀ ਹੈ। ਉਨ੍ਹਾਂ ਦੀ ਸਰਕਾਰ ਸਾਰੇ ਕਾਰੋਬਾਰੀਆਂ ਨੂੰ ਬਰਾਬਰੀ ਦੇ ਮੌਕੇ ਦਿੰਦੀ ਹੈ ਅਤੇ ਕਿਸੇ ਨੂੰ ਵੀ ਕਾਨੂੰਨ ਦੀ ਉਲੰਘਣਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।

## 'ਆਪ' ਵੀ ਅਕਾਲੀ ਸਰਕਾਰ ਵਾਲੇ ਰਾਹ: ਬਾਜਵਾ

**ਚੰਡੀਗੜ੍ਹ:** ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਦੱਸਿਆ ਕਿ ਉਨ੍ਹਾਂ ਨੂੰ ਸ਼ਿਕਾਇਤਾਂ ਮਿਲ ਰਹੀਆਂ ਹਨ ਕਿ 'ਆਪ' ਵਿਧਾਇਕ ਪ੍ਰਸ਼ਾਸਨ ਅਤੇ ਪੁਲਿਸ ਦੀ ਸ਼ਰੇਆਮ ਦੁਰਵਰਤੋਂ ਕਰ ਰਹੇ ਹਨ। 'ਆਪ' ਉਹੀ ਕਰ ਰਹੀ ਹੈ ਜੋ ਅਕਾਲੀ ਆਪਣੀ ਸਰਕਾਰ ਵੇਲੇ ਕਰਦੇ ਸਨ। 'ਆਪ' ਇਹ ਤੈਅ ਕਰਨਾ ਚਾਹੁੰਦੀ ਹੈ ਕਿ ਸੂਬਾ ਵਾਸੀਆਂ ਨੂੰ ਕੀ ਦੇਖਣਾ ਜਾਂ ਸੁਣਨਾ ਚਾਹੀਦਾ ਹੈ। ਇਸ ਕਰ ਕੇ ਉਹ ਮੀਡੀਆ ਚੈਨਲਾਂ 'ਤੇ ਕਬਜ਼ਾ ਕਰਨਾ ਚਾਹੁੰਦੇ ਹਨ।

# ਕੈਨੇਡਾ ਜਾਣ ਦੀ ਤਿਆਰੀ ਖਿੱਚੀ ਬੈਠੇ ਪਾੜ੍ਹਿਆਂ ਨੂੰ ਵੱਡਾ ਵਿੱਤੀ ਝਟਕਾ

**ਚੰਡੀਗੜ੍ਹ:** ਸਟੱਡੀ ਵੀਜ਼ੇ ਉਤੇ ਕੈਨੇਡਾ ਜਾਣ ਦੇ ਚਾਹਵਾਨ ਵਿਦਿਆਰਥੀਆਂ ਦੇ ਮਾਪਿਆਂ ਦੀ ਜੇਬ 'ਤੇ ਨਵੇਂ ਸਾਲ ਤੋਂ ਵਾਧੂ ਬੋਝ ਪਏਗਾ। ਕੈਨੇਡਾ ਸਰਕਾਰ ਨੇ ਸਟੱਡੀ ਪਰਮਿਟ ਅਰਜ਼ੀਕਾਰਾਂ ਲਈ ਗਾਰੰਟੀਡ ਇਨਵੈਸਟਮੈਂਟ ਸਰਟੀਫਿਕੇਟ (ਜੀ.ਆਈ.ਸੀ.) ਦੀ ਰਾਸ਼ੀ ਪਹਿਲੀ ਜਨਵਰੀ 2024 ਤੋਂ 20,635 ਡਾਲਰ ਪ੍ਰਤੀ ਵਿਦਿਆਰਥੀ ਕਰ ਦਿੱਤੀ ਹੈ ਜਦੋਂ ਕਿ ਪਹਿਲਾਂ ਇਹ ਰਾਸ਼ੀ 10 ਹਜ਼ਾਰ ਡਾਲਰ ਪ੍ਰਤੀ ਵਿਦਿਆਰਥੀ ਸੀ।




ਕੈਨੇਡਾ ਜਾਣ ਲਈ ਪਹਿਲਾਂ ਜਿੱਥੇ ਪ੍ਰਤੀ ਵਿਦਿਆਰਥੀ 15 ਤੋਂ 16 ਲੱਖ ਰੁਪਏ ਦਾ ਖਰਚ ਆਉਂਦਾ ਸੀ, ਉਥੇ ਹੁਣ ਇਹ ਰਾਸ਼ੀ ਵਧ ਕੇ 25 ਤੋਂ 26 ਲੱਖ ਰੁਪਏ ਹੋ ਜਾਵੇਗੀ। ਯੂਨੀਵਰਸਿਟੀ ਆਫ ਨਾਰਦਰਨ ਬ੍ਰਿਟਿਸ਼ ਕੋਲੰਬੀਆ ਦੇ ਅਰਥਸ਼ਾਸਤਰੀ ਅਤੇ ਸਾਬਕਾ ਪ੍ਰੋਫੈਸਰ ਅਮਰਜੀਤ ਭੁੱਲਰ ਨੇ ਦੱਸਿਆ ਕਿ ਕੈਨੇਡਾ ਸਰਕਾਰ ਵਿਦਿਆਰਥੀਆਂ ਦੇ ਆਫ-ਕੈਂਪਸ ਕੰਮ ਕਰਨ ਦੇ ਘੰਟਿਆਂ ਨੂੰ ਵੀ ਸੀਮਤ ਕਰਨ ਦੇ ਰੌਅ 'ਚ ਹੈ। ਆਈ.ਆਰ.ਸੀ.ਸੀ. ਵੱਲੋਂ ਜਾਰੀ ਬਿਆਨ ਅਨੁਸਾਰ ਜਿਹੜੇ ਕੌਮਾਂਤਰੀ ਵਿਦਿਆਰਥੀ ਪਹਿਲਾਂ ਹੀ ਕੈਨੇਡਾ ਵਿਚ ਹਨ ਜਾਂ ਜਿਨ੍ਹਾਂ ਬਿਨੈਕਾਰਾਂ ਨੇ ਸਟੱਡੀ ਪਰਮਿਟ ਲਈ 7 ਦਸੰਬਰ, 2023 ਤੋਂ ਪਹਿਲਾਂ ਅਰਜ਼ੀਆਂ ਦਾਇਰ ਕੀਤੀਆਂ ਹਨ, ਉਹ 30 ਅਪਰੈਲ 2024 ਤਕ ਆਫ ਕੈਂਪਸ 20 ਘੰਟੇ ਤੋਂ ਵੱਧ ਪ੍ਰਤੀ ਹਫਤਾ ਕੰਮ ਕਰ ਸਕਦੇ ਹਨ। ਇਸੇ ਦੌਰਾਨ ਜੀ.ਆਈ.ਸੀ. ਦੁੱਗਣੀ ਕਰਨ ਦੇ ਐਲਾਨ ਨਾਲ ਕੈਨੇਡਾ ਜਾਣ ਦੇ ਚਾਹਵਾਨ ਤੇ ਆਇਲੈਟਸ ਦੀ ਤਿਆਰੀ ਕਰ ਰਹੇ ਵਿਦਿਆਰਥੀਆਂ ਨੂੰ ਭਾਜੜਾਂ ਪੈ ਗਈਆਂ ਹਨ। ਉਧਰ, ਇਮੀਗ੍ਰੇਸ਼ਨ ਏਜੰਟਾਂ ਦਾ ਮੰਨਣਾ ਹੈ ਕਿ ਕੈਨੇਡਾ ਵਿਚ ਵਧਦੇ ਹਾਊਸਿੰਗ ਸੰਕਟ ਤੇ ਰੁਜ਼ਗਾਰ ਦੇ ਮੌਕਿਆਂ ਨੂੰ ਲੈ ਕੇ ਸਥਾਨਕ ਭਾਈਚਾਰੇ ਵੱਲੋਂ ਕੀਤੇ ਜਾਂਦੇ ਵਿਰੋਧ ਨੂੰ ਉਪਰੋਕਤ ਐਲਾਨ ਨਾਲ ਜੋੜ ਕੇ ਦੇਖਿਆ ਜਾ ਸਕਦਾ ਹੈ। ਉਧਰ, ਕੈਨੇਡਾ ਦੇ ਆਵਾਸ ਮੰਤਰੀ ਮਾਰਕ ਮਿਲਰ ਨੇ ਕੁਝ ਹੋਰ ਐਲਾਨ ਵੀ ਕੀਤੇ ਹਨ ਜਿਨ੍ਹਾਂ ਵਿਚ ਮੌਜੂਦਾ ਕੌਮਾਂਤਰੀ ਵਿਦਿਆਰਥੀਆਂ ਵਾਸਤੇ 20 ਘੰਟੇ ਪ੍ਰਤੀ ਹਫਤਾ ਕੰਮ ਕਰਨ ਦੀ ਪ੍ਰਵਾਨਗੀ ਨੂੰ 30 ਅਪਰੈਲ, 2024 ਤਕ ਵਧਾਉਣਾ ਵੀ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਸਰਕਾਰ ਇਸ ਗੱਲ 'ਤੇ ਵੀ ਗੌਰ ਕਰ ਰਹੀ ਹੈ ਕਿ ਕੌਮਾਂਤਰੀ ਵਿਦਿਆਰਥੀਆਂ ਵਾਸਤੇ ਆਫ-ਕੈਂਪਸ ਰੁਜ਼ਗਾਰ ਸਬੰਧੀ ਘੰਟਿਆਂ ਨੂੰ ਵਧਾ ਕੇ 30 ਘੰਟੇ ਪ੍ਰਤੀ ਹਫਤਾ ਕਰ ਦਿੱਤਾ ਜਾਵੇ। ਉਨ੍ਹਾਂ ਕਿਹਾ, "ਸਰਕਾਰ ਦਾ ਡੇਟਾ ਇਸ ਗੱਲ ਨੂੰ ਦਰਸਾਉਂਦਾ ਹੈ ਕਿ 80 ਫੀਸਦ ਕੌਮਾਂਤਰੀ ਵਿਦਿਆਰਥੀ ਹਰ ਹਫਤੇ 20 ਘੰਟਿਆਂ ਤੋਂ ਵੀ ਵੱਧ ਸਮਾਂ ਕੰਮ ਕਰਦੇ ਹਨ।

ਸਰਕਾਰ ਉਸ ਆਰਜ਼ੀ ਯੋਜਨਾ ਨੂੰ ਵੀ ਬੰਦ ਕਰਨ ਦੇ ਰੌਅ ਵਿਚ ਹੈ ਜਿਸ ਤਹਿਤ ਕੌਮਾਂਤਰੀ ਗਰੈਜੂਏਟਾਂ ਦੇ ਮਿਆਦ ਪੁਗਾ ਚੁੱਕੇ ਵਰਕ ਪਰਮਿਟ ਜਾਂ ਛੇਤੀ ਹੀ ਮਿਆਦ ਪੂਰੀ ਹੋਣ ਵਾਲੇ ਵਰਕ ਪਰਮਿਟਾਂ ਨੂੰ 18 ਮਹੀਨੇ ਹੋਰ ਵਧਾਉਣ ਲਈ ਅਪਲਾਈ ਕਰਨ ਵਾਸਤੇ ਪ੍ਰਵਾਨਗੀ ਦਿੱਤੀ ਜਾਂਦੀ ਹੈ। ਕੌਮਾਂਤਰੀ ਨਾਗਰਿਕ ਜਿਨ੍ਹਾਂ ਦੇ ਪੋਸਟ ਗਰੈਜੂਏਟ ਵਰਕ ਪਰਮਿਟ ਦੀ ਮਿਆਦ 31 ਦਸੰਬਰ ਨੂੰ ਪੂਰੀ ਹੋ ਰਹੀ ਹੈ, ਉਹ ਇਸ ਨੂੰ ਨਵਿਆਉਣ ਦੇ ਯੋਗ ਹਨ ਪਰ ਜਿਨ੍ਹਾਂ ਦੇ ਵਰਕ ਪਰਮਿਟ ਇਸ ਮਿਤੀ ਤੋਂ ਬਾਅਦ ਮਿਆਦ ਪੂਰੀ ਕਰਨਗੇ, ਉਹ ਮੁੜ ਨਵਿਆਉਣ ਲਈ ਅਪਲਾਈ ਨਹੀਂ ਕਰ ਸਕਣਗੇ। ਮਿਲਰ ਨੇ ਕਿਹਾ ਕਿ ਸੰਘੀ ਸਰਕਾਰ ਨੇ ਇਹ ਕਦਮ ਇਸ ਲਈ ਚੁੱਕੇ ਹਨ ਤਾਂ ਕਿ ਕੌਮਾਂਤਰੀ ਵਿਦਿਆਰਥੀਆਂ ਨੂੰ ਜਾਰੀ ਕੀਤੇ ਜਾਂਦੇ ਵੀਜ਼ਿਆਂ ਨੂੰ ਸੀਮਤ ਕੀਤਾ ਜਾ ਸਕੇ ਤੇ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਿੱਖਿਆ ਸੰਸਥਾਵਾਂ ਵਿਦਿਆਰਥੀਆਂ ਨੂੰ ਲੋੜੀਂਦੀ ਤੇ ਢੁਕਵੀਂ ਹਮਾਇਤ ਦੇ ਸਕਣ।

## ਵਿਦਿਆਰਥੀ ਵੀਜ਼ੇ ਘਟਾਉਣ ਦੇ ਸੰਕੇਤ

**ਵੈਨਕੂਵਰ:** ਕੈਨੇਡਾ ਸਰਕਾਰ ਵੱਲੋਂ ਕੌਮਾਂਤਰੀ ਵਿਦਿਆਰਥੀਆਂ ਲਈ ਉਨ੍ਹਾਂ ਦੇ ਆਪਣੇ ਮੁਲਕ ਤੋਂ ਨਾਲ ਲਿਆਂਦੀ ਜਾਣ ਵਾਲੀ ਗੁਜਾਰਾ ਖਰਚੇ ਦੀ ਰਕਮ (ਜੀ.ਆਈ.ਸੀ.) ਦੁੱਗਣੀ ਕਰਨ ਤੋਂ ਬਾਅਦ ਆਵਾਸ ਮੰਤਰੀ ਨੇ ਸੰਕੇਤ ਦਿੱਤਾ ਹੈ ਕਿ ਅਗਲੇ ਸਾਲ ਤੋਂ ਕੌਮਾਂਤਰੀ ਵਿਦਿਅਕ ਵੀਜ਼ਿਆਂ ਦੀ ਗਿਣਤੀ ਘਟਾਈ ਜਾ ਸਕਦੀ ਹੈ। ਆਵਾਸ ਮੰਤਰੀ ਮਾਰਕ ਮਿਲਰ ਨੇ ਕੌਮਾਂਤਰੀ ਵਿਦਿਆਰਥੀਆਂ ਨੂੰ ਦਰਪੇਸ਼ ਔਕੜਾਂ ਦੇ ਹੱਲ ਲਈ ਸੂਬਾ ਸਰਕਾਰਾਂ ਤੇ ਉੱਚ ਸਿੱਖਿਆ ਵਾਲੇ ਅਦਾਰਿਆਂ ਨੂੰ ਤਾੜਨਾ ਕਰਦਿਆਂ ਕਿਹਾ ਕਿ ਜੇ ਉਹ ਵਿਦਿਆਰਥੀਆਂ ਦੀਆਂ ਸਹੂਲਤਾਂ ਯਕੀਨੀ ਨਹੀਂ ਬਣਾਉਂਦੇ ਤਾਂ ਫੈਡਰਲ ਸਰਕਾਰ ਵਲੋਂ ਚੁੱਕੇ ਜਾਣ ਵਾਲੇ ਸਖਤ ਕਦਮਾਂ ਦੀ ਮਾਰ ਸਹਿਣ ਕਰਨ ਲਈ ਵੀ ਤਿਆਰ ਰਹਿਣ।

## ਵਿਦਿਆਰਥੀਆਂ ਵੱਲੋਂ ਕੈਨੇਡਾ ਸਰਕਾਰ ਦੇ ਫੈਸਲੇ ਦਾ ਵਿਰੋਧ

**ਚੰਡੀਗੜ੍ਹ:** ਜੀ.ਆਈ.ਸੀ. ਰਾਸ਼ੀ ਵਧਾਉਣ ਸਬੰਧੀ ਕੈਨੇਡਾ ਸਰਕਾਰ ਦੇ ਫੈਸਲੇ ਨਾਲ ਪੰਜਾਬ ਤੋਂ ਕੈਨੇਡਾ ਜਾਣ ਦੇ ਇਛੁੱਕ ਵਿਦਿਆਰਥੀਆਂ ਸਣੇ ਇਮੀਗ੍ਰੇਸ਼ਨ ਕਿੱਤੇ ਨਾਲ ਜੁੜੇ ਲੋਕਾਂ ਨੂੰ ਵਿੱਤੀ ਝਟਕਾ ਲੱਗਾ ਹੈ। ਪਹਿਲਾਂ ਹੀ ਪਿਛਲੇ ਸਾਲਾਂ ਦੇ ਮੁਕਾਬਲੇ ਐਤਕੀਂ 40 ਫ਼ੀਸਦੀ ਘੱਟ ਵਿਦਿਆਰਥੀ ਭਾਰਤ ਤੋਂ ਕੈਨੇਡਾ ਗਏ ਹਨ। ਇਸ ਕਰਕੇ ਇਮੀਗ੍ਰੇਸ਼ਨ ਅਤੇ ਆਇਲੈਟਸ ਸੈਂਟਰ ਚਲਾਉਣ ਵਾਲਿਆਂ ਨੂੰ ਪਹਿਲਾਂ ਦੇ ਮੁਕਾਬਲੇ ਘੱਟ ਆਮਦਨ ਹੋਈ ਹੈ। ਹੁਣ ਜੀ.ਆਈ.ਸੀ. ਦੁੱਗਣੀ ਹੋਣ ਕਰਕੇ ਇਨ੍ਹਾਂ ਦੇ ਕੰਮਕਾਜ 'ਤੇ ਮਾੜਾ ਅਸਰ ਪੈਣ ਦੇ ਆਸਾਰ ਹਨ। ਉਧਰ, ਕੈਨੇਡਾ ਗਏ ਕੌਮਾਂਤਰੀ ਵਿਦਿਆਰਥੀਆਂ ਨੇ ਵੀ ਇਸ ਦਾ ਵਿਰੋਧ ਕੀਤਾ ਹੈ।

## ਜਾਅਲੀ ਅਨੁਸੂਚਿਤ ਜਾਤੀ ਸਰਟੀਫਿਕੇਟ ਰੱਦ ਕਰਨ ਦੇ ਨਿਰਦੇਸ਼

**ਚੰਡੀਗੜ੍ਹ:** ਪੰਜਾਬ ਦੀ ਸਮਾਜਿਕ ਨਿਆਂ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਰਾਜ ਕੁਮਾਰ ਉਰਫ ਰਾਜੂ ਪੁੱਤਰ ਜੈ ਪ੍ਰਕਾਸ਼ ਵਾਸੀ ਰੇਲਵੇ ਬਸਤੀ, ਗੁਰੂ ਹਰਸਹਾਏ, ਫਿਰੋਜ਼ਪੁਰ ਵੱਲੋਂ ਬਣਵਾਇਆ ਗਿਆ ਅਨੁਸੂਚਿਤ ਜਾਤੀ ਸਰਟੀਫਿਕੇਟ ਸੂਬਾ ਪੱਧਰ 'ਤੇ ਗਠਿਤ ਸਕਰੂਟਨੀ ਕਮੇਟੀ ਵੱਲੋਂ ਜਾਅਲੀ ਐਲਾਨਿਆ ਜਾਣ ਕਰ ਕੇ ਇਸ ਨੂੰ ਰੱਦ ਕਰਨ ਦੇ ਆਦੇਸ਼ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਚਰਨਦਾਸ ਪੁੱਤਰ ਬਖਸ਼ੀ ਰਾਮ ਵਾਸੀ ਪਿੰਡ ਜੀਵਾਂ, ਤਹਿਸੀਲ ਗੁਰੂ ਹਰਸਹਾਏ ਜ਼ਿਲ੍ਹਾ ਫਿਰੋਜ਼ਪੁਰ ਨੇ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਨੂੰ ਸ਼ਿਕਾਇਤ ਦਿੱਤੀ ਸੀ ਕਿ ਰਾਜ ਕੁਮਾਰ ਉਰਫ ਰਾਜੂ ਵੱਲੋਂ ਅਨੁਸੂਚਿਤ ਜਾਤੀ ਦਾ ਜਾਅਲੀ ਸਰਟੀਫਿਕੇਟ ਬਣਵਾਇਆ ਗਿਆ ਹੈ, ਜਿਸ ਆਧਾਰ 'ਤੇ ਉਸ ਵੱਲੋਂ ਅਨੁਸੂਚਿਤ ਜਾਤੀ ਨੂੰ ਮਿਲਣ ਵਾਲੇ ਲਾਭ ਲਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਪੜਤਾਲ ਦੌਰਾਨ ਇਨ੍ਹਾਂ ਤੱਥਾਂ ਦੀ ਪੁਸ਼ਟੀ ਤੋਂ ਬਾਅਦ ਕਾਰਵਾਈ ਕੀਤੀ ਗਈ।

## 2010 ਤੋਂ ਬਾਅਦ ਪੰਜਾਬ 'ਚ ਪੋਲੀਓ ਦਾ ਕੇਸ ਨਾ ਆਉਣ ਦਾ ਦਾਅਵਾ

**ਪਟਿਆਲਾ:** ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਇਥੇ ਕਮਿਊਨਿਟੀ ਹੈਲਥ ਸੈਂਟਰ, ਤ੍ਰਿਪੜੀ ਤੋਂ ਸੂਬਾ ਪੱਧਰੀ ਤਿੰਨ ਰੋਜ਼ਾ 'ਪਲਸ ਪੋਲੀਓ ਮੁਹਿੰਮ' ਸ਼ੁਰੂ ਕਰਵਾਈ। ਇਸ ਮੌਕੇ ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਦੌਰਾਨ 12 ਜ਼ਿਲ੍ਹਿਆਂ 'ਚ ਪੰਜ ਸਾਲ ਤੱਕ ਦੇ 14.75 ਲੱਖ ਬੱਚਿਆਂ ਨੂੰ ਪਲਸ ਪੋਲੀਓ ਦਵਾਈ ਦੀਆਂ ਬੂੰਦਾਂ ਪਿਲਾਈਆਂ ਜਾਣਗੀਆਂ। ਇਨ੍ਹਾਂ ਜ਼ਿਲ੍ਹਿਆਂ 'ਚ ਪਟਿਆਲਾ, ਅੰਮ੍ਰਿਤਸਰ, ਬਠਿੰਡਾ, ਫਰੀਦਕੋਟ, ਫਾਜ਼ਿਲਕਾ, ਫਤਹਿਗੜ੍ਹ ਸਾਹਿਬ, ਮਾਨਸਾ, ਸ੍ਰੀ ਮੁਕਤਸਰ ਸਾਹਿਬ, ਮੋਗਾ, ਪਠਾਨਕੋਟ, ਨਵਾਂ ਸ਼ਹਿਰ ਤੇ ਤਰਨ ਤਾਰਨ ਸ਼ਾਮਲ ਹਨ।

ਸਿਹਤ ਮੰਤਰੀ ਨੇ ਦੱਸਿਆ ਕਿ 2010 ਤੋਂ ਬਾਅਦ ਪੰਜਾਬ ਵਿਚ ਪੋਲੀਓ ਦਾ ਕੋਈ ਕੇਸ ਸਾਹਮਣੇ ਨਹੀਂ ਆਇਆ ਹੈ। ਉਂਜ ਗੁਆਂਢੀ ਮੁਲਕ ਪਾਕਿਸਤਾਨ ਤੇ ਅਫ਼ਗਾਨਿਸਤਾਨ ਹਾਲੇ ਵੀ ਇਸ ਬਿਮਾਰੀ ਦੀ ਮਾਰ ਹੇਠ ਹਨ, ਜਿਸ ਕਰਕੇ ਪੋਲੀਓ ਵਾਇਰਸ ਦੇ ਭਾਰਤ ਵਿਚ ਮੁੜ ਆਉਣ ਦਾ ਖ਼ਤਰਾ ਬਰਕਰਾਰ ਹੈ। ਉਨ੍ਹਾਂ ਕਿਹਾ ਕਿ ਸਿਹਤ ਟੀਮਾਂ ਵੱਲੋਂ ਘਰ-ਘਰ ਜਾ ਕੇ ਪੰਜ ਸਾਲ ਤੱਕ ਦੇ ਹਰ ਬੱਚੇ ਨੂੰ ਦਵਾਈ ਦੀਆਂ ਬੂੰਦਾਂ ਪਿਲਾਈਆਂ ਜਾਣਗੀਆਂ। ਉਨ੍ਹਾਂ ਅਪੀਲ ਕੀਤੀ ਕਿ ਨਿੱਕੇ ਬੱਚਿਆਂ ਦੇ ਮਾਤਾ-ਪਿਤਾ ਤੇ ਸਰਪ੍ਰਸਤ ਬੱਚੇ ਨੂੰ ਨੇੜਲੇ ਪੋਲੀਓ ਬੂਥ 'ਤੇ ਜ਼ਰੂਰ ਲੈ ਕੇ ਜਾਣ ਤਾਂ ਜੋ ਕੋਈ ਵੀ ਬੱਚਾ ਦਵਾਈ ਤੋਂ ਵਾਂਝਾ ਨਾ ਰਹੇ।

ਇਸ ਮੌਕੇ ਡਾਇਰੈਕਟਰ ਸਿਹਤ ਸੇਵਾਵਾਂ (ਪਰਿਵਾਰ ਭਲਾਈ) ਡਾ. ਹਤਿੰਦਰ ਕੌਰ ਨੇ ਦੱਸਿਆ ਕਿ ਇਸ ਮੁਹਿੰਮ 'ਚ ਆਸ਼ਾ ਵਰਕਰ, ਆਂਗਣਵਾੜੀ ਵਰਕਰ ਤੇ ਏ.ਐੱਨ.ਐੱਮਜ਼ 'ਤੇ ਆਧਾਰਿਤ 25 ਹਜ਼ਾਰ ਕਰਮਚਾਰੀ ਹਿੱਸਾ ਲੈ ਰਹੇ ਹਨ। ਇਸੇ ਤਰ੍ਹਾਂ ਡੀ.ਸੀ. ਪਟਿਆਲਾ ਸਾਕਸ਼ੀ ਸਾਹਨੀ ਨੇ ਵੀ ਇਸ ਟੀਕਾਕਰਨ ਮੁਹਿੰਮ ਨੂੰ ਯਕੀਨੀ ਬਣਾਉਣ ਲਈ ਸਬੰਧਤ ਵਿਭਾਗਾਂ ਨੂੰ ਸੰਯੁਕਤ ਉਪਰਾਲੇ ਕਰਨ ਦੇ ਨਿਰਦੇਸ਼ ਦਿੱਤੇ ਹਨ।

## ਬਰਖਾਸਤ ਪੁਲਿਸ ਮੁਲਾਜ਼ਮਾਂ ਤੋਂ ਹਥਿਆਰ ਬਰਾਮਦ

**ਬਠਿੰਡਾ:** ਸਥਾਨਕ ਪੁਲਿਸ ਨੇ ਤਕਰੀਬਨ ਸਾਲ ਪਹਿਲਾਂ ਵਾਪਰੀ ਕਥਿਤ ਚੋਰੀ ਦੀ ਘਟਨਾ ਦੀ ਜਾਂਚ ਦੌਰਾਨ ਹਥਿਆਰ ਤੇ ਗੋਲੀ ਸਿੱਕਾ ਬਰਾਮਦ ਕੀਤੇ ਹਨ। ਇਸ ਮਾਮਲੇ 'ਚ ਹੁਣ ਤੱਕ ਗ੍ਰਿਫਤਾਰ ਕੀਤੇ ਗਏ ਦੋਵੇਂ ਮੁਲਜ਼ਮ ਸਾਬਕਾ ਪੁਲਿਸ ਮੁਲਾਜ਼ਮ ਹਨ।

ਐਸ.ਐਸ.ਪੀ. ਬਠਿੰਡਾ ਹਰਮਨਬੀਰ ਸਿੰਘ ਗਿੱਲ ਦੀਆਂ ਹਦਾਇਤਾਂ ਉਤੇ ਐਸ.ਪੀ. (ਜਾਂਚ) ਅਜੈ ਗਾਂਧੀ ਨੇ ਇਥੇ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ 11 ਨਵੰਬਰ 2022 ਨੂੰ ਵਾਪਰੀ ਘਟਨਾ ਦੌਰਾਨ ਭੁੱਚੋ ਦੇ ਇਕ ਘਰ ਵਿਚ ਰਾਤ ਨੂੰ 5-6 ਆਦਮੀ ਸਵਿਫਟ ਕਾਰ ਵਿਚ ਆਏ, ਜਿਨ੍ਹਾਂ 'ਚੋਂ ਦੋ ਨੇ ਖਾਕੀ ਵਰਦੀਆਂ ਪਾਈਆਂ ਹੋਈਆਂ ਸਨ। ਰੌਲਾ ਪੈਣ 'ਤੇ ਇਹ ਵਿਅਕਤੀ ਫਰਾਰ ਹੋ ਗਏ। ਇਸ ਸਬੰਧੀ ਥਾਣਾ ਕੈਂਟ ਵਿਚ 19 ਨਵੰਬਰ 2022 ਨੂੰ ਕੇਸ ਦਰਜ ਕਰਵਾਇਆ ਗਿਆ ਸੀ। ਬੀਤੀ 7 ਦਸੰਬਰ ਨੂੰ ਬਠਿੰਡਾ ਵਾਸੀ ਸੰਦੀਪ ਸਿੰਘ ਅਤੇ 8 ਦਸੰਬਰ ਨੂੰ ਸਾਹਿਬ ਸਿੰਘ ਨੂੰ ਇਸ ਕੇਸ 'ਚ ਮੁਲਜ਼ਮ ਨਾਮਜ਼ਦ ਕਰਕੇ ਗ੍ਰਿਫਤਾਰ ਕੀਤਾ ਗਿਆ। ਪੁੱਛ-ਪੜਤਾਲ ਦੌਰਾਨ ਮੁਲਜ਼ਮਾਂ ਤੋਂ 2 ਅਸਾਲਟ ਰਾਈਫ਼ਲਾਂ ਸਮੇਤ 2 ਕਾਰਤੂਸ, ਇਕ ਰਾਈਫ਼ਲ .315 ਬੋਰ ਮੋਡੀਫਾਈ ਸਣੇ ਦੋ ਕਾਰਤੂਸ, 2 ਪਲਾਸਟਿਕ ਦੇ ਬੱਟ ਅਤੇ 2 ਮੈਗਜ਼ੀਨ ਬਰਾਮਦ ਕੀਤੇ ਗਏ ਹਨ।ਪੁਲਿਸ ਅਧਿਕਾਰੀ ਅਨੁਸਾਰ ਮੁਲਜ਼ਮਾਂ ਨੇ ਕਬੂਲ ਕੀਤਾ ਹੈ ਕਿ ਉਨ੍ਹਾਂ ਨੇ ਇਹ ਅਸਲਾ ਥਾਣਾ ਦਿਆਲਪੁਰਾ ਦੇ ਮਾਲਖਾਨੇ 'ਚੋਂ ਚੋਰੀ ਕੀਤਾ ਸੀ। ਉਨ੍ਹਾਂ ਦੱਸਿਆ ਕਿ ਸੰਦੀਪ ਸਿੰਘ ਥਾਣਾ ਦਿਆਲਪੁਰਾ ਵਿਚ ਬਤੌਰ ਮੁਨਸ਼ੀ ਕੰਮ ਕਰ ਚੁੱਕਿਆ ਹੈ ਤੇ ਸਾਹਿਬ ਸਿੰਘ ਵੀ ਪੁਲਿਸ ਮੁਲਾਜ਼ਮ ਰਿਹਾ ਹੈ, ਹੁਣ ਦੋਵੇਂ ਵਿਭਾਗ ਵੱਲੋਂ ਬਰਖ਼ਾਸਤ ਕੀਤੇ ਗਏ ਹਨ।

## ਸਿੱਖ ਦੀ ਕੁੱਟਮਾਰ ਕਰਨ ਦੇ ਦੋਸ਼ 'ਚ 14 ਸਾਲਾ ਲੜਕਾ ਗ੍ਰਿਫਤਾਰ

**ਲੰਡਨ:** ਦੱਖਣ ਪੂਰਬੀ ਇੰਗਲੈਂਡ ਦੇ ਕਸਬੇ ਵਿਚ ਬਜ਼ੁਰਗ ਸਿੱਖ ਨੂੰ ਅੱਲ੍ਹੜ ਲੜਕਿਆਂ ਦੇ ਸਮੂਹ ਵੱਲੋਂ ਕੁੱਟਮਾਰ ਕਰਨ ਵਾਲੀ ਨਫਰਤੀ ਅਪਰਾਧ ਦੀ ਘਟਨਾ ਸਬੰਧੀ 14 ਸਾਲਾ ਲੜਕੇ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਟੇਮਜ਼ ਵੈਲੀ ਪੁਲਿਸ ਨੇ ਦੱਸਿਆ ਕਿ ਪਿਛਲੇ ਹਫਤੇ ਗ੍ਰਿਫਤਾਰ ਕੀਤੇ ਲੜਕੇ ਨੂੰ ਅਗਲੇ ਸਾਲ 15 ਫਰਵਰੀ ਤੱਕ ਪੁਲਿਸ ਜ਼ਮਾਨਤ ਉਤੇ ਰਿਹਾਅ ਕਰ ਦਿੱਤਾ ਗਿਆ ਹੈ। 21 ਨਵੰਬਰ ਨੂੰ ਇੰਦਰਜੀਤ ਸਿੰਘ (58) ਸਲੋਅ ਦੇ ਲੈਂਗਲੇ ਮੈਮੋਰੀਅਲ ਪਾਰਕ ਵਿਚੋਂ ਲੰਘ ਰਿਹਾ ਸੀ, ਜਦੋਂ ਲੜਕਿਆਂ ਦੇ ਗਰੁੱਪ ਨੇ ਉਸ ਨੂੰ ਘੇਰ ਲਿਆ। 13-16 ਸਾਲ ਦੇ ਵਿਚਕਾਰ ਦੀ ਉਮਰ ਦੇ ਲੜਕਿਆਂ ਨੇ ਇੰਦਰਜੀਤ ਸਿੰਘ ਨੂੰ ਲੱਤਾਂ, ਘਸੁੰਨ ਮਾਰੇ ਤੇ ਖਿੱਚ ਧੂਹ ਕਰਨ ਬਾਅਦ ਹੇਠਾਂ ਸੁੱਟ ਲਿਆ।

## ਕੈਨੇਡਾ 'ਚ ਪੰਜਾਬ ਨਾਲ ਸਬੰਧਿਤ ਕਾਰੋਬਾਰੀਆਂ ਤੋਂ ਮੰਗੀ ਫਿਰੌਤੀ

**ਵੈਨਕੂਵਰ:** ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸ਼ਹਿਰ ਸਰੀ, ਐਬਸਫੋਰਡ ਤੇ ਲੈਂਗਲੀ ਵਿਚ ਪੰਜਾਬ ਨਾਲ ਸਬੰਧਤ ਕੁਝ ਵਪਾਰਕ ਅਦਾਰਿਆਂ ਦੇ ਮਾਲਕਾਂ ਨੂੰ 20 ਲੱਖ ਡਾਲਰ ਫਿਰੌਤੀ ਦੇਣ ਦੇ ਪੱਤਰ ਮਿਲੇ ਹਨ ਜਿਨ੍ਹਾਂ ਦੀ ਪੁਲਿਸ ਜਾਂਚ ਕਰ ਰਹੀ ਹੈ।




ਇਨ੍ਹਾਂ ਪੱਤਰਾਂ ਦੀਆਂ ਕਾਪੀਆਂ ਸੋਸ਼ਲ ਮੀਡੀਆ 'ਤੇ ਵੀ ਘੁੰਮ ਰਹੀਆਂ ਹਨ। ਪੱਤਰਾਂ ਦੀ ਸ਼ੁਰੂਆਤ ਧਾਰਮਿਕ ਨਾਮ ਨਾਲ ਕੀਤੀ ਗਈ ਹੈ ਤੇ ਪੱਤਰ ਨੂੰ ਜਾਅਲੀ ਨਾ ਸਮਝਣ ਦੀ ਚਿਤਾਵਨੀ ਦਿੱਤੀ ਗਈ ਹੈ। ਪੁਲਿਸ ਨੂੰ ਸੂਚਨਾ ਦਿੱਤੇ ਜਾਣ 'ਤੇ ਨਤੀਜੇ ਭੁਗਤਣ ਬਾਰੇ ਲਿਖਿਆ ਗਿਆ ਹੈ। ਸਾਰੇ ਪੱਤਰ ਇਕੋ ਤਰ੍ਹਾਂ ਦੇ ਹੋਣ ਕਾਰਨ ਸਮਝਿਆ ਜਾ ਰਿਹਾ ਹੈ ਕਿ ਇਕੋ ਪੱਤਰ ਦੀਆਂ ਕਾਪੀਆਂ ਕਰਵਾ ਕੇ ਵਪਾਰੀਆਂ ਨੂੰ ਭੇਜੀਆਂ ਜਾ ਰਹੀਆਂ ਹਨ ਜਿਸ 'ਚ ਫਿਰੌਤੀ ਦੀ ਰਕਮ ਕੈਨੇਡਾ ਜਾਂ ਭਾਰਤ ਵਿਚ ਦਿੱਤੇ ਜਾਣ ਦਾ ਵੀ ਜ਼ਿਕਰ ਹੈ।

ਪੱਤਰ ਵਿਚ ਪਿਛਲੇ ਦਿਨੀਂ ਕੁਝ ਘਰਾਂ ਉੱਤੇ ਕੀਤੀ ਗੋਲੀਬਾਰੀ ਦੀ ਜ਼ਿੰਮੇਵਾਰੀ ਲੈਂਦਿਆਂ ਕਿਹਾ ਗਿਆ ਹੈ ਕਿ ਉਨ੍ਹਾਂ ਘਰਾਂ ਉਤੇ ਗੋਲੀ ਤਾਂ ਚਲਾਈ ਗਈ ਕਿਉਂਕਿ ਮਾਲਕਾਂ ਨੇ ਇਨ੍ਹਾਂ ਦੀ ਪਰਵਾਹ ਨਹੀਂ ਕੀਤੀ। ਪੁਲਿਸ ਬੁਲਾਰੇ ਨੇ ਮੰਨਿਆ ਹੈ ਕਿ ਕੁਝ ਲੋਕਾਂ ਨੂੰ ਮਿਲੇ ਫਿਰੌਤੀ ਪੱਤਰਾਂ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਉਸ ਨੂੰ ਲਿਖਣ ਤੇ ਭੇਜਣ ਵਾਲਿਆਂ ਦਾ ਪਤਾ ਲਾਇਆ ਜਾ ਰਿਹਾ ਹੈ। ਪਰ ਅਜੇ ਤੱਕ ਕਿਸੇ ਵੱਲੋਂ ਫਿਰੌਤੀ ਦਿੱਤੇ ਜਾਣ ਦੀ ਕੋਈ ਸੂਚਨਾ ਨਹੀਂ।

## ਮਾਲੇਰਕੋਟਲਾ ਤੋਂ ਅਕਾਲੀ ਆਗੂ ਓਵੈਸ 'ਆਪ' ਵਿਚ ਸ਼ਾਮਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਮਾਲੇਰਕੋਟਲਾ ਤੋਂ ਸੀਨੀਅਰ ਆਗੂ ਮੁਹੰਮਦ ਓਵੈਸ 'ਆਪ' ਵਿਚ ਸ਼ਾਮਲ ਹੋ ਗਏ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਇਥੇ ਮੁਹੰਮਦ ਓਵੈਸ ਨੂੰ ਸਿਰੋਪਾਓ ਪਾ ਕੇ ਪਾਰਟੀ ਵਿਚ ਸ਼ਾਮਲ ਕੀਤਾ। ਸ੍ਰੀ ਮਾਨ ਨੇ ਕਿਹਾ ਕਿ ਸ੍ਰੀ ਓਵੈਸ ਦੇ ਪਾਰਟੀ ਵਿਚ ਆਉਣ ਨਾਲ ਮਾਲੇਰਕੋਟਲਾ ਤੇ ਸੰਗਰੂਰ 'ਚ ਪਾਰਟੀ ਮਜ਼ਬੂਤ ਹੋਵੇਗੀ। ਮੁੱਖ ਮੰਤਰੀ ਨੇ ਕਿਹਾ, "ਸਾਡੀ ਸਰਕਾਰ ਦੇ ਲੋਕ ਪੱਖੀ ਤੇ ਪੰਜਾਬ ਪੱਖੀ ਫੈਸਲਿਆਂ ਤੋਂ ਪ੍ਰਭਾਵਿਤ ਹੋ ਕੇ ਪੰਜਾਬ ਦੇ ਹਰ ਕੋਨੇ 'ਚੋਂ ਲੋਕ 'ਆਪ' ਵਿਚ ਸ਼ਾਮਲ ਹੋ ਰਹੇ ਹਨ। ਜ਼ਿਕਰਯੋਗ ਹੈ ਕਿ ਓਵੈਸ ਕਾਰੋਬਾਰੀ ਹਨ ਤੇ ਅਲ ਕੌਸਰ ਫੁਟਬਾਲ ਅਕੈਡਮੀ ਵੀ ਚਲਾਉਂਦੇ ਹਨ, ਜਿਸ ਨੇ ਬਹੁਤ ਸਾਰੇ ਰਾਜ ਪੱਧਰੀ ਤੇ ਪੇਸ਼ੇਵਰ ਫੁਟਬਾਲ ਖਿਡਾਰੀ ਪੈਦਾ ਕੀਤੇ ਹਨ। ਉਹ 2017 ਵਿਚ ਮਾਲੇਰਕੋਟਲਾ ਹਲਕੇ ਤੋਂ ਅਕਾਲੀ ਦਲ ਦੀ ਟਿਕਟ 'ਤੇ ਵਿਧਾਨ ਸਭਾ ਚੋਣ ਲੜ ਚੁੱਕੇ ਹਨ।

## ਪੰਜਾਬ ਤੇ ਹਰਿਆਣਾ ਵਿਚ ਠੰਢ ਨੇ ਜ਼ੋਰ ਫੜਿਆ

**ਚੰਡੀਗੜ੍ਹ:** ਪਹਾੜੀ ਇਲਾਕਿਆਂ ਵਿਚ ਠੰਢ ਦੇ ਜ਼ੋਰ ਫੜਨ ਦਾ ਅਸਰ ਮੈਦਾਨੀ ਇਲਾਕਿਆਂ 'ਚ ਦਿਖਣ ਲੱਗ ਪਿਆ ਹੈ ਤੇ ਠੰਢੀਆਂ ਹਵਾਵਾਂ ਚੱਲਣ ਨਾਲ ਪਾਰਾ ਲਗਾਤਾਰ ਡਿੱਗ ਰਿਹਾ ਹੈ। ਪੰਜਾਬ ਤੇ ਹਰਿਆਣਾ ਵਿਚ ਸਵੇਰ ਤੇ ਰਾਤ ਸਮੇਂ ਠੰਢ ਕਾਫੀ ਵਧ ਗਈ ਹੈ। ਪੰਜਾਬ ਦੇ ਸਾਰੇ ਸ਼ਹਿਰਾਂ ਦਾ ਘੱਟੋ ਘੱਟ ਤਾਪਮਾਨ 10 ਡਿਗਰੀ ਸੈਲਸੀਅਸ ਤੱਕ ਦਰਜ ਕੀਤਾ ਗਿਆ ਜਦਕਿ ਫਰੀਦਕੋਟ ਤੇ ਫਿਰੋਜ਼ਪੁਰ 'ਚ ਰਾਤ ਸਮੇਂ ਤਾਪਮਾਨ ਸਭ ਤੋਂ ਘੱਟ 5.2 ਡਿਗਰੀ ਸੈਲਸੀਅਸ 'ਤੇ ਪਹੁੰਚ ਗਿਆ



ਹੈ। ਮੌਸਮ ਵਿਗਿਆਨੀਆਂ ਦਾ ਕਹਿਣਾ ਹੈ ਕਿ ਆਉਣ ਵਾਲੇ ਦਿਨਾਂ ਵਿਚ ਪੰਜਾਬ ਵਿਚ ਠੰਢ ਹੋਰ ਵਧੇਗੀ। ਪ੍ਰਾਪਤ ਜਾਣਕਾਰੀ ਅਨੁਸਾਰ ਚੰਡੀਗੜ੍ਹ ਵਿਚ ਘੱਟੋ ਘੱਟ ਤਾਪਮਾਨ 9.2 ਡਿਗਰੀ ਸੈਲਸੀਅਸ, ਅੰਮ੍ਰਿਤਸਰ 'ਚ 7 ਡਿਗਰੀ, ਲੁਧਿਆਣਾ ਵਿਚ 10.1, ਪਟਿਆਲਾ 'ਚ 8.7, ਪਠਾਨਕੋਟ ਵਿਚ 7.8, ਬਠਿੰਡਾ 'ਚ 5.9, ਗੁਰਦਾਸਪੁਰ 'ਚ 7, ਨਵਾਂ ਸ਼ਹਿਰ ਵਿਚ 7.6, ਬਰਨਾਲਾ ਵਿਚ 5.8, ਫਤਹਿਗੜ੍ਹ ਸਾਹਿਬ ਵਿਚ 10.6, ਜਲੰਧਰ 'ਚ 7.8, ਮੋਗਾ 'ਚ 5.5, ਮੁਹਾਲੀ 'ਚ 10.2 ਅਤੇ ਰੋਪੜ 'ਚ 6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ।

ਪੰਜਾਬ ਟਾਈਮਜ਼

*ਸ਼ਨਿਚਰਵਾਰ, 16 ਦਸੰਬਰ, 2023*

# ਭਗਵਿਆਂ ਦੀ ਚੜ੍ਹਤ

ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਜਿਉਂ-ਜਿਉਂ ਨੇੜੇ ਆ ਰਹੀਆਂ ਹਨ, ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਵਿਚਾਰਧਾਰਕ ਸਰਪ੍ਰਸਤ ਜਥੇਬੰਦੀ, ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐੱਸ.ਐੱਸ.) ਨੇ ਆਪਣੇ ਹੱਕ ਵਿਚ ਮਾਹੌਲ ਬਣਾਉਣ ਲਈ ਹਰ ਹੀਲਾ-ਵਸੀਲਾ ਕਰਨਾ ਆਰੰਭ ਕਰ ਦਿੱਤਾ ਹੈ। ਜਦੋਂ ਭਾਰਤੀ ਜਨਤਾ ਪਾਰਟੀ ਸੱਤਾ ਦੇ ਕਿਤੇ ਨੇੜੇ-ਤੇੜੇ ਵੀ ਨਹੀਂ ਸੀ ਤਾਂ ਇਸ ਦੇ ਪ੍ਰਚਾਰ ਦੇ ਤਿੰਨ ਮੁੱਖ ਮੁੱਦੇ ਹੁੰਦੇ ਸਨ। ਇਹ ਤਿੰਨ ਮੁੱਦੇ ਹੀ ਭਾਰਤੀ ਜਨਤਾ ਪਾਰਟੀ ਅਤੇ ਆਰ.ਐੱਸ.ਐੱਸ. ਦੀ ਸਮਝ ਮੰਨੇ ਜਾਂਦੇ ਸਨ: ਇਕਸਾਰ ਸਿਵਲ ਕੋਡ, ਰਾਮ ਮੰਦਰ ਅਤੇ ਧਾਰਾ 370 ਦਾ ਖਾਤਮਾ। ਸਰਕਾਰ ਇਕਸਾਰ ਸਿਵਲ ਕੋਡ ਵਾਲੇ ਮਸਲੇ 'ਤੇ ਅਗਾਂਹ ਵਧਣ ਦੀ ਕਵਾਇਦ ਬੜੀ ਤੇਜ਼ੀ ਨਾਲ ਚਲਾ ਰਹੀ ਹੈ। ਰਾਮ ਮੰਦਰ ਦਾ ਮਾਮਲਾ ਸੁਪਰੀਮ ਕੋਰਟ ਰਾਹੀਂ ਆਪਣੇ ਹੱਕ ਵਿਚ ਕਰਵਾ ਲਿਆ ਗਿਆ ਹੈ ਅਤੇ ਅਗਲੇ ਸਾਲ ਜਨਵਰੀ ਵਿਚ ਇਸ ਮੰਦਰ ਦਾ ਉਦਘਾਟਨ ਜ਼ੋਰ-ਸ਼ੋਰ ਨਾਲ ਕੀਤਾ ਜਾ ਰਿਹਾ ਹੈ। ਹੁਣ ਤੀਜੇ ਮਸਲੇ 'ਤੇ ਵੀ ਸੁਪਰੀਮ ਕੋਰਟ ਰਾਹੀਂ ਮੋਹਰ ਲਗਵਾ ਲਈ ਹੈ। ਮੋਦੀ ਸਰਕਾਰ ਨੇ ਅਗਸਤ 2019 ਨੂੰ ਧਾਰਾ 370 ਖਤਮ ਕਰ ਕੇ ਜੰਮੂ ਕਸ਼ਮੀਰ ਦਾ ਸੂਬੇ ਦਾ ਦਰਜਾ ਹੀ ਖਤਮ ਨਹੀਂ ਸੀ ਕੀਤਾ ਸਗੋਂ ਇਸ ਨੂੰ ਦੋ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਵਿਚ ਵੰਡ ਦਿੱਤਾ ਸੀ।

ਮੋਦੀ ਸਰਕਾਰ ਦੇ ਇਸ ਫੈਸਲੇ ਖ਼ਿਲਾਫ ਪਟੀਸ਼ਨਾਂ ਸੁਪਰੀਮ ਕੋਰਟ ਕੋਲ ਅਗਸਤ 2019 ਵਿਚ ਹੀ ਪੁੱਜ ਗਈਆਂ ਸਨ ਪਰ ਸੁਪਰੀਮ ਕੋਰਟ ਨੇ ਪੂਰੇ 4 ਸਾਲ ਇਨ੍ਹਾਂ ਪਟੀਸ਼ਨਾਂ ਉਤੇ ਕੋਈ ਕਾਰਵਾਈ ਨਹੀਂ ਕੀਤੀ। ਹੁਣ ਜਦੋਂ ਲੋਕ ਸਭਾ ਚੋਣਾਂ ਨੇੜੇ ਆਈਆਂ ਤਾਂ ਅਚਾਨਕ 2 ਅਗਸਤ 2023 ਨੂੰ ਕਹਿ ਦਿੱਤਾ ਕਿ ਇਸ ਮਾਮਲੇ ਦੀ ਸੁਣਵਾਈ ਹੁਣ ਰੋਜ਼ਾਨਾ ਹੋਵੇਗੀ। ਤਕਰੀਬਨ ਇਕ ਮਹੀਨੇ ਵਿਚ ਸਾਰੀ ਕਾਰਵਾਈ ਮੁਕੰਮਲ ਵੀ ਕਰ ਲਈ ਅਤੇ 5 ਸਤੰਬਰ ਨੂੰ ਸੁਣਵਾਈ ਦੌਰਾਨ ਫੈਸਲਾ ਰਾਖਵਾਂ ਰੱਖਣ ਬਾਰੇ ਕਹਿ ਦਿੱਤਾ ਗਿਆ। ਫਿਰ 11 ਦਸੰਬਰ ਨੂੰ ਫੈਸਲਾ ਸੁਣਾ ਦਿੱਤਾ। ਇਸ ਫੈਸਲੇ ਵਿਚ ਸੁਪਰੀਮ ਕੋਰਟ ਨੇ ਮੋਦੀ ਸਰਕਾਰ ਦੇ 2019 ਦੇ ਜੰਮੂ ਕਸ਼ਮੀਰ ਨਾਲ ਸਬੰਧਿਤ ਸੰਵਿਧਾਨ ਦੀ ਧਾਰਾ 370 ਨੂੰ ਮਨਸੂਖ਼ ਕਰਨ ਦੇ ਫ਼ੈਸਲੇ ਨੂੰ ਸਹੀ ਠਹਿਰਾਇਆ ਹੈ। ਇਸ ਨੇ ਸਰਕਾਰ ਦੁਆਰਾ ਸੂਬੇ ਨੂੰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਜੰਮੂ ਕਸ਼ਮੀਰ ਅਤੇ ਲੱਦਾਖ ਵਿਚ ਵੰਡਣ ਦੀ ਵੀ ਪ੍ਰੋੜਤਾ ਕੀਤੀ ਹੈ। ਅਦਾਲਤ ਦਾ ਕਹਿਣਾ ਹੈ ਕਿ ਧਾਰਾ 370 ਕੇਵਲ ਅਸਥਾਈ ਅਤੇ ਥੋੜ੍ਹੇ ਚਿਰ ਲਈ ਕੀਤਾ ਗਿਆ ਕਾਨੂੰਨੀ ਤੇ ਸੰਵਿਧਾਨਕ ਪ੍ਰਬੰਧ ਸੀ।

ਯਾਦ ਰਹੇ ਕਿ ਮੋਦੀ ਸਰਕਾਰ ਨੇ 2019 ਵਿਚ ਧਾਰਾ 370 ਖਤਮ ਕਰਨ ਅਤੇ ਸੂਬੇ ਨੂੰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਵੰਡਣ ਤੋਂ ਬਾਅਦ ਇੰਟਰਨੈੱਟ ਉੱਕਾ ਹੀ ਬੰਦ ਕਰ ਦਿੱਤਾ ਸੀ। ਸਿਆਸੀ ਪਾਰਟੀਆਂ ਦੀਆਂ ਗਤੀਵਿਧੀਆਂ 'ਤੇ ਪਾਬੰਦੀਆਂ ਲਗਾ ਦਿੱਤੀਆਂ ਸਨ, ਮੀਡੀਆ 'ਤੇ ਵੀ ਬੰਦਿਸ਼ਾਂ ਲਗਾਈਆਂ ਗਈਆਂ। ਕਈ ਪੱਤਰਕਾਰ ਹੁਣ ਵੀ ਜੇਲ੍ਹਾਂ ਵਿਚ ਬੰਦ ਹਨ। ਹੁਣ ਨੈਸ਼ਨਲ ਕਾਨਫਰੰਸ ਦੇ ਉਪ ਪ੍ਰਧਾਨ ਉਮਰ ਅਬਦੁੱਲਾ ਅਤੇ ਪੀਪਲਜ਼ ਡੈਮੋਕਰੈਟਿਕ ਪਾਰਟੀ (ਪੀ.ਡੀ.ਪੀ.) ਦੀ ਮੁਖੀ ਮਹਿਬੂਬਾ ਮੁਫ਼ਤੀ ਨੇ ਭਾਵੇਂ ਸੁਪਰੀਮ ਕੋਰਟ ਦੇ ਫੈਸਲੇ ਦੀ ਨੁਕਤਾਚੀਨੀ ਕਰਦਿਆਂ ਕਿਹਾ ਹੈ ਕਿ ਇਹ ਅਗਲੀ ਲੰਮੀ ਲੜਾਈ ਲਈ ਤਿਆਰ ਹਨ, ਸੰਘਰਸ਼ ਜਾਰੀ ਰਹੇਗਾ ਪਰ ਇਹ ਯਾਦ ਕਰਵਾਉਣਾ ਵਾਜਬ ਰਹੇਗਾ ਕਿ ਇਹ ਦੋਵੇਂ ਪਾਰਟੀਆਂ ਵੱਖ-ਵੱਖ ਸਮਿਆਂ ਦੌਰਾਨ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀਆਂ ਕੇਂਦਰੀ ਸਰਕਾਰਾਂ ਵਿਚ ਭਾਈਵਾਲ ਰਹੀਆਂ ਹਨ। ਅਸਲ ਵਿਚ ਮੁੱਖਧਾਰਾ ਦੀਆਂ ਬਹੁਤੀਆਂ ਪਾਰਟੀਆਂ ਦਾ ਇਕੋ-ਇਕ ਏਜੰਡਾ ਸੱਤਾ ਦਾ ਸੁੱਖ ਮਾਨਣਾ ਰਿਹਾ ਹੈ। ਇਨ੍ਹਾਂ ਨੇ ਲੋਕ ਪੱਖੀ ਫੈਸਲਿਆਂ ਦੇ ਆਧਾਰ 'ਤੇ ਕਦੀ ਵੀ ਸਿਆਸਤ ਨਹੀਂ ਕੀਤੀ ਅਤੇ ਹੁਣ ਨਤੀਜਾ ਸਭ ਦੇ ਸਾਹਮਣੇ ਹੈ। ਭਾਰਤੀ ਜਨਤਾ ਪਾਰਟੀ ਇਕ-ਇਕ ਕਰ ਕੇ ਆਪਣੇ ਸਭ ਭਾਈਵਾਲਾਂ ਉਤੇ ਭਾਰੀ ਪੈਂਦੀ ਗਈ। ਇਸ ਸਬੰਧ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਮਿਸਾਲ ਦਿੱਤੀ ਜਾ ਸਕਦੀ ਹੈ। ਸ਼੍ਰੋਮਣੀ ਅਕਾਲੀ ਦਲ ਕਈ ਦਹਾਕਿਆਂ ਤੋਂ ਸੂਬਿਆਂ ਨੂੰ ਵੱਧ ਅਧਿਕਾਰਾਂ ਦੀ ਪੈਰਵਾਈ ਕਰਦਾ ਰਿਹਾ ਹੈ ਪਰ ਜਦੋਂ ਮੋਦੀ ਸਰਕਾਰ ਨੇ ਸੰਸਦ ਵਿਚ ਧਾਰਾ 370 ਜਿਸ ਵਿਚ ਸੂਬਿਆਂ ਨੂੰ ਵੱਧ ਅਧਿਕਾਰ ਦਿੱਤੇ ਜਾਣ ਦਾ ਮਾਮਲਾ ਮੁੱਖ ਰੂਪ ਵਿਚ ਦਰਜ ਹੈ, ਰੱਦ ਕਰਨ ਲਈ ਬਿੱਲ ਲਿਆਂਦਾ ਤਾਂ ਸ਼੍ਰੋਮਣੀ ਅਕਾਲੀ ਦਲ ਨੇ ਇਸ ਬਿੱਲ ਦੇ ਹੱਕ ਵਿਚ ਵੋਟ ਪਾਈ। ਜਦੋਂ ਮੋਦੀ ਸਰਕਾਰ ਨੇ 2020 ਵਿਚ ਕਰੋਨਾ ਮਹਾਮਾਰੀ ਦੌਰਾਨ ਤਿੰਨ ਖੇਤੀ ਕਾਨੂੰਨਾਂ ਵਾਲੇ ਆਰਡੀਨੈਂਸ ਲਿਆਂਦੇ ਸਨ ਤਾਂ ਅਕਾਲੀ ਦਲ ਨੇ ਇਨ੍ਹਾਂ ਦੀ ਵੀ ਹਮਾਇਤ ਕੀਤੀ ਸੀ। ਬਾਅਦ ਵਿਚ ਪੰਜਾਬ ਦੇ ਲੋਕਾਂ ਦਾ ਦਬਾਅ ਵਧਣ ਕਾਰਨ ਇਸ ਨੂੰ ਆਪਣੇ ਇਸ ਪੈਂਤੜੇ ਤੋਂ ਪਿੱਛੇ ਹੀ ਨਹੀਂ ਹਟਣਾ ਪਿਆ ਸਗੋਂ ਭਾਰਤੀ ਜਨਤਾ ਪਾਰਟੀ ਨਾਲੋਂ ਸਿਆਸਤ ਗੱਠਜੋੜ ਵੀ ਤੋੜਨਾ ਪਿਆ।

ਜ਼ਾਹਿਰ ਹੈ ਕਿ ਭਾਰਤੀ ਜਨਤਾ ਪਾਰਟੀ ਅਤੇ ਆਰ.ਐੱਸ.ਐੱਸ. ਆਪਣੀ ਹਰ ਸਰਗਰਮੀ ਹੁਣ ਲੋਕ ਸਭਾ ਚੋਣਾਂ ਵਿਚ ਫਾਇਦੇ ਨੂੰ ਧਿਆਨ ਵਿਚ ਰੱਖ ਕੇ ਕਰ ਰਹੀ ਹੈ। ਮੱਧ ਪ੍ਰਦੇਸ਼, ਰਾਜਸਥਾਨ ਅਤੇ ਛੱਤੀਸਗੜ੍ਹ ਵਿਚ ਵਿਧਾਨ ਸਭਾ ਚੋਣਾਂ ਦੀ ਜਿੱਤ ਨੇ ਇਸ ਦਾ ਰਾਹ ਹੋਰ ਸੁਖਾਲਾ ਕਰ ਦਿੱਤਾ ਹੈ। ਇਸ ਦੇ ਨਾਲ-ਨਾਲ ਇਹ ਕੇਂਦਰੀ ਏਜੰਸੀਆਂ ਰਾਹੀਂ ਵਿਰੋਧੀ ਧਿਰ ਉਤੇ ਸ਼ਿਕੰਜਾ ਕੱਸ ਰਹੀ ਹੈ। ਉਂਝ ਵੀ ਵਿਰੋਧੀ ਧਿਰ ਦੀ ਇਕਜੁਟਤਾ ਅਜੇ ਥੋੜ੍ਹੀ ਦੂਰ ਦੀ ਗੱਲ ਜਾਪਦੀ ਹੈ। ਇਨ੍ਹਾਂ ਵਿਧਾਨ ਸਭਾ ਚੋਣਾਂ ਦੌਰਾਨ ਵਿਰੋਧੀ ਧਿਰ ਕੋਲ ਮੋਦੀ ਸਰਕਾਰ ਨੂੰ ਸੁਨੇਹਾ ਪਹੁੰਚਾਉਣ ਦਾ ਵਧੀਆ ਮੌਕਾ ਸੀ ਜੋ ਇਸ ਨੇ ਖੁੰਝਾਅ ਲਿਆ ਹੈ। ਇਸ ਵਕਤ ਮਸਲਾ ਜਿੱਤ ਜਾਂ ਹਾਰ ਦਾ ਨਹੀਂ ਸੀ ਸਗੋਂ ਵਿਰੋਧੀ ਧਿਰ ਦਾ ਏਕਾ ਦਿਖਾਉਣ ਦਾ ਸੀ। ਹੁਣ ਸੁਨੇਹਾ ਇਹ ਗਿਆ ਹੈ ਕਿ ਵਿਰੋਧੀ ਧਿਰ ਕੋਲ ਨਾ ਨਰਿੰਦਰ ਮੋਦੀ ਵਰਗਾ ਲੀਡਰ ਹੈ ਅਤੇ ਨਾ ਇਸ ਦੀ ਜਥੇਬੰਦਕ ਤਾਕਤ ਹੈ। ਇਨ੍ਹਾਂ ਮਾਮਲਿਆਂ ਵਿਚ ਫਿਲਹਾਲ ਭਗਵਿਆਂ ਦੀ ਝੰਡੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਜਿਹਦੀ ਲਾਠੀ ਉਹਦੀ ਮੱਝ*

*ਲਿਖਿਆ ਕੰਧਾਂ 'ਤੇ 'ਸੱਤਯ ਮੇਵ ਜਯਤੇ' ਐਪਰ ਝੂਠ ਦੇ ਮੋਹਰੇ ਸੱਚ ਢਈ ਜਾਂਦਾ।*
*ਮੂੰਹ-ਜੋਰ ਦੀ ਹੈਂਕੜ ਹੀ 'ਪੁੱਗਦੀ' ਐ ਭਾਵੇਂ ਜੂਨ ਨੂੰ ਬੋਲੀ ਉਹ 'ਮਈ' ਜਾਂਦਾ।*
*ਅਫਸਰ 'ਉੱਪਰਲੇ' ਹੁਕਮ ਨੂੰ ਮੰਨਕੇ ਜੀ ਖੜ੍ਹੇ ਇੱਕ ਨੂੰ ਲਿਖੀ ਉਹ 'ਕਈ' ਜਾਂਦਾ।*
*ਲੱਗੇ ਮੁਨਸਫ ਵੀ ਹੋਇਆ ਕਮਜ਼ੋਰ ਯਾਰੋ ਗ.ਲ ਵਿੱਚ 'ਗੂਠਾ ਨਿਆਂ ਦੇ ਦਈ ਜਾਂਦਾ।*
*ਜਿੱਤ ਸੱਚ ਦੀ ਲਗਦੀ ਵੀ ਹਾਰ ਮਿ.ਲਦੀ ਬਹੁ-ਗਿਣਤੀ ਦਾ 'ਜੋਰ' ਹੀ ਪਈ ਜਾਂਦਾ।*
*ਸਹੀ ਮਾਲਕ ਰਹਿ ਜਾਂਦਾ ਏ ਹੱਥ ਮ.ਲਦਾ 'ਲਾਠੀ ਵਾ.ਲਾ' ਹੀ ਮੱਝ ਨੂੰ ਲਈ ਜਾਂਦਾ!*

# ਬੰਦੀ ਸਿੰਘਾਂ ਦੀ ਰਿਹਾਈ ਦਾ ਮਾਮਲਾ ਅਤੇ ਬਾਦਲ ਦਲ

***ਪੰਜਾਬ ਵਿਚ ਬੰਦੀ ਸਿੰਘਾਂ ਦੀ ਰਿਹਾਈ ਲਈ ਗੁਰਬਖਸ਼ ਸਿੰਘ ਖਾਲਸਾ ਅਤੇ ਸੂਰਤ ਸਿੰਘ ਖਾਲਸਾ ਵੱਲੋਂ ਵੱਖੋ-ਵੱਖ ਤੌਰ 'ਤੇ ਕੀਤੀ ਭੁੱਖ ਹੜਤਾਲ ਸਮੇਤ ਕਈ ਵਾਰ ਇਹ ਮਸਲਾ ਚਰਚਾ ਦਾ ਵਿਸ਼ਾ ਤਾਂ ਬਣਿਆ ਹੈ ਪਰ ਅਨੇਕਾਂ ਵਾਰ ਉੱਠਣ ਦੇ ਬਾਵਜੂਦ ਹੱਲ ਨਹੀਂ ਹੋਇਆ ਹੈ। ਸਜ਼ਾ ਮੁਆਫੀ ਦਾ ਮਾਮਲਾ ਕਾਫੀ ਹੱਦ ਤੱਕ ਸੂਬਾ ਸਰਕਾਰ ਦੇ ਹੱਥ ਵੀ ਹੁੰਦਾ ਹੈ। ਜਦ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ ਦੀ ਸਰਕਾਰ ਸੀ ਤੇ ਕੇਂਦਰ ਵਿਚ ਵੀ ਇਹਨਾ ਦੇ ਭਾਈਵਾਲ ਭਾਜਪਾ ਦੀ ਸਰਕਾਰ ਸੀ, ਉਸ ਸਮੇਂ ਸੂਬਾ ਸਰਕਾਰ ਚਾਹੁੰਦੀ ਤਾਂ ਬੰਦੀ ਸਿੰਘਾਂ ਦੀ ਰਿਹਾਈ ਦੇ ਮਾਮਲੇ ਵਿਚ ਕੋਈ ਦਿੱਕਤ ਨਹੀਂ ਆ ਸਕਦੀ ਸੀ ਪਰ ਇਹ ਹਕੀਕਤ ਹੈ ਕਿ ਬਾਦਲ ਪਰਿਵਾਰ ਸਮੇਤ ਅਕਾਲੀ ਆਗੂਆਂ ਨੇ ਉਸ ਸਮੇਂ ਬੰਦੀ ਸਿੰਘਾਂ ਦੀ ਰਿਹਾਈ ਦਾ ਮਸਲਾ ਗੰਭੀਰਤਾ ਨਾਲ ਉਠਾਇਆ ਹੀ ਨਹੀਂ। ਭਾਜਪਾ ਨਾਲ ਨਹੁੰ-ਮਾਸ ਦੇ ਰਿਸ਼ਤੇ ਦਾ ਦਾਅਵਾ ਕਰਨ ਵਾਲੇ ਅਕਾਲੀ ਦਲ (ਬਾਦਲ) ਦੇ ਲੀਡਰ ਸਿਰਫ ਬਾਦਲ ਪਰਿਵਾਰ ਦੇ ਮੈਂਬਰ ਨੂੰ ਕੇਂਦਰ ਵਿਚ ਮੰਤਰੀ ਬਣਾਉਣ ਤੱਕ ਸੀਮਤ ਰਹੇ।***

ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਮਾਮਲੇ ਵਿਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਬਲਵੰਤ ਸਿੰਘ ਰਾਜੋਆਣਾ ਵੱਲੋਂ 5 ਦਸੰਬਰ ਨੂੰ ਸ਼ੁਰੂ ਕੀਤੀ ਭੁੱਖ ਹੜਤਾਲ ਭਾਵੇਂ ਸ੍ਰੀ ਅਕਾਲ ਤਖਤ ਸਾਹਿਬ ਦੇ ਦਖਲ ਤੋਂ ਬਾਅਦ ਸਮਾਪਤ ਕਰਵਾ ਦਿੱਤੀ ਗਈ ਹੈ ਪਰ ਭੁੱਖ ਹੜਤਾਲ ਨਾਲ



ਰਾਜੋਆਣਾ ਸਮੇਤ ਬੰਦੀ ਸਿੰਘਾਂ ਦੀ ਰਿਹਾਈ ਦਾ ਮਾਮਲਾ ਮੁੜ ਚਰਚਾ ਦਾ ਵਿਸ਼ਾ ਬਣ ਗਿਆ ਹੈ। ਰਾਜੋਆਣਾ ਦੀ ਭੁੱਖ ਹੜਤਾਲ ਖਤਮ ਕਰਵਾਉਣ ਗਏ

**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਵਫਦ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਹੈ ਕਿ ਫਾਂਸੀ ਦੀ ਸਜ਼ਾ ਸਬੰਧੀ ਦਾਇਰ ਅਪੀਲ ਦੇ ਜਲਦ ਨਿਬੇੜੇ ਲਈ ਸੰਘਰਸ਼ ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਪੰਜ ਸਿੰਘ ਸਹਿਬਾਨ ਦੀ ਮੀਟਿੰਗ ਵਿਚ ਵੀ ਕਿਹਾ ਗਿਆ ਸੀ ਕਿ ਜੇ ਕੇਂਦਰ ਸਰਕਾਰ 31 ਦਸੰਬਰ ਤੱਕ ਫਾਂਸੀ ਦੀ ਸਜ਼ਾ ਮੁਆਫ ਨਹੀਂ ਕਰਦੀ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਆਪਣੀ ਪਾਈ ਹੋਈ ਅਪੀਲ 'ਤੇ ਵਿਚਾਰ ਕਰੇਗੀ।

ਬਲਵੰਤ ਸਿੰਘ ਰਾਜੋਆਣਾ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਮਾਮਲੇ ਵਿਚ 1995 ਤੋਂ ਜੇਲ੍ਹ ਵਿਚ ਬੰਦ ਹਨ। ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ ਪਹਿਲੀ ਅਗਸਤ 2007 ਨੂੰ ਉਸ ਨੂੰ ਫ਼ਾਸੀ ਦੀ ਸਜ਼ਾ ਸੁਣਾਈ ਸੀ ਜੋ 31 ਮਾਰਚ 2012 ਨੂੰ ਦਿੱਤੀ ਜਾਣੀ ਸੀ ਪਰ ਉਸ ਤੋਂ ਪਹਿਲਾਂ ਹੀ ਫਾਂਸੀ ਦੇਣ ਖਿਲਾਫ ਲੋਕਾਂ ਨੇ ਰੋਸ ਪ੍ਰਦਰਸ਼ਨ ਸ਼ੁਰੂ ਕਰ ਦਿੱਤੇ ਸਨ। ਐਸ.ਜੀ.ਪੀ.ਸੀ. ਸਮੇਤ ਅਨੇਕਾਂ ਸਿੱਖ ਅਤੇ ਮਨੁੱਖੀ ਅਧਿਕਾਰਾਂ ਨਾਲ ਸਬੰਧਤ ਜਥੇਬੰਦੀਆਂ ਨੇ ਉਨ੍ਹਾਂ ਦੀ ਫਾਂਸੀ ਦੀ ਸਜ਼ਾ ਮੁਆਫ ਕਰਨ ਲਈ ਮੁਹਿੰਮ ਚਲਾਈ ਸੀ। ਪੰਜਾਬ ਵਿਚ ਉੱਠੇ ਰੋਹ ਨੂੰ ਦੇਖਦਿਆਂ ਗ੍ਰਹਿ ਮੰਤਰਾਲੇ ਦੀ ਸਿਫ਼ਾਰਿਸ਼ ਉੱਤੇ ਉਸ ਸਮੇਂ ਦੇ ਰਾਸ਼ਟਰਪਤੀ ਨੇ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਅਣਮਿੱਥੇ ਸਮੇਂ ਲਈ ਟਾਲ ਦਿੱਤਾ ਸੀ ਪਰ ਰਾਜੋਆਣਾ ਅਜੇ ਤੱਕ ਵੀ ਫਾਂਸੀ ਵਾਲੀ ਕੋਠੀ ਵਿਚ ਕਿਸੇ ਫਾਂਸੀਯਾਫਤਾ ਕੈਦੀ ਵਜੋਂ ਬੰਦ ਹੈ। ਉਸ ਨੇ ਆਪਣੀ ਜ਼ਿੰਦਗੀ ਦਾ ਅੱਧ ਤੋਂ ਵੱਧ ਸਮਾਂ (28 ਸਾਲ) ਜੇਲ੍ਹ ਵਿਚ ਗੁਜ਼ਾਰ ਦਿੱਤਾ ਹੈ। ਕਿਸੇ ਵਿਅਕਤੀ 'ਤੇ ਸਾਲਾਂ ਬੱਧੀ ਫਾਂਸੀ ਦੀ ਸਜ਼ਾ ਦੀ ਤਲਵਾਰ ਲਟਕਾ ਕੇ ਜੇਲ੍ਹ ਵਿਚ ਬੰਦ ਰੱਖਣਾ ਮਨੁੱਖੀ ਅਧਿਕਾਰਾਂ ਦਾ ਸਿੱਧੇ ਤੌਰ 'ਤੇ ਉਲੰਘਣ ਹੈ।

ਪਿਛਲੇ 12 ਸਾਲਾਂ ਤੋਂ ਰਾਜੋਆਣਾ ਦੀ ਮੌਤ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਕਰਨ ਦੀ ਅਰਜ਼ੀ ਕੇਂਦਰ ਸਰਕਾਰ ਕੋਲ ਵਿਚਾਰ ਅਧੀਨ ਪਈ ਹੈ। ਹਾਲਾਂਕਿ 2019 'ਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਕੇਂਦਰ ਸਰਕਾਰ ਨੇ 8 ਸਿੱਖ ਕੈਦੀਆਂ ਨੂੰ ਰਿਹਾਅ ਕਰਨ ਅਤੇ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਦੇ ਹੁਕਮ ਦਿੱਤੇ ਸਨ ਪਰ ਚਾਰ ਸਾਲ ਬੀਤਣ ਦੇ ਬਾਵਜੂਦ ਅਜੇ ਤੱਕ ਇਸ ਮਾਮਲੇ ਵਿਚ ਫੈਸਲਾ ਨਹੀਂ ਆਇਆ ਹੈ।

ਇਹ ਮਸਲਾ ਸੁਪਰੀਮ ਕੋਰਟ ਵਿਚ ਵੀ



ਚੱਲ ਰਿਹਾ ਹੈ, ਪਿਛਲੇ ਸਾਲ ਹੀ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਦੀ ਅਰਜ਼ੀ ਉੱਤੇ ਜਲਦੀ ਫੈਸਲਾ ਲੈਣ ਲਈ ਕਿਹਾ ਸੀ। ਰਾਜੋਆਣਾ ਪਹਿਲਾਂ ਵੀ ਕਈ ਵਾਰ ਐਸ.ਜੀ.ਪੀ.ਸੀ. ਕੋਲ ਇਹ ਮਾਮਲਾ ਉਠਾ ਚੁੱਕੇ ਹਨ ਕਿ ਜਦ ਉਨ੍ਹਾਂ ਦੀ ਫਾਂਸੀ ਦੀ ਸਜ਼ਾ ਸਬੰਧੀ ਪਾਈ ਅਪੀਲ 'ਤੇ ਜਦ ਕੇਂਦਰ ਸਰਕਾਰ ਕੋਈ ਫੈਸਲਾ ਨਹੀਂ ਕਰ ਰਹੀ ਹੈ ਤਾਂ ਐਸ.ਜੀ.ਪੀ.ਸੀ. ਨੂੰ ਅਪੀਲ ਵਾਪਸ ਲੈ ਲੈਣੀ ਚਾਹੀਦੀ ਹੈ।

ਪਹਿਲੀ ਗੱਲ ਕਿਸੇ ਵੀ ਸੱਭਿਅਕ ਸਮਾਜ ਜਾਂ ਲੋਕਤੰਤਰ ਵਿਚ 'ਸੱਤਾ' ਨੂੰ ਇਹ ਹੱਕ ਨਹੀਂ ਹੋਣਾ ਚਾਹੀਦਾ ਕਿ ਉਹ ਕਿਸੇ ਲਹਿਰ ਪ੍ਰਤੀ 'ਗੋਲੀ ਬਦਲੇ ਗੋਲੀ' ਜਾਂ 'ਮੌਤ ਬਦਲੇ ਮੌਤ' ਦੀ ਨੀਤੀ ਲੈ ਕੇ ਆਵੇ। ਸਮਾਜ ਵਿਚ ਕਿਸੇ ਵੀ ਹਿੰਸਕ ਲਹਿਰ ਦੇ ਉਭਾਰ ਨੂੰ ਉੱਥੋਂ ਦੇ ਰਾਜਨੀਤਕ, ਸਮਾਜਿਕ ਹਾਲਤਾਂ ਨਾਲੋਂ ਨਿਖੇੜ ਕੇ ਨਹੀਂ ਵੇਖਿਆ ਜਾ ਸਕਦਾ ਹੈ।

ਦੂਜਾ ਇਹ ਕਿ ਜੁਰਮ ਕਦੇ ਵੀ ਸਜ਼ਾ ਨਾਲ ਘਟਾਇਆ ਜਾਂ ਰੋਕਿਆ ਨਹੀਂ ਜਾ ਸਕਦਾ ਹੈ। ਜੇਕਰ ਅਸੀਂ ਵਿਸ਼ਵ ਪੱਧਰ 'ਤੇ ਝਾਤ ਮਾਰੀਏ ਤਾਂ 100 ਤੋਂ ਵੱਧ ਦੇਸ਼ ਫਾਂਸੀ ਦੀ ਸਜ਼ਾ ਖਤਮ ਕਰ ਚੁੱਕੇ ਹਨ। ਭਾਰਤ ਗਰੀਬਾਂ, ਦਲਿਤਾਂ, ਘੱਟ-ਗਿਣਤੀਆਂ, ਕੌਮੀਅਤਾਂ ਅਤੇ ਇਨਕਲਾਬੀਆਂ ਨੂੰ ਰਾਜਤੰਤਰ ਰਾਹੀਂ ਬੇਰਹਿਮੀ ਨਾਲ ਕੁਚਲਣ ਵਾਲੇ ਮੁਲਕਾਂ ਵਿਚੋਂ ਜਾਣਿਆ ਜਾਂਦਾ ਹੈ ਜਿੱਥੇ ਨਾ ਸਿਰਫ ਬੇਕਸੂਰ ਲੋਕ ਜੇਲ੍ਹਾਂ ਵਿਚ ਸਜ਼ਾ ਭੁਗਤ ਰਹੇ ਹਨ ਸਗੋਂ ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਨੂੰ ਰਿਹਾਅ ਕਰਨ ਦੀ ਥਾਂ ਸਾਲਾਂ ਬੱਧੀ ਜੇਲ੍ਹਾਂ ਵਿਚ ਡੱਕ ਕੇ ਮਾਨਸਿਕ, ਸਮਾਜਿਕ, ਸਰੀਰਕ ਅਤੇ ਆਰਥਿਕ ਤੌਰ 'ਤੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ।

**_ਸ਼੍ਰੋਮਣੀ ਅਕਾਲੀ ਦਲ (ਬਾਦਲ) ਸਿੱਖਾਂ ਦੀ ਨੁਮਾਇੰਦਾ ਪਾਰਟੀ ਹੋਣ ਦਾ ਦਾਅਵਾ ਜ਼ਰੂਰ ਕਰਦੀ ਹੈ ਪਰ ਉਸ ਦੀ ਪਹੁੰਚ ਸੂਬੇ ਦੀ ਸੱਤਾ ਹਾਸਲ ਕਰਨ ਅਤੇ ਕਿਸੇ ਨਾ ਕਿਸੇ ਰੂਪ ਵਿਚ ਕੇਂਦਰੀ ਸੱਤਾ ਅੰਦਰ ਬਣੇ ਰਹਿਣ ਤੋਂ ਅੱਗੇ ਨਹੀਂ ਹੈ। ਧਾਰਮਿਕ ਘੱਟ-ਗਿਣਤੀਆਂ ਦਾ ਘਾਣ ਕਰਨ ਵਾਲੀ ਭਾਜਪਾ ਨਾਲ ਅਕਾਲੀ ਦਲ (ਬਾਦਲ) ਦਾ ਗੱਠਜੋੜ ਸਿਰੇ ਦੀ ਮੌਕਾਪ੍ਰਸਤੀ ਵਿਚੋਂ ਉਪਜੀ ਹੋਈ ਸਾਂਝ ਸੀ ਜੋ ਆਪਣੇ ਨਿੱਜੀ ਸਿਆਸੀ ਹਿੱਤਾਂ ਦੀ ਪੂਰਤੀ ਤੱਕ ਸੀਮਤ ਸੀ।_**

ਭਾਰਤੀ ਜੇਲ੍ਹਾਂ ਵਿਚ ਸੱਤਾ ਵਿਰੋਧੀ ਵਿਚਾਰਾਂ ਵਾਲੇ ਕੈਦੀ ਸਜ਼ਾ ਭੁਗਤਣ ਦੇ ਬਾਵਜੂਦ ਬੰਦ ਹਨ। ਚਾਹੇ ਇਲਾਜ ਲਈ ਰਿਹਾਈ ਮੰਗ ਰਹੇ ਜੇਲ੍ਹ ਅੰਦਰ ਫੌਤ ਹੋਏ ਭੀਮਾ ਕੋਰੇਗਾਓਂ ਮਾਮਲੇ ਨਾਲ ਸਬੰਧਿਤ 84 ਸਾਲਾ ਪਾਦਰੀ ਸਟੇਨ ਸਵਾਮੀ ਹੋਣ, ਚਾਹੇ 80 ਫੀਸਦ ਅਪਾਹਜ ਦਿੱਲੀ ਯੂਨੀਵਰਸਿਟੀ ਦਾ ਸਾਬਕਾ ਪ੍ਰੋਫੈਸਰ ਤੇ ਜਮਹੂਰੀ ਹੱਕਾਂ ਦਾ ਘੁਲਾਟੀਆ ਡਾ. ਜੀ.ਐਨ. ਸਾਈਬਾਬਾ ਹੋਵੇ, ਚਾਹੇ ਬੰਦੀ ਸਿੰਘਾਂ ਦਾ ਮਾਮਲਾ ਹੋਵੇ ਜਾਂ ਜੇ.ਐਨ.ਯੂ. ਦੇ ਸਾਬਕਾ ਵਿਦਿਆਰਥੀ ਆਗੂ ਉਮਰ ਖਾਲਿਦ ਜਿਹਾ ਨੌਜਵਾਨ ਹੋਵੇ 'ਸੱਤਾ' ਦਾ ਕਿਰਦਾਰ ਤੁਹਾਨੂੰ ਸਾਫ ਨਜ਼ਰ ਆਏਗਾ।

ਬੰਦੀ ਸਿੰਘਾਂ ਦੀ ਰਿਹਾਈ ਦਾ ਮਸਲਾ ਜਮਹੂਰੀ ਹੱਕਾਂ ਦਾ ਮਾਮਲਾ ਹੈ ਕਿਉਂਕਿ ਜਦ ਭਾਰਤੀ ਸੰਵਿਧਾਨ ਅਨੁਸਾਰ ਕਿਸੇ ਵਿਅਕਤੀ ਨੂੰ ਮਿਲੀ 'ਸਜ਼ਾ' ਉਸ ਨੇ ਭੁਗਤ ਲਈ ਹੈ ਤਾਂ ਉਸ ਦੀ ਰਿਹਾਈ ਨਾ ਕਰਨਾ ਉਸ ਦੇ ਜਮਹੂਰੀ ਹੱਕਾਂ ਨੂੰ ਕੁਚਲਣਾ ਹੈ। ਪੰਜਾਬ ਨਾਲ ਸਬੰਧਿਤ ਬੰਦੀ ਸਿੰਘਾਂ ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ, ਬਲਵੰਤ ਸਿੰਘ ਰਾਜੋਆਣਾ, ਜਗਤਾਰ ਸਿੰਘ ਹਵਾਰਾ, ਲਖਵਿੰਦਰ ਸਿੰਘ ਲੱਖਾ, ਜਗਤਾਰ ਸਿੰਘ ਤਾਰਾ, ਗੁਰਮੀਤ ਸਿੰਘ, ਸ਼ਮਸ਼ੇਰ ਸਿੰਘ, ਪਰਮਜੀਤ ਸਿੰਘ ਭਿਉਰਾ, ਗੁਰਦੀਪ ਸਿੰਘ ਖੇੜਾ ਨੇ ਉਮਰ ਕੈਦ ਦੀ ਸਜ਼ਾ ਭੁਗਤ ਲਈ ਹੈ ਕਿਉਂਕਿ ਭਾਰਤ ਵਿਚ ਉਮਰ ਕੈਦ ਦੀ ਪਰਿਭਾਸ਼ਾ ਆਈ.ਪੀ.ਸੀ. ਦੀ ਧਾਰਾ 57 ਮੁਤਾਬਿਕ 20 ਸਾਲ ਦੀ ਸਜ਼ਾ ਹੈ ਤੇ ਸਰਕਾਰਾਂ ਕੋਲ ਇਹ ਅਖਤਿਆਰ ਹੈ ਕਿ ਉਹ 20 ਸਾਲ ਤੋਂ ਪਹਿਲਾਂ ਵੀ ਕੈਦ ਵਿਚ ਛੋਟ, ਮੁਆਫੀ ਜਾਂ ਸਜ਼ਾ ਬਦਲ ਕੇ ਰਿਹਾਅ ਕਰ ਸਕਦੀਆਂ ਹਨ ਹਾਲਾਂਕਿ ਇਸ ਮਸਲੇ ਵਿਚ ਫਾਇਦਾ 'ਰਸੂਖਵਾਨਾਂ' ਦਾ ਹੀ ਹੋਇਆ ਹੈ। ਗੁਜਰਾਤ ਸਰਕਾਰ ਨੇ 15 ਅਗਸਤ ਮੌਕੇ ਬਿਲਕੀਸ ਬਾਨੋ ਸਮੂਹਿਕ ਬਲਾਤਕਾਰ ਦੇ ਸਾਰੇ ਦੋਸ਼ੀਆਂ ਦੀ ਸਜ਼ਾ ਮੁਆਫ ਕਰ ਕੇ ਉਹਨਾਂ ਨੂੰ ਰਿਹਾਅ ਕਰ ਦਿੱਤਾ ਹੈ, ਇਸ ਤੋਂ ਪਹਿਲਾਂ ਕਿਸੇ ਸਮੇਂ ਪੰਜਾਬ ਸਰਕਾਰ ਨੇ ਵੀ ਪਿੰਕੀ ਕੈਟ ਦੀ ਉਮਰ ਕੈਦ ਦੀ ਸਜ਼ਾ ਸਮੇਂ ਤੋਂ ਪਹਿਲਾਂ ਮੁਆਫ ਕਰ ਦਿੱਤੀ ਸੀ।

ਪੰਜਾਬ ਵਿਚ ਬੰਦੀ ਸਿੰਘਾਂ ਦੀ ਰਿਹਾਈ ਲਈ ਗੁਰਬਖਸ਼ ਸਿੰਘ ਖਾਲਸਾ ਅਤੇ ਸੂਰਤ ਸਿੰਘ ਖਾਲਸਾ ਵੱਲੋਂ ਵੱਖੋ-ਵੱਖ ਤੌਰ 'ਤੇ ਕੀਤੀ ਭੁੱਖ ਹੜਤਾਲ ਸਮੇਤ ਕਈ ਵਾਰ ਇਹ ਮਸਲਾ ਚਰਚਾ ਦਾ ਵਿਸ਼ਾ ਤਾਂ ਬਣਿਆ ਹੈ ਪਰ ਅਨੇਕਾਂ ਵਾਰ ਉੱਠਣ ਦੇ ਬਾਵਜੂਦ ਹੱਲ ਨਹੀਂ ਹੋਇਆ ਹੈ। ਅਸਲ ਵਿਚ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮੁਆਫੀ ਸਮੇਤ ਬੰਦੀ ਸਿੰਘਾਂ ਦੀ ਰਿਹਾਈ ਲਈ ਯਤਨ ਕਰਨ ਦਾ ਦਾਅਵਾ ਕਰਨ ਵਾਲਾ ਸ਼੍ਰੋਮਣੀ ਅਕਾਲੀ ਦਲ (ਬਾਦਲ) ਤੇ ਉਸ ਦੀ ਅਗਵਾਈ ਵਾਲੀ ਐਸ.ਜੀ.ਪੀ.ਸੀ. ਇਸ ਮਸਲੇ ਨੂੰ ਉਸ ਸਮੇਂ ਹੀ ਉਭਾਰਦੇ ਹਨ ਜਦ ਉਹ 'ਸੱਤਾ' ਤੋਂ ਬਾਹਰ ਹੁੰਦੇ ਹਨ।

ਇਹ ਤੱਥ ਹੈ ਕਿ ਸਜ਼ਾ ਮੁਆਫੀ ਦਾ

**(ਬਾਕੀ ਅਗਲੇ ਸਫੇ 'ਤੇ)**

# ਵਿਰੋਧੀ ਧਿਰ ਕੋਲ ਭਾਜਪਾ ਦਾ ਮੁਕਾਬਲਾ ਕਰਨ ਲਈ ਸਹੀ ਭਾਸ਼ਾ ਅਤੇ ਵਿਚਾਰ ਕਿਉਂ ਨਹੀਂ?

***ਉੱਘੇ ਰਾਜਨੀਤਕ ਵਿਸ਼ਲੇਸ਼ਣਕਾਰ ਪ੍ਰਤਾਪ ਭਾਨੂ ਮਹਿਤਾ ਦੀ ਹਾਲੀਆ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਦੀ ਜ਼ਬਰਦਸਤ ਜਿੱਤ ਅਤੇ ਕਾਂਗਰਸ ਦੀ ਅਗਵਾਈ ਹੇਠ ਵਿਰੋਧੀ ਧਿਰ ਦੀ ਹਾਰ ਬਾਰੇ ਟਿੱਪਣੀ ਗੌਰ ਕਰਨ ਵਾਲੀ ਹੈ। ਆਪਣੇ ਪਾਠਕਾਂ ਲਈ ਅਸੀਂ ਇਸ ਲੇਖ ਦਾ ਪੰਜਾਬੀ ਰੂਪ ਪੇਸ਼ ਕਰ ਰਹੇ ਹਾਂ। ਇਸ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।***



ਵਿਰੋਧੀ ਧਿਰ ਅਜੇ ਵੀ ਅਸਰਦਾਰ ਆਲੋਚਨਾ ਲਈ ਸਹੀ ਭਾਸ਼ਾ ਅਤੇ ਮੌਕਾ ਲੱਭਣ ਲਈ ਖੌਝਲ ਰਹੀ ਹੈ। ਫ਼ਿਲਹਾਲ ਤਾਂ ਇਹ ਸਿਰਫ਼ ਉਨ੍ਹਾਂ ਲੋਕਾਂ ਨਾਲ ਸੰਵਾਦ ਕਰਨ ਦੀ ਹਾਲਤ ਹੈ ਜੋ ਪਹਿਲਾਂ ਹੀ ਇਸ ਨਾਲ ਸਹਿਮਤ ਹਨ। ਹਾਲ ਹੀ ਵਿਚ ਹੋਈਆਂ ਵਿਧਾਨ ਸਭਾ ਚੋਣਾਂ 'ਚ ਉੱਤਰੀ ਭਾਰਤ ਵਿਚ ਭਾਜਪਾ ਦੀ ਜ਼ਬਰਦਸਤ ਜਿੱਤ ਨੇ ਇਹ ਸਵਾਲ ਮੁੜ ਖੋਲ੍ਹ ਦਿੱਤਾ ਹੈ।

ਅਜਿਹੀ ਸਥਿਤੀ ਵਿਚ ਵਿਰੋਧੀ ਧਿਰ ਲਈ ਭਰਵੀਂ ਰਣਨੀਤੀ ਕੀ ਹੋ ਸਕਦੀ ਹੈ ਜਦੋਂ ਉਸ ਦਾ ਸਾਹਮਣਾ ਬਹੁਤ ਹੀ ਚਤੁਰ ਚਲਾਕ ਐਸੇ

**ਪ੍ਰਤਾਪ ਭਾਨੂ ਮਹਿਤਾ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਪ੍ਰਧਾਨ ਮੰਤਰੀ ਨਾਲ ਹੋਵੇ ਜੋ ਲੋਕਾਂ 'ਚ ਹਰਮਨਪਿਆਰਾ ਹੈ, ਜਿਸ ਕੋਲ ਡੂੰਘੀਆਂ ਜੜ੍ਹਾਂ ਵਾਲੀ ਪ੍ਰੇਰਨਾ ਅਤੇ ਉਤਸ਼ਾਹ ਨਾਲ ਲਬਰੇਜ਼, ਸਾਰੇ ਵਸੀਲਿਆਂ ਨਾਲ ਭਰਪੂਰ ਰਣਨੀਤਕ ਤੌਰ 'ਤੇ ਚੁਸਤ ਸਿਆਸੀ ਮਸ਼ੀਨ ਹੈ? ਤੇ ਜਦੋਂ ਇਸ ਦੇ ਨਾਲ ਹੀ, ਵੱਖ-ਵੱਖ ਹਿੱਸਿਆਂ ਵਿਚ ਆਰਥਿਕ ਅਸੰਤੋਸ਼ ਦੇ ਬਾਵਜੂਦ, ਕੇਂਦਰ ਸਰਕਾਰ ਦੇ ਵਿਰੁੱਧ ਅਸੰਤੁਸ਼ਟੀ ਦੀ ਕੋਈ ਲਹਿਰ ਵੀ ਮੌਜੂਦ ਨਹੀਂ ਹੈ?

ਵਿਰੋਧੀ ਧਿਰ ਲਈ ਚੁਣੌਤੀ ਇਹ ਹੈ ਕਿ ਉਹ ਸਰਕਾਰ ਦੀ ਕੋਈ ਸਪਸ਼ਟ ਆਲੋਚਨਾ ਕਰਨ ਦੀ ਹਾਲਤ 'ਚ ਨਹੀਂ ਹੈ ਜਿਸ ਤੋਂ ਪਿੱਛਾ ਛੁਡਾਉਣਾ ਉਸ ਲਈ ਅਸੰਭਵ ਹੋਵੇ। ਭਾਜਪਾ ਦੇ ਇਕ ਸੀਨੀਅਰ ਆਗੂ ਨੇ ਹਾਲ ਹੀ ਵਿਚ ਕਿਹਾ ਸੀ ਕਿ ਹਾਲਾਂਕਿ ਕਾਂਗਰਸ ਦਾ ਵੋਟਰਾਂ ਨਾਲ ਸੰਚਾਰ ਬਹੁਤ ਤਾਕਤਵਰ ਸੀ ਪਰ ਇਹ ਸਿਰਫ਼ ਉਨ੍ਹਾਂ ਲੋਕਾਂ ਵੱਲ ਸੇਧਤ ਸੀ ਜੋ ਪਹਿਲਾਂ ਹੀ ਇਸ ਨਾਲ ਸਹਿਮਤ ਹੋ ਚੁੱਕੇ ਸਨ।

ਜਿਵੇਂ ਸੈਂਟਰ ਫਾਰ ਪਾਲਿਸੀ ਰਿਸਰਚ ਦੁਆਰਾ ਤਿਆਰ ਕੀਤਾ ਬਹੁਤ ਹੀ ਮਹੱਤਵਪੂਰਨ ਚੋਣ ਵਿਸ਼ਲੇਸ਼ਣ ਦਰਸਾਉਂਦਾ ਹੈ, ਜਿਨ੍ਹਾਂ ਰਾਜਾਂ ਵਿਚ ਕਾਂਗਰਸ ਹਾਰੀ ਹੈ, ਉੱਥੇ ਉਸ ਦੇ ਵੋਟ ਸ਼ੇਅਰ 'ਚ ਕੋਈ ਖ਼ਾਸ ਗਿਰਾਵਟ ਨਹੀਂ ਆਈ। ਵਿਡੰਬਨਾ ਇਹ ਹੈ ਕਿ ਵਿਰੋਧੀ ਧਿਰ ਭਾਜਪਾ ਵਿਰੋਧੀ ਵੋਟਾਂ ਨੂੰ ਇਕਜੁੱਟ ਨਹੀਂ ਕਰ ਸਕੀ ਅਤੇ ਭਾਜਪਾ ਕਾਂਗਰਸ ਵਿਰੋਧੀ ਵੋਟਾਂ ਨੂੰ ਇਕਜੁੱਟ ਕਰਨ ਵਿਚ ਸਫ਼ਲ ਰਹੀ ਹੈ। ਇਹ ਸਥਿਤੀ ਛੱਤੀਸਗੜ੍ਹ ਵਿਚ ਸਭ ਤੋਂ ਗੰਭੀਰ ਹੈ ਜਿੱਥੇ ਕਾਂਗਰਸ ਦਾ ਵੋਟ ਸ਼ੇਅਰ ਲੱਗਭੱਗ ਸਥਿਰ ਰਿਹਾ ਹੈ ਅਤੇ ਭਾਜਪਾ ਦਾ ਵੋਟ ਸ਼ੇਅਰ ਲੱਗਭੱਗ 12 ਫੀਸਦੀ ਵਧਿਆ ਹੈ। ਕੁਲ ਵੋਟ ਸ਼ੇਅਰ ਵਿਚ ਸਥਿਰਤਾ ਹੇਠਲੇ, ਸੂਖ਼ਮ ਪੱਧਰ 'ਤੇ ਵੋਟਾਂ ਦੇ ਇੱਧਰੋਂ ਉੱਧਰ ਜਾਣ ਦੇ ਅੰਕੜੇ ਸਾਹਮਣੇ ਨਹੀਂ ਆਉਂਦੇ ਪਰ ਅਜਿਹਾ ਪ੍ਰਤੀਤ ਹੁੰਦਾ ਹੈ ਕਿ ਕਾਂਗਰਸ ਜ਼ਿਆਦਾਤਰ ਉਨ੍ਹਾਂ ਨੂੰ ਮੁਖ਼ਾਤਿਬ ਰਹੀ ਹੈ ਜੋ ਪਹਿਲਾਂ ਹੀ ਇਸ ਨਾਲ ਸਹਿਮਤ ਹਨ। ਆਖ਼ਿਰ ਇਸ ਦੇ ਕੀ ਕਾਰਨ ਹੋ ਸਕਦੇ ਹਨ?

ਮੁੱਖ ਸਮੱਸਿਆ ਇਹ ਹੈ ਕਿ ਕਾਂਗਰਸ ਦਾ ਬੌਧਿਕ ਈਕੋ ਸਿਸਟਮ ਪੂਰੀ ਤਰ੍ਹਾਂ ਉਨ੍ਹਾਂ ਵਿਚਾਰਧਾਰਕ ਤਬਦੀਲੀਆਂ ਦੇ ਉਲਟ ਹੈ ਜਿਨ੍ਹਾਂ ਦੀ ਉਸ ਨੂੰ ਜ਼ਰੂਰਤ ਹੈ। ਅਸਲ ਵਿਚ, ਸੁਸਤ ਕਿਸਮ ਦਾ ਸਮਾਜਿਕ ਨਿਰਧਾਰਨਵਾਦ ਭਾਰਤੀ ਸਿਆਸਤ ਵਿਚ ਖੱਬੇ ਪੱਖੀ ਅਤੇ ਮੱਧ ਮਾਰਗੀ ਪਾਰਟੀਆਂ ਲਈ ਸਰਾਪ ਬਣ ਚੁੱਕਾ ਹੈ। ਇਹ ਧੜਾ ਵਰ੍ਹਿਆਂ ਤੋਂ ਪ੍ਰੋਲੇਤਾਰੀ ਜਮਾਤ ਦੇ ਬਰਾਬਰ ਦੇ ਕਿਸੇ ਅਜਿਹੇ ਕੁਦਰਤੀ ਸਮਾਜੀ ਸਮੂਹ ਦੀ ਭਾਲ ਕਰ ਰਿਹਾ ਹੈ ਜਿਸ ਨੂੰ ਸਿਰਫ਼ ਉਸ ਦੀ ਸਮਾਜਿਕ ਸਥਿਤੀ ਦੇ ਆਧਾਰ 'ਤੇ ਮੁਕਤੀ ਦਾ ਏਜੰਟ ਮੰਨ ਲਿਆ ਜਾਵੇ। ਕਦੇ ਉਹ ਦਲਿਤ ਹੁੰਦੇ ਹਨ, ਕਦੇ ਘੱਟ ਗਿਣਤੀ ਅਤੇ ਕਦੇ ਉਹ ਆਮ ਤੌਰ 'ਤੇ ਜਾਤੀ ਸਮੂਹ ਹੁੰਦੇ ਹਨ। ਨਤੀਜੇ ਵਜੋਂ ਰਾਜਨੀਤੀ ਅੱਜ ਲਾਜ਼ਮੀ ਤੌਰ 'ਤੇ ਸਮਾਜਿਕ ਪਛਾਣ ਦੇ ਅੰਕ ਗਣਿਤ ਤੱਕ ਸਿਮਟ ਕੇ ਰਹਿ ਗਈ ਹੈ।

ਜਾਤੀ ਜਨਗਣਨਾ ਦੀ ਵਕਾਲਤ ਕਰਨਾ ਇਸ ਗ਼ਲਤੀ ਦਾ ਤਾਜ਼ਾ ਪ੍ਰਗਟਾਵਾ ਸੀ। ਇਹ ਸਿਆਸੀ ਤੌਰ 'ਤੇ ਅ-ਦੂਰਦਰਸ਼ੀ ਕਦਮ ਸੀ ਕਿਉਂਕਿ ਵਿਕਾਸ ਦਾ ਅਜਿਹਾ ਕੋਈ ਗੰਭੀਰ ਏਜੰਡਾ ਨਹੀਂ ਹੈ ਜਿਸ ਲਈ ਜਾਤੀ ਜਨਗਣਨਾ ਦੀ ਜ਼ਰੂਰਤ ਹੋਵੇ। ਇਹ ਸਮਾਜਿਕ ਨਿਰਧਾਰਨਵਾਦ ਨੈਤਿਕ ਤੌਰ 'ਤੇ ਘਿਨਾਉਣਾ ਹੈ। ਇਹ ਵੋਟਰਾਂ ਨੂੰ ਗੁੰਝਲਦਾਰ ਹਾਲਾਤ 'ਚ ਫ਼ੈਸਲੇ ਕਰਨ ਵਾਲੇ ਸਿਆਸੀ ਪਰਿਵਰਤਨਕਾਰੀ ਏਜੰਟਾਂ ਦੀ ਬਜਾਇ ਨਿਸ਼ਚਿਤ ਪਛਾਣ ਦੇ ਸਥਿਰ ਬਿਰਤਾਂਤ ਦੇ ਰੂਪ 'ਚ ਮੰਨ ਲੈਂਦਾ ਹੈ। ਇਹ ਤਜਰਬੇ ਵਿਚ ਵੀ ਗਲਤ ਸਾਬਤ ਹੋ ਚੁੱਕਾ ਹੈ ਜਿਵੇਂ ਭਾਜਪਾ ਵੱਲੋਂ ਦਲਿਤਾਂ, ਪੱਛੜੀਆਂ ਸ਼੍ਰੇਣੀਆਂ ਅਤੇ ਸੂਚੀ ਦਰਜ ਕਬੀਲਿਆਂ ਦੀ ਸਿਆਸੀ ਪਛਾਣ 'ਚ ਲਿਆਂਦੀ ਗਈ ਪ੍ਰਭਾਵਸ਼ਾਲੀ ਤਬਦੀਲੀ ਨੇ ਸਾਬਤ ਕਰ ਦਿੱਤਾ ਹੈ।

ਭਾਜਪਾ ਖ਼ੁਦ ਵੀ ਹਿੰਦੂਤਵ ਦੀ ਪਛਾਣ ਦੀ ਸਿਆਸਤ ਕਰ ਰਹੀ ਹੈ ਪਰ ਇਹ ਕਿਤੇ ਜ਼ਿਆਦਾ ਸੁਚੇਤ ਹੈ ਕਿ ਪਛਾਣਾਂ ਸਿਆਸੀ ਤੌਰ 'ਤੇ ਬਣਾਈਆਂ ਜਾਂਦੀਆਂ ਹਨ। ਖੱਬੇ ਪੱਖੀਆਂ ਦਾ ਪਛਾਣਵਾਦ ਹੋਰ ਵੀ ਜ਼ਿਆਦਾ ਕੈਦ ਜਾਪਦਾ ਹੈ ਅਤੇ ਡੂੰਘੇ ਪੱਧਰ 'ਤੇ ਗ਼ੈਰ-ਸਿਆਸੀ ਹੈ। ਇਕ ਹੋਰ ਸਭ ਤੋਂ ਤਾਜ਼ੀ ਅਫ਼ਵਾਹ ਸ਼ੁਰੂ ਹੋ ਗਈ ਹੈ- ਉੱਤਰ-ਦੱਖਣ ਪਾੜਾ। ਉੱਤਰ ਅਤੇ ਦੱਖਣ ਵਿਚ ਮੱਤਭੇਦ ਹਨ ਪਰ ਕਾਂਗਰਸ ਦੇ ਹਮਾਇਤੀ ਜੋ ਬੌਧਿਕ ਢਾਂਚਾ ਆਪਣੇ ਆਲੇ-ਦੁਆਲੇ ਖੜ੍ਹਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਉਹ ਨਕਾਰਾਤਮਕ ਹੈ ਅਤੇ ਨਸਲਵਾਦ ਦੀ ਹੱਦ ਤੱਕ ਚਲਾ ਜਾਂਦਾ ਹੈ। ਇਹ ਇਸ ਤੱਥ ਨੂੰ ਝੁਠਲਾਉਂਦਾ ਹੈ ਕਿ ਦੱਖਣ ਵਿਚ, ਇੱਥੋਂ ਤੱਕ ਕਿ ਕੇਰਲ ਵਿਚ ਵੀ ਫਿਰਕਾਪ੍ਰਸਤੀ ਖੌਲ਼ ਰਹੀ ਹੈ।

ਜਾਤ ਸਮਾਜਿਕ ਸੰਰਚਨਾ ਦੇ ਰੂਪ 'ਚ ਤਾਮਿਲਨਾਡੂ ਵਰਗੇ ਰਾਜਾਂ 'ਚ ਓਨੀ ਹੀ ਜਾਬਰ ਹੈ ਜਿੰਨੀ ਕਿਸੇ ਹੋਰ ਰਾਜ ਵਿਚ; ਤੇ ਇਹ ਦਾਅਵਾ ਕਰਨਾ ਤਾਂ ਹੋਰ ਵੀ ਅਜੀਬ ਹੈ ਕਿ ਇਕ ਹੀ ਚੋਣ ਵਿਚ ਕਰਨਾਟਕ ਬੁਰਾਈ ਤੋਂ ਚੰਗਿਆਈ ਵੱਲ ਅਤੇ ਛੱਤੀਸਗੜ੍ਹ ਤੇ ਰਾਜਸਥਾਨ ਚੰਗਿਆਈ ਤੋਂ ਬੁਰਾਈ ਵੱਲ ਜਾ ਸਕਦੇ ਹਨ। ਇਹ ਦੱਖਣ ਵਿਚ ਭਾਜਪਾ ਦੀ ਸਮਰੱਥਾ ਨੂੰ ਘਟਾ ਕੇ ਦੇਖਣਾ ਹੈ। ਅਜਿਹੀ ਸੋਚ 'ਚੋਂ ਤੁੱਛ ਵੰਡੀਆਂ ਵਾਲੀ ਰਾਜਨੀਤੀ ਦੀ ਬੋਅ ਆਉਂਦੀ ਹੈ ਅਤੇ ਇਹ ਭਾਰਤ ਨੂੰ ਆਪਸ 'ਚ ਜੋੜਨ ਵਾਲੀਆਂ ਗੁੰਝਲਦਾਰ ਨਸਾਂ ਦੇ ਗਿਆਨ ਬਾਰੇ ਨਾਦਾਨੀ ਨੂੰ ਦਰਸਾਉਂਦੀ ਹੈ। ਅਜਿਹੀ ਸੋਚ ਰਾਸ਼ਟਰੀ ਅਭਿਲਾਸ਼ਾ ਦੇ ਏਜੰਡੇ ਨੂੰ ਪੂਰੀ ਤਰ੍ਹਾਂ ਭਾਜਪਾ ਦੇ ਰਹਿਮੋ-ਕਰਮ 'ਤੇ ਛੱਡ ਦਿੰਦੀ ਹੈ।

ਭਾਜਪਾ ਦੀ ਸਿਆਸੀ ਪ੍ਰਤਿਭਾ ਦੇ ਬਾਵਜੂਦ ਤਾਨਾਸ਼ਾਹੀ ਅਤੇ ਫਿਰਕਾਪ੍ਰਸਤੀ ਦੇ ਵਧ ਰਹੇ ਖ਼ਤਰਿਆਂ ਨੂੰ ਨਕਾਰਨਾ ਨੈਤਿਕ ਤੌਰ 'ਤੇ ਗੈਰ-ਵਾਜਿਬ ਹੋਵੇਗਾ ਪਰ ਇਹ ਮੰਨਣਾ ਪਵੇਗਾ ਕਿ ਇਨ੍ਹਾਂ ਖ਼ਤਰਿਆਂ ਨੂੰ ਆਮ ਲੋਕਾਂ ਵੱਲੋਂ ਵਿਆਪਕ ਤੌਰ 'ਤੇ ਮਹਿਸੂਸ ਜਾਂ ਅਨੁਭਵ ਨਹੀਂ ਕੀਤਾ ਜਾ ਰਿਹਾ। ਇਹ ਹੈ ਸਿਆਸੀ ਤੱਥ, ਭਾਵੇਂ ਸਾਨੂੰ ਇਹ ਪਸੰਦ ਹੋਵੇ ਜਾਂ ਨਾ।

ਰਾਜ ਦੀਆਂ ਤਕਰੀਬਨ ਸਾਰੀਆਂ ਹੀ ਮਹੱਤਵਪੂਰਨ ਸੰਸਥਾਵਾਂ ਦੀ ਸਾਖ਼ ਨੂੰ ਢਾਹ ਲਾਈ ਜਾ ਰਹੀ ਹੈ ਅਤੇ ਸਾਡੀ ਆਜ਼ਾਦੀ ਖ਼ਤਰੇ ਵਿਚ ਹੈ ਪਰ ਅਜਿਹਾ ਇਸ ਤਰ੍ਹਾਂ ਕੀਤਾ ਜਾ ਰਿਹਾ ਹੈ ਕਿ ਜ਼ਿਆਦਾਤਰ ਨਾਗਰਿਕਾਂ ਨੂੰ ਸ਼ਾਸਨ ਦੇ ਆਪਣੇ ਆਮ ਅਨੁਭਵ ਵਿਚ ਇਸ ਅੰਤਰ ਦਾ ਅਨੁਭਵ ਨਹੀਂ ਹੋ ਰਿਹਾ। ਕੁਝ ਗ੍ਰਿਫ਼ਤਾਰੀਆਂ ਹੋ ਰਹੀਆਂ ਹਨ, ਕੁਝ ਵਿਰੋਧੀ ਧਿਰ ਦੇ ਆਗੂਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਪਰ ਆਮ ਲੋਕਾਂ ਦੁਆਰਾ ਇਸ ਨੂੰ ਅਜੇ ਵੀ ਆਮ ਪ੍ਰਕਿਰਿਆ ਹੀ ਸਮਝਿਆ ਜਾ ਰਿਹਾ ਹੈ। ਬਹੁਤ ਸਾਰਿਆਂ ਨੂੰ ਤਾਂ ਇਹ ਵੀ ਲੱਗਦਾ ਹੈ ਕਿ ਇਹ ਮੁਕਾਬਲੇ ਵਾਲੀ ਰਾਜਨੀਤੀ ਤੋਂ ਮਾਮੂਲੀ ਭਟਕਣ ਹੀ ਹੈ, ਕੋਈ ਸਿਲਸਿਲੇਵਾਰ ਖ਼ਤਰਾ ਨਹੀਂ। ਇਹ ਅਸਲ ਵਿਚ ਅਜਿਹਾ ਮੁੱਦਾ ਹੈ ਜਿਸ ਨੂੰ ਸਮਾਜ ਵਿਚ ਉਦੋਂ ਹੀ ਵਿਆਪਕ ਤੌਰ 'ਤੇ ਪ੍ਰਵਾਨਗੀ ਮਿਲਦੀ ਹੈ ਜਦੋਂ ਸਮਾਜ ਵਿਚ ਬੇਸ਼ੁਮਾਰ ਸ਼ਕਤੀ ਵਾਲੇ ਲੋਕ (ਕੁਲੀਨ ਵਰਗ) ਅਜਿਹੇ ਮੁੱਦਿਆਂ ਨੂੰ ਉਠਾਉਣ ਅਤੇ ਹਵਾ ਦੇਣ ਲੱਗ ਪੈਂਦੇ ਹਨ। ਬਦਕਿਸਮਤੀ ਨਾਲ ਇਹ ਅਜਿਹੇ ਲੋਕ ਨਹੀਂ ਹਨ ਜਿਨ੍ਹਾਂ ਨੂੰ ਵਿਰੋਧੀ ਧਿਰ ਖਿੱਚ ਸਕੇ ਜਾਂ ਕਾਇਲ ਕਰ ਸਕੇ।

ਵਿਰੋਧੀ ਧਿਰ ਦੀ ਹਿੰਦੂਤਵ ਦੀ ਆਲੋਚਨਾ ਦੋ ਕਾਰਨਾਂ ਕਰ ਕੇ ਫੇਲ੍ਹ ਹੋ ਰਹੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਜਪਾ ਨੇ ਹਿੰਦੂਆਂ ਵਿਚ ਅਜਿਹਾ ਆਧਾਰ ਸਮੂਹ ਬਣਾ ਲਿਆ ਹੈ ਜੋ ਮੁਸਲਮਾਨਾਂ ਨੂੰ ਸਿਆਸੀ ਹਾਸ਼ੀਏ 'ਤੇ ਰੱਖਣ ਅਤੇ ਇੱਥੋਂ ਤੱਕ ਕਿ ਉਨ੍ਹਾਂ ਵਿਰੁੱਧ ਹਿੰਸਾ ਬਾਬਤ ਵੀ ਸਹਿਜ ਹੈ। ਹਿੰਸਕ ਵਿਨਾਸ਼ਵਾਦ ਉਸ ਤੋਂ ਕਿਤੇ ਜ਼ਿਆਦਾ ਦੂਰ ਤੱਕ ਫੈਲ ਗਿਆ ਹੈ ਜਿੰਨਾ ਅਸੀਂ ਸਵੀਕਾਰ ਕਰਦੇ ਹਾਂ ਪਰ ਤਾਨਾਸ਼ਾਹੀ ਦੇ ਖ਼ਤਰੇ ਵਾਂਗ ਬਹੁਤ ਸਾਰੇ ਲੋਕ ਇਹ ਵੀ ਮੰਨੀ ਬੈਠੇ ਹਨ ਕਿ ਅਜੇ ਤੱਕ ਕੋਈ ਇੰਨੀ ਵਿਆਪਕ ਹਿੰਸਾ ਨਹੀਂ ਹੋ ਰਹੀ ਹੈ ਜੋ ਕਿਸੇ ਦੀ ਜ਼ਮੀਰ ਉੱਪਰ ਦਬਾ ਪਾਉਂਦੀ ਹੋਵੇ ਜਾਂ ਅਫਰਾ-ਤਫ਼ਰੀ ਦਾ ਮਾਹੌਲ ਬਣ ਜਾਣ ਦਾ ਸੰਸਾ ਪੈਦਾ ਕਰਦੀ ਹੋਵੇ। ਉਨ੍ਹਾਂ ਨੂੰ ਅਜਿਹੇ ਖ਼ਤਰੇ ਦੇ ਖ਼ਦਸ਼ੇ ਬਹੁਤ ਦੂਰ ਦੀ ਗੱਲ ਜਾਪਦੇ ਹਨ।

ਵਿਰੋਧੀ ਧਿਰ ਹਿੰਦੂਤਵ ਦੀਆਂ ਬਹਿਸਾਂ ਦੇ ਜਾਲ ਵਿਚ ਫਸਦੀ ਰਹਿੰਦੀ ਹੈ। ਵਿਰੋਧੀ ਧਿਰ ਦੀ ਮੁੱਖ ਚਿੰਤਾ ਸੱਭਿਆਚਾਰ ਨੂੰ ਲੈ ਕੇ ਆਪਸੀ ਲੜਾਈ ਨਹੀਂ ਹੋਣੀ ਚਾਹੀਦੀ; ਕਾਂਗਰਸ ਦਾ ਈਕੋ ਸਿਸਟਮ ਇਸ ਲੜਾਈ ਨੂੰ ਜਿੱਤਣ ਲਈ ਚੰਗੀ ਹਾਲਤ 'ਚ ਨਹੀਂ ਹੈ। ਇਸ ਨੂੰ ਹਿੰਦੂ ਵਿਰੋਧੀ ਹੋਣ ਦੇ ਦੋਸ਼ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਹਰ ਸੱਭਿਆਚਾਰਕ ਲੜਾਈ ਇਸ ਨੂੰ ਉਸ ਜਾਲ ਵਿਚ ਹੋਰ ਜ਼ਿਆਦਾ ਫਸਾ ਦਿੰਦੀ ਹੈ। ਇਸ ਜਾਲ ਵਿਚੋਂ ਬਾਹਰ ਨਿਕਲਣ ਦਾ ਇਕੋ-ਇਕ ਰਸਤਾ ਹੈ, ਹਰ ਬੰਦੇ ਦੀ ਬਰਾਬਰ ਆਜ਼ਾਦੀ ਅਤੇ ਸਨਮਾਨ ਦੀ ਰੱਖਿਆ ਕਰਨਾ, ਇਹੀ ਗੱਲ ਉਸ ਨੂੰ ਬਹੁਗਿਣਤੀ-ਘੱਟਗਿਣਤੀ ਢਾਂਚੇ ਤੋਂ ਉੱਪਰ ਚੁੱਕਦੀ ਹੈ। ਇਸ ਨੂੰ ਪ੍ਰਗਟਾਵੇ ਦੀ ਆਜ਼ਾਦੀ ਤੇ ਕੁਫ਼ਰ, ਦੰਗਿਆਂ ਤੇ ਰਾਜਨੀਤਿਕ ਕਤਲਾਂ ਦੇ ਮੁੱਦਿਆਂ ਅਤੇ ਸਾਰੇ ਭਾਈਚਾਰਿਆਂ ਵਿਚ ਵਿਅਕਤੀਆਂ ਦੇ ਅਧਿਕਾਰਾਂ ਉੱਪਰ ਭਾਈਚਾਰਿਆਂ ਦੀ ਸਰਵਉੱਚਤਾ ਦੀ ਆਲੋਚਨਾ ਦੇ ਮਾਮਲਿਆਂ 'ਤੇ ਨਿਰੰਤਰ ਠੋਸ ਰੁਖ ਅਪਨਾਉਣਾ ਚਾਹੀਦਾ ਹੈ। ਬਹੁਗਿਣਤੀ-ਘੱਟਗਿਣਤੀ ਵਾਲੇ ਢਾਂਚੇ ਵਿਚ ਤਾਂ ਘੱਟਗਿਣਤੀਆਂ ਆਖ਼ਿਰਕਾਰ ਸਿਆਸੀ ਤੌਰ 'ਤੇ ਹਾਰ ਹੀ ਜਾਣਗੀਆਂ।

ਕਾਂਗਰਸ ਨੇ ਭ੍ਰਿਸ਼ਟਾਚਾਰ ਦੀ ਆਲੋਚਨਾ ਨੂੰ ਪ੍ਰਮੁੱਖਤਾ ਦਿੱਤੀ ਹੈ। ਇਸ ਵਿਚ ਦੋ ਸਮੱਸਿਆਵਾਂ ਹਨ। ਅਜਿਹੀ ਮੁਹਿੰਮ ਤਾਂ ਹੀ ਕੰਮ ਕਰਦੀ ਹੈ ਜੇ ਇਸ ਦੀ ਅਗਵਾਈ ਕਿਸੇ ਭਰੋਸੇਯੋਗ ਸ਼ਖ਼ਸੀਅਤ ਦੁਆਰਾ ਕੀਤੀ ਜਾਂਦੀ ਹੈ - ਇਹ ਜਾਂ ਤਾਂ ਜੈਪ੍ਰਕਾਸ਼ ਨਰਾਇਣ ਵਰਗਾ ਕੋਈ ਬਾਹਰਲਾ ਮਕਬੂਲ ਵਿਅਕਤੀ ਜਾਂ ਆਪਣੇ ਸ਼ੁਰੂਆਤੀ ਦਿਨਾਂ ਵਿਚ ਆਮ ਆਦਮੀ ਪਾਰਟੀ ਜਾਂ ਸੱਤਾਧਾਰੀ ਪ੍ਰਣਾਲੀ ਵਿੱਚੋਂ ਬਾਹਰ ਨਿੱਕਲਿਆ ਕੋਈ ਵੀ.ਪੀ. ਸਿੰਘ ਵਰਗਾ ਵੱਡਾ ਬੰਦਾ ਹੋਵੇ।

ਦੂਜੀ ਸਮੱਸਿਆ ਆਲੋਚਨਾ ਦੇ ਪੱਧਰ ਦੀ ਹੈ - ਮਿਸਾਲ ਵਜੋਂ ਭ੍ਰਿਸ਼ਟ ਵਿਧਾਇਕਾਂ ਨੂੰ ਲੈ ਕੇ ਬਹੁਤ ਜ਼ਿਆਦਾ ਅਸੰਤੁਸ਼ਟੀ ਸੀ ਜਾਂ ਭਰਤੀ ਪ੍ਰੀਖਿਆਵਾਂ ਬਾਰੇ ਬਹੁਤ ਸਾਰੀਆਂ ਚਿੰਤਾਵਾਂ ਸਨ ਪਰ ਇਨ੍ਹਾਂ ਮੁੱਦਿਆਂ ਨੂੰ ਉਠਾਉਣ ਦੀ ਬਜਾਇ ਅਡਾਨੀ ਦੀ ਅਮੂਰਤ ਆਲੋਚਨਾ ਕਰਨਾ ਲੋਕਾਂ ਦੀ ਸਮਝ ਵਿਚ ਆਉਣ ਵਾਲੇ ਮੁੱਦਿਆਂ ਤੋਂ ਭਟਕਣਾ ਸੀ, ਉਹ ਵੀ ਉਦੋਂ ਜਦੋਂ ਰਾਜਸਥਾਨ ਵਰਗੇ ਰਾਜ ਨੂੰ ਅਡਾਨੀ ਤੋਂ 5,000 ਕਰੋੜ ਰੁਪਏ ਦਾ ਨਿਵੇਸ਼ ਮਿਲ ਰਿਹਾ ਹੈ।

ਸਮੱਸਿਆ ਦਾ ਦੂਜਾ ਪਹਿਲੂ ਆਰਥਿਕਤਾ ਨੂੰ ਲੈ ਕੇ ਹੈ। ਇਹ ਗੁੰਝਲਦਾਰ ਮੁੱਦਾ ਹੈ - ਰਾਜ ਨੂੰ ਕਲਿਆਣਕਾਰੀ ਗੱਠਜੋੜਾਂ ਨੂੰ ਇਕ ਜਗ੍ਹਾ ਜੋੜਨਾ ਪੈਂਦਾ ਹੈ ਅਤੇ ਮੁਕਾਬਲੇਬਾਜ਼ੀ ਅਕਸਰ ਸਮਰੱਥਾ ਦੇ ਮਾਮਲੇ 'ਚ ਹੁੰਦੀ ਹੈ ਪਰ ਇਸ ਤੋਂ ਵੀ ਮਹੱਤਵਪੂਰਨ ਗੱਲ ਇਹ ਹੈ ਕਿ ਵਿਰੋਧੀ ਧਿਰ ਨੂੰ ਖੱਬੀ ਧਿਰ ਵੱਲ ਝੁਕਦਾ ਦੇਖਿਆ ਜਾ ਰਿਹਾ ਹੈ - ਵੱਡੇ ਕਾਰੋਬਾਰ ਵਿਰੋਧੀ ਹੋਣ ਅਤੇ ਕਾਰੋਬਾਰ ਵਿਰੋਧੀ ਹੋਣ ਦੇ ਵਿਚਕਾਰਲੀ ਲਕੀਰ ਨੂੰ ਸਮਝਾਉਣਾ ਮੁਸ਼ਕਿਲ ਹੈ। ਇਸ ਵਿਚ ਕੋਈ ਨਵਾਂ ਪੈਰਾਡਾਈਮ ਨਹੀਂ ਹੈ ਜੋ ਭਾਰਤੀ ਅਰਥਚਾਰੇ ਲਈ ਨਵਾਂ ਰਾਹ ਖੋਲ੍ਹਦਾ ਹੋਵੇ।

ਇਸ ਲਈ ਲੀਡਰਸ਼ਿਪ, ਰਣਨੀਤੀ ਅਤੇ ਜਥੇਬੰਦਕ ਮੁੱਦਿਆਂ ਤੋਂ ਇਲਾਵਾ ਵਿਰੋਧੀ ਧਿਰ ਭਾਵੇਂ ਉਹ ਇਕੱਲੀ ਕਾਂਗਰਸ ਹੋਵੇ ਜਾਂ 'ਇੰਡੀਆ' ਗੱਠਜੋੜ, ਅਜੇ ਵੀ ਕੋਈ ਅਸਰਦਾਰ ਆਲੋਚਨਾ ਲਈ ਢੁਕਵੀਂ ਭਾਸ਼ਾ ਅਤੇ ਮੌਕਾ ਲੱਭਣ ਲਈ ਖੌਝਲ ਰਹੀ ਹੈ। ਫ਼ਿਲਹਾਲ ਤਾਂ ਇਹ ਸਿਰਫ਼ ਉਨ੍ਹਾਂ ਲੋਕਾਂ ਨਾਲ ਸੰਵਾਦ ਕਰ ਪਾ ਰਿਹਾ ਹੈ ਜੋ ਪਹਿਲਾਂ ਹੀ ਇਸ ਨਾਲ ਸਹਿਮਤ ਹਨ।

## ਬੰਦੀ ਸਿੰਘਾਂ ਦੀ ਰਿਹਾਈ ਦਾ ਮਾਮਲਾ ਅਤੇ ਬਾਦਲ ਦਲ

***ਪਿਛਲੇ ਸਫੇ ਦੀ ਬਾਕੀ***

ਮਾਮਲਾ ਕਾਫੀ ਹੱਦ ਤੱਕ ਸੂਬਾ ਸਰਕਾਰ ਦੇ ਹੱਥ ਵੀ ਹੁੰਦਾ ਹੈ। ਜਦ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ ਦੀ ਸਰਕਾਰ ਸੀ ਤੇ ਕੇਂਦਰ ਵਿਚ ਵੀ ਇਹਨਾ ਦੇ ਭਾਈਵਾਲ ਭਾਜਪਾ ਦੀ ਸਰਕਾਰ ਸੀ, ਉਸ ਸਮੇਂ ਸੂਬਾ ਸਰਕਾਰ ਚਾਹੁੰਦੀ ਤਾਂ ਬੰਦੀ ਸਿੰਘਾਂ ਦੀ ਰਿਹਾਈ ਦੇ ਮਾਮਲੇ ਵਿਚ ਕੋਈ ਦਿੱਕਤ ਨਹੀਂ ਆ ਸਕਦੀ ਸੀ ਪਰ ਇਹ ਹਕੀਕਤ ਹੈ ਕਿ ਬਾਦਲ ਪਰਿਵਾਰ ਸਮੇਤ ਅਕਾਲੀ ਆਗੂਆਂ ਨੇ ਉਸ ਸਮੇਂ ਬੰਦੀ ਸਿੰਘਾਂ ਦੀ ਰਿਹਾਈ ਦਾ ਮਸਲਾ ਗੰਭੀਰਤਾ ਨਾਲ ਉਠਾਇਆ ਹੀ ਨਹੀਂ। ਭਾਜਪਾ ਨਾਲ ਨਹੁੰ-ਮਾਸ ਦੇ ਰਿਸ਼ਤੇ ਦਾ ਦਾਅਵਾ ਕਰਨ ਵਾਲੇ ਅਕਾਲੀ ਦਲ (ਬਾਦਲ) ਦੇ ਲੀਡਰ ਸਿਰਫ ਬਾਦਲ ਪਰਿਵਾਰ ਦੇ ਮੈਂਬਰ ਨੂੰ ਕੇਂਦਰ ਵਿਚ ਮੰਤਰੀ ਬਣਾਉਣ ਤੱਕ ਸੀਮਤ ਰਹੇ।

ਬਲਵੰਤ ਸਿੰਘ ਰਾਜੋਆਣਾ ਵੀ ਕੁਝ ਮਹੀਨੇ ਪਹਿਲਾਂ ਤੱਕ ਅਕਾਲੀ ਦਲ (ਬਾਦਲ) ਦੇ ਪੱਕੇ ਹਮਾਇਤੀ ਸਨ। ਕਮਲਦੀਪ ਕੌਰ ਰਾਜੋਆਣਾ ਅੱਜ ਅਕਾਲੀ ਦਲ 'ਤੇ ਸਵਾਲ ਖੜ੍ਹੇ ਕਰ ਰਹੇ ਹਨ ਪਰ ਅਜੇ ਵੀ ਸੰਗਰੂਰ ਖੇਤਰ ਵਿਚ ਕਿਸੇ ਨਾ ਕਿਸੇ ਕੰਧ 'ਤੇ ਉਹਨਾਂ ਦੇ ਅਕਾਲੀ ਦਲ ਵੱਲੋਂ ਲੋਕ ਸਭਾ ਦੀ ਜ਼ਿਮਨੀ ਚੋਣ ਲੜਨ ਵਾਲੇ ਪੋਸਟਰ ਲੱਗੇ ਮਿਲ ਜਾਣਗੇ; ਭਾਵ, ਕੁਝ ਮਹੀਨੇ ਪਹਿਲਾਂ ਤੱਕ ਉਹਨਾਂ ਵੀ ਅਕਾਲੀ ਲੀਡਰਾਂ ਨੂੰ ਇਹ ਸਵਾਲ ਨਹੀਂ ਪੁੱਛਿਆ ਕਿ ਹੁਣ ਤੱਕ ਤੁਸੀਂ ਬੰਦੀ ਸਿੰਘਾਂ ਦੀ ਰਿਹਾਈ ਲਈ ਕੀ ਕੀਤਾ ਹੈ। ਅਸਲ ਵਿਚ ਸੰਗਰੂਰ ਜ਼ਿਮਨੀ ਚੋਣ ਦੌਰਾਨ ਆਪਣੀ ਖੁਰ ਚੁੱਕੀ ਸਿਆਸੀ ਜ਼ਮੀਨ ਬਚਾਉਣ ਖਾਤਰ ਅਕਾਲੀ ਦਲ (ਬਾਦਲ) ਨੇ ਬੰਦੀ ਸਿੰਘਾਂ ਦੀ ਰਿਹਾਈ ਦੇ ਮਸਲੇ ਨੂੰ ਉਭਾਰ ਕੇ ਵੋਟਾਂ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਤੇ ਬਾਅਦ ਵਿਚ ਕੋਈ ਠੋਸ ਸਰਗਰਮੀ ਨਹੀਂ ਕੀਤੀ।

ਤਾਮਿਲਨਾਡੂ ਸਰਕਾਰ ਨੇ ਰਾਜੀਵ ਗਾਂਧੀ ਹੱਤਿਆ ਕਾਂਡ ਦੇ ਸਾਰੇ ਦੋਸ਼ੀਆਂ ਨੂੰ ਅਗਾਊਂ ਰਿਹਾਅ ਕਰਨ ਸਬੰਧੀ ਸਿਫਾਰਸ਼ ਰਾਜਪਾਲ ਨੂੰ ਭੇਜੀ ਤੇ ਇਸ ਪੂਰੇ ਮਾਮਲੇ ਦੀ ਉੱਚ ਅਦਾਲਤ ਤੱਕ ਪੈਰਵਾਈ ਕਰ ਕੇ ਰਿਹਾਈ ਯਕੀਨੀ ਬਣਾਈ ਪਰ ਇਹ ਸਭ ਪੰਜ ਵਾਰ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਨਹੀਂ ਕਰ ਸਕੀ।

ਸ਼੍ਰੋਮਣੀ ਅਕਾਲੀ ਦਲ (ਬਾਦਲ) ਸਿੱਖਾਂ ਦੀ ਨੁਮਾਇੰਦਾ ਪਾਰਟੀ ਹੋਣ ਦਾ ਦਾਅਵਾ ਜ਼ਰੂਰ ਕਰਦੀ ਹੈ ਪਰ ਉਸ ਦੀ ਪਹੁੰਚ ਸੂਬੇ ਦੀ ਸੱਤਾ ਹਾਸਲ ਕਰਨ ਅਤੇ ਕਿਸੇ ਨਾ ਕਿਸੇ ਰੂਪ ਵਿਚ ਕੇਂਦਰੀ ਸੱਤਾ ਅੰਦਰ ਬਣੇ ਰਹਿਣ ਤੋਂ ਅੱਗੇ ਨਹੀਂ ਹੈ। ਧਾਰਮਿਕ ਘੱਟ-ਗਿਣਤੀਆਂ ਦਾ ਘਾਣ ਕਰਨ ਵਾਲੀ ਭਾਜਪਾ ਨਾਲ ਅਕਾਲੀ ਦਲ (ਬਾਦਲ) ਦਾ ਗੱਠਜੋੜ ਸਿਰੇ ਦੀ ਮੌਕਾਪ੍ਰਸਤੀ ਵਿਚੋਂ ਉਪਜੀ ਹੋਈ ਸਾਂਝ ਸੀ ਜੋ ਆਪਣੇ ਨਿੱਜੀ ਸਿਆਸੀ ਹਿੱਤਾਂ ਦੀ ਪੂਰਤੀ ਤੱਕ ਸੀਮਤ ਸੀ।

ਬੰਦੀ ਸਿੰਘਾਂ ਦੀ ਰਿਹਾਈ ਦਾ ਮਾਮਲਾ ਮਨੁੱਖੀ ਅਧਿਕਾਰਾਂ ਦੇ ਮਾਮਲੇ ਵਜੋਂ ਉੱਠਣਾ ਚਾਹੀਦਾ ਹੈ ਤੇ ਇਸ ਪੂਰੇ ਮਾਮਲੇ ਵਿਚ ਅਕਾਲੀ ਦਲ (ਬਾਦਲ) ਦੇ ਕਿਰਦਾਰ ਨੂੰ ਬੇਪਰਦ ਕਰਨਾ ਚਾਹੀਦਾ ਹੈ।

# ਦੇਸ਼-ਵੰਡ ਦੀ ਭੁੱਲ ਬਖਸ਼ਾਓ, ਅਨੇਕਤਾ ਵਿਚ ਏਕਤਾ ਗਲੇ ਲਗਾਓ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਰਾਜਸਥਾਨ, ਮੱਧ ਪ੍ਰਦੇਸ਼, ਛੱਤੀਸਗੜ੍ਹ, ਤਿਲੰਗਾਨਾ ਤੇ ਮਿਜ਼ੋਰਮ ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜੇ ਸਬੰਧਤ ਪਾਰਟੀਆਂ ਲਈ ਵਧੀਆ ਸੋਚ ਤੇ ਸਮਝ ਲੈ ਕੇ ਆਏ ਹਨ। ਸਭ ਤੋਂ ਵੱਡਾ ਸਬਕ ਤਾਂ ਕਾਂਗਰਸ ਪਾਰਟੀ ਲਈ ਹੈ ਜਿਸਦੇ ਕਰਨਾਟਕਾ ਦੀ ਜਿੱਤ ਦਿਮਾਗ 'ਤੇ ਚੜ੍ਹ ਗਈ ਸੀ। ਜਿੱਥੇ ਪੰਜਾਬ ਵਿਚ ਨਵਜੋਤ ਸਿੱਧੂ ਦੀ ਬੱਲੇਬਾਜ਼ੀ ਨੇ ਚਰਨਜੀਤ ਚੰਨੀ ਤੇ ਭਗਵੰਤ ਮਾਨ ਵਰਗੇ ਅਣਪਛਾਤ ਨੇਤਾਵਾਂ ਨੂੰ ਪੰਜਾਬ ਦੀ ਕਮਾਨ ਫੜਵਾ ਦਿੱਤੀ ਸੀ ਉਥੇ ਕਰਨਾਟਕਾ ਦੀ ਜਿੱਤ ਨੇ ਇਸਦੇ ਨੇਤਾਵਾਂ ਦੇ ਬੋਲਾਂ ਵਿਚ ਵਿਰੋਧੀ ਧਿਰ ਲਈ ਅਨੁਚਿਤ ਸ਼ਬਦ ਵਰਤਣ ਦਾ ਰਾਹ ਖੋਲ੍ਹ ਦਿੱਤਾ ਸੀ। ਇਨ੍ਹਾਂ ਚੋਣਾਂ ਨੇ ਆਮ ਆਦਮੀ ਪਾਰਟੀ ਦਾ ਪੋਲ ਵੀ ਖੋਲ੍ਹ ਦਿੱਤਾ ਹੈ ਜਿਹੜੀ ਵੱਡੇ ਤਖ਼ਤ ਦੇ ਸੁਪਨੇ ਲੈਂਦੀ ਛੋਟੇ ਤਖ਼ਤਾਂ ਤੋਂ ਵੀ ਖਿਸਕਦੀ ਨਜ਼ਰ ਆ ਰਹੀ ਹੈ। ਜੇ ਜ਼ੋਰਮ ਪੀਪਲਜ਼ ਮੂਵਮੈਂਟ ਵੀ ਆਪਣੀ ਅਜੋਕੀ ਚੜ੍ਹਤ ਦੇ ਸਿਰ ਉੱਤੇ 'ਆਪ' ਵਰਗੇ ਸੁਪਨੇ ਲੈਣ ਲੱਗ ਪਈ ਤਾਂ ਇਸਦਾ ਵੀ ਇਹੀਓ ਹਸ਼ਰ ਹੋ ਸਕਦਾ ਹੈ। ਜਿੱਥੋਂ ਤਕ ਬੱਲੇਬਾਜ਼ੀਆਂ ਦਾ ਸਬੰਧ ਹੈ ਇਮਰਾਨ ਖਾਨ ਦੀ ਵਰਤਮਾਨ ਸਥਿਤੀ ਤੋਂ ਸਬਕ ਸਿੱਖਣ ਵਿਚ ਕੋਈ ਹਰਜ਼ ਨਹੀਂ। ਹੋ ਸਕਦਾ ਹੈ ਅਮਰਿੰਦਰ ਸਿੰਘ ਤੇ ਸੁਨੀਲ ਜਾਖੜ ਵਰਗੇ ਅਨੁਭਵੀ ਨੇਤਾ ਮੁੜ ਕਾਂਗਰਸ ਵਿਚ ਪਰਤ ਆਉਣ ਤੇ ਪੰਜਾਬ ਦਾ ਪੈਸਾ ਬਾਹਰਲੇ ਰਾਜਾਂ ਵਿਚ ਚੋਣ ਪ੍ਰਚਾਰਾਂ ਤੋਂ ਬਚਿਆ ਰਹੇ। ਬੱਸ ਏਨੀ ਇਹਤਿਆਤ ਜ਼ਰੂਰੀ ਹੈ ਕਿ ਨਵਜੋਤ ਸਿੱਧੂ ਦੀ ਸਲਾਹਕਾਰੀ ਤੋਂ ਬਚੀਏ।

ਆਰ ਐਸ ਐਸ ਦੇ ਪਟੜੇ ਉੱਤੇ ਚੜ੍ਹ ਕੇ ਵੋਟਾਂ ਬਟੋਰਨ ਵਾਲੀ ਬੀਜੇਪੀ ਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਸੁਤੰਤਰਤਾ ਪ੍ਰਾਪਤੀ ਤੋਂ ਪਹਿਲਾਂ ਮੁਸਲਿਮ ਲੀਗ ਨੇ ਵੀ ਖ਼ੁਦ ਮੁਖਤਿਆਰੀ ਦੇ ਅਜਿਹੇ ਰੰਗਦਾਰ ਗੁਬਾਰੇ ਛੱਡੇ ਸਨ ਕਿ ਮੁਹੰਮਦ ਇਕਬਾਲ ਵਰਗਾ ਸਿਆਣਾ ਸ਼ਾਇਰ ਵੀ 'ਹਿੰਦੀ ਹੈਂ ਹਮ ਵਤਨ ਹੈ ਹਿੰਦੁਸਤਾਂ ਹਮਾਰਾ' ਦੀ ਥਾਂ 'ਮੁਸਲਿਮ ਹੈਂ ਹਮ ਵਤਨ ਹੈ ਸਾਰਾ ਜਹਾਂ ਹਮਾਰਾ' ਲਿਖਣ ਲੱਗ ਗਿਆ ਸੀ। 1947 ਵਿਚ ਹਿੰਦੁਸਤਾਨ ਤੋਂ ਕੱਟਿਆ ਜਾਣ ਵਾਲਾ ਮੁਸਲਿਮ ਬਹੁ-ਗਿਣਤੀ ਦੇਸ਼ ਕਿੰਨੇ ਲੱਖ ਬੰਦਿਆਂ ਦਾ ਖਓ ਬਣਿਆ ਤੇ



ਕਿੰਨੀਆਂ ਮਾਵਾਂ ਭੈਣਾਂ ਦੀ ਬੇਪਤੀ ਦਾ ਆਧਾਰ ਇਤਿਹਾਸ ਦੇ ਪੰਨਿਆ ਵਿਚ ਦਰਜ ਹੈ। ਅਜੋਕੇ ਪਾਕਿਸਤਾਨ ਦੀ ਯਾਤਰਾ ਕਰਨ ਵਾਲੇ ਤਾਂ ਇਹ ਵੀ ਜਾਣਦੇ ਹਨ ਕਿ ਉਥੋਂ ਦੀਆਂ ਸੜਕਾਂ ਭੋਡੀਆਂ ਹਨ ਤੇ ਪਿੰਡਾਂ ਦੇ ਘਰ 75 ਸਾਲ ਪਹਿਲਾਂ ਵਾਲੇ ਕੱਚੇ। ਜੇ ਕੋਈ ਇੱਕੜ ਦੁੱਕੜ ਘਰ ਪੱਕੀ ਇੱਟ ਵਾਲਾ ਹੈ ਤਾਂ ਇਸ ਦੀਆਂ ਕੰਧਾਂ ਉੱਤੇ ਸੀਮਿੰਟ ਦੀ ਟੀਪ ਨਹੀਂ ਕੀਤੀ ਮਿਲਦੀ। ਉਂਝ ਏਧਰ ਦੇ ਵਸਨੀਕਾਂ ਨੂੰ ਓਧਰ ਦੇ ਬਾਸ਼ਿੰਦਿਆਂ ਕੋਲੋਂ ਆਦਰ ਸਤਿਕਾਰ ਦੀਆਂ ਸਲਾਮਾਂ ਦੇ ਗੱਫੇ ਖ਼ੂਬ ਮਿਲਦੇ ਹਨ ਹੋ ਸਕਦਾ ਇੰਝ ਕੀਤਿਆਂ ਉਨ੍ਹਾਂ ਦੇ ਮਨਾਂ ਦੀ ਉਹ ਮੈਲ ਧੁਲ ਜਾਂਦੀ ਹੈ ਜਿਹੜੀ ਆਜ਼ਾਦੀ ਦੀ ਪ੍ਰਾਪਤੀ ਵੇਲੇ ਮੁਸਲਿਮ ਬਹੁ-ਗਿਣਤੀ ਦੇਸ਼ ਬਣਨ ਸਮੇਂ ਤੋਂ ਉਨ੍ਹਾਂ ਦੇ ਮਨਾਂ ਉੱਤੇ ਭਾਰੂ ਹੈ। ਇੱਕ ਦੇਸ਼, ਇੱਕ ਝੰਡੇ ਤੇ ਇੱਕ ਵਿਧਾਨ ਦਾ ਸੱਦਾ ਦੇਣ ਵਾਲੇ ਕੀ ਜਾਨਣ ਕਿ ਉਹ ਵੀ ਖ਼ੂਹ ਦੇ ਡੱਡੂ ਬਣਨ ਜਾ ਰਹੇ ਹਨ। ਉਨ੍ਹਾਂ ਵੱਲੋਂ ਜੰਮੀ-ਕਸ਼ਮੀਰ ਨੂੰ ਦੋ ਕੇਂਦਰ ਸ਼ਾਸਤ ਇਕਾਈਆਂ ਵਿਚ ਪਲਟਣਾ ਵੀ ਅਨੇਕਤਾ ਵਿਚ ਏਕਤਾ ਦੇ ਰੰਗਾਂ ਨੂੰ ਬਿਖੇਰਨਾ ਹੀ ਹੈ। ਦੂਜੇ ਪਾਸੇ ਕਾਂਗਰਸ ਪਾਰਟੀ ਵਲੋਂ 'ਇੰਡੀਆ' ਗੱਠਜੋੜ ਦੀ ਤੱਤ-ਭੜੱਥੀ ਵਿਚ 6 ਦਸੰਬਰ ਨੂੰ ਰੱਖੀ ਮੀਟਿੰਗ ਨੂੰ ਇਸ ਮਹੀਨੇ ਦੇ ਤੀਜੇ ਹਫਤੇ ਤੱਕ ਅੱਗੇ ਪਾਉਣਾ ਦੱਸਦਾ ਹੈ ਕਿ ਇਹ ਸ਼ਬਦ ਉਨ੍ਹਾਂ ਨੇ ਵਿਧਾਨ ਸਭਾ ਚੋਣਾਂ ਤੋਂ ਸਿੱਖਿਆ ਹੈ। ਉਹ ਹਾਲੀ ਵੀ ਅਨੇਕਤਾ ਵਿਚ ਏਕਤਾ ਦਾ ਫਲ ਖਾ ਰਹੇ ਹਨ।

ਕੀ ਕੋਈ ਦੇਸ਼-ਵੰਡ ਦੇ ਰਾਹ ਤੁਰਨਾ ਚਾਹੇਗਾ? ਤਿਲੰਗਾਨਾ ਤੇ ਛੱਤੀਸਗੜ੍ਹ ਦੇ ਚੋਣ ਨਤੀਜੇ ਕਹਿੰਦੇ ਹਨ ਕਿ ਉੱਕਾ ਹੀ ਨਹੀਂ। ਇਹੀਓ ਗੱਲ ਦੱਖਣੀ ਭਾਰਤ ਵਾਲੇ ਰਾਜਾਂ 'ਤੇ ਲਾਗੂ ਹੁੰਦੀ ਹੈ ਤੇ ਹਿਮਾਚਲ ਪ੍ਰਦੇਸ਼ ਵਰਗੇ ਉਨ੍ਹਾਂ ਪਰਬਤੀ ਰਾਜਾਂ ਉੱਤੇ ਵੀ ਜਿਹੜੇ ਅਨੇਕਤਾ ਵਿਚ ਏਕਤਾ ਦਾ ਫਲ ਖਾ ਰਹੇ ਹਨ।

ਏਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਚੋਣ ਜਿੱਤਣ ਲਈ ਨੇਤਾਵਾਂ ਦੀ ਭਾਸ਼ਣ ਕਲਾ ਹੀ ਕਾਫੀ ਨਹੀਂ। ਵੋਟਰ ਤਾਂ ਇਹ ਵੇਖਦਾ ਹੈ ਕਿ ਜ਼ਮੀਨੀ ਪੱਧਰ ਉਤੇ ਉਸ ਨੂੰ ਕੀ ਮਿਲਿਆ ਹੈ ਤੇ ਕੀ ਮਿਲਣ ਵਾਲਾ ਹੈ। ਇਨ੍ਹਾਂ ਚੋਣਾਂ ਨੇ ਮਹਿਲਾ ਸ਼ਕਤੀ ਉੱਤੇ ਵੀ ਚੰਗੀ ਮੋਹਰ ਲਾਈ ਹੈ। ਨਿਸ਼ਚੇ ਹੀ ਆਉਣ ਵਾਲੀਆਂ ਲੋਕ ਸਭਾ ਚੋਣਾਂ ਸਮੇਂ ਇਸ ਪਾਸੇ ਵਿਧਾਨ ਸਭਾ ਵਿਚ ਹਾਰਨ ਵਾਲੀਆਂ ਪਾਰਟੀਆਂ ਧਿਆਨ ਦੇਣਗੀਆਂ। ਖਾਸ ਤੌਰ 'ਤੇ ਕਾਂਗਰਸ ਪਾਰਟੀ।

### ਭਾਈ ਵੀਰ ਸਿੰਘ ਪੁਰਸਕਾਰ

ਭਾਸ਼ਾ ਵਿਭਾਗ ਪੰਜਾਬ ਵਲੋਂ ਐਲਾਨੇ ਗਏ ਪੁਰਸਕਾਰਾਂ ਵਿਚੋਂ ਸੱਜਰਾ 'ਭਾਈ ਵੀਰ ਸਿੰਘ ਪੁਰਸਕਾਰ' ਪਟਿਆਲਾ ਦੇ ਐਡਵੋਕੇਟ ਸਰਬਜੀਤ ਸਿੰਘ ਵਿਰਕ ਨੂੰ ਮਿਲਿਆ ਹੈ। ਉਹ ਸ਼ਹੀਦ ਭਗਤ ਸਿੰਘ ਦਾ ਮੱਦਾਹ ਹੈ ਤੇ ਪੁਰਸਕਾਰਤ ਪੁਸਤਕ ਦਾ ਨਾਂ 'ਸ਼ਹੀਦ-ਏ-ਆਜ਼ਮ ਦੀ ਕਹਾਣੀ ਚਿੱਠੀਆਂ ਦੀ ਜ਼ੁਬਾਨੀ' ਹੈ। ਮੁਬਾਰਕਾਂ!

### ਪੰਜਾਬ, ਹਰਿਆਣਾ ਤੇ ਦਿੱਲੀ ਦੇ ਦੋਸ਼ਾਂ ਦੀ ਪੱਟੀ

ਪੰਜਾਬ, ਹਰਿਆਣਾ ਤੇ ਦਿੱਲੀ ਦੇ ਸੱਜਰੇ ਸਮਾਚਾਰ ਚਿੰਤਾਜਨਕ ਹਨ। ਚਾਲੂ ਵਰ੍ਹੇ ਦੇ ਪਹਿਲੇ ਛੇ ਮਹੀਨਿਆਂ ਵਿਚ ਇਕੱਲੇ ਚੰਡੀਗੜ੍ਹ ਤੋਂ ਵੱਖ ਵੱਖ ਦੋਸ਼ਾਂ ਹਿੱਤ ਫੜੇ ਜਾਣ ਵਾਲੇ ਨਾਬਾਲਗਾਂ ਦੀ ਗਿਣਤੀ 60 ਦੱਸੀ ਗਈ ਹੈ। ਜੇ ਇਨ੍ਹਾਂ ਨੂੰ 2022 ਦੀਆਂ 80 ਤੇ 2021 ਦੀਆਂ 50 ਗ੍ਰਿਫਤਾਰੀਆਂ ਨਾਲ ਮੇਲੀਏ ਤਾਂ ਇਹ ਗੱਲ ਸੱਚ ਮੁੱਚ ਹੀ ਗੰਭੀਰ ਹੈ। ਲੰਘੇ ਸਪਤਾਹ ਦਾ ਇਕੱਲੇ ਚੰਡੀਗੜ੍ਹ ਵਿਚ ਦੋ ਕਤਲਾਂ ਵਿਚ ਨਾਬਾਲਗਾਂ ਦਾ ਹੱਥ ਹੋਣਾ ਰੌਂਗਟੇ ਖੜੇ ਕਰਦਾ ਹੈ। ਪੁਲੀਸ ਰਿਕਾਰਡ ਗਵਾਹ ਹਨ ਕਿ ਪੰਜਾਬ, ਹਰਿਆਣਾ ਤੇ ਦਿੱਲੀ ਦੇ ਦੋਸ਼ੀ, ਕਤਲ, ਡਾਕੇ, ਬਲਾਤਕਾਰ ਹੀ ਨਹੀਂ ਕਰਦੇ ਬਜ਼ੁਰਗਾਂ ਨਾਲ ਧੌਲ ਧੱਪੇ ਤਕ ਉਤਰ ਆਉਂਦੇ ਹਨ। ਰਾਸ਼ਟਰੀ ਪੱਧਰ 'ਤੇ ਦੋਸ਼ ਰਿਕਾਰਡ ਕਰਨ ਵਾਲੀ ਏਜੰਸੀ ਛੂਭ (ਐਨ ਸੀ ਆਰ ਬੀ) ਤਾਂ ਇਹ ਵੀ ਦੱਸਦੀ ਹੈ ਕਿ ਚੰਡੀਗੜ੍ਹ ਖੇਤਰ ਵਿਖੇ ਜਬਰ-ਜਨਾਹ ਦੇ ਕੇਸ ਕੇਵਲ ਉਤਰਾਖੰਡ ਤੋਂ ਘੱਟ ਸਨ ਤੇ ਨਸ਼ਿਆਂ ਦੀ ਤਸਕਰੀ ਕਰਨ ਵਿਚ ਪੰਜਾਬੀ ਸਭ ਤੋਂ ਉੱਤੇ। ਇਸ ਰੁਝਾਨ ਨੂੰ ਪੁਲੀਸ ਦੀ ਕੁੱਟਮਾਰ ਤਾਂ ਨੱਥ ਨਹੀਂ ਪਾ ਸਕਦੀ ਕੇਵਲ ਮਾਪਿਆਂ ਤੇ ਅਧਿਆਪਕਾਂ ਦਾ ਯੋਗਦਾਨ ਹੀ ਕੰਮ ਆ ਸਕਦਾ ਹੈ। ਧਿਆਨ ਦੇਵੋ!

**ਅੰਤਿਕਾ**

—ਲੋਕ ਬੋਲੀ—

ਕੀੜੇ ਪੈਣਗੇ, ਮਰੇਂਗੀ ਸੱਪ ਲੜ ਕੇ
ਮਿੱਤਰਾਂ ਨੂੰ ਭਾਈ ਆਖਦੀ।

# ਸੱਤਰਵਿਆਂ ਦੌਰਾਨ ਪੰਜਾਬ ਦੇ ਕਾਲਜਾਂ ਵਿਚ ਇਨਕਲਾਬੀ ਰੁਮਾਂਸ ਦਾ ਦਹਾਕਾ

***'ਮਾਨਸਾ ਵਿਚ ਪਿਛਲੇ ਮਹੀਨੇ ਪ੍ਰੋ. ਅਜਾਇਬ ਸਿੰਘ ਦੀ ਕਿਤਾਬ 'ਪੀਐਸਯੂ ਦੇ ਇਤਿਹਾਸ ਦੀਆਂ ਝਲਕਾਂ' 'ਤੇ ਗੋਸ਼ਟੀ ਕੀਤੀ ਗਈ। ਇਸ ਦੌਰਾਨ ਵੱਖ ਵੱਖ ਬੁਲਾਰਿਆਂ ਨੇ ਕਿਤਾਬ 'ਤੇ ਚਰਚਾ ਕੀਤੀ ਤੇ ਕਿਤਾਬ ਬਾਰੇ ਪਰਚੇ ਪੜ੍ਹੇ, ਜਿਸ ਦੀ ਰਿਪੋਰਟ ਆਪਣੇ ਪਾਠਕਾਂ ਦੇ ਰੂ-ਬ-ਰੂ ਕਰ ਰਹੇ ਹਾਂ।***

'ਮਾਨਸਾ ਵਿਚ ਪ੍ਰੋ. ਅਜਾਇਬ ਸਿੰਘ ਦੀ ਕਿਤਾਬ 'ਪੀਐਸਯੂ ਦੇ ਇਤਿਹਾਸ ਦੀਆਂ ਝਲਕਾਂ' ਉਤੇ ਭਰਵੀਂ ਚਰਚਾ ਹੋਈ। ਇਸ ਚਰਚਾ ਦਾ ਆਯੋਜਨ ਰੈਡੀਕਲ ਪੀਪਲਜ਼ ਫੋਰਮ ਅਤੇ ਜੁਟਾਨ ਵਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਕਿਤਾਬ ਉਤੇ ਤਿੰਨ ਪਰਚੇ ਪੜ੍ਹੇ ਗਏ ਅਤੇ ਦਰਜਨ ਤੋਂ ਵੱਧ ਬੁਲਾਰਿਆਂ ਨੇ ਆਪਣੇ ਵਿਚਾਰ ਰੱਖੇ।

ਡਾ. ਮੇਘਾ ਸਿੰਘ ਨੇ ਕਿਤਾਬ ਦੇ ਵਿਸ਼ੇ ਵਸਤੂ ਨਾਲ ਜਾਣ-ਪਛਾਣ ਕਰਵਾਉਂਦਿਆਂ ਇਸ ਪੁਸਤਕ ਦੇ ਵੱਖ ਵੱਖ ਇਤਿਹਾਸਮਈ ਘਟਨਕ੍ਰਮ ਦੀ ਲੜੀਬੱਧ ਜਾਣਕਾਰੀ ਦਿੱਤੀ। ਇਸ ਸੈਮੀਨਾਰ ਦੇ ਅਹਿਮ ਅਤੇ ਚਰਚਿਤ ਬਹੁਪਰਤੀ ਪੇਪਰ ਪੇਸ਼ ਕਰਦਿਆਂ ਡਾ. ਕੁਲਦੀਪ ਸਿੰਘ ਨੇ ਵਿਸਥਾਰ ਵਿਚ ਕਿਤਾਬ ਉਤੇ ਬੋਲਦਿਆਂ ਕਿਹਾ ਕਿ ਅਜੇ ਤੱਕ ਅਸੀਂ ਕੋਈ ਵੀ ਅਜਿਹਾ ਮੁੱਲਵਾਨ ਖੋਜਕਾਰਜ ਨਹੀਂ ਕੀਤਾ ਜੋ ਵਿਦਿਆਰਥੀ ਸੰਘਰਸ਼ਾਂ, ਉਸ ਸਮੇਂ ਦੇ ਦੌਰਾਂ ਅਤੇ ਇਤਿਹਾਸਕ ਪ੍ਰਾਪਤੀਆਂ ਦੀ ਲੰਬੀ ਗਾਥਾ ਨੂੰ ਸਮਝ ਕੇ ਇਕ ਦ੍ਰਿਸ਼ਟੀ ਪ੍ਰਦਾਨ ਕਰਦਾ ਹੋਵੇ। ਹਾਲਾਂਕਿ 1968 ਤੋਂ ਬਾਅਦ ਪੱਛਮ ਦੇ ਬਹੁਤ ਵਿਦਵਾਨਾਂ ਨੇ ਆਪਣੀਆਂ ਵਿਦਿਆਰਥੀ ਲਹਿਰਾਂ ਦਾ ਸਮੇਂ ਅਤੇ ਸਥਿਤੀਆਂ ਅਨੁਸਾਰ ਅਧਿਐਨ ਕੀਤਾ ਅਤੇ ਭਵਿੱਖ ਲਈ ਦਿਸ਼ਾਵਾਂ ਪ੍ਰਦਾਨ ਕੀਤੀਆਂ। ਅਜੇ ਇਸ ਕਿਸਮ ਨਾਲ ਕਾਰਜ ਕਰਨਾ ਸਮੇਂ ਦੀ ਅਣਸਰਦੀ ਲੋੜ ਹੈ। ਉਨ੍ਹਾਂ ਸ਼ੁਰੂਆਤ ਵਿਚ ਹੀ ਕਿਹਾ ਕਿ ਕਿਸਾਨ ਅੰਦੋਲਨ ਦਾ ਸਭ ਤੋਂ ਵੱਡਾ ਸਬਕ ਸੀ ਕਿ ਅਸੀਂ ਇਕਜੁਟ ਹੋ ਕੇ ਜੇ ਲੜਾਈ ਲੜਦੇ ਹਾਂ ਤਾਂ ਵੱਡੀਆਂ ਪ੍ਰਾਪਤੀਆਂ ਕਰਦੇ ਹਾਂ। ਜੇ ਅਸੀਂ ਗੁੱਟਾਂ ਅਤੇ ਧੜੇਬੰਦੀਆਂ ਵਿਚ ਵੰਡੇ ਰਹਿੰਦੇ ਹਾਂ ਤਾਂ ਪ੍ਰਾਪਤੀਆਂ ਨਾਮਾਤਰ ਹੀ ਹੁੰਦੀਆਂ ਹਨ। ਇਸ ਸਬਕ ਤੋਂ ਸਿੱਖਣ ਦੀ ਜ਼ਰੂਰਤ ਹੈ। ਉਨ੍ਹਾਂ ਵਿਸ਼ੇਸ਼ ਜ਼ਿਕਰ ਕੀਤਾ ਕਿ 1960ਵਿਆਂ ਤੋਂ ਬਾਅਦ ਜਿਸ ਕਿਸਮ ਨਾਲ ਉਚੇਰੀ ਸਿੱਖਿਆ ਦਾ ਪਾਸਾਰ ਹੋਇਆ ਹੈ ਸਮੁੱਚਾ ਸਮਾਜ ਇਸ ਵਿਚ ਸ਼ਾਮਲ ਹੋ ਗਿਆ। ਗਰੀਬ ਤੋਂ ਲੈ ਕੇ ਮੱਧ ਵਰਗ ਤੇ ਅਮੀਰ ਵਰਗ ਨੂੰ ਪਤਾ ਲੱਗ ਗਿਆ ਹੈ ਕਿ ਵਿਦਿਆ ਤੋਂ ਬਿਨਾਂ ਉਨ੍ਹਾਂ ਦੀ ਹੋਣੀ ਦਾ ਕੋਈ ਭਵਿੱਖ ਨਹੀਂ ਇਸ ਕਰਕੇ ਪਿਛਲੇ 5 ਦਹਾਕਿਆਂ ਵਿਚ ਜਿਸ ਕਿਸਮ ਨਾਲ ਉਚੇਰੀ ਸਿੱਖਿਆ ਦੀਆਂ ਸਥਿਤੀਆਂ ਬਾਰੇ ਵਿਦਿਆਰਥੀ ਸੰਘਰਸ਼ ਹੋਏ ਹਨ ਉਨ੍ਹਾਂ ਨੂੰ ਸਮਝਣਾ ਅਤੇ ਉਨ੍ਹਾਂ ਤੋਂ ਸਬਕ ਕੱਢਣੇ ਸਾਡੇ ਲਈ ਬੜਾ ਜ਼ਰੂਰੀ ਹੈ ਕਿਉਂਕਿ ਅਸੀਂ ਵੰਨਗੀਆਂ ਅਤੇ ਟੁਕੜਿਆਂ ਵਿਚ ਆਪੋ ਆਪਣੀਆਂ ਯੂਨੀਅਨਾਂ ਨੂੰ ਅਹਿਮੀਅਤ ਦਿੰਦੇ ਹਾਂ ਅਤੇ ਏਕਤਾ ਹੌਲੀ ਹੌਲੀ ਫਰੰਟਾਂ ਵਿਚ ਬਦਲ ਜਾਂਦੀ ਹੈ ਅਤੇ ਸਮਾਜ ਨੂੰ ਬਹੁਤਾ ਪ੍ਰਭਾਵਿਤ ਨਹੀਂ ਕਰ ਸਕਦੇ। ਇਸ ਕਰਕੇ ਜੇ ਸਮਾਜ ਨੂੰ ਪ੍ਰਭਾਵਿਤ ਕਰਨਾ ਹੈ ਤਾਂ ਲਾਜ਼ਮੀ ਹੈ ਕਿ ਵੱਖ ਵੱਖ ਹੋਣ ਦੇ ਬਾਵਜੂਦ ਇਕ ਜਥੇਬੰਦੀ ਦਾ ਇਕਜੁਟ ਹੋ ਕੇ ਲੜਨਾ ਅਤੇ ਵਿਚਾਰਾਂ ਦੇ ਭੇੜ ਵਿਚ ਸ਼ਿਰਕਤ ਕਰਨਾ ਜ਼ਰੂਰੀ ਹੈ।

ਉਨ੍ਹਾਂ ਕਿਹਾ ਕਿ ਇਹ ਸਾਰਥਕ ਦਸਤਾਵੇਜ਼ ਹੈ ਜਿਸ ਦੇ ਆਧਾਰ ਉਤੇ 60ਵਿਆਂ ਤੋਂ ਲੈ ਕੇ 90ਵਿਆਂ ਤੱਕ ਵਿਦਿਆਰਥੀਆਂ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੀ ਜਥੇਬੰਦੀ ਪੰਜਾਬ ਸਟੂਡੈਂਟਸ ਯੂਨੀਅਨ ਦੇ ਇਤਿਹਾਸ ਅਤੇ ਗਤੀਵਿਧੀਆਂ ਨੂੰ ਸਮਝਿਆ ਜਾ ਸਕਦਾ ਹੈ, ਵਿਚਾਰਿਆ ਜਾ ਸਕਦਾ ਹੈ ਅਤੇ ਅਗਲੇਰੀ ਦਿਸ਼ਾ ਤੈਅ ਕੀਤੀ ਜਾ ਸਕਦੀ ਹੈ। ਉਨ੍ਹਾਂ ਵਿਸ਼ਵ ਦੀਆਂ ਵਿਦਿਆਰਥੀ ਲਹਿਰਾਂ ਵਲੋਂ ਆਪਣੇ ਆਪਣੇ ਦੇਸ਼ਾਂ ਵਿਚ ਨਿਭਾਈਆਂ ਸਮਾਜਿਕ ਤਬਦੀਲੀ ਹਿੱਤ ਭੂਮਿਕਾਵਾਂ ਦੀ ਚਰਚਾ ਕਰਦਿਆਂ ਪੀਐਸਯੂ ਦੇ ਰੋਲ ਨੂੰ ਪਹਿਚਾਨਣ 'ਤੇ ਜ਼ੋਰ ਦਿੱਤਾ। 60ਵਿਆਂ ਦਾ ਦਹਾਕਾ ਜਿਥੇ ਤਿੱਖੀਆਂ ਤਬਦੀਲੀਆਂ ਦਾ ਦੌਰ ਸੀ ਤੇ ਹਰ ਪਾਸੇ ਕਿਸੇ ਨਾ ਕਿਸੇ ਰੂਪ ਵਿਚ ਖੜੋਤ ਟੁੱਟ ਰਹੀ ਸੀ, ਐਨ ਉਸੇ ਸਮੇਂ ਪੰਜਾਬ ਵਿਚ ਵਿਦਿਆਰਥੀਆਂ ਨੇ ਜਿਹੜੀ ਅੰਗੜਾਈ ਲਈ ਉਸ ਵਿਚ ਇਸ ਜਥੇਬੰਦੀ ਦਾ ਜਨਮ ਹੋਇਆ ਅਤੇ ਜਿਸ ਨੇ ਆਪਣੇ ਪਹਿਲੇ 30 ਸਾਲਾਂ ਦੇ ਦੌਰ ਵਿਚ ਜਿਹੜੀ ਜਾਗਰੂਕਤਾ ਦੀ ਭੂਮਿਕਾ ਨਿਭਾਈ ਉਹਦੀ ਅਮਿੱਟ ਛਾਪ ਇਤਿਹਾਸ ਦੇ ਪੰਨਿਆਂ 'ਤੇ ਸਦਾ ਰਹੇਗੀ। ਵਿਦਿਆਰਥੀਆਂ ਦੀਆਂ ਸਥਾਨਕ ਸਮੱਸਿਆਵਾਂ ਉਤੇ ਸੰਘਰਸ਼ਾਂ ਤੋਂ ਲੈ ਕੇ ਵਿਸ਼ਵ ਵਿਚ ਚੱਲ ਰਹੇ ਵਰਤਾਰਿਆਂ ਅਤੇ ਸਾਮਰਾਜੀ ਜੰਗਾਂ ਤੱਕ ਵਿਦਿਆਰਥੀਆਂ ਨੂੰ ਜਿਹੜੀ ਚੇਨਤਾ ਦੇਣ ਦੀ ਭੂਮਿਕਾ ਇਸ ਜਥੇਬੰਦੀ ਨੇ ਨਿਭਾਈ ਇਸ ਨੇ ਸਮਾਜਿਕ ਚੇਤਨਾ ਨੂੰ ਵੀ ਪ੍ਰਭਾਵਤ ਕੀਤਾ। ਵਿਦਿਆਰਥੀਆਂ ਦੇ ਇਨ੍ਹਾਂ ਸੰਘਰਸ਼ਾਂ ਨੇ ਲੋਕਾਈ ਦੇ ਵੱਡੇ ਹਿੱਸੇ ਵਿਚ ਹਕੂਮਤ ਦੀਆਂ ਲੋਕ ਮਾਰੂ ਨੀਤੀਆਂ ਨੂੰ ਬੇਪੜਦ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਇਸ ਕਿਤਾਬ ਜਿਹਨੂੰ ਮਹੱਤਵਪੂਰਨ ਦਸਤਾਵੇਜ਼ਾਂ ਦਾ ਸੰਕਲਨ ਵੀ ਕਿਹਾ ਜਾ ਸਕਦਾ ਹੈ ਤੋਂ ਅਸੀਂ ਭਲੀ-ਭਾਂਤ ਜਾਣ ਸਕਦੇ ਹਾਂ ਕਿ ਕਿਵੇਂ ਰੀਗਲ ਸਿਨੇਮਾ ਵਿਚ ਟਿਕਟਾਂ ਦੀ ਬਲੈਕ ਦੀ ਘਟਨਾ ਅਤੇ ਵਿਦਿਆਰਥੀਆਂ ਦੀ ਸ਼ਹਾਦਤ ਪਿਛੋਂ ਭਲੇ ਮਾਹੌਲ ਨੇ ਉਸ ਸਮੇਂ ਦੀ ਸਰਕਾਰ ਨੂੰ ਗੁਜਰਾਲ ਕਮਿਸ਼ਨ ਦੀ ਸਥਾਪਨਾ ਤੱਕ ਕਰਨ ਲਈ ਮਜਬੂਰ ਕੀਤਾ।

ਐਮਰਜੈਂਸੀ ਤੋਂ ਪਹਿਲਾਂ ਲੋਕ ਬੇਚੈਨੀ ਨੂੰ ਨਵਾਂ ਰਾਹ ਦਰਸਾਉਣ ਲਈ ਗੋਆ ਸੰਗਰਾਮ ਰੈਲੀ ਤੇ ਫਿਰ ਜੂਨ 1975 ਵਿਚ ਐਮਰਜੈਂਸੀ ਲੱਗਣ ਸਮੇਂ ਲੋਕਾ ਵਿਚ ਹਕੂਮਤਾਂ ਦੀਆਂ ਨੀਤੀਆਂ ਬੇਪੜਦ ਕਰਨ ਦੀ ਭੂਮਿਕਾ ਜਾਂ ਫਿਰ ਵਧੇ ਹੋਏ



ਪ੍ਰਿਥੀਪਾਲ ਸਿੰਘ ਰੰਧਾਵਾ

ਬਸ ਕਿਰਾਇਆਂ ਵਿਰੁੱਧ ਲੜੇ ਗਏ ਇਤਿਹਾਸਕ ਘੋਲ ਨੇ ਸਮਾਜਿਕ ਚੇਤਨਾ ਪੈਦਾ ਕਰਨ ਵਿਚ ਨਿਭਾਈ ਭੂਮਿਕਾ, ਮਹਿਜ਼ ਇਤਿਹਾਸ ਦੇ ਪੰਨਿਆਂ ਉਤੇ ਦਰਜ ਘਟਨਾਵਾਂ ਹੀ ਨਹੀਂ, ਸਗੋਂ ਅਗਲੇਰੀ ਵਿਦਿਆਰਥੀ ਲਹਿਰ ਲਈ ਸਿਖਣ ਅਤੇ ਪ੍ਰੇਰਣਾ ਲੈਣ ਦੇ ਅਹਿਮ ਪੰਨੇ ਹਨ।

ਡਾ. ਕੁਲਦੀਪ ਸਿੰਘ ਨੇ ਆਪਣੇ ਪਰਚੇ ਵਿਚ ਜਥੇਬੰਦੀ ਵਿਚ ਵੱਖ-ਵੱਖ ਸਿਧਾਂਤਕ ਵਿਚਾਰਾਂ ਦੇ ਵਖਰੇਵਿਆਂ ਨੂੰ ਵੀ ਚਿੰਤਨ ਕਰਦਿਆਂ ਇਸ ਨੂੰ ਪਿਛਲੇ ਸਾਲਾਂ 'ਚ ਚੱਲੇ ਸਾਂਝੇ ਕਿਸਾਨ ਸੰਘਰਸ਼ ਦੀ ਰੋਸ਼ਨੀ 'ਚ ਸਿੱਖਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਬੇਸ਼ੱਕ ਵਿਚਾਰਾਂ ਦੇ ਮਤਭੇਦ ਵੀ ਕਿਉਂ ਨਾ ਹੋਣ ਪਰ ਕੁੜੱਤਣ ਦਾ ਮਾਹੌਲ, ਲਹਿਰਾਂ ਦੇ ਵਿਕਾਸ ਤੇ ਪਸਾਰ ਲਈ ਇਕ ਰੁਕਾਵਟ ਬਣਿਆ ਰਹਿੰਦਾ ਹੈ। ਸਿਧਾਂਤਕ ਵਖਰੇਵੇਂ 'ਤੇ ਪਹੁੰਚਾਂ ਪ੍ਰਤੀ ਦੋਸਤਾਨਾ ਤੇ ਸਿਖਣੇ ਸਿਖਾਉਣ ਵਾਲੀ ਉਸਾਰੂ ਪਹੁੰਚ ਅਪਣਾਉਣ ਦੀ ਲੋੜ ਹੈ। ਅਜਾਇਬ ਟਿਵਾਣਾ ਨੇ ਤਿੰਨ ਦਹਾਕਿਆਂ ਦੀ ਇਨਕਲਾਬੀ ਵਿਦਿਆਰਥੀ ਲਹਿਰ ਦੀ ਅੰਦਰੂਨੀ ਟੁੱਟ ਭੱਜ ਤੇ ਪਹੁੰਚਾਂ ਨੂੰ ਇਕ ਦਸਤਾਵੇਜ਼ੀ ਰੂਪ ਦੇ ਕੇ ਸਾਨੂੰ ਇਹੀ ਸੰਦੇਸ਼ ਦਿੱਤਾ ਹੈ ਕਿ ਅਸੀਂ ਆਪਣੇ ਬੀਤੇ ਨੂੰ ਫਰੋਲੀਏ, ਵਾਚੀਏ ਅਤੇ ਇਸ ਤੋਂ ਸਿੱਖਦਿਆਂ ਹੋਇਆਂ ਅਗਲੇਰੀਆਂ ਚੁਣੌਤੀਆਂ ਦੇ ਸਨਮੁੱਖ ਹੋਈਏ।

ਉਨ੍ਹਾਂ ਵਲੋਂ ਪੜ੍ਹੇ ਗਏ ਪੇਪਰ ਵਿਚ ਅਜੋਕੇ ਦੌਰ ਦੀਆਂ ਵਿਦਿਆਰਥੀ ਲਹਿਰਾਂ ਦੇ ਸਨਮੁੱਖ ਚੁਣੌਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਅੱਜ ਸਭ ਤੋਂ ਵੱਡਾ ਤੇ ਖਤਰਨਾਕ ਹਮਲਾ ਕੌਮੀ ਸਿੱਖਿਆ ਨੀਤੀ ਵਜੋਂ ਹਕੂਮਤ ਵਲੋਂ ਵਿਦਿਆ 'ਤੇ ਵੱਡਾ ਹਮਲਾ ਹੈ, ਜਿਸ ਨਾਲ ਜਿਥੇ ਆਬਾਦੀ ਦਾ ਵੱਡਾ ਹਿੱਸਾ ਵਿਦਿਆ ਤੋਂ ਦੂਰ ਹੋ ਜਾਵੇਗਾ ਅਤੇ ਉਚ ਵਿਦਿਆ, ਇਕ ਤਕਨੀਕੀ ਤੇ ਮਸ਼ੀਨੀ ਪੁਰਜ਼ੇ ਤਾਂ ਪੈਦਾ ਕਰੇਗੀ, ਸਮਾਜ ਲਈ ਗੰਭੀਰ ਵਿਚਾਰਵਾਨ ਪੈਦਾ ਕਰਨਾ ਬੰਦ ਕਰ ਦੇਵੇਗੀ। ਕਾਰਪੋਰੇਟ ਪੂੰਜੀ ਤੇ ਹਿੰਦੂਤਵੀ ਫਾਸ਼ਿਸ਼ਟ ਤਾਕਤਾਂ ਵਲੋਂ ਵਿੱਢੇ ਗਏ ਇਸ ਹਮਲੇ ਨੂੰ ਜੇ ਅਸੀਂ ਪਿਛਲੇ ਹਿਤਿਹਾਸ ਤੋਂ ਸਿੱਖ ਕੇ ਅੱਜ ਸੰਬੋਧਤ ਨਾ ਹੋਏ ਤਾਂ ਸਮਾਜ ਇਕ ਭਿਆਨਕ ਕਾਲੇ ਦੌਰ ਵੱਲ ਧੱਕਿਆ ਜਾਵੇਗਾ। ਪੀਐਸਯੂ ਦਾ ਪਿਛਲੇਰਾ 50 ਸਾਲ ਦਾ ਇਤਿਹਾਸ ਸਾਡੇ ਲਈ ਇਸ ਪੱਖੋਂ ਅੱਜ ਪ੍ਰੇਰਣਾਦਾਇਕ ਹੈ ਕਿ ਸਾਡੇ ਵਿਦਿਆਰਥੀ ਅਗਲੇਰੀ ਵੱਡੀ ਚੁਣੌਤੀ ਨੂੰ ਸਵੀਕਾਰ ਕਰਨ ਅਤੇ ਇਸ ਵਿਰੁੱਧ ਸਾਂਝਾ ਸੰਘਰਸ਼ ਵਿੱਢਣ ਜਿਸ ਵਿਚ ਸਮਾਜ ਦੇ ਸਾਰੇ ਵਰਗਾਂ ਦੀ ਸ਼ਮੂਲੀਅਤ ਯਕੀਨੀ ਬਣਾਈ ਜਾ ਸਕੇ।

ਇਸ ਮੌਕੇ ਜਗਦੇਵ ਸਿੰਘ ਜੱਗਾ ਨੇ ਵੀ ਆਪਣਾ ਪੇਪਰ ਪੜ੍ਹਿਆ ਜਿਸ ਵਿਚ ਜਥੇਬੰਦੀ ਦੇ ਅੰਦਰ ਵੱਖ-ਵੱਖ ਵਿਚਾਰਾਂ ਦੇ ਆਧਾਰ ਉਤੇ ਖਿੰਡਾਅ ਦੇ ਵਰਤਾਰੇ ਉਤੇ ਗੰਭੀਰ ਚਿੰਤਾ ਪ੍ਰਗਟਾਈ। ਇਸ ਤੋਂ ਛੁੱਟ ਕੰਵਲਜੀਤ ਖੰਨਾ, ਡਾ. ਅਵਤਾਰ, ਬਲਵਿੰਦਰ ਚਹਿਲ, ਮਿੱਠੂ ਸਿੰਘ ਕਾਹਨੇਕੇ, ਹਰਦੀਪ ਸਿੰਘ, ਸੁਖਦੇਵ ਭੂਦਛੀ, ਬਲਵਿੰਦਰ ਸੇਖੋਂ, ਹਰਿੰਦਰ ਸਿੰਘ ਜ਼ੀਰਾ, ਸੁਰਜੀਤ ਦੌਧਰ, ਮਾਲਵਿੰਦਰ ਮਾਲੀ ਆਦਿ ਨੇ ਵੀ ਆਪਣੇ ਵਿਚਾਰ ਰੱਖੇ।

ਅਜਾਇਬ ਟਿਵਾਣਾ ਨੇ ਰੂਸ ਅਤੇ ਚੀਨ ਦੇ ਸਮਾਜਵਾਦੀ ਢਾਂਚਿਆਂ ਦੀਆਂ ਹਾਰਾਂ ਤੋਂ ਪਿਛੋਂ ਜਿੰਨਾ ਵੱਡਾ ਸੰਕਟ ਤੇ ਚੁਣੌਤੀਆਂ ਹਨ ਉਸ ਉਤੇ ਦਰਜਨਾਂ ਨਹੀਂ ਸੈਂਕੜੇ ਗੋਸ਼ਟੀਆਂ ਦੀ ਲੋੜ ਹੈ। ਵਿਚਾਰ ਚਰਚਾ ਨੂੰ ਸਮੇਟਦੇ ਹੋਏ ਪ੍ਰੋ. ਬਾਵਾ ਸਿੰਘ ਨੇ ਕਿਹਾ ਕਿ ਅੱਜ ਹਰ ਕਿਰਤੀ ਕਾਮਾ ਉਂਝ ਹੀ ਸੋਚਦਾ ਹੈ ਜਿਵੇਂ ਮੱਧ ਵਰਗੀ ਪੂੰਜੀਪਤੀ ਵਾਂਗੂੰ ਹੀ ਸੋਚਣ ਲੱਗ ਗਿਆ ਹੈ। ਪੂੰਜੀਵਾਦੀ ਪ੍ਰਬੰਧ ਨੇ ਆਪਣੀ ਸੋਚ ਨੂੰ ਆਮ ਲੋਕਾਈ ਦੇ ਦਿਮਾਗਾਂ ਵਿਚ ਜਿਵੇਂ ਭਰ ਦਿੱਤਾ ਹੈ ਇਹ ਇਕ ਖਤਰਨਾਕ ਵਰਤਾਰਾ ਹੈ। ਇਹਨੇ ਇਨਸਾਨ ਦੇ ਦਿਮਾਗਾਂ ਨੂੰ ਉਸਾਰੂ ਤੇ ਇਕ ਚੰਗੇਰੇ ਸਮਾਜ ਸਿਰਜਣ ਦੇ ਵਿਚਾਰਾਂ ਦੀ ਥਾਂ ਪੂੰਜੀਵਾਦੀ ਮੁੱਲਾਂ, ਕਦਰਾਂ-ਕੀਮਤਾਂ ਤੇ ਮੁਨਾਫ਼ੇ ਦੀ ਪ੍ਰਵਿਰਤੀ ਨੂੰ ਭਰ ਕੇ ਪ੍ਰਦੂਸ਼ਤ ਕਰ ਦਿੱਤਾ ਹੈ। ਇਹ ਇਕ ਵੱਡੀ ਚੁਣੌਤੀ ਹੈ। 60ਵਿਆਂ 'ਚ ਵਿਦਿਆਰਥੀ ਲਹਿਰ ਨੇ ਸਮਾਜ ਨੂੰ ਜੋ ਨਵਾਂ ਸਮਾਜ ਸਿਰਜਣ ਦੀ ਰੌਸ਼ਨੀ ਦਿੱਤੀ ਸੀ, ਨੂੰ ਅੱਗੇ ਵਧਾਉਣ ਦੀ ਲੋੜ ਹੈ ਜਿਸ ਲਈ ਦਰਜਨਾਂ ਗੋਸ਼ਟੀਆਂ ਤੇ ਚਰਚਾਵਾਂ ਦੀ ਲੋੜ ਹੈ। ਇਸ ਗੋਸ਼ਟੀ ਦੇ ਸ਼ੁਰੂ ਵਿਚ ਕਾ. ਸੁਖਦਰਸ਼ਨ ਨੈਤ ਨੇ ਜੀ ਆਇਆਂ ਕਹਿੰਦਿਆਂ ਕਿਤਾਬ 'ਤੇ ਗੋਸ਼ਟੀ ਦੇ ਮਹੱਤਵ ਉਤੇ ਚਾਨਣਾ ਪਾਇਆ। ਅਜਮੇਰ ਅਕਲੀਆ ਨੇ ਇਨਕਲਾਬੀ ਗੀਤ ਪੇਸ਼ ਕੀਤੇ। ਰਾਜਵਿੰਦਰ ਮੀਰ ਨੇ ਮੰਚ ਸੰਚਾਲਨ ਕੀਤਾ। ਇਸ ਗੋਸ਼ਟੀ ਨੂੰ ਸਫ਼ਲ ਬਣਾਉਣ ਵਿਚ ਸੁਖਦਰਸ਼ਨ ਨਤ ਤੋਂ ਇਲਾਵਾ, ਅਮੋਲ ਡੇਲੂਆਣਾ, ਹਰਗਿਆਨ ਤੇ ਜਸਪਾਲ ਖੋਖਰ ਦੀ ਟੀਮ ਨੇ ਅਹਿਮ ਭੂਮਿਕਾ ਨਿਭਾਈ।

***- ਰਿਪੋਰਟ : ਬਲਜਿੰਦਰ ਸਿੰਘ ਪਟਿਆਲਾ***

# ਪਾਕਿਸਤਾਨੀ ਹਕੂਮਤ ਅਤੇ ਅਫ਼ਗਾਨ ਸ਼ਰਨਾਰਥੀ



***ਅਫ਼ਗਾਨ ਸ਼ਰਨਾਰਥੀਆਂ ਦੀ ਪਹਿਲੀ ਵੱਡੀ ਹਿਜਰਤ 1970ਵਿਆਂ ਵਿਚ ਹੋਈ ਜਦੋਂ ਸੋਵੀਅਤ ਯੂਨੀਅਨ ਨੇ ਇਸ ਉੱਪਰ ਹਮਲਾ ਕੀਤਾ ਸੀ। ਦੂਜੀ ਵੱਡੀ ਹਿਜਰਤ ਅਮਰੀਕਾ ਵਿਚ ਹੋਏ 9/11 ਵਾਲੇ ਹਮਲੇ ਤੋਂ ਬਾਅਦ ਅਮਰੀਕਾ ਵੱਲੋਂ ਅਖੌਤੀ 'ਦਹਿਸਤਗਰਦੀ ਖਿਲਾਫ ਜੰਗ' ਦੇ ਨਾਂ 'ਤੇ ਅਫਗਾਨਿਸਤਾਨ 'ਤੇ ਥੋਪੀ ਜੰਗ ਵੇਲੇ ਹੋਈ। ਇਸ ਅਮਰੀਕੀ ਕਬਜ਼ੇ ਨੇ ਅਫਗਾਨਿਸਤਾਨ ਵਿਚ ਪੂਰੇ ਦੋ ਦਹਾਕੇ ਕਹਿਰ ਢਾਹਿਆ ਅਤੇ ਲੱਖਾਂ ਦੀ ਤਦਾਦ ਵਿਚ ਅਫਗਾਨਾਂ ਨੂੰ ਢੋਈ ਲਈ ਫੇਰ ਪਨਾਹ ਲੈਣੀ ਪਈ। ਅਫਗਾਨਾਂ ਦੀ ਤੀਜੀ ਅਤੇ ਤਾਜ਼ਾ ਹਿਜਰਤ 2021 ਵਿਚ ਅਮਰੀਕਾ ਦੇ ਅਫਗਾਨਿਸਤਾਨ ਵਿਚੋਂ ਪਿੱਛੇ ਹਟਣ ਤੇ ਇਸ ਉੱਪਰ ਤਾਲਿਬਾਨ ਦੇ ਕਬਜ਼ੇ ਮਗਰੋਂ ਹੋਈ। ਅਸਲ ਵਿਚ ਅਫਗਾਨਾਂ ਦੀ ਦਰ-ਬਦਰੀ ਲਈ ਸਾਮਰਾਜੀ ਜੰਗਾਂ ਜਿਨ੍ਹਾਂ ਵਿਚ ਮੁੱਖ ਤੌਰ ਉੱਤੇ ਅਮਰੀਕਾ ਵੱਲੋਂ ਥੋਪੀਆਂ ਜੰਗਾਂ, ਜ਼ਿੰਮੇਵਾਰ ਹਨ।***

ਅਕਤੂਬਰ ਮਹੀਨੇ ਪਾਕਿਸਤਾਨੀ ਹਕੂਮਤ ਨੇ ਮੁਲਕ ਵਿਚੋਂ 17 ਲੱਖ 'ਗੈਰ-ਕਾਨੂੰਨੀ' ਅਫਗਾਨ ਸ਼ਰਨਾਰਥੀਆਂ ਨੂੰ ਵਾਪਸ ਅਫਗਾਨਿਸਤਾਨ ਜਾਂ ਕਿਤੇ ਵੀ ਹੋਰ ਚਲੇ ਜਾਣ ਦਾ ਹੁਕਮ ਜਾਰੀ ਕੀਤਾ ਸੀ ਜਿਸ ਲਈ ਪਹਿਲੀ ਨਵੰਬਰ ਤੱਕ ਦਾ ਸਮਾਂ ਦਿੱਤਾ ਗਿਆ। ਇਸ ਹੁਕਮ ਪਿੱਛੋਂ ਅਫਗਾਨ ਸ਼ਰਨਾਰਥੀਆਂ ਦੀ ਜਬਰੀ ਫੜੋ-ਫੜਾਈ ਸ਼ੁਰੂ ਹੋਈ। ਕਈਆਂ ਦੀ ਗ੍ਰਿਫਤਾਰੀ ਹੋਈ ਅਤੇ ਕਈਆਂ ਦੇ ਜਬਰਨ ਘਰ ਖਾਲ਼ੀ ਕਰਵਾ ਦਿੱਤੇ ਗਏ। ਮੁਲਕ ਪੱਧਰ 'ਤੇ ਅਫ਼ਗਾਨ ਵਿਰੋਧੀ ਲਹਿਰ ਚਲਾ ਦਿੱਤੀ ਗਈ। ਪਾਕਿਸਤਾਨ ਦੇ ਇੱਕ ਮੰਤਰੀ ਨੇ ਪ੍ਰੈੱਸ ਕਾਨਫਰੰਸ ਵਿਚ ਕਿਹਾ, "ਪਾਕਿਸਤਾਨ ਦੇ ਲੋਕ ਉਨ੍ਹਾਂ ਨੂੰ ਅਫ਼ਗਾਨਾਂ ਦੇ ਪਤੇ ਦੱਸਣ ਤਾਂ ਜੋ ਉਨ੍ਹਾਂ ਨੂੰ ਮੁਲਕ 'ਚੋਂ ਬਾਹਰ ਕੀਤਾ ਜਾ ਸਕੇ। ਇਹ ਦੱਸਣ ਬਦਲੇ ਉਨ੍ਹਾਂ ਨੂੰ ਇਨਾਮ ਵੀ ਦਿੱਤਾ ਜਾਵੇਗਾ।"

**ਜੋਬਨ**
**ਫੋਨ: +91-89689-29372**

ਅਫਗਾਨਾਂ ਦੀ ਮੁਜਰਮਾਂ ਵਾਂਗ ਭਾਲ ਕੀਤੀ ਜਾ ਰਹੀ ਹੈ। ਇਸ ਫੈਸਲੇ ਮਗਰੋਂ ਲਗਭਗ 3 ਲੱਖ 40 ਹਜ਼ਾਰ ਸ਼ਰਨਾਰਥੀ ਤਾਂ ਅਫਗਾਨਿਸਤਾਨ ਜਾ ਚੁੱਕੇ ਹਨ ਜਾਂ ਜਬਰੀ ਭੇਜ ਦਿੱਤੇ ਗਏ ਹਨ ਪਰ ਅਜੇ ਵੀ ਉਨ੍ਹਾਂ ਦੀ ਵੱਡੀ ਗਿਣਤੀ ਪਾਕਿਸਤਾਨ ਅੰਦਰ ਹੀ ਮੌਜੂਦ ਹੈ। ਪਹਿਲੀ ਨਵੰਬਰ ਪਿੱਛੋਂ ਸਰਕਾਰ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਕੇ ਨਜ਼ਰਬੰਦ ਕਰਨਾ ਜਾਂ ਤੰਗ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ ਹੈ। ਹੁਣ ਸਰਕਾਰ ਨੇ ਇੱਕ ਹੋਰ ਹੁਕਮ ਸੁਣਾਇਆ ਹੈ ਜਿਸ ਮੁਤਾਬਕ ਪਾਕਿਸਤਾਨ ਛੱਡ ਕੇ ਪੱਛਮੀ ਦੇਸ਼ਾਂ ਵੱਲ ਜਾਣ ਵਾਲ਼ੇ ਸ਼ਰਨਾਰਥੀਆਂ ਨੂੰ ਹੁਣ 830 ਡਾਲਰ 'ਫੀਸ' ਵੀ ਦੇਣੀ ਪਵੇਗੀ; ਮਤਲਬ, ਪਾਕਿਸਤਾਨ ਵਿਚ ਰਹਿਣਾ ਹੈ ਤਾਂ ਜੇਲ੍ਹ ਵਿਚ ਰਹੋ, ਨਹੀਂ ਤਾਂ ਲੱਗਭੱਗ 2 ਲੱਖ 35 ਹਜ਼ਾਰ ਪਾਕਿਸਤਾਨੀ ਰੁਪਏ ਦੇ ਕੇ ਬਾਹਰ ਜਾਓ।

ਅਫਗਾਨਾਂ ਦੀ ਪਾਕਿਸਤਾਨ ਨੂੰ ਹਿਜਰਤ ਦੇ ਕਾਰਨਾਂ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਅਫ਼ਗਾਨ ਸ਼ਰਨਾਰਥੀਆਂ ਦੀ ਪਹਿਲੀ ਵੱਡੀ ਹਿਜਰਤ 1970ਵਿਆਂ ਵਿਚ ਹੋਈ ਜਦੋਂ ਸੋਵੀਅਤ ਯੂਨੀਅਨ (ਜ਼ਿਕਰਯੋਗ ਹੈ ਕਿ ਕਾਮਰੇਡ ਸਤਾਲਿਨ ਦੀ ਮੌਤ ਤੋਂ ਬਾਅਦ ਸੋਵੀਅਤ ਯੂਨੀਅਨ ਵਿਚ ਸਮਾਜਵਾਦੀ ਨਿਜ਼ਾਮ ਨੂੰ ਪੁੱਠਾ ਗੇੜਾ ਲੱਗ ਚੁੱਕਾ ਸੀ ਤੇ ਇਹ ਨਾਂ ਦਾ ਹੀ ਸਮਾਜਵਾਦੀ ਰਹਿ ਗਿਆ ਸੀ) ਨੇ ਇਸ ਉੱਪਰ ਹਮਲਾ ਕੀਤਾ ਸੀ। ਉਸ ਵੇਲੇ ਸੋਵੀਅਤ ਯੂਨੀਅਨ ਨਾਲ਼ ਆਪਣੀ ਸਾਮਰਾਜੀ ਟੱਕਰ ਵਿਚੋਂ ਅਮਰੀਕਾ ਨੇ ਪਾਕਿਸਤਾਨੀ ਫੌਜ ਦੀ ਮਦਦ ਨਾਲ਼ ਅਫਗਾਨਿਸਤਾਨ ਵਿਚ ਇਸਲਾਮੀ ਕੱਟੜਪੰਥੀਆਂ ਨੂੰ ਖੜ੍ਹਾ ਕੀਤਾ ਤੇ ਇਨ੍ਹਾਂ ਨੂੰ ਬਕਾਇਦਾ ਹਥਿਆਰ, ਸਿਖਲਾਈ ਅਤੇ ਅੰਨ੍ਹਾ ਪੈਸਾ ਦਿੱਤਾ। ਇਸ ਪੈਸੇ ਦਾ ਵੱਡਾ ਹਿੱਸਾ ਪਾਕਿਸਤਾਨੀ ਹਕੂਮਤ ਦੇ ਉੱਪਰਲੇ ਤਬਕੇ ਨੂੰ ਵੀ ਮਿਲ਼ਿਆ ਪਰ ਲੰਮੀ ਜੰਗ ਅਤੇ ਮਗਰੋਂ ਤਾਲਿਬਾਨ ਦੇ ਕਬਜ਼ੇ ਦੇ ਨਤੀਜੇ ਵਜੋਂ ਅਫਗਾਨ ਅਰਥਚਾਰਾ ਤੇ ਸਮਾਜ ਨੁਕਸਾਨਿਆ ਗਿਆ ਜਿਸ ਦੌਰਾਨ ਲੱਖਾਂ ਅਫਗਾਨਾਂ ਨੂੰ ਗੁਆਂਢੀ ਪਾਕਿਸਤਾਨ ਜਾਂ ਇਰਾਨ ਜਿਹੇ ਮੁਲਕਾਂ ਵਿਚ ਪਨਾਹ ਲੈਣੀ ਪਈ।

ਅਫ਼ਗਾਨ ਸ਼ਰਨਾਰਥੀਆਂ ਦੀ ਦੂਜੀ ਵੱਡੀ ਹਿਜਰਤ ਅਮਰੀਕਾ ਵਿਚ ਹੋਏ 9/11 ਵਾਲੇ ਹਮਲੇ ਤੋਂ ਬਾਅਦ ਅਮਰੀਕਾ ਵੱਲੋਂ ਅਖੌਤੀ 'ਦਹਿਸਤਗਰਦੀ ਖਿਲਾਫ ਜੰਗ' ਦੇ ਨਾਂ 'ਤੇ ਅਫਗਾਨਿਸਤਾਨ 'ਤੇ ਥੋਪੀ ਜੰਗ ਵੇਲੇ ਹੋਈ। ਇਸ ਅਮਰੀਕੀ ਕਬਜ਼ੇ ਨੇ ਅਫਗਾਨਿਸਤਾਨ ਵਿਚ ਪੂਰੇ ਦੋ ਦਹਾਕੇ ਕਹਿਰ ਢਾਹਿਆ ਅਤੇ ਲੱਖਾਂ ਦੀ ਤਦਾਦ ਵਿਚ ਅਫਗਾਨਾਂ ਨੂੰ ਢੋਈ ਲਈ ਫੇਰ ਪਨਾਹ ਲੈਣੀ ਪਈ। ਅਫਗਾਨਾਂ ਦੀ ਤੀਜੀ ਅਤੇ ਤਾਜ਼ਾ ਹਿਜਰਤ 2021 ਵਿਚ ਅਮਰੀਕਾ ਦੇ ਅਫਗਾਨਿਸਤਾਨ ਵਿਚੋਂ ਪਿੱਛੇ ਹਟਣ ਤੇ ਇਸ ਉੱਪਰ ਤਾਲਿਬਾਨ ਦੇ ਕਬਜ਼ੇ ਮਗਰੋਂ ਹੋਈ; ਕਹਿਣ ਦਾ ਭਾਵ ਅਫਗਾਨਾਂ ਦੀ ਦਰ-ਬਦਰੀ ਲਈ ਸਾਮਰਾਜੀ ਜੰਗਾਂ ਜਿਨ੍ਹਾਂ ਵਿਚ ਮੁੱਖ ਤੌਰ ਉੱਤੇ ਅਮਰੀਕਾ ਵੱਲੋਂ ਥੋਪੀਆਂ ਜੰਗਾਂ, ਜ਼ਿੰਮੇਵਾਰ ਹਨ। ਅਮਰੀਕਾ ਦੀ ਇਸ ਨਿਹੱਕੀ ਜੰਗ ਵਿਚ ਪਾਕਿਸਤਾਨੀ ਹਕੂਮਤ ਨੇ ਵੀ ਉਸ ਦਾ ਸਾਥ ਦਿੱਤਾ ਅਤੇ ਬਦਲੇ ਵਿਚ ਹਥਿਆਰਾਂ, ਡਾਲਰਾਂ ਆਦਿ ਦੀ ਵੱਡੀ ਇਮਦਾਦ ਪਾਕਿਸਤਾਨ ਨੂੰ ਵੀ ਪਹੁੰਚਦੀ ਰਹੀ। ਪਾਕਿਸਤਾਨੀ ਫੌਜ ਅਤੇ ਸੱਤਾ ਦੇ ਹੋਰ ਹਿੱਸਿਆਂ ਨੇ ਇਨ੍ਹਾਂ ਅਫਗਾਨ ਜੰਗਾਂ ਅਤੇ ਅਫਗਾਨਾਂ ਦੀ ਇਸ ਬਰਬਾਦੀ ਤੋਂ ਰੱਜ ਕੇ ਲਾਹਾ ਖੱਟਿਆ। ਇੱਕ ਤਾਂ ਅਤਿਵਾਦ ਖਿਲਾਫ ਲੜਨ ਦੇ ਨਾਮ ਹੇਠ ਅਮਰੀਕਾ ਤੋਂ ਫੰਡਿੰਗ ਲਈ ਜਾਂਦੀ ਸੀ ਤੇ ਇਸ ਲੜਾਈ ਦਾ ਸਬੂਤ ਪੇਸ਼ ਕਰਨ ਲਈ ਆਮ ਪਖਤੂਨਾਂ ਨੂੰ ਅਤਿਵਾਦੀ ਦੱਸ ਕੇ ਉਨ੍ਹਾਂ ਦਾ ਵੱਡੇ ਪੱਧਰ 'ਤੇ ਕਤਲੇਆਮ ਕੀਤਾ ਜਾਂਦਾ ਸੀ; ਦੂਜਾ, ਜੰਗ ਕਾਰਨ ਅਫਗਾਨਿਸਤਾਨ ਤੋਂ ਉੱਜੜ ਕੇ ਪਾਕਿਸਤਾਨ ਆਏ ਸ਼ਰਨਾਰਥੀਆਂ ਦੀ ਦੇਖਭਾਲ ਦੇ ਨਾਂ ਉੱਤੇ ਅਰਬਾਂ ਡਾਲਰ ਲਏ ਜਾਂਦੇ ਸੀ ਜਿਨ੍ਹਾਂ ਦਾ ਵੱਡਾ ਹਿੱਸਾ ਕਦੇ ਸ਼ਰਨਾਰਥੀਆਂ ਤੱਕ ਨਹੀਂ ਪਹੁੰਚਦਾ ਸੀ। ਇਸ ਤੋਂ ਬਿਨਾਂ ਜੰਗੀ ਖਰਚਿਆਂ ਤੇ ਆਪਣੇ ਮੁਨਾਫਿਆਂ ਲਈ ਅਮਰੀਕਾ ਨੇ ਅਫਗਾਨਿਸਤਾਨ ਵਿਚ ਅਫੀਮ ਦੀ ਖੇਤੀ ਨੂੰ ਉਤਸ਼ਾਹਿਤ ਕੀਤਾ ਜਿਸ ਦੇ ਵਪਾਰ ਤੋਂ ਪਾਕਿਸਤਾਨੀ ਹਾਕਮਾਂ ਨੇ ਵੀ ਰੱਜ ਕੇ ਮੁਨਾਫਾ ਕਮਾਇਆ। ਅਮਰੀਕਾ ਵੱਲੋਂ ਅਫਗਾਨਿਸਤਾਨ 'ਤੇ ਥੋਪੀ ਜੰਗ ਪਾਕਿਸਤਾਨੀ ਹਾਕਮਾਂ ਲਈ ਕਮਾਈ ਦਾ ਵੱਡਾ ਸਾਧਨ ਸੀ ਜਿਸ ਕਰ ਕੇ ਉਹ ਕਦੇ ਨਹੀਂ ਸੀ ਚਾਹੁੰਦੇ ਕਿ ਇਹ ਜੰਗ ਖਤਮ ਹੋਵੇ। ਅਫਗਾਨ ਸ਼ਰਨਾਰਥੀਆਂ ਦੀ ਮੌਜੂਦਾ ਹਾਲਤ ਲਈ ਪਾਕਿਸਤਾਨੀ ਹੁਕਮਰਾਨ ਵੀ ਜ਼ਿੰਮੇਵਾਰ ਹਨ ਜਿਨ੍ਹਾਂ ਨੇ ਅਮਰੀਕਾ ਦੇ ਖੇਤਰੀ ਭਾਈਵਾਲ ਦੀ ਭੂਮਿਕਾ ਪੂਰੀ ਤਨਦੇਹੀ ਨਾਲ ਨਿਭਾਈ ਅਤੇ ਅਥਾਹ ਲਾਭ ਖੱਟਿਆ।

2021 ਵਿਚ ਅਫਗਾਨਿਸਤਾਨ ਛੱਡਣ ਲਈ ਮਜਬੂਰ ਹੋਏ ਅਮਰੀਕਾ ਨੇ ਜੰਗ ਤੋਂ ਬਾਅਦ ਵੀ ਜਾਂਦੇ-ਜਾਂਦੇ ਨਿਊ ਯਾਰਕ ਫੈਡਰਲ ਰਿਜ਼ਰਵ ਵਿਚ 'ਅਫਗਾਨ ਕੇਂਦਰੀ ਬੈਂਕ' ਦੇ ਪਏ 7 ਅਰਬ ਡਾਲਰ ਵੀ ਹੜੱਪ ਲਏ ਜਿਸ ਵੇਲੇ ਅਫਗਾਨਿਸਤਾਨ ਨੂੰ ਇਨ੍ਹਾਂ ਦੀ ਸਖਤ ਜ਼ਰੂਰਤ ਸੀ। ਇਨ੍ਹਾਂ ਕਾਰਨਾਂ ਕਰ ਕੇ ਹੀ ਅਫਗਾਨਿਸਤਾਨ ਦੀ ਆਰਥਿਕਤਾ ਤਬਾਹ ਹੋਈ ਜਿਸ ਦਾ ਨਤੀਜਾ ਲੱਖਾਂ ਅਫਗਾਨਾਂ, ਖਾਸਕਰ ਨੌਜਵਾਨਾਂ ਵੱਲੋਂ ਬਿਹਤਰ ਭਵਿੱਖ ਦੀ ਆਸ ਵਿਚ ਆਂਢ-ਗੁਆਂਢ ਦੇ ਮੁਲਕਾਂ ਵੱਲ ਹਿਜਰਤ ਵਿਚ ਨਿੱਕਲਿਆ। ਪਾਕਿਸਤਾਨ ਅਤੇ ਇਰਾਨ ਵੱਲ ਅਫਗਾਨ ਸ਼ਰਨਾਰਥੀਆਂ ਦੀ ਹਿਜਰਤ ਦਾ ਕਾਰਨ ਇਨ੍ਹਾਂ ਦੇ ਗੁਆਂਢੀ ਮੁਲਕ ਹੋਣ ਦੇ ਨਾਲ-ਨਾਲ ਇਨ੍ਹਾਂ ਨਾਲ ਸੱਭਿਆਚਾਰਕ ਸਾਂਝ ਵੀ ਸੀ ਕਿਉਂ ਜੋ ਹਿਜਰਤ ਕਰ ਰਹੀ ਵੱਡੀ ਆਬਾਦੀ ਪਸ਼ਤੋ ਬੋਲਣ ਵਾਲੇ ਪਖਤੂਨਾਂ ਦੀ ਸੀ ਜਿਨ੍ਹਾਂ ਦੇ ਸਕੇ ਸਬੰਧੀ ਜਾਂ ਕੋਈ ਜਾਣਕਾਰ ਬਸਤੀਵਾਦੀ ਅੰਗਰੇਜ਼ਾਂ ਵੱਲੋਂ ਘੜੀ ਡੂਰੰਡ ਸਰਹੱਦ ਦੇ ਪਾਰ, ਪਾਕਿਸਤਾਨ ਦੇ ਸੂਬੇ ਖੈਬਰ ਪਖਤੂਨਖਵਾ ਵਿਚ ਰਹਿੰਦੇ ਹਨ। ਉੱਤਰੀ ਅਫਗਾਨਿਸਤਾਨ ਦੇ ਇਲਾਕਿਆਂ ਵਿਚ ਫਾਰਸੀ ਭਾਸ਼ਾ ਹੋਣ ਕਰ ਕੇ ਇਰਾਨ ਵਿਚ ਇਨ੍ਹਾਂ ਸਰਨਾਰਥੀਆਂ ਨੂੰ ਭਾਸ਼ਾਈ ਸੌਖ ਰਹਿੰਦੀ ਸੀ।

ਅੱਜ ਪਾਕਿਸਤਾਨੀ ਅਰਥਚਾਰਾ ਔਖੇ ਸਾਹ ਲੈ ਰਿਹਾ ਹੈ। ਦੇਸ਼ ਦੇ ਲੋਕ ਮਹਿੰਗਾਈ ਅਤੇ ਬੇਰੁਜ਼ਗਾਰੀ ਦੇ ਮਾਮਲੇ ਵਿਚ ਸਭ ਤੋਂ ਭਿਆਨਕ ਦੌਰ 'ਚੋਂ ਲੰਘ ਰਹੇ ਹਨ। ਕੌਮਾਂਤਰੀ ਮੁਦਰਾ ਕੋਸ਼ ਨਾਲ ਹੋਇਆ ਰਾਹਤ ਪੈਕੇਜ ਸਮਝੌਤਾ ਗਲੇ ਦੀ ਹੱਡੀ ਬਣ ਗਿਆ ਹੈ। ਉੱਪਰੋਂ ਅਫਗਾਨਿਸਤਾਨ ਜੰਗ ਬੰਦ ਹੋਣ ਨਾਲ ਅਮਰੀਕਾ ਵੱਲੋਂ ਆਉਂਦੀ ਫੰਡਿੰਗ ਵੀ ਬੰਦ ਹੋ ਚੁੱਕੀ ਹੈ। ਇਸ ਆਰਥਿਕ ਮੰਦਹਾਲੀ ਦਾ ਅਸਰ ਸਿਆਸਤ ਦੀ ਉਥਲ-ਪੁਥਲ ਵਿਚ ਸਾਫ ਝਲਕਦਾ ਹੈ। ਪਾਕਿਸਤਾਨ ਸਿਰ ਕਰਜ਼ੇ ਦੀ ਪੰਡ ਦਿਨੋ-ਦਿਨ ਭਾਰੀ ਹੁੰਦੀ ਜਾਂਦੀ ਹੈ; ਕਈ ਮਾਹਿਰਾਂ ਮੁਤਾਬਕ ਇਹਦੀ ਹਾਲਤ ਸ੍ਰੀਲੰਕਾ ਵਰਗੀ ਵੀ ਬਣ ਸਕਦੀ ਹੈ। ਅਜਿਹੀ ਹਾਲਤ ਵਿਚੋਂ ਨਿੱਕਲਣ ਦਾ ਕੋਈ ਰਾਹ ਜਦ ਪਾਕਿਸਤਾਨੀ ਹਾਕਮਾਂ ਨੂੰ ਨਜ਼ਰ ਨਹੀਂ ਆ ਰਿਹਾ ਤਾਂ ਹੁਣ ਇਨ੍ਹਾਂ ਨੇ ਅਰਥਚਾਰੇ ਦੀ ਮੰਦਹਾਲੀ ਅਤੇ ਸਮਾਜਿਕ ਸੰਕਟ ਦਾ ਸਾਰਾ ਦੋਸ਼ ਅਫ਼ਗਾਨ ਸ਼ਰਨਾਰਥੀਆਂ ਸਿਰ ਮੜ੍ਹਨ ਦੀ ਕੋਸ਼ਿਸ਼ ਕੀਤੀ ਹੈ ਅਤੇ ਇਨ੍ਹਾਂ ਨੂੰ ਅਰਥਚਾਰੇ 'ਤੇ ਬੋਝ ਅਤੇ ਦੇਸ਼ ਅੰਦਰ ਭ੍ਰਿਸ਼ਟਾਚਾਰ, ਅਤਿਵਾਦ ਫੈਲਾਉਣ ਵਾਲੇ ਆਦਿ ਝੂਠੇ ਪ੍ਰਚਾਰ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਸਰਕਾਰੀ ਰਿਕਾਰਡ ਮੁਤਾਬਕ ਪਾਕਿਸਤਾਨ ਵਿਚ ਕੁੱਲ 44 ਲੱਖ ਸ਼ਰਨਾਰਥੀ ਹਨ ਜਿਨ੍ਹਾਂ 'ਚੋਂ 17 ਲੱਖ (ਪਾਕਿਸਤਾਨੀ ਹਾਕਮਾਂ ਮੁਤਾਬਕ) 'ਗੈਰ-ਕਾਨੂੰਨੀ' ਹਨ ਪਰ ਕਾਨੂੰਨੀ ਹੋਵੇ ਭਾਵੇਂ ਗੈਰ-ਕਾਨੂੰਨੀ, ਦੋਵੇਂ ਵਿਤਕਰੇ ਅਤੇ ਲੁੱਟ ਦਾ ਸ਼ਿਕਾਰ ਹਨ। ਲੱਗਭੱਗ ਦੋ ਮਹੀਨਿਆਂ ਤੋਂ ਉਹ ਪੁਲਿਸ ਦਹਿਸ਼ਤ ਦਾ ਸ਼ਿਕਾਰ ਹਨ। ਹੁਣ ਤੱਕ ਕੁੱਲ 3 ਲੱਖ 40 ਹਜ਼ਾਰ ਸ਼ਰਨਾਰਥੀ ਅਫਗਾਨਿਸਤਾਨ ਚਲੇ ਗਏ ਹਨ ਪਰ ਇਨ੍ਹਾਂ ਵਿਚੋਂ ਬਹੁਤੇ ਅਜਿਹੇ ਹਨ ਜੋ ਪਹਿਲੀ ਵਾਰ ਅਫਗਾਨਿਸਤਾਨ ਦੀ ਧਰਤੀ ਦੇਖ ਰਹੇ ਹਨ ਕਿਉਂਕਿ ਉਨ੍ਹਾਂ ਦਾ ਜਨਮ ਪਾਕਿਸਤਾਨ ਵਿਚ ਹੀ ਹੋਇਆ ਸੀ। ਕਈ ਪਰਿਵਾਰ ਇੱਥੇ ਚਾਰ-ਚਾਰ ਦਹਾਕਿਆਂ ਤੋਂ ਰਹਿ ਰਹੇ ਸਨ। ਇਹ ਉਨ੍ਹਾਂ ਦੀ ਵਤਨ ਵਾਪਸੀ ਨਹੀਂ ਸਗੋਂ ਮੁੜ ਹਿਜਰਤ ਹੈ।

ਪਾਕਿਸਤਾਨ ਦਾ ਆਰਥਿਕ ਸਿਆਸੀ ਸੰਕਟ ਅਸਲ ਵਿਚ ਸਰਮਾਏਦਾਰੀ ਦਾ ਸੰਕਟ ਹੈ। ਇਸੇ ਸੰਕਟ ਦਾ ਨਤੀਜਾ ਹੈ ਕਿ ਅੱਜ ਮੁਲਕ ਦੇ ਹਾਲਾਤ ਬਦਤਰ ਹੋ ਰਹੇ ਹਨ। ਉੱਪਰੋਂ ਬਸਤੀਵਾਦੀ ਗਰਭ ਵਿਚੋਂ ਨਿੱਕਲੇ ਇਸ ਮੁਲਕ ਅੰਦਰ ਵੀ ਭਾਰਤ ਵਾਂਗ ਜਮਹੂਰੀ ਕਦਰਾਂ ਕੀਮਤਾਂ ਦੀ ਜੜ੍ਹ ਬੇਹੱਦ ਕਮਜ਼ੋਰ ਹੈ। ਇਸ ਲਈ ਅਜਿਹੇ ਪਛੜੇ ਮੁਲਕ ਇੱਕ ਤਾਂ ਆਰਥਿਕ ਤੌਰ ਉੱਤੇ ਪਛੜੇ ਹਨ, ਦੂਜਾ ਸਮਾਜਿਕ ਕਦਰਾਂ ਕੀਮਤਾਂ ਪੱਖੋਂ ਵੀ ਬੇਹੱਦ ਪਿੱਛੇ ਹਨ। ਇਸ ਲਈ ਲੋਟੂ ਹਾਕਮਾਂ ਲਈ ਅਜਿਹੇ ਲੋਕ ਵਿਰੋਧੀ ਫੈਸਲੇ ਕਰਨੇ ਤੇ ਲੋਕਾਂ ਵਿਚੋਂ ਇਸ ਦੀ ਹਮਾਇਤ ਹਾਸਲ ਕਰਨ ਦਾ ਵਧੇਰੇ ਤਕੜਾ ਆਧਾਰ ਮੌਜੂਦ ਹੈ। ਅਫਗਾਨ ਸ਼ਰਨਾਰਥੀਆਂ ਨੂੰ ਪਾਕਿਸਤਾਨ ਦੇ ਦੁਸ਼ਮਣ ਬਣਾ ਕੇ ਪੇਸ਼ ਕਰਨਾ ਅਸਲ ਵਿਚ ਉਨ੍ਹਾਂ ਨੂੰ ਬਲੀ ਦਾ ਬੱਕਰਾ ਬਣਾਉਣਾ ਹੈ।





ਕੈਂਪਾਂ ਵਿਚ ਬੈਠੀਆਂ ਨੰਨ੍ਹੀਆਂ ਬੱਚੀਆਂ ਅਤੇ (ਸੱਜੇ) ਉਜਾੜੇ ਦਾ ਸ਼ਿਕਾਰ ਕੁੜੀਆਂ।

# ਧੁੱਗਾ ਗੁਰਪ੍ਰੀਤ ਦੀ ਕਿਤਾਬ 'ਚਾਲੀ ਦਿਨ'

**ਆਤਮਜੀਤ**


## ਪੁਸਤਕ ਚਰਚਾ

ਮੇਰਾ ਵਹਿਮ-ਭਰਮ ਵਿਚ ਕੋਈ ਵਿਸ਼ਵਾਸ ਨਹੀਂ, ਪਰ ਏਨਾ ਕੁ ਜ਼ਰੂਰ ਜਾਣਦਾ ਹਾਂ ਕਿ ਵਹਿਮ-ਭਰਮ ਬਣਨ ਤੋਂ ਪਹਿਲਾਂ ਉਨ੍ਹਾਂ ਵਿਚਾਰਾਂ ਦਾ ਸਿੱਧਾ ਜਾਂ ਅਸਿੱਧਾ ਵਿਗਿਆਨਕ ਆਧਾਰ ਜ਼ਰੂਰ ਹੁੰਦਾ ਹੈ। ਅਸੀਂ ਬਹੁਤੀ ਵਾਰ ਆਧਾਰ ਨੂੰ ਪਰ੍ਹਾਂ ਧੱਕ ਕੇ ਉਸ ਦੁਆਲੇ ਅੰਧ-ਵਿਸ਼ਵਾਸ ਦੀਆਂ ਦੀਵਾਰਾਂ ਖੜ੍ਹੀਆਂ ਕਰ ਲੈਂਦੇ ਹਾਂ ਅਤੇ ਆਪ ਘਿਰ ਜਾਂਦੇ ਹਾਂ। ਚਾਲੀ ਦਿਨਾਂ ਦਾ ਇਹ ਖ਼ਿਆਲ ਬਚਪਨ ਤੋਂ ਮੇਰੇ ਅੰਗ-ਸੰਗ ਹੈ ਕਿਉਂਕਿ ਮੈਂ ਅੰਮ੍ਰਿਤਸਰ ਦੇ ਗੁਰਦੁਆਰਾ ਸ਼ਹੀਦਾਂ ਵਿਚ ਸੁੱਖੇ ਜਾਂਦੇ ਚਲੀਏ ਅਤੇ ਉਸ ਨਾਲ ਜੁੜੇ ਭਰਮਾਂ ਤੋਂ ਭਲੀ-ਭਾਂਤ ਜਾਣੂੰ ਹਾਂ। ਫ਼ਿਰ ਸਕੂਲ ਤੇ ਕਾਲਜ ਨੇ ਚਿਲਾ ਜਾਂ ਛਿਲਾ ਸ਼ਬਦ ਦੀ ਬਹੁਤ ਯਾਤਰਾ ਕਰਵਾਈ। ਡਾਕਟਰ ਧੁੱਗਾ ਨਾਲ ਗੱਲ ਹੋਈ ਤਾਂ ਉਸ ਨੇ ਵੀ ਇਸ ਵਿਚਾਰ ਦੇ ਲਗਪਗ ਸਰਵ-ਵਿਆਪਕ ਹੋਣ ਦਾ ਚਰਚਾ ਕੀਤਾ। ਪਰ ਹੁਣ ਜਦ ਮੈਂ ਚਾਲੀ ਦਿਨ ਦੀ ਮੈਡੀਕਲ ਪਿੱਠਭੂਮੀ ਨੂੰ ਲੱਭਣ ਦੀ ਕੋਸ਼ਿਸ਼ ਕਰ ਰਿਹਾ ਹਾਂ ਤਾਂ ਹੋਰ ਵੀ ਮਹੱਤਵਪੂਰਨ ਜਾਣਕਾਰੀ ਮਿਲ ਰਹੀ ਹੈ।।

ਕਰੋਨਾ ਦੇ ਦਿਨਾਂ ਵਿਚ ਪ੍ਰਚੱਲਿਤ ਹੋਇਆ ਕੁਆਰਨਟਾਈਨ ਅੱਜ-ਕਲ੍ਹ ਸਾਡਾ ਜਾਣਿਆ-ਪਛਾਣਿਆ ਸ਼ਬਦ ਹੈ। ਜਦੋਂ ਮੱਧਕਾਲ ਦੌਰਾਨ ਯੂਰਪ ਵਿਚ ਬਿਊਬੌਨਿਕ ਪਲੇਗ ਫ਼ੈਲੀ ਤਾਂ ਬਾਹਰੋਂ ਆਉਣ ਵਾਲੇ ਸਮੁੰਦਰੀ ਬੇੜਿਆਂ ਨੂੰ ਬੰਦਰਗਾਹ 'ਤੇ ਇਕ ਅਲਹਿਦਾ ਜਗ੍ਹਾ 'ਤੇ ਖੜਾ ਕੀਤਾ ਜਾਂਦਾ ਸੀ। ਸ਼ਬਦ ਕੁਆਰਨਟਾਈਨ ਉਸ ਸਮੇਂ ਵੀ ਵਰਤਿਆ ਗਿਆ ਸੀ। ਇਹ ਇਟਲੀ ਦੀ ਇਕ ਬੋਲੀ ਦੇ ਦੋ ਸ਼ਬਦਾਂ 'ਕੁਆਰੰਟਾ ਗਿਓਰਨੀ (quaranta giorni) ਉੱਤੇ ਆਧਾਰਿਤ ਹੈ ਜਿਸਦਾ ਅਰਥ ਹੈ ਚਾਲੀ ਦਿਨ। ਇਵੇਂ ਹੀ ਔਰਤ ਦੇ ਗਰਭ ਦਾ ਸਮਾਂ ਅਸਲ ਵਿਚ ਚਾਲੀ ਹਫ਼ਤੇ ਹੈ ਜਿਸਨੂੰ ਅਸੀਂ ਨੌਂ ਮਹੀਨੇ ਕਹਿ ਲੈਂਦੇ ਹਾਂ। ਜਿਹੜੇ ਬੱਚੇ 9 ਮਹੀਨੇ ਜਾਂ ਉਸਤੋਂ ਪਹਿਲਾਂ ਪੈਦਾ ਹੁੰਦੇ ਹਨ, ਉਨ੍ਹਾਂ ਨੂੰ ਕਈ ਕਿਸਮ ਦੀਆਂ ਬੀਮਾਰੀਆਂ ਹੁੰਦੀਆਂ ਹਨ ਅਤੇ ਇਸੇ ਕਰਕੇ 'ਨਿਓ ਨੈਟਲ ਇੰਟੈਂਸਿਵ ਯੂਨਿਟ' ਵਿਚ ਰੱਖਣਾ ਪੈਂਦਾ ਹੈ। ਭਾਰਤ ਸਮੇਤ ਲਗਪਗ ਸਾਰੇ ਪੂਰਬੀ ਸਭਿਆਚਾਰਾਂ ਵਿਚ ਜਨਮ ਤੋਂ ਬਾਅਦ ਜੱਚਾ-ਬੱਚਾ ਦੋਹਾਂ ਨੂੰ ਲਗਪਗ 40 ਦਿਨ ਲਈ ਵਿਸ਼ੇਸ਼ ਇਹਤਿਆਤ ਵਰਤਣ ਲਈ ਕਿਹਾ ਜਾਂਦਾ ਹੈ। ਪੰਜਾਬ ਦਾ ਸਵਾ ਮਹੀਨਾ ਇਨ੍ਹਾਂ ਚਾਲੀ ਦਿਨਾਂ ਦਾ ਹੀ ਲਖਾਇਕ ਹੈ। ਗੁਆਟੇਮਾਲਾ, ਚੀਨ, ਜਾਰਡਨ, ਲੈਬਨਾਨ, ਮਿਸਰ ਵਰਗੇ ਮੱਧ ਪੂਰਬੀ ਮੁਲਕਾਂ ਅਤੇ ਮੈਕਸੀਕੋ ਦੇ ਕੁਝ ਸਭਿਆਚਾਰਾਂ ਵਿਚ ਚਾਲੀ ਦਿਨ ਦਾ ਇਹੋ ਮਹੱਤਵ ਹੈ। ਪੱਛਮੀ ਧਰਮਾਂ ਵਿਚ ਵੀ ਚਾਲੀ ਦਿਨ ਦਾ ਜ਼ਿਕਰ ਕਿਸੇ ਨਾ ਕਿਸੇ ਤਰ੍ਹਾਂ ਆ ਜਾਂਦਾ ਹੈ। ਯਸੂ ਨੇ ਚਾਲੀ ਦਿਨ ਦਾ ਵਰਤ ਰੱਖਿਆ, ਯਹੂਦੀ ਚਾਲੀ ਦਿਨ ਮਾਰੂਥਲ ਵਿਚ ਭਟਕਦੇ ਰਹੇ। ਦਰਅਸਲ 40 ਦਿਨ ਕਿਸੇ ਵਿਸ਼ੇਸ਼ ਪਰਿਵਰਤਨ, ਪਰਿਪੱਕਤਾ ਜਾਂ ਰੂਪਾਂਤਰਣ ਵੱਲ ਇਸ਼ਾਰਾ ਕਰਦੇ ਹਨ। ਇਸੇ ਲਈ ਸਾਡੇ ਲੋਕ-ਮਨ ਵਿਚ ਚਾਲੀ ਦਾ ਡੂੰਘਾ ਮਹੱਤਵ ਹੈ।

ਮੈਂ ਧੁੱਗਾ ਦੀ ਪੁਸਤਕ 'ਚਾਲੀ ਦਿਨ' ਨੂੰ ਇਸੇ ਪਰਿਵਰਤਨ, ਪਰਿਪੱਕਤਾ ਜਾਂ ਰੂਪਾਂਤਰਣ ਦੇ ਅਰਥਾਂ ਵਿਚ ਦੇਖਦਾ ਹਾਂ। ਉਸ ਦੁਆਰਾ ਆਪਣੀ ਰਚਨਾ ਨੂੰ ਦੂਸਰਾ ਨਾਂ ਦਿੱਤਾ ਗਿਆ ਹੈ: 'ਦਸਤਾਵੇਜ਼-ਏ-ਜ਼ਿੰਦਗੀ'। ਉਸਨੇ ਸਭ ਤੋਂ ਵੱਧ ਇਹ ਗੱਲ ਉਭਾਰੀ ਹੈ ਕਿ ਜਦੋਂ ਬੰਦਾ ਮੁਸੀਬਤ ਵਿਚ ਹੋਵੇ ਉਸਨੂੰ ਕੁਝ ਵੀ ਹੋਰ ਕਰਨ ਤੋਂ ਪਹਿਲਾਂ ਜਾਗ੍ਰਿਤ ਹੋਣ ਦੀ ਲੋੜ ਹੈ। ਲੇਖਕ ਨੇ ਲੋਕ-ਧਾਰਾ ਵਿਚ ਪ੍ਰਚਲਿਤ ਕਥਾ-ਕਹਾਣੀਆਂ ਰਾਹੀਂ ਅਤੇ ਫ਼ਕੀਰ ਤੇ ਕੇਸਰ ਦੇ ਵਾਰਤਾਲਾਪਾਂ ਦੁਆਰਾ ਚਾਲੀ ਦਿਨਾਂ ਦੀ ਯਾਤਰਾ ਦੌਰਾਨ ਆਪਣੇ ਪਾਠਕ ਨੂੰ ਜ਼ਿੰਦਗੀ ਨਾਲ ਜੋੜਿਆ ਹੈ ਅਤੇ ਸਾਰਥਕ ਰੂਪ ਵਿਚ ਜਾਗਰਿਤ ਹੋਣ ਦਾ ਸੰਦੇਸ਼ ਬੁਣਿਆ ਹੈ। ਪ੍ਰਕਾਸ਼ਕ ਨੇ ਇਸ ਪੁਸਤਕ ਨੂੰ ਨਾਵਲ ਦੀ ਸ਼੍ਰੇਣੀ ਵਿਚ ਰੱਖਿਆ ਹੈ, ਜਦੋਂ ਕਿ ਲੇਖਕ ਨੇ ਇਸਨੂੰ ਯਾਤਰਾ ਦਾ ਨਾਂ ਦਿੱਤਾ ਹੈ। ਮੇਰੀ ਰਾਏ ਵਿਚ ਇਹ ਨਾ ਨਾਵਲ ਹੈ ਤੇ ਨਾ ਹੀ ਯਾਤਰਾ-ਪੁਸਤਕ ਕਿਉਂਕਿ ਇਸ ਵਿਚ ਕਥਾਨਕ ਅਤੇ ਪਾਤਰ ਉਸਾਰੀ ਦਾ ਸਿਰਫ਼ ਝਉਲਾ ਹੈ ਤੇ ਪੰਜਾਬ ਤੋਂ ਬੀਕਾਨੇਰ ਤਕ ਪੈਦਲ ਜਾਂਦਿਆਂ ਬਦਲਦੇ ਲੈਂਡਸਕੇਪ ਦਾ ਹਲਕਾ ਜਿਹਾ ਇਸ਼ਾਰਾ। ਦਰਅਸਲ, ਇਹ ਸਿਰਜਣਾਤਮਕ ਵਾਰਤਕ ਦਾ ਉੱਤਮ ਨਮੂਨਾ ਹੈ ਜਿਹੜਾ ਲਗਪਗ ਹਰ ਵਰਗ ਦੇ ਪਾਠਕ ਨੂੰ ਆਪਣੇ ਨਾਲ ਜੋੜਨ ਦੇ ਸਮਰੱਥ ਹੈ।

ਇਸ ਵਾਰਤਕ ਦਾ ਇਕ ਮੰਤਵ ਜ਼ਿੰਦਗੀ ਦੇ ਰਹੱਸ ਨੂੰ ਲੋਕ-ਪੱਧਰ ਉੱਤੇ ਸਮਝਣਾ-ਸਮਝਾਉਣਾ ਹੈ। ਜੀਵਨ ਵਿਚ ਕੁਝ ਵੀ ਸਰਲ-ਸਪਾਟ ਨਹੀਂ ਹੈ। ਇਸ ਵਿਚ ਮੁਸ਼ਕਲਾਂ, ਰੁਕਾਵਟਾਂ, ਦੁੱਖ, ਪਰੇਸ਼ਾਨੀਆਂ, ਸਦਮੇ ਜਾਂ ਵਿਗੋਚੇ ਹਨ ਜਿਨ੍ਹਾਂ ਨਾਲ ਬੰਦੇ ਨੂੰ ਸੰਘਰਸ਼ ਕਰਨਾ ਪੈਂਦਾ ਹੈ। ਇਸ ਪੁਸਤਕ ਦਾ ਨਾਵਲੀ ਅੰਸ਼ ਇਹ ਵੀ ਦੱਸਦਾ ਹੈ ਕਿ ਬੰਦੇ ਨੂੰ ਆਪਣੀਆਂ ਅਧੂਰੀਆਂ ਇੱਛਾਵਾਂ ਨਾਲ ਵੀ ਲੜਨਾ ਪੈਂਦਾ ਹੈ। ਲੇਖਕ ਆਪਣੇ ਅੱਧ-ਚਿਤਰੇ ਪਾਤਰਾਂ ਦੀ ਕਿਸੇ ਅਚੇਤ ਪੱਧਰ 'ਤੇ ਲੁਕਣਮੀਚੀ ਦਿਖਾ ਰਿਹਾ ਹੈ। ਜੀਤੀ ਖ਼ਿਆਲਾਂ ਵਿਚ ਸਦਾ ਸਾਹਮਣੇ ਹੈ ਪਰ ਹਕੀਕਤਨ ਨਜ਼ਰਾਂ ਤੋਂ ਉਹਲੇ। ਸਾਰੀ ਪੁਸਤਕ ਵਿਚ ਕੇਸਰ ਜੀਤੀ ਨਾਲ ਰੁਮਾਂਸ ਦੀ ਲੁਕਣਮੀਚੀ ਖੇਡਦਾ ਹੈ। ਰੌਲਿਆਂ ਦੌਰਾਨ ਅਸੀਂ ਪੰਜਾਬੀਆਂ ਨੇ ਆਪਣੀਆਂ ਧੀਆਂ-ਭੈਣਾਂ ਜੇਹੀਆਂ ਕੁੜੀਆਂ ਉਧਾਲੀਆਂ। ਕੇਸਰ ਦੀ ਭੈਣ ਤਾਰੋ ਨੂੰ ਵੀ ਕੋਈ ਚੁੱਕ ਕੇ ਲੈ ਗਿਆ ਤੇ ਕਹਿ ਗਿਆ ਸੀ ਕਿ ਜੇ ਵਾਪਸ ਚਾਹੀਦੀ ਏ ਤਾਂ ਉਨ੍ਹਾਂ ਦੀਆਂ ਕੁੜੀਆਂ ਮੋੜ ਦੇਵੋ। ਇਹ ਰਾਜਨੀਤਕ ਤੇ ਧਾਰਮਿਕ ਸੰਕੀਰਨਤਾ ਦੀ ਲੁਕਣਮੀਚੀ ਸੀ। ਕੇਸਰ ਦੀ ਮਾਂ ਵਿਚ ਲੁਕਣਮੀਚੀ ਖੇਡਣ ਦੀ ਤਾਕਤ ਨਹੀਂ ਸੀ, ਕੁੜੀ ਦੇ ਗ਼ਮ ਨੇ ਉਹਦੀ ਜਾਨ ਲੈ ਲਈ। ਉਸਦੇ ਬਾਪ ਨੇ ਆਰਥਿਕਤਾ ਦੀ ਲੁਕਣਮੀਚੀ ਖੇਡੀ। ਸਸਤੀ ਜ਼ਮੀਨ ਖ਼ਰੀਦਣ ਲਈ ਬੀਕਾਨੇਰ ਗਿਆ ਸੀ ਪਰ ਪਰਤਿਆ ਨਹੀਂ। ਕੇਸਰ ਨੂੰ ਉਹ ਖ਼ਿਆਲਾਂ ਵਿਚ ਬੁਲਾਉਂਦਾ ਹੈ ਅਤੇ ਉਹ ਬਾਪ ਨੂੰ ਲੱਭਣ ਤੁਰ ਪੈਂਦਾ ਹੈ। ਇਹ ਨਾਤਿਆਂ ਦੀ ਲੁਕਣਮੀਚੀ ਹੈ। ਰਾਸ਼ਟਰਵਾਦ ਦੀ ਭਿਆਨਕ ਲੁਕਣਮੀਚੀ ਦਾ ਵੀ ਜ਼ਿਕਰ ਹੈ ਜਦੋਂ ਇਕ ਫ਼ੌਜੀ ਜੰਗ ਵਿਚ ਮਰ ਰਹੇ ਮਿੱਤਰ ਫ਼ੌਜੀ ਕੋਲ ਜਾਂਦਾ ਹੈ। ਪਿਤਾ ਨੂੰ ਲੱਭਣ ਤੁਰਿਆ ਕੇਸਰ ਆਪਣੀ ਬੇਬੇ ਨਾਲ ਲੁਕਣਮੀਚੀ ਖੇਲ੍ਹ ਰਿਹਾ ਹੈ ਜਿਸਨੇ ਉਸਨੂੰ ਪਾਲਿਆ ਸੀ। ਇਵੇਂ ਹੀ ਕੇਸਰ ਦਾ ਕੁੱਤਾ ਅਤੇ ਫ਼ਕੀਰ




ਦਾ ਕੁੱਤਾ ਵੀ ਉਨ੍ਹਾਂ ਕੋਲੋਂ ਵਿੱਛੜ ਜਾਂਦੇ ਹਨ। ਫ਼ਕੀਰ ਖ਼ੁਦ ਵੀ ਕਿਸੇ ਸਟੇਸ਼ਨ 'ਤੇ ਪਾਣੀ ਲੈਣ ਉਤਰਿਆ ਸੀ ਤੇ ਫ਼ਸਾਦੀਆਂ ਨੇ ਗੱਡੀ ਸਾੜ ਦਿੱਤੀ। ਉਸਦਾ ਟੱਬਰ ਸਦਾ ਲਈ ਲੁਕ ਗਿਆ ਤੇ ਹੁਣ ਉਹ ਦੁਨੀਆਂ ਨੂੰ ਘੁੰਮ-ਫਿਰ ਕੇ ਲੋਕਾਈ ਨੂੰ ਲੱਭ ਰਿਹਾ ਹੈ। ਇਵੇਂ ਹੀ ਰੱਬ ਵੀ ਬੰਦੇ ਕੋਲੋਂ ਲੁਕਿਆ ਹੋਇਆ ਹੈ ਹਾਲਾਂਕਿ ਉਹ ਉਸਦੇ ਅੰਦਰ ਹੀ ਹੈ।

ਕਿਤਾਬ ਪੜ੍ਹਦਿਆਂ ਇਸ ਤਰ੍ਹਾਂ ਲੱਗਣ ਲੱਗ ਪੈਂਦਾ ਹੈ ਕਿ ਇਹ ਲੁਕਣਮੀਚੀ ਹੀ ਜ਼ਿੰਦਗੀ ਦਾ ਅਮਰ ਸੱਚ ਹੈ। ਹਰ ਮੋੜ 'ਤੇ ਕੁਝ ਲੁਕਿਆ ਹੋਇਆ ਹੈ ਜਿਸਨੂੰ ਲੱਭਣ ਦੀ ਤਾਂਘ ਹੈ। ਲੁਕੀ ਵਸਤ ਲੱਭੇ ਨਾ ਲੱਭੇ, ਪਰ ਖੋਜਣ ਦੀ ਤਾਂਘ 'ਚ ਜੀਵਨ ਦੇ ਅਰਥ ਲੁਕੇ ਹੋਏ ਹਨ। ਪੁਸਤਕ ਦੇ ਆਰੰਭ ਵਿਚ ਕਿਸੇ ਕਥਾ ਵਿਚ ਸੱਚ ਦੇ ਲੁਕੇ ਹੋਣ ਵਾਲੀ ਗੱਲ ਬਹੁਤ ਮੁੱਲਵਾਨ ਹੈ। ਜਿਵੇਂ ਕਹਾਣੀਆਂ ਕਿਸੇ ਨੰਗੇ ਸੱਚ ਨੂੰ ਆਪਣੇ ਅੰਦਰ ਸਾਂਭ ਕੇ ਬੈਠੀਆਂ ਹੁੰਦੀਆਂ ਹਨ ਉਸੇ ਤਰ੍ਹਾਂ ਜੀਵਨ ਦੇ ਬਾਕੀ ਸੱਚ ਵੀ ਸਾਨੂੰ ਏਧਰ-ਓਧਰ ਲੁਕੇ ਹੋਏ ਮਿਲਦੇ ਹਨ। ਜੇਕਰ ਉਪਰੋਕਤ ਲੁਕਣਮੀਚੀ ਵਿਚ ਲੱਭਣ ਵਾਲਿਆਂ ਦੀਆਂ ਮਨੋਕਾਮਨਾਵਾਂ ਪੂਰੀਆਂ ਹੋ ਜਾਂਦੀਆਂ ਤਾਂ ਇਹ ਪੁਸਤਕ ਬਹੁਤ ਸਾਧਾਰਨ ਪੱਧਰ ਦੀ ਹੁੰਦੀ। ਉਸਦਾ ਮਹੱਤਵ ਏਨਾ ਕੁ ਹੋਣਾ ਸੀ ਕਿ ਕੋਸ਼ਿਸ਼ ਕੀਤਿਆਂ ਸਭ ਕੁਝ ਮਿਲ ਜਾਂਦਾ ਹੈ; ਇਹ ਵਿਸ਼ਾ ਤਾਂ ਅਨੇਕਾਂ ਪੁਸਤਕਾਂ ਨੇ ਪਹਿਲਾਂ ਨਜਿੱਠਣ ਦੀ ਕੋਸ਼ਿਸ਼ ਕੀਤੀ ਹੋਈ ਹੈ! ਪਰ 'ਚਾਲੀ ਦਿਨ' ਦਾ ਮਹੱਤਵ ਇਸ ਤੋਂ ਡੂੰਘੇਰਾ ਹੈ। ਲੇਖਕ ਸਾਨੂੰ ਇਹ ਸਮਝਾਉਣਾ ਚਾਹੁੰਦਾ ਹੈ ਕਿ ਕਿਸੇ ਵੀ ਟੀਚੇ ਦੀ ਪ੍ਰਾਪਤੀ ਨਾਲੋਂ ਕਿਤੇ ਵੱਧ ਰੋਚਕ ਅਤੇ ਸਿੱਖਿਆਦਾਇਕ ਹਨ ਉਸਦੀ ਪ੍ਰਾਪਤੀ ਵਾਸਤੇ ਕੀਤੇ ਯਤਨ। ਯਤਨਸ਼ੀਲ ਹੋਣਾ 'ਦਾਸਤਾਨ ਏ ਜ਼ਿੰਦਗੀ' ਹੈ। ਇਹ ਪ੍ਰੇਰਨਾ ਦੇਣਾ ਧੁੱਗਾ ਦਾ ਅਸਲ ਮਨੋਰਥ ਪ੍ਰਤੀਤ ਹੁੰਦਾ ਹੈ। ਉਹ ਇਹ ਵੀ ਕਹਿੰਦਾ ਹੈ ਕਿ ਕਈ ਵਾਰ ਸਭ ਕੁਝ ਕਰਦਿਆਂ ਵੀ ਸਾਡੇ ਨਜ਼ਰੀਏ ਵਿਚ ਕਾਣ ਹੁੰਦੀ ਹੈ। ਸਾਡੇ ਯਤਨਾਂ ਵਿਚ ਪਦਾਰਥ ਦੀ ਪ੍ਰਾਪਤੀ ਦਾ ਸੁਪਨਾ ਜ਼ਿਆਦਾ ਭਾਰੂ ਹੈ। ਜਦੋਂ ਪਦਾਰਥ ਅਤੇ ਨਿਜੀ ਮੋਹ ਸੁਪਨਿਆਂ ਦੀ ਸੀਮਾ ਬਣ ਜਾਣ ਤਾਂ ਕਿਸੇ ਵੀ ਕਿਸਮ ਦੀ ਪ੍ਰਾਪਤੀ ਉਸ ਪਰਿਵਰਤਨ, ਪਰਿਪੱਕਤਾ ਜਾਂ ਰੂਪਾਂਤਰਣ ਦੀ ਸਿਰਜਣਾ ਨਹੀਂ ਕਰਦੀ, ਜਿਸ ਨਾਲ ਰੂਹਾਨੀ ਤ੍ਰਿਪਤੀ ਹੁੰਦੀ ਹੈ। ਇਹ ਰੂਹਾਨੀ ਤ੍ਰਿਪਤੀ ਧਾਰਮਿਕ ਆਨੰਦ ਤੋਂ ਉੱਪਰ ਹੈ। ਇਸੇ ਲਈ ਧੁੱਗਾ ਇਸ ਰਚਨਾ ਵਿਚ ਅਨੇਕ ਨਿੱਕੀਆਂ-ਨਿੱਕੀਆਂ ਕਹਾਣੀਆਂ ਗੁੰਦਦਾ ਹੈ ਜਿਹੜੀਆਂ ਕਿ ਵੱਖ-ਵੱਖ ਧਾਰਮਿਕ, ਸਾਹਿਤਕ ਅਤੇ ਸਭਿਆਚਾਰਕ ਸ੍ਰੋਤਾਂ ਤੋਂ ਲਈਆਂ ਗਈਆਂ ਹਨ। ਉਹ ਸਾਡੇ ਨਜ਼ਰੀਏ ਵਿਚ ਜ਼ਰਾ ਕੁ ਸੋਧ ਮੰਗਦਾ ਹੈ। ਉਸ ਅਨੁਸਾਰ ਜੇ ਪਰਛਾਵੇਂ ਦੇ ਰਹੱਸ ਨੂੰ ਸਮਝਣਾ ਹੈ ਤਾਂ ਸਾਨੂੰ ਆਪਣਾ ਮੂੰਹ ਮੋੜ ਲੈਣ ਦੀ ਜਾਚ ਆਉਣੀ ਚਾਹੀਦੀ ਹੈ। ਅੰਤਿਮ ਸੱਚ ਕੁਝ ਵੀ ਨਹੀਂ ਹੁੰਦਾ; ਜਦੋਂ ਦੁਨੀਆਂ ਦੇ ਕਿਸੇ ਹਿੱਸੇ ਵਿਚ ਸੂਰਜ ਡੁੱਬਦਾ ਹੈ ਤਾਂ ਦੂਸਰੇ ਵਿਚ ਚੜ੍ਹ ਰਿਹਾ ਹੁੰਦਾ ਹੈ। ਉਸ ਅਨੁਸਾਰ "ਅੱਖਾਂ ਜੰਮਦਿਆਂ ਦੇਖਣ ਲਗਦੀਆਂ ਹਨ, ਪਰ ਉਨ੍ਹਾਂ ਨੂੰ ਖੁਲ੍ਹਦਿਆਂ ਜਨਮ ਲੱਗ ਜਾਂਦੇ ਹਨ।" ਧੁੱਗਾ ਦੀ ਕੋਸ਼ਿਸ਼ ਹੈ ਕਿ ਉਸਦੇ ਪਾਠਕ ਦੀਆਂ ਅੱਖਾਂ ਪਹਿਲਾਂ ਖੁੱਲ੍ਹ ਜਾਣ।

ਜ਼ਿੰਦਗੀ ਨੂੰ ਸਾਰਥਕਤਾ ਨਾਲ ਜੀਣ ਵਾਸਤੇ ਉਹ ਆਪਣੀ ਪੁਸਤਕ ਵਿਚ ਫ਼ਕੀਰੀ ਦਾ ਮਾਡਲ ਘੜਦਾ ਹੈ। ਉਹ ਸੂਫ਼ੀ ਦਰਵੇਸ਼ਾਂ ਦੇ ਨ੍ਰਿਤ ਦੀ ਗੱਲ ਕਰਦਿਆਂ ਫ਼ਕੀਰ ਦਾ ਇਕ ਹੱਥ ਧਰਤੀ ਵੱਲ ਅਤੇ ਦੂਸਰਾ ਆਕਾਸ਼ ਵੱਲ ਹੋਣ ਦੀ ਮਿਸਾਲ ਦੇਂਦਾ ਹੈ। ਰੱਬ ਦੀ ਸ੍ਰਿਸ਼ਟੀ ਸਰਲ ਸੀ, ਬੰਦੇ ਨੇ ਉਸਨੂੰ ਗੁੰਝਲਦਾਰ ਬਣਾ ਦਿੱਤਾ ਹੈ; ਫ਼ਕੀਰ ਗੁੰਝਲਾਂ ਖੋਲ੍ਹਦਾ ਹੈ। ਦੁਨੀਆਂ ਵਿਚ ਘਟਨਾਵਾਂ ਤੇ ਦੁਰਘਟਨਾਵਾਂ ਵਾਪਰਦੀਆਂ ਰਹਿਣਗੀਆਂ; ਆਮ ਬੰਦਾ ਉਨ੍ਹਾਂ ਉੱਤੇ ਤਿੱਖੀ ਪ੍ਰਤੀਕਿਰਿਆ ਦੇਂਦਾ ਹੈ ਪਰ ਫ਼ਕੀਰ ਸ਼ਾਂਤ ਰਹਿੰਦਾ ਹੈ। ਜ਼ਰੂਰੀ ਨਹੀਂ ਜੇ ਆਮਦਨ ਦੀ ਇਕੱਲੀ ਸ੍ਰੋਤ ਗਾਂ ਚੋਰੀ ਹੋ ਜਾਵੇ ਤਾਂ ਜ਼ਿੰਦਗੀ ਖ਼ਤਮ ਹੋ ਜਾਂਦੀ ਹੈ; ਬਲਕਿ ਤੁਸੀਂ ਯਤਨਸ਼ੀਲ ਵੀ ਬਣ ਸਕਦੇ ਹੋ। ਅਮੀਰ ਰਾਜਾ ਮੁਹਰਾਂ ਵੰਡਦਾ ਹੈ, ਆਮ ਬੰਦਾ ਕਤਾਰ ਵਿਚ ਖੜ ਕੇ ਉਤਸੁਕਤਾ ਵਿਚ ਚਿੰਤਾ ਕਰਦਾ ਹੈ ਕਿ ਕਿਧਰੇ ਉਸਦੇ ਪਹੁੰਚਣ ਤੋਂ ਪਹਿਲਾਂ ਮੁਹਰਾਂ ਖ਼ਤਮ ਨਾ ਹੋ ਜਾਣ। ਫ਼ਕੀਰ ਵੀ ਕਤਾਰ ਵਿਚ ਹੈ ਪਰ ਉਹ ਆਪਣੀ ਵਾਰੀ ਦੂਜਿਆਂ ਨੂੰ ਵੰਡਦਾ ਜਾ ਰਿਹਾ ਹੈ। ਇਸੇ ਕਾਰਨ ਉਹ ਰਾਜੇ ਤੋਂ ਵੱਧ ਅਮੀਰ ਹੈ। ਤੇ ਸਭ ਤੋਂ ਵੱਡੀ ਗੱਲ: ਫ਼ਕੀਰ ਹਮੇਸ਼ਾ ਗਤੀਸ਼ੀਲ ਹੈ। ਉਹ ਪਦਾਰਥ ਦੀ ਨਹੀਂ, ਗਿਆਨ ਦੀ ਖੋਜ ਵਿਚ ਹੈ। ਕੀੜੀ ਸਾਰੀ ਉਮਰ ਤੁਰਦੀ ਰਹਿੰਦੀ ਹੈ; ਤੋਰ ਵੀ ਸਹਿਜ ਹੁੰਦੀ ਹੈ। ਪਰ ਚੁਣੌਤੀ ਦੇ ਸਮੇਂ ਅੱਖਾਂ ਬੰਦ ਕਰ ਲੈਣੀਆਂ ਜਾਂ ਭੱਜ ਜਾਣਾ ਫ਼ਕੀਰੀ ਨਹੀਂ ਹੈ। ਲੇਖਕ ਬੋਧੀ ਕਥਾ ਦੇ ਹਵਾਲੇ ਨਾਲ ਦੱਸਦਾ ਹੈ ਕਿ ਤੂਫ਼ਾਨ ਤੋਂ ਬਚਣ ਵਾਸਤੇ ਸਭ ਤੋਂ ਸੁਰੱਖਿਅਤ ਜਗ੍ਹਾ ਤੂਫ਼ਾਨ ਦੀ ਅੱਖ ਹੁੰਦੀ ਹੈ। ਫ਼ਕੀਰੀ ਨਿਰਾਸ਼ਾ ਦਾ ਨਹੀਂ ਆਸ-ਉਮੀਦ ਦਾ ਨਾਂ ਹੈ। ਫ਼ਕੀਰ ਹਉਮੈ ਉੱਤੇ ਜ਼ਬਤ ਰੱਖਦਾ ਹੈ:"ਹੰਕਾਰ ਦੇ ਪਰਛਾਵੇਂ ਜਦੋਂ ਕੱਦ ਨਾਲੋਂ ਲੰਮੇ ਹੋ ਜਾਣ ਤਾਂ ਸਮਝ ਲਵੋ ਕਿ ਕਾਮਯਾਬੀ ਦਾ ਸੂਰਜ ਅਸਤ ਹੋਣ ਵਾਲਾ ਹੈ।" ਫ਼ਕੀਰੀ ਦੀ ਅਮੀਰੀ ਦਾ ਕੋਈ ਸਾਨੀ ਨਹੀਂ। ਇਸੇ ਲਈ "ਜਦੋਂ ਮੀਂਹ ਪੈਂਦਾ ਹੈ ਤਾਂ ਸਿੱਕਿਆਂ ਵਾਲੇ ਨੱਚਦੇ ਹਨ, ਨੋਟਾਂ ਵਾਲੇ ਦੌੜਦੇ ਹਨ।" ਫ਼ਕੀਰ ਅਤੇ ਕੇਸਰ ਜਿੱਥੇ ਵੀ ਜਾਂਦੇ ਹਨ, ਨਵੀਆਂ ਤੇ ਸੁਚੱਜੀਆਂ ਗੱਲਾਂ ਪੱਲੇ ਬੰਨ੍ਹਦੇ ਹਨ ਪਰ ਆਪਣੇ ਅੰਦਰਲੇ ਸੰਸਕਾਰਾਂ ਨੂੰ ਫ਼ਿਰ ਵੀ ਤਿਆਗਦੇ ਨਹੀਂ। ਜੰਗਲ ਵਿਚ ਬੈਠੇ ਹੋਏ ਜ਼ਖ਼ਮੀ ਹਿਰਨ ਲਈ ਹਾਥੀ ਪਾਣੀ ਲੈ ਕੇ ਆਉਂਦਾ ਹੈ। ਸੱਚਾ ਫ਼ਕੀਰ ਹਿਰਨ ਬਣਨ ਦੀ ਬਜਾਇ ਹਾਥੀ ਬਣਨ ਦੀ ਕੋਸ਼ਿਸ਼ ਕਰਦਾ ਹੈ।


ਲੇਖਕ ਨੇ ਰੱਬ ਦੇ ਸਵਾਲ ਨੂੰ ਵੀ ਮਜ਼ਬੂਤੀ ਨਾਲ ਨਜਿੱਠਿਆ ਹੈ। ਪਾਣੀ ਵਾਂਗ ਰੱਬ ਹਰ ਥਾਂ 'ਤੇ ਵਿਚਰਦਾ ਹੈ। ਤੇ ਤੁਰਦੇ ਪੈਰਾਂ ਨੂੰ ਕਿਸਮਤ ਹਰ ਮੋੜ 'ਤੇ ਟੱਕਰਦੀ ਹੈ ਭਾਵ ਯਤਨ ਕਿਸਮਤ ਘੜਦੇ ਹਨ। ਰੱਬ ਜਾਂ ਸਦੀਵੀ ਮੁੱਲ ਇੱਕੋ ਜੇਹੇ ਹਨ, ਸਿਰਫ਼ ਉਨ੍ਹਾਂ ਦੇ ਨਾਂ ਜਾਂ ਰੂਪ ਬਦਲ ਜਾਂਦੇ ਹਨ। ਜਿਸ ਗੱਲ ਵਿਚ ਤੁਹਾਡਾ ਆਪਣਾ ਵਿਸ਼ਵਾਸ ਹੈ, ਲੋਕ ਵੀ ਜਿਸਨੂੰ ਸਵੀਕਾਰ ਕਰਦੇ ਹਨ ਅਤੇ ਜਿਹੜੀ ਗੱਲ ਦੁਨੀਆਂ ਦੇ ਸਦੀਵੀ ਮੁੱਲਾਂ ਵਿਚ ਸ਼ੁਮਾਰ ਹੁੰਦੀ ਹੈ, ਉੱਥੇ ਹੀ ਰੱਬ ਹੈ। ਗੱਲ ਤਾਂ ਲੋਕ-ਭਲਾਈ ਦੀ ਹੈ, ਇਸੇ ਵਿਚ ਰੂਹਾਨੀ ਤ੍ਰਿਪਤੀ ਹੈ, ਇਹੋ ਸਦੀਵੀ ਮੁੱਲ ਹੈ ਅਤੇ ਇਹ ਹੀ ਧਾਰਮਿਕ ਕਾਰਜ ਹੈ। ਇਸੇ ਲਈ ਉਹ ਹਰ ਧਰਮ ਵਿਚ ਦਾਨ ਦੇ ਮਹੱਤਵ ਦੀ ਗੱਲ ਉਘਾੜਦਾ ਹੈ। ਉਹ ਇਹ ਵੀ ਕਹਿੰਦਾ ਹੈ ਕਿ ਇਕ ਵਾਰ ਰੱਬ ਨੇ ਨਾਸਤਿਕ ਨੂੰ ਗਲੇ ਨਾਲ ਲਾ ਕੇ ਕਿਹਾ "ਸਵਾਲ ਇਹ ਨਹੀਂ ਕਿ ਸਾਡਾ ਧਰਮ 'ਕਿਹੜਾ' ਹੈ, ਸਵਾਲ ਇਹ ਹੈ ਕਿ ਸਾਡਾ ਧਰਮ ਹੈ 'ਕੀ'?

ਹਰ ਸਾਹਿਤਕ ਕਿਰਤ ਵਿਚ ਪਾਠਕ ਨੂੰ ਆਪਣੀ ਸਮਝ ਅਤੇ ਵਿਚਾਰਧਾਰਾ ਅਨੁਸਾਰ ਕੁਝ ਛਿਦਰ ਲਭ ਸਕਦੇ ਹਨ। ਮੈਂ ਉਨ੍ਹਾਂ ਦਾ ਜ਼ਿਕਰ ਨਹੀਂ ਕਰਾਂਗਾ ਪਰ ਮੇਰੀ ਨਜ਼ਰ ਵਿਚ ਕਿਸੇ ਵੀ ਪੁਸਤਕ ਲਈ ਅਜਿਹੀਆਂ ਗੱਲਾਂ ਤੋਂ ਬਚਣਾ ਬਹੁਤ ਜ਼ਰੂਰੀ ਹੈ ਜਿਹੜੀਆਂ ਸਵੈ-ਵਿਰੋਧੀ ਭਾਸਦੀਆਂ ਹੋਣ। ਇਹ ਪੁਸਤਕ ਜ਼ਿੰਦਗੀ ਨੂੰ ਭਾਵੇਂ ਵਿਗਿਆਨਕ ਅਤੇ ਤਾਰਕਿਕ ਢੰਗ ਨਾਲ ਪੇਸ਼ ਕਰਦੀ ਹੈ ਪਰ 'ਚਿੱਟੇ ਅਤੇ ਕਾਲੇ ਪੱਥਰ' ਦਾ ਵਹਿਮ ਭਰਿਆ ਚਿੰਨ੍ਹਵਾਦ ਉਸਨੂੰ ਭੰਗ ਕਰਦਾ ਹੈ। ਇਵੇਂ ਲੇਖਕ ਦੱਸਦਾ ਹੈ ਕਿ ਪਾਰਵਤੀ ਭਿਖਾਰੀ ਉੱਤੇ ਤਰਸ ਖਾਂਦੀ ਹੈ, ਜਵਾਬ ਵਿਚ ਸ਼ਿਵਜੀ ਉਸ ਅੱਗੇ ਸੋਨੇ ਦੀ ਥੈਲੀ ਸੁੱਟਦੇ ਹਨ ਪਰ ਭਿਖਾਰੀ ਉਸਨੂੰ ਹਟਾ ਕੇ ਲੰਘ ਜਾਂਦਾ ਹੈ; ਸ਼ਿਵ ਜੀ ਇਸਨੂੰ ਭਿਖਾਰੀ ਦੀ ਕਿਸਮਤ ਦਾ ਦੋਸ਼ ਮੰਨਦੇ ਹਨ। ਇਸ ਨਾਲ ਲੇਖਕ ਦੁਆਰਾ ਸਥਾਪਿਤ ਕੀਤੇ ਫ਼ਕੀਰੀ ਦੇ ਸਾਰੇ ਸਿਧਾਂਤ ਉਤੇ ਪ੍ਰਸ਼ਨ-ਚਿੰਨ੍ਹ ਲੱਗ ਜਾਂਦਾ ਹੈ। ਪਰ ਏਹੋ-ਜੇਹੇ ਇੱਕਾ-ਦੁੱਕਾ ਇਤਰਾਜ਼ਾਂ ਦੇ ਬਾਵਜੂਦ 'ਚਾਲੀ ਦਿਨ' ਪੰਜਾਬੀ ਵਾਰਤਕ ਦਾ ਉੱਤਮ ਨਮੂਨਾ ਹੈ। ਅਮਰੀਕਾ ਵੱਸਦੇ ਮੈਡੀਕਲ ਡਾਕਟਰ ਧੁੱਗਾ ਨੇ ਕਿਤਾਬ ਨੂੰ ਇਮਾਨਦਾਰੀ ਅਤੇ ਸੂਝ ਨਾਲ ਲਿਖਿਆ ਹੈ, ਜਿਸ ਵਿਚੋਂ ਰਸੂਲ ਹਮਜ਼ਾਤੋਵ ਦੀ ਲਿਖਤ 'ਮੇਰਾ ਦਾਗਿਸਤਾਨ' ਦਾ ਝਾਉਲਾ ਵੀ ਪੈਂਦਾ ਹੈ। ਇਹ ਪੜ੍ਹਨਯੋਗ ਹੀ ਨਹੀਂ, ਸਾਂਭਣਯੋਗ ਪੁਸਤਕ ਵੀ ਹੈ।

---

# ਡਾ. ਕੇਵਲ ਧੀਰ ਨੂੰ- ਸਾਲ 2023 ਦਾ ਗਾਲਿਬ ਪੁਰਸਕਾਰ

***ਉਰਦੂ-ਹਿੰਦੀ ਤੇ ਪੰਜਾਬੀ ਭਾਸ਼ਾ ਦੇ ਮਸ਼ਹੂਰ ਲੇਖਕ, ਨਾਵਲ ਨਿਗਾਰ, ਪੇਸ਼ੇ ਤੋਂ ਚਿਕਿਤਸਕ, ਡਾ. ਕੇਵਲ ਧੀਰ ਨੂੰ ਇਸ ਸਾਲ ਦਾ 'ਗਾਲਿਬ ਪੁਰਸਕਾਰ' ਮਿਲਣ 'ਤੇ ਮੁਬਾਰਕਬਾਦ। ਉਨ੍ਹਾਂ ਨੂੰ ਇਹ ਅਵਾਰਡ 22 ਦਸੰਬਰ 2023 ਨੂੰ ਅਵਾਨ-ਏ ਗਾਲਿਬ ਨਵੀਂ ਦਿੱਲੀ ਵਿਖੇ ਹੋਣ ਵਾਲੇ ਅੰਤਰਰਾਸ਼ਟਰੀ ਗਾਲਿਬ ਸੈਮੀਨਾਰ ਵਿਚ ਦਿੱਤਾ ਜਾ ਰਿਹਾ ਹੈ। ਇਸ ਲੇਖ ਵਿਚ ਡਾ. ਕੇਵਲ ਧੀਰ ਬਾਰੇ ਸੰਖੇਪ ਜਾਣਕਾਰੀ ਪਾਠਕਾਂ ਦੇ ਰੂਬਰੂ ਹੈ : ਅਨਿਲ ਧੀਰ।***



**ਅਨਿਲ ਧੀਰ**

ਉਰਦੂ-ਹਿੰਦੀ-ਪੰਜਾਬੀ ਭਾਸ਼ਾ ਦੇ ਮਸ਼ਹੂਰ ਲੇਖਕ, ਨਾਵਲ ਨਿਗਾਰ, ਪੇਸ਼ੇ ਤੋਂ ਚਿਕਿਤਸਕ, ਡਾ.ਕੇਵਲ ਧੀਰ ਨੂੰ ਸਾਲ 2023 ਦਾ 'ਗਾਲਿਬ ਪੁਰਸਕਾਰ' 22 ਦਸੰਬਰ 2023 ਨੂੰ ਅਵਾਨ-ਏ ਗਾਲਿਬ ਨਵੀਂ ਦਿੱਲੀ ਵਿਖੇ ਹੋਣ ਵਾਲੇ ਅੰਤਰਰਾਸ਼ਟਰੀ ਗਾਲਿਬ ਸੈਮੀਨਾਰ 'ਚ ਦਿੱਤਾ ਜਾ ਰਿਹਾ ਹੈ। ਇਸ ਗਾਲਿਬ ਅਵਾਰਡ 'ਚ 75000 ਰੁਪਏ ਨਕਦ, ਇੱਕ ਚਿੰਨ੍ਹ, ਅਤੇ ਪ੍ਰਸ਼ੰਸਾ ਪੱਤਰ ਸ਼ਾਮਲ ਹੈ।

ਡਾ. ਧੀਰ ਦਾ ਸਫਰ ਛੋਟੀਆਂ ਕਹਾਣੀਆਂ ਦੀ ਪਹਿਲੀ ਕਿਤਾਬ "ਧਰਤੀ ਰੋ ਪੜੀ" ਨਾਲ ਸਾਲ 1957 ਤੋਂ ਸ਼ੁਰੂ ਹੋਇਆ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਉਨ੍ਹਾਂ ਦੇ ਨਾਵਲ, ਸਫਰਨਾਮੇ, ਟੀ.ਵੀ ਸੀਰੀਅਲ, ਡਾਕੂਮੈਂਟਰੀ ਫਿਲਮਾਂ, ਦੀ ਚਰਚਾ ਇੰਡੀਆ, ਪਾਕਿਸਤਾਨ, ਯੂ.ਕੇ, ਕੈਨੇਡਾ, ਅਮਰੀਕਾ ਆਦਿ ਕਈ ਦੇਸ਼ਾਂ 'ਚ ਰਹੀ ਹੈ। ਡਾ. ਧੀਰ ਨੇ ਲਿਟਰੇਚਰ, ਮਨੋਵਿਗਿਆਨ, ਮਨੁੱਖੀ ਵਿਹਾਰ, ਅਤੇ ਮੈਡੀਸਨ ਸਬੰਧੀ 100 ਤੋਂ ਵੱਧ ਕਿਤਾਬਾਂ ਲਿਖੀਆਂ ਹਨ। ਉਨ੍ਹਾਂ ਨੇ ਸੁਤੰਤਰਤਾ ਵੀਕਲੀ (1958-1960), ਕਮਰ ਮਾਸਿਕ (1967), ਦਿ ਸਿਗਨੇਚਰ (2000), ਕਿਤਾਬ ਨੁਮਾ (ਜੁਲਾਈ-2004), ਅਤੇ ਅਦੀਬ (2010) ਲਈ ਸੰਪਾਦਕ ਵਜੋਂ ਕੰਮ ਕੀਤਾ। "ਮੈਂ ਲਾਹੌਰ ਹੂੰ"



ਕਿਤਾਬ ਕਾਫੀ ਚਰਚਾ 'ਚ ਰਹੀ। ਸਾਲ 1970 ਵਿਚ ਉਨ੍ਹਾਂ ਨੇ ਅਦੀਬ ਇੰਟਰਨੈਸ਼ਨਲ ਅਤੇ ਸਾਹਿਰ ਕਲਚਰਲ ਅਕੈਡਮੀ ਦੀ ਸਥਾਪਨਾ ਕੀਤੀ। ਸਾਲਾਂ ਤੋਂ ਅਦੀਬ ਇੰਟਰਨੈਸ਼ਨਲ ਅਤੇ ਸਾਹਿਰ ਕਲਚਰਲ ਅਕੈਡਮੀ ਵੱਲੋਂ ਮੁਸ਼ਾਇਰਾ ਜਸ਼ਨੇ-ਸਾਹਿਰ ਅੰਤਰਰਾਸ਼ਟਰੀ ਪੱਧਰ 'ਤੇ ਡਾ. ਧੀਰ ਦੀ ਅਗਵਾਈ ਹੇਠ ਕਰਾਇਆ ਜਾਂਦਾ ਹੈ। ਸਾਹਿਰ ਲੁਧਿਆਣਵੀ ਦੀ ਯਾਦ 'ਚ ਹਰ ਸਾਲ ਮਾਰਚ ਮਹੀਨੇ ਹੋਣ ਵਾਲੇ ਇਸ ਮੁਸ਼ਾਇਰੇ ਦੀ ਬੇਸਬਰੀ ਨਾਲ ਉਡੀਕ ਕੀਤੀ ਜਾਂਦੀ ਹੈ।

ਡਾ. ਧੀਰ ਨੇ ਦੇਸ਼ ਦੀ ਵੰਡ ਬਾਰੇ ਯਾਦ ਸਾਂਝੀ ਕਰਦਿਆਂ ਦੱਸਿਆ, 'ਮੈਂ ਬਹੁਤ ਛੋਟਾ ਸੀ ਅਤੇ ਮੇਰੇ ਫਾਦਰ ਡਾ. ਹੰਸ ਰਾਜ ਧੀਰ ਜੀ ਕੋਲ ਭਾਰਤ ਜਾਣ ਤੋਂ ਇਲਾਵਾ ਕੋਈ ਹੋਰ ਰਸਤਾ ਨਹੀਂ ਸੀ। ਜੇਕਰ ਮੈਂ ਅੱਜ ਜ਼ਿੰਦਾ ਹਾਂ ਤਾਂ ਇਹ ਇਕ ਮੁਸਲਮਾਨ ਜੋੜੇ ਦੀ ਬਦੌਲਤ ਹੈ ਜਿਸਨੇ ਵੰਡ-ਦੰਗਿਆਂ ਦੌਰਾਨ ਮੈਨੂੰ ਅਤੇ ਮੇਰੇ ਫਾਦਰ ਨੂੰ ਬਚਾਉਣ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਸਨ। ਉਹ ਡਰਾਉਣੇ ਦ੍ਰਿਸ਼ ਅਜੇ ਵੀ ਮੇਰੀਆਂ ਅੱਖਾਂ ਦੇ ਸਾਹਮਣੇ ਆਉਂਦੇ ਹਨ ਅਤੇ ਅਗਸਤ ਮੇਰੇ ਲਈ ਹਮੇਸ਼ਾ ਭਾਵਨਾਤਮਕ ਮਹੀਨਾ ਹੁੰਦਾ ਹੈ।' ਵੰਡ ਤੋਂ ਬਾਅਦ ਪੰਜਾਬ 'ਚ ਫਗਵਾੜਾ ਨੇੜੇ ਆਪਣੇ ਜੱਦੀ ਪਿੰਡ ਜਾ ਵਸੇ ਡਾ. ਧੀਰ ਦੇ ਪਿਤਾ ਨੇ ਆਪਣੇ ਡਾਕਟਰੀ ਪੇਸ਼ੇ ਨੂੰ ਜਾਰੀ ਰੱਖਿਆ। ਡਾ. ਕੇਵਲ ਧੀਰ ਆਯੁਸ਼ ਵਿਭਾਗ 'ਚ ਸਰਵਿਸ ਕਰਦੇ ਹੋਏ ਪੰਜਾਬ ਦੇ ਯੂਨਾਨੀ ਮੈਡੀਸਨ ਦੇ ਸੰਯੁਕਤ ਡਾਇਰੈਕਟਰ ਵਜੋਂ ਰਿਟਾਇਰ ਹੋਏ।

ਉਨ੍ਹਾਂ ਦੀ ਜਨਮ ਭੂਮੀ ਗੱਗੋਂ ਮੰਡੀ, ਵਿਖੇ ਇਕ ਸੜਕ ਦਾ ਨਾਂ ਡਾ. ਕੇਵਲ ਧੀਰ ਰੱਖਿਆ ਗਿਆ ਹੈ। ਸਰਕਾਰੀ ਤਿੱਬੀ ਕਾਲਜ, ਪਟਨਾ ਜਿੱਥੇ ਉਹ ਇੱਕ ਵਿਦਿਆਰਥੀ ਸੀ, ਵਿਚ ਜੜੀ-ਬੂਟੀਆਂ ਦਾ ਇਕ ਬਾਗ ਹੈ, ਜਿਸ ਦਾ ਨਾਮ ਡਾ. ਧੀਰ ਹਰਬਲ ਗਾਰਡਨ ਰੱਖਿਆ ਗਿਆ ਹੈ। ਧੀਰ ਵੀ ਉਨ੍ਹਾਂ ਕੁਝ ਲੇਖਕਾਂ ਵਿਚੋਂ ਹਨ, ਜਿਨ੍ਹਾਂ ਨੂੰ ਹਾਊਸ ਆਫ ਕਾਮਨਜ਼ ਕੈਨੇਡਾ ਵੱਲੋਂ ਸਨਮਾਨਿਤ ਕੀਤਾ ਗਿਆ। ਉਨ੍ਹਾਂ ਕਿਹਾ, "ਮੈਂ ਸ਼ੁਕਰਗੁਜ਼ਾਰ ਹਾਂ ਕਿ ਦੋਵੇਂ ਦੇਸ਼ ਆਪਣੇ ਪੁੱਤਰ ਵਾਂਗ ਪਿਆਰ ਕਰਦੇ ਹਨ।" ਡਾ. ਧੀਰ ਨੂੰ ਇਸ ਅਵਾਰਡ ਲਈ ਦੇਸ਼-ਵਿਦੇਸ਼ਾਂ 'ਚ ਰਹਿ ਰਹੇ ਉਨ੍ਹਾਂ ਦੇ ਪਾਠਕਾਂ, ਦੋਸਤਾਂ ਵੱਲੋਂ ਮੁਬਾਰਕਬਾਦ। ਅੱਗੇ ਵੀ ਕਲਮ ਦੁਆਰਾ ਸੇਵਾ ਕਰਦੇ ਰਹਿਣ, ਉਨ੍ਹਾਂ ਦੀ ਚੰਗੀ ਹੈਲਥ ਬਾਰੇ ਕਾਮਨਾ ਕਰਦੇ ਹਾਂ।

# ਵਿਦਿਆਰਥੀਆਂ ਦਾ ਵਿਦੇਸ਼ ਪਰਵਾਸ ਬਨਾਮ ਭਾਰਤ ਵਿਚ ਵਿਦੇਸ਼ੀ ਯੂਨੀਵਰਸਿਟੀਆਂ ਦੀ ਆਮਦ

ਪ੍ਰੋ. ਸੁਖਦੇਵ ਸਿੰਘ
ਫੋਨ: +91-94642-25655



*ਭਾਰਤ ਵਿਚ ਵਿਦੇਸ਼ੀ ਉੱਚ ਸਿੱਖਿਆ ਸੰਸਥਾਵਾਂ ਨੂੰ ਇਜਾਜ਼ਤ ਦੇਣ ਦਾ ਪ੍ਰਮੁੱਖ ਪ੍ਰੇਰਨਾ ਸਰੋਤ ਭਾਰਤੀ ਨੌਜਵਾਨਾਂ ਦਾ ਵਿਦੇਸ਼ਾਂ ਵਿਚ ਪੜ੍ਹਾਈ ਕਰਨ ਲਈ ਵਧ ਰਿਹਾ ਰੁਝਾਨ ਦੱਸਿਆ ਜਾ ਰਿਹਾ ਹੈ। ਇਸ ਰੁਝਾਨ ਦੇ ਨਤੀਜੇ ਵਜੋਂ ਭਾਰਤ ਤੋਂ ਪ੍ਰਤਿਭਾ ਪਲਾਇਨ (ਬਰੇਨ ਡਰੇਨ) ਅਤੇ ਪੂੰਜੀ ਪ੍ਰਵਾਹ (ਕੈਪੀਟਲ ਫਲੋਅ) ਹੋ ਰਿਹਾ ਹੈ। ਵਿਦੇਸ਼ ਮੰਤਰਾਲੇ ਅਨੁਸਾਰ ਜਨਵਰੀ 2023 ਤੱਕ ਲੱਗਭੱਗ 15 ਲੱਖ ਭਾਰਤੀ ਵਿਦਿਆਰਥੀ ਵਿਦੇਸ਼ਾਂ ਵਿਚ ਸਿੱਖਿਆ ਪ੍ਰਾਪਤ ਕਰ ਰਹੇ ਸਨ; 2022 ਵਿਚ ਇਹ ਗਿਣਤੀ 13 ਲੱਖ ਸੀ। 2024 ਤੱਕ ਇਸ ਦੇ 18 ਲੱਖ ਹੋ ਜਾਣ ਦੀ ਉਮੀਦ ਹੈ। ਇਹ ਵਿਦਿਆਰਥੀ ਤਕਰੀਬਨ 75-85 ਬਿਲੀਅਨ ਡਾਲਰ ਵਿਦੇਸ਼ਾਂ 'ਚ ਸਿੱਖਿਆ 'ਤੇ ਖਰਚ ਕਰਨਗੇ।*





ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ.ਜੀ.ਸੀ.) ਨੇ ਆਪਣੇ ਨੋਟੀਫਿਕੇਸ਼ਨ ਰਾਹੀਂ 'ਭਾਰਤ 'ਚ ਵਿਦੇਸ਼ੀ ਉੱਚ ਵਿਦਿਅਕ ਸੰਸਥਾਵਾਂ ਦੇ ਕੈਂਪਸਾਂ ਦੀ ਸਥਾਪਨਾ ਅਤੇ ਸੰਚਾਲਨ' ਨਿਯਮ ਜਾਰੀ ਕੀਤੇ ਹਨ ਜਿਨ੍ਹਾਂ ਦਾ ਮਕਸਦ ਭਾਰਤ ਵਿਚ ਵਿਦੇਸ਼ੀ ਉੱਚ ਵਿਦਿਅਕ ਸੰਸਥਾਵਾਂ ਨੂੰ ਆਪਣੇ ਕੈਂਪਸ ਬਣਾ ਕੇ ਡਾਕਟਰੇਟ ਅਤੇ ਪੋਸਟ-ਡਾਕਟਰੇਟ ਪੱਧਰ ਦੀ ਖੋਜ ਦੇ ਨਾਲ ਨਾਲ ਅੰਡਰ-ਗਰੈਜੂਏਟ ਤੇ ਪੋਸਟ-ਗਰੈਜੂਏਟ ਸਰਟੀਫਿਕੇਟ, ਡਿਪਲੋਮਾ ਅਤੇ ਡਿਗਰੀ ਕੋਰਸ ਸ਼ੁਰੂ ਕਰਨ ਲਈ ਮਨਜ਼ੂਰੀ ਦੇਣਾ ਹੈ। ਅਜਿਹੀਆਂ ਸੰਸਥਾਵਾਂ ਲਈ ਯੋਗਤਾ ਮਾਪਦੰਡ ਇਹ ਹੈ ਕਿ ਉਹ ਸਮੁੱਚੇ ਤੌਰ 'ਤੇ ਜਾਂ ਸਬੰਧਿਤ ਵਿਸ਼ੇ 'ਚ ਗਲੋਬਲ ਰੈਂਕਿੰਗ ਮੁਤਾਬਿਕ ਚੋਟੀ ਦੀਆਂ 500 ਸੰਸਥਾਵਾਂ ਵਿਚੋਂ ਹੋਣ ਜਾਂ ਘਰੇਲੂ ਅਧਿਕਾਰ ਖਿੱਤੇ ਵਿਚ 'ਪ੍ਰਸਿੱਧ' ਹੋਣ।

ਵਿਦੇਸ਼ੀ ਉੱਚ ਵਿਦਿਅਕ ਸੰਸਥਾਵਾਂ ਨੂੰ ਭਾਰਤ ਵਿਚ ਕੈਂਪਸ ਕਾਇਮ ਕਰ ਕੇ ਵੱਖੋ-ਵੱਖ ਪੱਧਰ 'ਤੇ ਵੱਖੋ-ਵੱਖ ਵਿਸ਼ਿਆਂ ਦੀ ਪੜ੍ਹਾਈ ਕਰਵਾਉਣ, ਡਿਗਰੀਆਂ ਦੇਣ ਦੀ ਨੀਤੀ ਅਤੇ ਨਿਯਮਾਂ ਦਾ ਉਦੇਸ਼ ਭਾਰਤੀ ਉੱਚ ਸਿੱਖਿਆ ਪ੍ਰਣਾਲੀ ਦਾ ਸੰਸਾਰੀਕਰਨ ਕਰਨਾ ਐਲਾਨਿਆ ਗਿਆ ਹੈ ਤਾਂ ਜੋ ਭਾਰਤੀ ਵਿਦਿਆਰਥੀਆਂ ਨੂੰ ਆਪਣਾ ਦੇਸ਼ ਛੱਡੇ ਬਿਨਾਂ 'ਕਿਫਾਇਤੀ ਲਾਗਤ' 'ਤੇ 'ਦੁਨੀਆ ਦੀਆਂ ਚੋਟੀ ਦੀਆਂ ਯੂਨੀਵਰਸਿਟੀਆਂ' ਵਿਚ ਪੜ੍ਹਨ ਦਾ ਮੌਕਾ ਮਿਲ ਸਕੇ ਅਤੇ ਭਾਰਤ ਨੂੰ ਗਲੋਬਲ ਸਿੱਖਿਆ ਸਥਾਨ ਵਜੋਂ ਵਿਕਸਤ ਕੀਤਾ ਜਾ ਸਕੇ।

ਭਾਰਤ ਵਿਚ ਵਿਦੇਸ਼ੀ ਉੱਚ ਸਿੱਖਿਆ ਸੰਸਥਾਵਾਂ ਨੂੰ ਇਜਾਜ਼ਤ ਦੇਣ ਦਾ ਪ੍ਰਮੁੱਖ ਪ੍ਰੇਰਨਾ ਸਰੋਤ ਭਾਰਤੀ ਨੌਜਵਾਨਾਂ ਦਾ ਵਿਦੇਸ਼ਾਂ ਵਿਚ ਪੜ੍ਹਾਈ ਕਰਨ ਲਈ ਵਧ ਰਿਹਾ ਰੁਝਾਨ ਦੱਸਿਆ ਜਾ ਰਿਹਾ ਹੈ। ਇਸ ਰੁਝਾਨ ਦੇ ਨਤੀਜੇ ਵਜੋਂ ਭਾਰਤ ਤੋਂ ਪ੍ਰਤਿਭਾ ਪਲਾਇਨ (ਬਰੇਨ ਡਰੇਨ) ਅਤੇ ਪੂੰਜੀ ਪ੍ਰਵਾਹ (ਕੈਪੀਟਲ ਫਲੋਅ) ਹੋ ਰਿਹਾ ਹੈ। ਵਿਦੇਸ਼ ਮੰਤਰਾਲੇ ਅਨੁਸਾਰ ਜਨਵਰੀ 2023 ਤੱਕ ਲੱਗਭੱਗ 15 ਲੱਖ ਭਾਰਤੀ ਵਿਦਿਆਰਥੀ ਵਿਦੇਸ਼ਾਂ ਵਿਚ ਸਿੱਖਿਆ ਪ੍ਰਾਪਤ ਕਰ ਰਹੇ ਸਨ; 2022 ਵਿਚ ਇਹ ਗਿਣਤੀ 13 ਲੱਖ ਸੀ। 2024 ਤੱਕ ਇਸ ਦੇ 18 ਲੱਖ ਹੋ ਜਾਣ ਦੀ ਉਮੀਦ ਹੈ। ਇਹ ਵਿਦਿਆਰਥੀ ਤਕਰੀਬਨ 75-85 ਬਿਲੀਅਨ ਡਾਲਰ ਵਿਦੇਸ਼ਾਂ 'ਚ ਸਿੱਖਿਆ 'ਤੇ ਖਰਚ ਕਰਨਗੇ।

ਭਾਰਤੀ ਰਿਜ਼ਰਵ ਬੈਂਕ ਅਨੁਸਾਰ ਵਿੱਤੀ ਸਾਲ 2021-22 ਵਿਚ ਵਿਦੇਸ਼ ਜਾਣ ਵਾਲੇ ਵਿਦਿਆਰਥੀਆਂ ਦੁਆਰਾ 5 ਬਿਲੀਅਨ ਰੁਪਏ ਦੀ ਰਕਮ ਵਿਦੇਸ਼ੀ ਮੁਦਰਾ ਵਿਚ ਖਰਚ ਕੀਤੀ ਗਈ ਸੀ। ਇਨ੍ਹਾਂ ਵਿਚੋਂ ਬਹੁਤੇ ਵਿਦਿਆਰਥੀ ਪੜ੍ਹਾਈ ਤੋਂ ਬਾਅਦ ਘਰ ਪਰਤਣ ਦੀ ਬਜਾਇ ਉੱਥੇ ਹੀ ਵਸ ਜਾਂਦੇ ਹਨ।

ਮਨੁੱਖਾਂ ਅਤੇ ਪੂੰਜੀ ਦਾ ਮੁਲਕ ਤੋਂ ਬਾਹਰ ਪ੍ਰਵਾਹ ਰੋਕਣ ਲਈ ਇਨ੍ਹਾਂ ਨੀਤੀ ਤੇ ਨਿਯਮਾਂ ਨੂੰ ਭਾਰਤੀ ਉੱਚ ਸਿੱਖਿਆ ਵਿਚ ਕ੍ਰਾਂਤੀਕਾਰੀ ਕਦਮ ਵਜੋਂ ਦਰਸਾਇਆ ਜਾ ਰਿਹਾ ਹੈ। ਦਲੀਲ ਦਿੱਤੀ ਜਾ ਰਹੀ ਹੈ ਕਿ ਵਿਦੇਸ਼ੀ ਯੂਨੀਵਰਸਿਟੀਆਂ ਨਾ ਸਿਰਫ ਵਿਦਿਅਕ ਉੱਤਮਤਾ ਲੈ ਕੇ ਆਉਣਗੀਆਂ ਸਗੋਂ ਭਾਰਤੀ ਯੂਨੀਵਰਸਿਟੀਆਂ ਨੂੰ ਵੀ ਵਿਦਿਅਕ ਉੱਤਮਤਾ ਲਈ ਉਤੇਜਿਤ ਕਰਨਗੀਆਂ। ਭਾਰਤ ਵਿਚ ਵਿਦੇਸ਼ੀ ਯੂਨੀਵਰਸਿਟੀਆਂ ਦੀ ਭਵਿੱਖੀ ਮੌਜੂਦਗੀ ਨੂੰ ਮੂਲ ਰੂਪ ਵਿਚ ਅਕਾਦਮਿਕ ਸਰਗਰਮੀ, ਨਵੀਨਤਾ ਅਤੇ ਉੱਤਮਤਾ ਪੈਦਾ ਕਰਨ ਵਾਲੇ ਉਤਪ੍ਰੇਰਕ (ਕੈਟਾਲਿਸਟ) ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਸਤਹੀ ਪੱਧਰ 'ਤੇ ਸਭ ਠੀਕ ਠਾਕ ਲੱਗਦਾ ਹੈ: ਭਾਵਨਾ ਸੁਹਿਰਦ ਹੈ ਅਤੇ ਉਦੇਸ਼ ਪੂਰੇ ਹੋਣ ਯੋਗ ਪ੍ਰਤੀਤ ਹੁੰਦੇ ਹਨ ਪਰ ਅੰਦਰੋਂ ਪ੍ਰੇਰਨਾ ਸਰੋਤ ਖੋਖਲੇ ਅਤੇ ਉਦੇਸ਼ ਡਾਵਾਂਡੋਲ ਹਨ।

ਸਭ ਤੋਂ ਪਹਿਲਾਂ ਤਾਂ ਵਿਦੇਸ਼ਾਂ ਵਿਚ ਦਾਖਲਾ ਲੈਣ ਵਾਲੇ ਜ਼ਿਆਦਾਤਰ ਭਾਰਤੀ ਵਿਦਿਆਰਥੀ ਮੁੱਖ ਤੌਰ 'ਤੇ ਸਿੱਖਿਆ ਲਈ ਨਹੀਂ ਬਲਕਿ ਵੀਜ਼ਾ ਪ੍ਰਾਪਤ ਕਰਨ ਅਤੇ ਉੱਥੇ ਹੀ ਕੰਮ ਲੱਭ ਕੇ ਵੱਸ ਜਾਣ ਵਿਚ ਦਿਲਚਸਪੀ ਰੱਖਦੇ ਹਨ। ਭਾਰਤੀ ਨੌਜਵਾਨਾਂ ਵਿਚ ਵਿਦੇਸ਼ ਵੱਲ ਖਿੱਚ ਸਿਰਫ਼ ਸਿੱਖਿਆ ਤੇ ਸਿਖਲਾਈ ਲਈ ਨਹੀਂ ਸਗੋਂ ਯੋਗਤਾ ਅਤੇ ਸਮਰੱਥਾ ਆਧਾਰਿਤ ਰੁਜ਼ਗਾਰ ਦੇ ਬਿਹਤਰ ਮੌਕੇ ਪੱਖਪਾਤ ਰਹਿਤ ਕੰਮ ਅਤੇ ਉਜਰਤ ਪ੍ਰਣਾਲੀ, ਦਖਲਅੰਦਾਜ਼ੀ ਰਹਿਤ ਸੁਰੱਖਿਅਤ ਅਤੇ ਕਾਨੂੰਨੀ ਬਰਾਬਰੀ ਦੇ ਆਧਾਰ 'ਤੇ ਸੰਚਾਲਿਤ ਜੀਵਨ, ਸੱਭਿਅਕ ਸਮਾਜਿਕ ਮਾਹੌਲ ਆਦਿ ਕਰ ਕੇ ਹੈ। ਉਨ੍ਹਾਂ ਵਿਚੋਂ ਬਹੁਤ ਸਾਰੇ ਤਾਂ ਹੇਠਲੇ ਦਰਜੇ ਦੇ ਕਾਲਜਾਂ ਵਿਚ ਦਾਖਲ ਹੋ ਕੇ ਵੀ ਸੰਤੁਸ਼ਟ ਹਨ ਬਸ਼ਰਤੇ ਉਨ੍ਹਾਂ ਨੂੰ ਵੀਜ਼ਾ ਅਤੇ ਵਿਦੇਸ਼ ਵਿਚ ਕੰਮ ਕਰਨ ਦਾ ਮੌਕਾ ਮਿਲ ਜਾਵੇ। ਉੱਚੀ ਲਿਆਕਤ ਵਾਲੇ ਉੱਚੀ ਤਨਖਾਹ ਵਾਲੇ ਉੱਚੇ ਦਰਜੇ ਦੇ ਕੰਮ ਦੀ ਭਾਲ ਕਰਦੇ ਹਨ; ਦਰਮਿਆਨੇ ਦਰਜੇ ਦੀ ਪੜ੍ਹਾਈ ਵਾਲੇ ਵਿਦੇਸ਼ਾਂ ਵਿਚ ਮਜ਼ਦੂਰੀ ਅਤੇ ਛੋਟੇ ਦਰਜੇ ਦੀਆਂ ਨੌਕਰੀਆਂ ਨਾਲ ਹੀ ਖੁਸ਼ ਹਨ ਕਿਉਂਕਿ ਉੱਥੇ ਹਰ ਤਰ੍ਹਾਂ ਦੇ ਕੰਮ ਲਈ ਬਿਹਤਰ ਤਨਖਾਹ, ਵਧੇਰੇ ਮਾਣ ਅਤੇ ਆਜ਼ਾਦੀ ਮਿਲਦੀ ਹੈ। 'ਇਨ ਟੂ ਯੂਨੀਵਰਸਿਟੀ ਪਾਰਟਨਰਸ਼ਿਪ' ਸਰਵੇਖਣ ਦੇ ਅਨੁਸਾਰ, "ਵਿਦੇਸ਼ ਵਿਚ ਪੜ੍ਹਾਈ ਕਰਨ ਦੇ ਚਾਹਵਾਨ ਭਾਰਤੀ ਵਿਦਿਆਰਥੀਆਂ ਵਿਚੋਂ 76% ਆਪਣੀ ਕੌਮਾਂਤਰੀ ਡਿਗਰੀ ਤੋਂ ਬਾਅਦ ਕੰਮ ਕਰਨ ਅਤੇ/ਜਾਂ ਵਿਦੇਸ਼ ਵਿਚ ਵੱਸ ਜਾਣ ਅਤੇ ਸਿਰਫ 20% ਵਿਦੇਸ਼ ਵਿਚ ਪੜ੍ਹਾਈ ਕਰਨ ਤੋਂ ਤੁਰੰਤ ਬਾਅਦ ਭਾਰਤ ਵਾਪਸ ਆਉਣ ਦੀ ਯੋਜਨਾ ਬਣਾਉਂਦੇ ਹਨ।" ਇੱਥੋਂ ਤੱਕ ਕਿ ਭਾਰਤ ਵਿਚ ਮਿਆਰੀ ਸਿੱਖਿਆ ਅਤੇ ਚੰਗੇ ਰੁਜ਼ਗਾਰ ਵਾਲੇ ਵੀ ਵਿਦੇਸ਼ ਵਿਚ ਰਹਿਣ ਦੀ ਇੱਛਾ ਰੱਖਦੇ ਹਨ।

ਇਸ ਤਰ੍ਹਾਂ ਭਾਰਤ ਵਿਚ ਵਿਦੇਸ਼ੀ ਯੂਨੀਵਰਸਿਟੀਆਂ ਖੁੱਲ੍ਹਣਾ, ਵਿਦੇਸ਼ ਵਿਚ ਪੜ੍ਹਾਈ ਦੇ ਜ਼ਰੀਏ ਉੱਥੇ ਵੱਸਣ ਦੇ ਬਦਲ ਵਜੋਂ ਕੰਮ ਨਹੀਂ ਕਰ ਸਕਦੀਆਂ। ਵਿਦੇਸ਼ੀ ਯੂਨੀਵਰਸਿਟੀਆਂ ਭਾਰਤੀ ਵਿਦਿਆਰਥੀਆਂ ਨੂੰ ਚੁਣਨ ਲਈ ਹੋਰ ਬਦਲ ਮੁਹੱਈਆ ਕਰ ਸਕਦੀਆਂ ਹਨ ਪਰ ਅਸਲ ਵਿਚ ਗਲੋਬਲ ਮੌਕਿਆਂ ਦੀ ਭਾਲ ਕਰਨ ਵਾਲੇ ਵਿਦਿਆਰਥੀ ਵਿਦੇਸ਼ੀ ਯੂਨੀਵਰਸਟੀਆਂ ਵਿਚ ਉੱਚ ਸਿੱਖਿਆ ਲਈ ਦਾਖਲੇ ਦੀ ਇੱਕ ਸਾਧਨ ਵਜੋਂ ਵਰਤੋਂ ਜਾਰੀ ਰੱਖਣਗੇ। ਇਨ ਟੂ ਸਰਵੇਖਣ ਇਹ ਵੀ ਦਰਸਾਉਂਦਾ ਹੈ ਕਿ ਭਾਰਤੀ ਵਿਦਿਆਰਥੀਆਂ ਦੀ ਮਹੱਤਵਪੂਰਨ ਗਿਣਤੀ (41%) ਭਾਰਤ ਵਿਚ ਯੂਨੀਵਰਸਿਟੀਆਂ ਦਾ ਸਿੱਖਿਆ ਮਿਆਰ ਵਿਦੇਸ਼ੀ ਯੂਨੀਵਰਸਿਟੀਆਂ ਵਰਗਾ ਹੋਣ ਦੇ ਬਾਵਜੂਦ ਵਿਦੇਸ਼ਾਂ ਵਿਚ ਪੜ੍ਹਨਾ ਪਸੰਦ ਕਰੇਗੀ ਕਿਉਂਕਿ ਉੱਥੇ ਵੱਧ ਤਨਖਾਹ ਅਤੇ ਘੱਟ ਗੁੰਝਲਦਾਰ ਜ਼ਿੰਦਗੀ ਦੇ ਮੌਕੇ ਜ਼ਿਆਦਾ ਹਨ।

ਦੂਜੇ, ਗਲੋਬਲ ਨੌਕਰੀਆਂ ਅਤੇ ਕੰਮ ਦੇ ਬਿਹਤਰ ਮੌਕਿਆਂ ਦੀ ਅਣਹੋਂਦ ਕਾਰਨ ਅਤੇ ਅਸਹਿਣਸ਼ੀਲ ਅਤੇ ਪੱਖਪਾਤੀ ਸਮਾਜਿਕ ਮਾਹੌਲ ਦੀ ਮੌਜੂਦਗੀ ਵਿਚ ਗੁਆਂਢੀ ਚੀਨ, ਪਾਕਿਸਤਾਨ, ਬੰਗਲਾਦੇਸ਼, ਨੇਪਾਲ, ਸਲਾਵਿਕ ਅਤੇ ਮੱਧ ਪੂਰਬ ਦੇ ਦੇਸ਼ਾਂ ਦੇ ਵਿਦਿਆਰਥੀਆਂ ਲਈ, ਪੱਛਮੀ ਅਤੇ ਯੂਰੋਪੀਅਨ ਦੇਸ਼ਾਂ ਦੀ ਤਰਜ਼ 'ਤੇ ਭਾਰਤ ਦੀਆਂ ਆਕਰਸ਼ਕ ਵਿਦਿਅਕ ਮੰਜ਼ਿਲ ਬਣਨ ਦੀਆਂ ਸੰਭਾਵਨਾਵਾਂ ਘੱਟ ਹੀ ਹਨ।

ਕੋਈ ਵਿਦਿਅਕ ਸੰਸਥਾ ਵਿਸ਼ਾ ਗਿਆਨ ਹਾਸਿਲ ਕਰਨ, ਗੱਲਬਾਤ ਦੇ ਤੌਰ ਤਰੀਕੇ ਸਿੱਖਣ ਅਤੇ ਅਨੁਭਵ ਪ੍ਰਾਪਤੀ ਦਾ ਸਥਾਨ ਹੁੰਦੀ ਹੈ। ਗਲੋਬਲ ਵਿਦਿਅਕ ਕੈਂਪਸ ਦਾ ਅਰਥ ਹੈ ਵੱਖ-ਵੱਖ ਸਭਿਆਚਾਰਾਂ, ਭਾਸ਼ਾਵਾਂ ਅਤੇ ਸਮੱਸਿਆ ਹੱਲ ਕਰਨ ਦੇ ਹੁਨਰਾਂ ਦਾ ਵਧੇਰੇ ਤਜਰਬਾ। ਭਾਰਤ ਵਿਚ ਕਿਉਂਕਿ ਵਿਦੇਸ਼ੀ ਯੂਨੀਵਰਸਿਟੀਆਂ ਵਿਚ ਮੁੱਖ ਤੌਰ 'ਤੇ ਭਾਰਤੀ ਵਿਦਿਆਰਥੀ ਹੀ ਹੋਣਗੇ, ਇਸ ਲਈ ਇਹ ਕੈਂਪਸ ਉਸ ਤਰ੍ਹਾਂ ਦਾ ਗਲੋਬਲ ਤਜਰਬਾ ਨਹੀਂ ਦੇ ਸਕਣਗੇ।

ਤੀਜੇ, ਭਾਰਤੀ ਯੂਨੀਵਰਸਿਟੀਆਂ ਵਿਦੇਸ਼ੀ ਸੰਸਥਾਵਾਂ ਦੇ ਭਾਰਤ ਵਿਚ ਹੋਣ ਨਾਲ ਹੀ ਮੁਕਾਬਲੇ ਲਈ ਤਿਆਰ ਨਹੀਂ ਹੋ ਸਕਦੀਆਂ। ਉਸ ਲਈ ਭਾਰਤੀ ਯੂਨੀਵਰਸਿਟੀਆਂ ਵਿਚ ਸਿੱਖਿਆ, ਪ੍ਰੀਖਿਆ ਅਤੇ ਪ੍ਰਬੰਧਕੀ ਸੁਧਾਰਾਂ ਦੇ ਨਾਲ ਨਾਲ ਵੱਧ ਪੂੰਜੀ ਨਿਵੇਸ਼ ਦੀ ਸਖਤ ਜ਼ਰੂਰਤ ਹੈ। ਭਾਰਤ ਵਿਚ ਯੂਨੀਵਰਸਿਟੀਆਂ ਵਿਦਿਆਰਥੀਆਂ ਤੋਂ ਵੱਧ ਫੀਸ ਅਤੇ ਅਧਿਆਪਕਾਂ ਨੂੰ ਘੱਟ ਤਨਖਾਹ ਦੇ ਜਮ੍ਹਾ-ਖਰਚੇ ਨਾਲ ਮੁਨਾਫੇ ਵਿਚ ਲਿਆਉਣ ਦੀ ਨੀਤੀ ਨਾਲ ਵਿਦਿਅਕ ਗੁਣਵੱਤਾ ਅਤੇ ਸਮਾਜਿਕ ਨਿਆਂ ਮੁਹੱਈਆ ਨਹੀਂ ਕਰ ਸਕਦੀਆਂ।

ਮੌਜੂਦਾ ਹਾਲਾਤ ਇਹ ਹਨ ਕਿ ਜ਼ਿਆਦਾਤਰ ਰਾਜ ਅਤੇ ਪ੍ਰਾਈਵੇਟ ਯੂਨੀਵਰਸਿਟੀਆਂ ਤੇ ਕਾਲਜਾਂ ਵਿਚ ਫੈਕਲਟੀ ਨੂੰ ਯੂ.ਜੀ.ਸੀ. ਦੇ ਤੈਅ ਤਨਖਾਹ ਸਕੇਲਾਂ ਅਨੁਸਾਰ ਤਨਖਾਹ ਵੀ ਨਹੀਂ ਦਿੱਤੀ ਜਾਂਦੀ; ਜ਼ਿਆਦਾਤਰ ਅਧਿਆਪਕ ਕੱਚੇ ਜਾਂ ਵਕਤੀ ਰੁਜ਼ਗਾਰ ਵਿਚ ਹਨ। ਖਰਚਾ ਬਚਾਉਣ ਲਈ ਉੱਚ ਪੱਧਰ 'ਤੇ ਅਹੁਦੇ ਖਾਲੀ ਰੱਖੇ ਜਾਂਦੇ ਹਨ। ਭਾਰਤੀ ਨੀਤੀ ਆਯੋਗ ਨੇ ਵੀ ਰਾਜ ਦੀਆਂ ਯੂਨੀਵਰਸਿਟੀਆਂ ਲਈ 'ਨਾਕਾਫ਼ੀ ਫੰਡਿੰਗ' ਨੂੰ ਰੁਕਾਵਟ ਵਜੋਂ ਨੋਟ ਕੀਤਾ ਹੈ। ਇਸ ਲਈ ਜ਼ਰੂਰੀ ਹੈ ਕਿ ਉੱਚ ਸਿੱਖਿਆ ਦੀਆਂ ਵਿਦੇਸ਼ੀ ਸੰਸਥਾਵਾਂ ਲਈ ਦੇਸ਼ ਨੂੰ ਖੋਲ੍ਹਣ ਦੇ ਨਾਲ ਨਾਲ ਭਾਰਤੀ ਵਿਦਿਅਕ ਅਦਾਰਿਆਂ ਵਿਚ ਅਧਿਆਪਨ, ਪ੍ਰੀਖਿਆ ਅਤੇ ਕੰਮ ਦੇ ਮਾਹੌਲ ਵਿਚ ਮਹੱਤਵਪੂਰਨ ਤਬਦੀਲੀਆਂ ਤੇ ਲੋੜੀਂਦੇ ਫੰਡ ਮੁਹੱਈਆ ਕੀਤੇ ਜਾਣ, ਦੇਸ਼ ਵਿਚ ਸਰਕਾਰੀ ਅਤੇ ਪ੍ਰਾਈਵੇਟ ਖੇਤਰਾਂ ਵਿਚ ਬਿਨਾਂ ਵਿਤਕਰੇ ਤੋਂ ਹੁਨਰ ਆਧਾਰਿਤ ਚੰਗਾ ਰੁਜ਼ਗਾਰ ਦੇਣ ਵਾਲਾ ਮਾਹੌਲ ਕਾਇਮ ਕੀਤਾ ਜਾਵੇ, ਬਹੁ-ਭਾਸ਼ਾਈ ਅਤੇ ਬਹੁ-ਸੱਭਿਆਚਾਰਕ ਸਹਿਣਸ਼ੀਲਤਾ ਅਤੇ ਅਨੁਕੂਲਤਾ ਵਾਲਾ ਸੁਰੱਖਿਅਤ ਸਮਾਜ ਉਸਾਰਿਆ ਜਾਵੇ, ਕੰਮ ਆਧਾਰਿਤ ਭੇਦਭਾਵ ਖਤਮ ਕੀਤਾ ਜਾਵੇ।

ਵਿਦੇਸ਼ੀ ਯੂਨੀਵਰਸਿਟੀਆਂ ਘਰੇਲੂ ਸੰਸਥਾਵਾਂ ਦੀਆਂ ਪੂਰਕ ਤਾਂ ਹੋ ਸਕਦੀਆਂ ਹਨ ਪਰ ਨਾ ਤਾਂ ਇਹ 1000 ਯੂਨੀਵਰਸਿਟੀਆਂ ਅਤੇ 42000 ਕਾਲਜਾਂ ਵਾਲੀ ਭਾਰਤੀ ਉੱਚ ਸਿੱਖਿਆ ਪ੍ਰਣਾਲੀ ਦਾ ਬਦਲ ਅਤੇ ਨਾ ਹੀ ਇਸ ਦੀ ਦੁਰਦਸ਼ਾ ਨੂੰ ਸੁਧਾਰਨ ਲਈ ਰਾਮ ਬਾਣ ਬਣ ਸਕਦੀਆਂ।

# ਅਖ਼ਬਾਰ ਵਾਲਾ ਬਕਸਾ

ਅਮਰੀਕ ਸਿੰਘ ਦਿਆਲ
ਫੋਨ: +91-94638-51568

ਅਖ਼ਬਾਰ ਪੜ੍ਹਨ ਦਾ ਭੁਸ ਕਾਲਜ ਦੀ ਲਾਇਬ੍ਰੇਰੀ ਤੋਂ ਲੱਗ ਗਿਆ ਸੀ। ਸਕੂਲ ਪੜ੍ਹਦੇ ਸਮੇਂ ਸ਼ਹਿਰ ਤੋਂ ਆਉਂਦੇ ਇੱਕ ਅਧਿਆਪਕ ਰਾਹੀਂ ਭਾਵੇਂ ਅਖ਼ਬਾਰ ਆਉਂਦੀ ਹੁੰਦੀ ਸੀ ਪਰ ਵਿਦਿਆਰਥੀਆਂ ਨੂੰ ਪੜ੍ਹਨ ਦੀ ਇਜ਼ਾਜਤ ਨਹੀਂ ਸੀ। ਗ੍ਰੈਜੂਏਸ਼ਨ ਕਰ ਕੇ ਨਿਕਲੇ ਤਾਂ ਇਹ ਸ਼ੌਕ ਬਰਕਰਾਰ ਰਿਹਾ। ਹੌਲ਼ੀ ਹੌਲ਼ੀ ਕਾਗਜ਼ 'ਤੇ ਆਪ ਅੱਖਰ ਝਰੀਟਣੇ ਸ਼ੁਰੂ ਕਰ ਦਿੱਤੇ। ਬਸ ਫਿਰ ਕੀ ਸੀ, ਕਈ ਕਈ ਅਖਬਾਰਾਂ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ। ਡੀਐੱਮ ਕਾਲਜ ਮੋਗਾ ਵਿਚ ਬੀਐੱਡ ਦੀ ਪੜ੍ਹਾਈ ਕਰਦਿਆਂ ਅਖਬਾਰਾਂ ਨਾਲ ਨਾਤਾ ਹੋਰ ਗੂੜ੍ਹਾ ਹੋ ਗਿਆ। ਪਹਿਲਾਂ ਤਾਂ ਕਮਰਾ ਦੂਰ ਸੀ ਜਿੱਥੇ ਅਖਬਾਰਾਂ ਦੀ ਪਹੁੰਚ ਔਖੀ ਸੀ, ਫਿਰ ਇਸੇ ਕਰ ਕੇ ਕਮਰਾ ਬੱਸ ਅੱਡੇ ਦੇ ਨੇੜੇ ਲੈ ਲਿਆ ਤਾਂ ਜੋ ਸਵੇਰੇ ਸਵੇਰੇ ਅਖਬਾਰਾਂ ਖਰੀਦ ਲਿਆ ਕਰੂੰਗਾ। ਫਿਰ ਤਾਂ ਮੌਜਾਂ ਲੱਗ ਗਈਆਂ। ਮੇਰਾ ਕਮਰੇ ਵਾਲਾ ਸਾਥੀ ਸਵੇਰੇ ਰੱਬ ਦਾ ਨਾਂ ਲੈਣ ਬੈਠ ਜਾਂਦਾ ਤੇ ਮੈਂ ਮੂੰਹ 'ਤੇ ਪਾਣੀ ਦੇ ਛਿੱਟੇ ਮਾਰ ਬੱਸ ਅੱਡੇ ਦਾ ਰਾਹ ਫੜ ਲੈਂਦਾ। ਵਾਪਸੀ 'ਤੇ ਮੇਰੇ ਹੱਥ ਵਿਚ ਦੋ-ਤਿੰਨ ਅਖ਼ਬਾਰਾਂ ਹੁੰਦੀਆਂ।

"ਤੇਰਾ ਇੱਕ ਨਾਲ਼ ਨੀ ਸਰਦਾ।" ਸਾਥੀ ਆਉਂਦੇ ਨੂੰ ਇੱਕੋ ਸਵਾਲ ਕਰਦਾ। ਜਦੋਂ ਮੈਂ ਉਸ ਨੂੰ ਪੜ੍ਹਨ ਦੀ ਪੇਸ਼ਕਸ਼ ਕਰਦਾ ਤਾਂ ਉਹ ਬੋਲਦਾ, "ਭਰਾਵਾ ਤੇਰਾ ਈ ਕੰਮ ਐ ਇਹ।" ਐਤਵਾਰ ਦਾ ਦਿਨ ਮੇਰੇ ਲਈ ਬੜਾ ਉਤਸ਼ਾਹਪੂਰਨ ਹੁੰਦਾ। ਛੇ-ਸੱਤ ਰੰਗਦਾਰ ਰਸਾਲਿਆਂ ਵਾਲੀਆਂ ਅਖ਼ਬਾਰਾਂ ਦੇ ਖ਼ਜ਼ਾਨੇ ਦਾ ਮੈਂ ਮਾਲਕ ਹੁੰਦਾ। ਪੜ੍ਹਾਈ ਪੂਰੀ ਕਰ ਕੇ ਪਿੰਡ ਆਇਆ ਤਾਂ ਪਿੰਡ ਵਿਚ ਅਖ਼ਬਾਰ ਆਉਣੀ ਸ਼ੁਰੂ ਹੋ ਗਈ ਸੀ। ਸਾਡੇ ਪਿੰਡਾਂ ਤੱਕ ਅਖ਼ਬਾਰਾਂ ਅੱਪੜਦੀਆਂ ਕਰਨਾ ਕਿਹੜਾ ਸੌਖਾ ਕੰਮ ਸੀ। ਕੋਈ ਹੌਸਲੇ ਵਾਲ਼ਾ ਬੰਦਾ ਹੀ ਇਸ ਕੰਮ ਨੂੰ ਹੱਥ ਪਾ ਸਕਦਾ ਸੀ। ਇਸ ਜ਼ਿੰਮੇਵਾਰੀ ਨੂੰ ਅੱਛਰ ਸਿੰਘ ਨੇ ਬਾਖ਼ੂਬੀ ਨਿਭਾਇਆ। ਰੋਜ਼ਾਨਾ ਨੀਮ-ਪਹਾੜੀ ਰਸਤਿਆਂ 'ਤੇ 70 ਕਿਲੋਮੀਟਰ ਸਾਈਕਲ ਚਲਾਉਣਾ ਪੈਂਦਾ। ਦੋ ਦਹਾਕੇ ਜਿਸ ਸਿਰੜ ਨਾਲ਼ ਉਸ ਨੇ ਕੰਮ ਕੀਤਾ, ਉਹ ਸ਼ਾਇਦ ਹੀ ਕੋਈ ਹੋਰ ਕਰ ਸਕਦਾ।

ਉਨ੍ਹਾਂ ਦਿਨਾਂ ਵਿਚ ਪੰਜਾਬੀ ਦਾ ਨਵਾਂ ਅਖ਼ਬਾਰ ਛਪਣਾ ਸ਼ੁਰੂ ਹੋਇਆ ਤਾਂ ਮਨ ਵਿਚ ਪੱਤਰਕਾਰ ਬਣਨ ਦੀ ਇੱਛਾ ਉਬਾਲੇ ਮਾਰਨ ਲੱਗੀ। ਖੁਦ ਜਾ ਕੇ ਇੱਕ ਅਖ਼ਬਾਰ ਦੇ ਸੰਪਾਦਕ ਤੋਂ ਖ਼ਬਰਾਂ ਭੇਜਣ ਲਈ ਅਥਾਰਟੀ ਲੈਟਰ ਪ੍ਰਾਪਤ ਕੀਤਾ। ਉਨ੍ਹਾਂ ਦਿਨਾਂ ਵਿਚ ਅੱਜ ਵਾਂਗ ਖ਼ਬਰਾਂ ਭੇਜਣ ਦੇ ਆਧੁਨਿਕ ਸਾਧਨ ਦੂਰ ਦੀ ਗੱਲ ਸਨ। ਇਨ੍ਹਾਂ ਬਾਰੇ ਕਲਪਨਾ ਕਰਨੀ ਵੀ ਔਖੀ ਸੀ। ਫੈਕਸ ਕਰਨ ਲਈ ਕਰੀਬ 25-26 ਕਿਲੋਮੀਟਰ ਦਾ ਪੈਂਡਾ ਸੀ। ਫੈਕਸ ਵੀ ਸੌਖੀ ਨਹੀਂ ਸੀ ਜਾਂਦੀ। ਤਕਨੀਕੀ ਖਰਾਬੀ ਕਾਰਨ ਜੇ ਜੰਪ ਵੱਜ ਜਾਂਦਾ ਤਾਂ ਮੁਫਤ ਦੇ ਪੈਸੇ ਭਰਨੇ ਪੈਂਦੇ। ਫੈਕਸ ਕਰਨਾ ਮਹਿੰਗਾ ਪੈਂਦਾ ਸੀ। ਨਾਲ਼ੇ ਪੈਟਰੋਲ ਫੂਕੋ, ਨਾਲੇ ਲਾਈਨ 'ਚ ਲੱਗੋ। ਉਨ੍ਹਾਂ ਦਿਨਾਂ ਵਿਚ ਸੰਚਾਰ ਸਹੂਲਤ ਲਈ ਲੈਂਡਲਾਈਨ 'ਤੇ ਹੀ ਨਿਰਭਰਤਾ ਸੀ। ਪੀ.ਸੀ.ਓ. 'ਤੇ ਲੋਕ ਵਾਰੀ ਦਾ ਇੰਤਜ਼ਾਰ ਕਰ ਰਹੇ ਹੁੰਦੇ। ਰੁੱਝੀਆਂ (ਵਿਅਸਤ) ਲਾਈਨਾਂ ਦੀ ਟੂੰ-ਟੂੰ ਦੀ ਆਵਾਜ਼ ਲੰਮਾ ਸਮਾਂ ਸੁਣ ਸੁਣ ਕਿਤੇ ਜਾ ਕੇ ਫੋਨ ਲਗਦੇ।

ਇਸ ਦੌਰਾਨ ਅਸੀਂ ਮਿੱਤਰਾਂ ਨੇ ਨਵਾਂ ਜੁਗਾੜ ਲੱਭ ਲਿਆ। ਫੈਕਸ ਕਰਨ ਲਈ ਇੱਕ ਪੰਨੇ ਦੇ ਤੀਹ ਰੁਪਏ ਅਦਾ ਕਰਨੇ ਪੈਂਦੇ ਸਨ। ਬੇਰੁਜ਼ਗਾਰੀ ਵਿਚ ਸ਼ੌਕ ਪੂਰੇ ਕਰਨੇ ਵੀ ਔਖੇ ਹੋ ਜਾਂਦੇ ਹਨ। ਖਬਰਾਂ ਲਿਖ ਕੇ ਅਸੀਂ ਲਿਫਾਫੇ ਵਿਚ ਬੰਦ ਕਰ ਕੇ ਉੱਪਰ ਮੋਟਾ ਕਰ ਕੇ ਲਿਖ ਦਿੰਦੇ- 'ਚੰਡੀਗੜ੍ਹ ਸੈਕਟਰ 17 ਬੱਸ ਅੱਡੇ ਵਿਚ ਲੱਗੇ ... ... ... ਅਖਬਾਰ ਦੇ ਬਕਸੇ ਵਿਚ ਪਾ ਦਿਓ, ਧੰਨਵਾਦ'। ਨਾਮ ਹੇਠਾਂ ਲਿਖਣ ਲਈ ਮੋਬਾਈਲ ਫੋਨ ਅਜੇ ਆਏ ਨਹੀਂ ਸਨ। ਉਨ੍ਹਾਂ ਦਿਨਾਂ ਵਿਚ ਬੱਸਾਂ 17 ਸੈਕਟਰ ਜਾਂਦੀਆਂ ਹੁੰਦੀਆਂ ਸਨ। ਅਖ਼ਬਾਰ ਵਾਲਾ ਬਕਸਾ ਦਿਨ ਵਿਚ ਦੋ ਵਾਰ ਖੁੱਲ੍ਹਦਾ ਸੀ। ਵੀਹ ਰੁਪਏ ਨਾਲ਼ ਲਾ ਕੇ ਕੰਡਕਟਰ ਨੂੰ ਲਿਫਾਫਾ ਅਖਬਾਰ ਵਾਲੇ ਬਕਸੇ ਵਿਚ ਪਾਉਣ ਦੀ ਬੇਨਤੀ ਵੀ ਜ਼ਬਾਨੀ ਦੂਹਰਾ ਦਿੰਦੇ। ਇਸ ਕੰਮ ਲਈ ਗੜ੍ਹਸ਼ੰਕਰ ਜਾਣਾ ਪੈਂਦਾ। ਪਤਾ ਲੱਗਣ 'ਤੇ ਕੰਡਕਟਰ ਹਰਭਜਨ ਸਿੰਘ ਨੇ ਇਹ ਕੰਮ ਆਪਣੇ ਜ਼ਿੰਮੇ ਲੈ ਲਿਆ। ਸਾਡੇ ਪਿੰਡਾਂ ਤੋਂ ਪੰਜਾਬ ਰੋਡਵੇਜ਼ ਦੀ ਬੱਸ ਦੇ ਸਵੇਰੇ, ਦੁਪਹਿਰ ਅਤੇ ਸ਼ਾਮ ਸਾਡੇ ਪਿੰਡ ਤੋਂ ਗੜ੍ਹਸ਼ੰਕਰ ਦੇ ਤਿੰਨ ਚੱਕਰ ਸਨ। ਬੱਸ ਦਾ ਕੰਡਕਟਰ ਹਰਭਜਨ ਸਿੰਘ ਕਾਲਜ ਵੇਲੇ ਤੋਂ ਜਾਣੂ ਸੀ। ਹਰਭਜਨ ਸਿੰਘ ਰਾਹੀਂ ਇਹ ਚਿੱਠੀ ਗੜ੍ਹਸ਼ੰਕਰ ਪਹੁੰਚਦੀ ਅਤੇ ਅਗਾਂਹ ਉਹ ਆਪਣੇ ਰਸੂਖ ਰਾਹੀਂ ਚੰਡੀਗੜ੍ਹ ਵਾਲੀ ਬੱਸ ਦੇ ਕੰਡਕਟਰ ਹੱਥ ਫੜਾ ਅਖ਼ਬਾਰ ਵਾਲੇ ਬਕਸੇ ਵਿਚ ਪਾਉਣ ਦੀ ਤਾਕੀਦ ਕਰ ਦਿੰਦਾ। ਲਿਫਾਫੇ ਵਿਚ ਪਾਉਣ ਲਈ ਸਫਿਆਂ ਅਤੇ ਵਰਕਿਆਂ ਦੀ ਕੋਈ ਪਾਬੰਦੀ ਨਹੀਂ ਸੀ। ਕਈ ਵਾਰ ਇਹ ਲਿਫ਼ਾਫ਼ਾ ਸਾਡੇ ਪਿੰਡਾਂ ਤੋਂ ਚੰਡੀਗੜ੍ਹ ਰੋਜ਼ਾਨਾ ਡਿਊਟੀ 'ਤੇ ਜਾਂਦੇ ਥਾਣੇਦਾਰ ਨੂੰ ਉਨ੍ਹਾਂ ਦੇ ਘਰ ਜਾ ਸੌਂਪ ਦਿੰਦੇ।

ਇਹ ਸਿਲਸਿਲਾ ਕਈ ਸਾਲ ਚੱਲਦਾ ਰਿਹਾ। ਦੇਖਦਿਆਂ ਦੇਖਦਿਆਂ ਸੰਚਾਰ ਦੇ ਸਾਧਨਾਂ ਨੇ ਅਜਿਹੀ ਤੇਜ਼ੀ ਫੜੀ ਕਿ ਸਭ ਕੁਝ ਬਦਲ ਗਿਆ। ਅਖ਼ਬਾਰ ਵਾਲਾ ਬਕਸਾ ਹੁਣ ਬੀਤੇ ਦੀ ਬਾਤ ਬਣ ਗਿਆ ਹੈ। ਖ਼ਬਰਾਂ ਅਤੇ ਲੇਖ ਈਮੇਲ ਰਾਹੀਂ ਜਾਣੇ ਸ਼ੁਰੂ ਹੋ ਗਏ। ਪਹਿਲਾਂ-ਪਹਿਲ ਅਖ਼ਬਾਰਾਂ ਲਈ ਮੈਟਰ ਵਿਸ਼ੇਸ਼ ਫੌਂਟ ਵਿਚ ਭੇਜਣ ਲਈ ਕਿਹਾ ਜਾਂਦਾ ਸੀ ਪਰ ਫੌਂਟ ਕਨਵਰਟਰ ਆਉਣ ਨਾਲ ਇਹ ਪਾਬੰਦੀ ਵੀ ਖਤਮ ਹੋ ਗਈ। ਇਸ ਸਭ ਲਈ ਕੰਪਿਊਟਰ ਅਤੇ ਇੰਟਰਨੈੱਟ ਕੁਨੈਕਸ਼ਨ ਦੀ ਲੋੜ ਪੈਣ ਲੱਗੀ। ਇਸ ਤੋਂ ਅਗਾਂਹ ਹੁਣ ਮੈਟਰ ਟਾਈਪ ਕਰਨ, ਭੇਜਣ ਅਤੇ ਅਖ਼ਬਾਰ ਪੜ੍ਹਨ ਜਿਹਾ ਸਭ ਕੰਮ ਮੋਬਾਈਲ ਫੋਨ ਜ਼ਰੀਏ ਹੀ ਹੋਣ ਲੱਗ ਪਿਆ ਹੈ। ਸਭ ਕੁਝ ਮੁੱਠੀ ਵਿਚ ਆ ਗਿਆ ਹੈ। ਅੱਗੇ ਅੱਗੇ ਦੇਖੋ ਕੀ ਹੁੰਦਾ ਹੈ?

# ਭਾਈ ਵੀਰ ਸਿੰਘ ਅਤੇ 'ਸੁੰਦਰੀ'

ਕਲਾ ਪਰਿਕਰਮਾ

'ਸੁੰਦਰੀ' ਭਾਈ ਵੀਰ ਸਿੰਘ ਦਾ ਪਲੇਠਾ ਅਤੇ ਸ਼ਾਹਕਾਰ ਪੰਜਾਬੀ ਨਾਵਲ ਹੈ ਜੋ 1898 ਵਿਚ ਪ੍ਰਕਾਸ਼ਿਤ ਹੋਇਆ। ਇਸ ਤੋਂ ਪਹਿਲਾਂ ਇਸਾਈ ਮਿਸ਼ਨਰੀਆਂ ਦੇ ਦੋ ਨਾਵਲ ਜਾਨ ਬਨੀਅਨ ਦੇ 'ਪਿਲਗ੍ਰਿਮਜ਼ ਪ੍ਰੋਗਰੈੱਸ' (ਪੰਜਾਬੀ ਅਨੁਵਾਦ 'ਯਿਸੂਈ ਮੁਸਾਫ਼ਰ ਦੀ ਯਾਤਰਾ') ਅਤੇ 'ਜਯੋਤਿਰੁਦਯ' (ਦੂਜਾ ਨਾਂ 'ਜੋਤ ਦਾ ਉਦੈ ਹੋਣਾ') ਛਪੇ ਸਨ। ਇਸਾਈ ਮਿਸ਼ਨਰੀਆਂ ਨੇ ਆਪਣੇ ਧਰਮ ਅਤੇ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਹਿਤ ਇਨ੍ਹਾਂ ਨਾਵਲਾਂ ਦਾ ਅਨੁਵਾਦ ਪੰਜਾਬੀ 'ਚ ਕਰਵਾ ਤੇ ਪੰਜਾਬ ਦੇ ਲੋਕਾਂ ਵਿਚ ਵੰਡ ਕੇ ਇਸ ਨੂੰ ਪ੍ਰਚਾਰ ਦਾ ਜ਼ਰੀਆ ਬਣਾਇਆ ਸੀ। ਇਨ੍ਹਾਂ ਵਿਚ ਇੱਕ ਤਬਕੇ ਦੇ ਲੋਕਾਂ ਨੂੰ ਸੱਭਿਅਕ

**ਡਾ. ਹਰਿੰਦਰਜੀਤ ਸਿੰਘ ਕਲੇਰ**
ਫੋਨ: +91-94177-05555


ਅਤੇ ਦੂਜੇ ਤਬਕੇ ਦੇ ਲੋਕਾਂ ਨੂੰ ਅਸੱਭਿਅਕ ਦੱਸਣ ਦੀ ਕੋਸ਼ਿਸ਼ ਕੀਤੀ ਗਈ ਸੀ। ਜ਼ਿਕਰਯੋਗ ਹੈ ਕਿ ਪੰਜਾਬੀ ਨਾਵਲ ਨੇ ਵਿਧਾ ਅਤੇ ਵਿਚਾਰ ਪੱਛਮ ਤੋਂ ਲਿਆ ਸੀ ਪਰ ਉਸ ਸਮੇਂ ਦੇ ਜ਼ਰੂਰੀ ਤੱਤ ਉਨ੍ਹਾਂ ਦੇ ਸੱਭਿਆਚਾਰ ਤੋਂ ਵੱਖਰੇ ਸਨ। ਕਿਹਾ ਜਾ ਸਕਦਾ ਹੈ ਕਿ ਪੰਜਾਬੀ ਨਾਵਲ ਦਾ ਉਦੈ ਤਣਾਅ ਦੀ ਸਥਿਤੀ ਵਿਚੋਂ ਹੋਇਆ।

1898 'ਚ ਛਪੇ ਨਾਵਲ 'ਸੁੰਦਰੀ' ਤੋਂ ਬਾਅਦ ਭਾਈ ਵੀਰ ਸਿੰਘ ਨੇ ਨਾਵਲ 'ਸਤਵੰਤ ਕੌਰ', 'ਵਿਜੈ ਸਿੰਘ' ਅਤੇ 'ਬਾਬਾ ਨੌਧ ਸਿੰਘ' ਲਿਖੇ। ਇਹ ਨਾਵਲ ਇਤਿਹਾਸਕ ਹੋਣ ਦੇ ਨਾਲ-ਨਾਲ ਧਾਰਮਿਕ ਪ੍ਰਸੰਗਾਂ ਨੂੰ ਵੀ ਨਾਲ ਲੈ ਕੇ ਚੱਲਦੇ ਹਨ। ਦਰਅਸਲ, ਇਸਾਈ ਮਿਸ਼ਨਰੀਆਂ, ਹਿੰਦੂਆਂ, ਮੁਸਲਮਾਨਾਂ, ਸਨਾਤਨ ਤੇ ਆਰੀਆ ਸਮਾਜੀ ਅਤੇ ਜਮਾਇਤ ਅਹਿਮਦੀਆ ਵੱਲੋਂ ਆਪੋ-ਆਪਣੇ ਧਰਮਾਂ ਨੂੰ ਨਿਵੇਕਲਾ ਤੇ ਵਧੀਆ ਦਿਖਾਉਣ ਹਿਤ ਚਲਾਏ ਪ੍ਰਚਾਰ ਨੂੰ ਠੱਲ੍ਹ ਪਾਉਣ ਲਈ ਭਾਈ ਵੀਰ ਸਿੰਘ ਅਤੇ ਹੋਰ ਸਿੱਖ ਬੁੱਧੀਜੀਵੀਆਂ ਨੇ ਰਲ ਕੇ ਸਿੰਘ ਸਭਾ ਲਹਿਰ ਨੂੰ ਉਤਸ਼ਾਹਿਤ ਕੀਤਾ ਤਾਂ ਜੋ ਸਿੱਖਾਂ ਦੇ ਹੋ ਰਹੇ ਧਰਮ ਪਰਿਵਰਤਨ ਨੂੰ ਰੋਕਿਆ ਜਾ ਸਕੇ।


ਇਸ ਲਹਿਰ ਦਾ ਅਸਲ ਮਕਸਦ ਸਿੱਖਾਂ ਦੇ ਮਨਾਂ ਵਿਚ ਧਾਰਮਿਕ, ਇਤਿਹਾਸਕ ਸ਼ਖ਼ਸੀਅਤਾਂ ਦੇ ਆਦਰਸ਼ਾਂ ਨੂੰ ਪੇਸ਼ ਕਰ ਕੇ ਉਨ੍ਹਾਂ ਵਿਚ ਜਾਗਰੂਕਤਾ ਪੈਦਾ ਕਰਨੀ ਸੀ ਤਾਂ ਜੋ ਗੁਰੂ ਸਾਹਿਬਾਨ ਵੱਲੋਂ ਚਲਾਏ ਬਰਾਬਰੀ ਦੇ ਸੰਕਲਪ ਨੂੰ ਲੋਕਾਈ ਤੱਕ ਲਿਜਾਇਆ ਜਾ ਸਕੇ। ਇਸੇ ਕਰ ਕੇ ਭਾਈ ਵੀਰ ਸਿੰਘ ਨੇ ਸਿੱਖ ਇਤਿਹਾਸ ਦੇ ਸ਼ਾਨਾਂਮੱਤੇ ਸਮੇਂ ਨੂੰ ਆਪਣੇ ਨਾਵਲਾਂ ਦਾ ਵਿਸ਼ਾ ਬਣਾਇਆ।

ਭਾਈ ਵੀਰ ਸਿੰਘ ਨੇ 'ਸੁੰਦਰੀ' ਨਾਵਲ ਵਿਚ ਅਠਾਰਵੀਂ ਸਦੀ ਦੇ ਸਿੱਖ ਸੰਘਰਸ਼ ਦਾ ਵਿਸ਼ਾ ਚੁਣਿਆ ਤੇ ਪੱਛਮੀ ਸੰਸਕ੍ਰਿਤੀ ਦੇ ਉਲਟ ਹਕੂਮਤ ਨਾਲ ਸਿੱਧੀ ਟੱਕਰ ਲੈਣ ਦੀ ਥਾਂ ਲੁਕਵੇਂ ਤਰੀਕੇ ਤੇ ਆਪਣੇ ਪ੍ਰਬੀਨ ਢੰਗ ਨਾਲ ਸਾਹਿਤਕ ਮਾਧਿਅਮ ਦਾ ਸਹਾਰਾ ਲੈ ਕੇ ਸਿੱਖ ਆਦਰਸ਼ਾਂ ਨੂੰ ਤੱਥਾਂ ਸਮੇਤ ਅਤੇ ਉਨ੍ਹਾਂ ਦੇ ਸਿਦਕ ਤੇ ਅਡੋਲਤਾ ਦੇ ਨਾਲ ਨਾਲ ਵਿਰੋਧੀ ਹਾਲਾਤ ਨਾਲ ਸੰਘਰਸ਼ ਵਿਚੋਂ ਪੈਦਾ ਹੋਏ ਦੁੱਖਾਂ, ਤਕਲੀਫ਼ਾਂ ਵੀ ਆਮ ਲੋਕਾਂ ਲਈ ਰਾਹ-ਦਸੇਰਾ ਬਣਾ ਕੇ ਪੇਸ਼ ਕੀਤਾ।

'ਸੁੰਦਰੀ' ਵਿਚ ਛੋਟੇ ਘੱਲੂਘਾਰੇ ਤੇ ਅਹਿਮਦ ਸ਼ਾਹ ਅਬਦਾਲੀ ਤੇ ਹੋਰ ਮੁਗ਼ਲ ਹਾਕਮਾਂ ਦੇ ਸਮੇਂ ਦਾ ਚਿੱਤਰ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਦਾ ਮਕਸਦ ਉਸ ਸਮੇਂ ਸਿੱਖ ਧਰਮ ਵਿਚ ਪ੍ਰਵੇਸ਼ ਕਰ ਚੁੱਕੀਆਂ ਕੁਰੀਤੀਆਂ ਨੂੰ ਦੂਰ ਕਰਨ ਲਈ ਸਿੱਖ ਇਤਿਹਾਸ ਦੇ ਬਹਾਦਰੀ ਭਰੇ ਅਮੀਰ ਵਿਰਸੇ, ਮੁਗ਼ਲਾਂ ਦੇ ਜਬਰ ਤੇ ਦਾਬੇ ਦੇ ਬਿਰਤਾਂਤ ਨੂੰ ਲੋਕਾਂ ਸਾਹਮਣੇ ਪੇਸ਼ ਕਰਨਾ ਸੀ ਤਾਂ ਜੋ ਆਪਣੀਆਂ ਜੜ੍ਹਾਂ ਨਾਲੋਂ ਟੁੱਟ ਚੁੱਕੇ ਲੋਕਾਂ ਵਿਚ ਉਤਸ਼ਾਹ ਭਰਿਆ ਅਤੇ ਖ਼ਾਸਕਰ ਇਸਤਰੀ ਜਾਤੀ ਨੂੰ ਸਮਾਜ ਵਿਚ ਯੋਗ ਥਾਂ ਦਿਵਾਈ ਜਾ ਸਕੇ। ਸੁੰਦਰੀ ਨੂੰ ਇੱਕ ਧਾਰਮਿਕ, ਦਲੇਰ, ਸੂਝਵਾਨ ਲੜਕੀ ਵਜੋਂ ਦ੍ਰਿਸ਼ਮਾਨ ਕਰ ਕੇ 'ਰੋਲ ਮਾਡਲ' ਦੇ ਰੂਪ ਵਿਚ ਪੇਸ਼ ਕੀਤਾ ਜੋ ਤੰਗੀਆਂ ਤੁਰਸ਼ੀਆਂ ਦੇ ਬਾਵਜੂਦ ਧਰਮ ਤੇ ਅਸਲੀਅਤ ਤੋਂ ਪਿੱਛੇ ਨਹੀਂ ਹਟਦੀ ਅਤੇ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੈ। ਨਾਵਲ ਵਿਚ ਇੱਕ ਥਾਂ ਉਹ




*ਭਾਈ ਵੀਰ ਸਿੰਘ ਦੇ ਪਲੇਠੇ ਨਾਵਲ 'ਸੁੰਦਰੀ' ਦਾ ਮੁਖੜਾ।*



*ਭਾਈ ਵੀਰ ਸਿੰਘ*

ਆਖਦੀ ਹੈ: "ਤੀਵੀਆਂ ਧਰਮ ਰੱਖਯਾ ਲਈ ਕਿਉਂ ਨਹੀਂ ਜੰਗ ਕਰਦੀਆਂ? ਜੇ ਨਹੀਂ ਕਰਦੀਆਂ ਤਾਂ ਮੈਂ ਕਿਉਂ ਨਾ ਪਹਿਲੀ ਤੀਵੀਂ ਹੋਵਾਂ।"

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ ਸਾਹਿਬਾਨ ਦੀ ਬਾਣੀ ਨੂੰ ਸਿੱਖ ਨੈਤਿਕਤਾ ਦਾ ਆਧਾਰ ਮੰਨਿਆ ਜਾ ਸਕਦਾ ਹੈ। ਇਸ ਤਹਿਤ ਭਾਈ ਵੀਰ ਸਿੰਘ ਨੇ ਸਿੱਖ ਨੈਤਿਕਤਾ ਨੂੰ ਪ੍ਰਮੁੱਖ ਤੌਰ 'ਤੇ ਆਪਣੇ ਨਾਵਲਾਂ ਦਾ ਵਿਸ਼ਾ ਬਣਾਇਆ ਹੈ। ਅਠਾਰ੍ਹਵੀਂ ਸਦੀ ਦੇ ਇਤਿਹਾਸ ਨੂੰ ਪ੍ਰਤੀਮਾਨਕ ਰੂਪ ਵਿਚ ਪੇਸ਼ ਕਰ ਕੇ ਉਨ੍ਹਾਂ ਨੇ ਉਸ ਸਮੇਂ ਦੇ ਲੀਹ ਤੋਂ ਲੱਥੇ ਸਿੱਖਾਂ ਨੂੰ ਸੇਧ ਦੇਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਸੁੰਦਰੀ ਨੂੰ ਆਦਰਸ਼ ਪਾਤਰ ਬਣਾ ਕੇ ਔਰਤ ਜਾਤੀ ਪ੍ਰਤੀ ਗੁਰੂ ਦੇ ਉਪਦੇਸ਼ਾਂ ਰਾਹੀਂ ਲੋਕਾਂ ਨੂੰ ਧਰਮ ਤੇ ਨੈਤਿਕਤਾ ਪ੍ਰਤੀ ਸੁਚੇਤ ਕਰਦਿਆਂ ਔਰਤਾਂ ਨੂੰ ਬਰਾਬਰੀ ਦਾ ਹੱਕ ਦੇਣ ਵਿਚ ਰੁਚਿਤ ਹੁੰਦੇ ਹੋਏ ਔਰਤਾਂ ਨੂੰ ਨੈਤਿਕ ਫ਼ਰਜ਼ਾਂ ਪ੍ਰਤੀ ਸੁਚੇਤ ਵੀ ਕੀਤਾ।

ਭਾਈ ਵੀਰ ਸਿੰਘ ਦੇ ਇਸ ਨਾਵਲ ਵਿਚ ਸਭ ਤੋਂ ਪਹਿਲਾਂ ਪ੍ਰਤੀਮਾਨ ਤੇ ਪਰਹਾਣ ਦਾ ਦਵੰਦ ਵੱਖਰਾ ਰੂਪ ਅਖਤਿਆਰ ਕਰਦਾ ਹੈ। ਉਹ ਸਥਾਪਿਤ ਸੰਪਰਦਾਇਕ ਪ੍ਰਤੀਮਾਨਾਂ ਦੇ ਨੁਕਤੇ ਤੋਂ ਨਹੀਂ ਸਗੋਂ ਪਰਹਾਹਿਤ ਹੋਈ ਜੀਵਨ ਜਾਚ ਉੱਤੇ ਸਵਾਲੀਆ ਨਿਸ਼ਾਨ ਲਗਾਉਂਦਾ ਦੇਖਿਆ ਜਾ ਸਕਦਾ ਹੈ ਕਿ ਉਨ੍ਹਾਂ ਦੀ ਰਚਨਾ ਵਿਚ ਵਿਰੋਧ ਨਵੀਂ ਜੀਵਨ ਜਾਚ ਤੋਂ ਪ੍ਰਤੀਮਾਨਕ ਜ਼ਿੰਦਗੀ ਵੱਲ ਆ ਜਾਂਦਾ ਹੈ। ਇਸ ਤੋਂ ਇਹ ਮਹਿਸੂਸ ਹੁੰਦਾ ਹੈ ਕਿ ਭਾਈ ਵੀਰ ਸਿੰਘ ਨੂੰ ਆਪਣੇ ਸਮੇਂ ਵਿਚ ਖ਼ਾਸਕਰ ਸਿੱਖ ਪੁਰਸ਼ਾਂ ਅਤੇ ਇਸਤਰੀਆਂ ਦੇ ਧਰਮ ਤੋਂ ਦੂਰ ਜਾਣ 'ਤੇ ਦੁੱਖ ਸੀ।

'ਸੁੰਦਰੀ' ਦਾ ਵਿਸ਼ਾ ਧਾਰਮਿਕ ਹੈ ਤੇ ਸਮੇਂ ਅਨੁਸਾਰ ਦਾਬੇ ਤੇ ਜਬਰ ਖਿਲਾਫ਼ ਸੁਚੇਤ ਕਰਨ ਵਾਲਾ ਹੈ। ਇਸ ਦਾ ਅਸਲ ਮਹੱਤਵ ਸਿੱਖ ਧਰਮ ਵਿਚ ਆ ਰਹੇ ਪਤਨ ਨੂੰ ਕਿਵੇਂ ਨਾ ਕਿਵੇਂ ਰੋਕਣਾ ਹੈ। ਇਸ ਨਾਵਲ ਦੇ ਪਾਤਰ ਉਸਾਰੀ ਵੱਲੋਂ ਆਦਰਸ਼ਕ, ਘਟਨਾਵਾਂ ਪੱਖੋਂ ਰੁਮਾਂਟਿਕ ਅਤੇ ਦ੍ਰਿਸ਼ਟੀ ਵਜੋਂ ਸੁਧਾਰਕ ਅਤੇ ਯਥਾਰਥ ਤੋਂ ਦੂਰ ਲੱਗਦੇ ਹਨ। ਇਸ ਦੇ ਬਾਵਜੂਦ ਇਹ ਨਾਵਲ ਸਾਹਿਤ ਇਤਿਹਾਸ ਵਿਚ ਅੱਖੋਂ ਪਰੋਖੇ ਕਰਨਾ ਸੰਭਵ ਨਹੀਂ ਹੈ।

ਮੁੱਢਲੇ ਇਤਿਹਾਸਕ ਨਾਵਲਾਂ ਦਾ ਕਥਾਨਕ ਅਕਸਰ ਅਠਾਰਵੀਂ ਸਦੀ ਵਿਚ ਹੋਈਆਂ ਸਿੱਖਾਂ ਦੀ ਮੁਗ਼ਲ ਹਾਕਮਾਂ ਨਾਲ ਟੱਕਰ ਦੀਆਂ ਘਟਨਾਵਾਂ 'ਤੇ ਆਧਾਰਿਤ ਹੁੰਦਾ ਸੀ। ਇਸ ਦਾ ਕਾਰਨ ਇਹ ਸੀ ਕਿ ਮੁਗ਼ਲ ਹਾਕਮਾਂ ਦੇ ਜਬਰ ਤੇ ਜ਼ੁਲਮ ਦਾ ਵਿਰੋਧ ਜ਼ਿਆਦਾਤਰ ਸਿੱਖਾਂ ਨੂੰ ਹੀ ਕਰਨਾ ਪਿਆ। ਉਹ ਸਿੱਖਾਂ ਨੂੰ ਕਰਮ, ਧਰਮ ਤੇ ਆਰਥਿਕ ਤੌਰ 'ਤੇ ਕਮਜ਼ੋਰ ਕਰ ਕੇ ਆਪਣੇ ਰਾਹੀਂ ਚਲਾਉਣਾ ਚਾਹੁੰਦੇ ਸਨ। ਉਸ ਦੇ ਬਾਵਜੂਦ ਸਿੱਖ ਯੋਧੇ ਗੁਰੂ ਵੱਲੋਂ ਬਖ਼ਸ਼ੀ ਸਿੱਖਿਆ ਅਨੁਸਾਰ ਨੈਤਿਕਤਾ ਨੂੰ ਅੱਖੋਂ ਪਰੋਖੇ ਨਹੀਂ ਕਰਦੇ ਸਗੋਂ ਸ਼ੁੱਧ ਆਚਰਣ ਪ੍ਰਤੀ ਵੀ ਵਚਨਬੱਧ ਸਨ।

ਭਾਈ ਵੀਰ ਸਿੰਘ ਨੇ ਸੁੰਦਰੀ ਨੂੰ ਸਿੱਖ ਨਾਇਕਾ ਬਣਾ ਕੇ ਪੇਸ਼ ਕੀਤਾ ਹੈ। ਉਸ ਨੂੰ ਬਾਕੀ ਇਸਤਰੀਆਂ ਦੇ ਮੁਕਾਬਲੇ ਵਧੇਰੇ ਸ੍ਰੇਸ਼ਟ, ਵਧੇਰੇ ਬਲਵਾਨ ਤੇ ਵਧੇਰੇ ਦਿਆਨਤਦਾਰ ਦਰਸਾਇਆ ਗਿਆ ਹੈ ਤਾਂ ਕਿ ਹੋਰ ਸਿੱਖ ਪੁਰਸ਼ ਤੇ ਇਸਤਰੀਆਂ ਉਸ ਦਾ ਤਰ੍ਹਾਂ ਆਦਰਸ਼ਕ ਜੀਵਨ ਜਿਊਣ। ਸੁੰਦਰੀ ਇੱਕ ਖਾਂਦੇ-ਪੀਂਦੇ ਹਿੰਦੂ ਪਰਿਵਾਰ ਦੀ ਸੋਹਣੀ ਤੇ ਸਮਝਦਾਰ ਧੀ ਹੈ ਜੋ ਮੁਕਲਾਵੇ ਵਾਲੇ ਦਿਨ ਮੁਗ਼ਲ ਹਾਕਮਾਂ ਦੇ ਕਰਿੰਦਿਆਂ ਦੇ ਹੱਥ ਚੜ੍ਹ ਜਾਂਦੀ ਹੈ। ਉਹ ਆਪਣੇ ਧਰਮ ਤੇ ਕਰਮ ਵਿਚ ਪੱਕੀ, ਨਿਡਰ, ਦਇਆਵਾਨ ਨਾਰੀ ਹੈ। ਜਦੋਂ ਉਸ ਦਾ ਪਰਿਵਾਰ, ਖ਼ਾਸਕਰ ਉਸ ਦਾ ਹੋਣ ਵਾਲਾ ਪਤੀ ਉਸ ਦੇ ਉਧਾਲੇ ਤੋਂ ਬਾਅਦ ਨਾਲ ਲੈ ਕੇ ਜਾਣ ਤੋਂ ਮੁਨਕਰ ਹੋ ਜਾਂਦਾ ਹੈ ਤਾਂ ਉਹ ਪਰਮਾਤਮਾ ਵਿਚ ਵਿਸ਼ਵਾਸ ਹੋਣ ਸਦਕਾ ਔਖੀਆਂ ਘੜੀਆਂ ਵਿਚ ਵੀ ਅਡੋਲ ਰਹਿੰਦੀ ਹੈ। ਸਿੱਖ ਯੋਧਿਆਂ ਨਾਲ ਰਲਣ ਤੋਂ ਬਾਅਦ ਉਹ ਆਪਣੀ ਸਾਰੀ ਜ਼ਿੰਦਗੀ ਵਿਆਹ ਦੇ ਬੰਧਨ ਤੋਂ ਮੁਕਤ ਹੋ ਕੇ ਜਤ-ਸਤ ਵਾਲੀ, ਸਦਾਚਾਰੀ, ਦਇਆਵਾਨ ਨਾਰੀ ਦੇ ਰੂਪ ਵਿਚ ਪੇਸ਼ ਹੋਈ ਹੈ। ਉਹ ਆਪਣਾ ਜੀਵਨ ਉਨ੍ਹਾਂ ਦੀ ਸੇਵਾ ਸੰਭਾਲ ਤੇ ਗੁਰੂ ਦੇ ਲੇਖੇ ਲਾ ਦਿੰਦੀ ਹੈ। ਸੁੰਦਰੀ ਇੱਕ ਧਰਮ ਭੈਣ, ਸੇਵਾਦਾਰ ਜੋ ਲੰਗਰ ਪਾਣੀ ਦਾ ਜ਼ਿੰਮਾ ਆਪ ਲੈਂਦੀ ਹੈ, ਵੀਰਤਾ ਤੇ ਸੂਝ ਦੇ ਨਾਲ ਨਾਲ ਹੋਰ ਚੰਗੇ ਆਤਮਿਕ ਵਿਚਾਰਾਂ ਨਾਲ ਭਰਪੂਰ ਹੋਣ ਕਰਕੇ ਸਿੱਖ ਧਰਮ ਲਈ ਆਪਣੀ ਜ਼ਿੰਦਗੀ ਵੀ ਅਰਪਣ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੀ। ਉਹ ਔਖੇ ਸਮੇਂ ਵਿਚ ਵੀ ਸਨਿਮਰ, ਬਹਾਦਰ ਤੇ ਨਿਆਂਪਸੰਦ ਰਹਿੰਦੀ ਹੈ। ਜਦੋਂ ਜਥੇ 'ਤੇ ਆਰਥਿਕ ਸੰਕਟ ਮੰਡਰਾਉਂਦਾ ਹੈ ਤਾਂ ਉਹ ਆਪਣੀ ਕੀਮਤੀ ਹੀਰੇ ਦੀ ਮੁੰਦਰੀ ਵੇਚਣ ਲਈ ਤੋਂ ਗੁਰੇਜ਼ ਨਹੀਂ ਕਰਦੀ। ਜਦੋਂ ਸੁੰਦਰੀ ਲੰਗਰ ਦੀ ਸੇਵਾ ਵਾਸਤੇ ਸੌਦਾ-ਪੱਤਾ ਲੈਣ ਸ਼ਹਿਰ ਵੱਲ ਜਾਂਦੀ ਹੈ ਤਾਂ ਰਸਤੇ ਵਿਚ ਮੁਗ਼ਲ ਹਾਕਮਾਂ ਦੇ ਕਰਿੰਦਿਆਂ ਵੱਲੋਂ ਫੜ ਲਈ ਜਾਂਦੀ ਹੈ। ਇੱਕ ਤੁਰਕ ਸੁੰਦਰੀ ਨੂੰ ਧਰਮ ਬਦਲ ਕੇ ਆਪਣੇ ਹਾਕਮ ਦੀ ਬੇਗਮ ਬਣਾਉਣ ਦੀ ਪੇਸ਼ਕਸ਼ ਕਰਦਾ ਹੈ। ਉਹ ਡੋਲਦੀ ਨਹੀਂ ਸਗੋਂ ਇੱਕ ਯੋਧੇ ਦੀ ਤਰ੍ਹਾਂ ਨਿਡਰ ਤੇ ਗੁਰੂ ਵਿਚ ਪ੍ਰਪੱਕ ਵਿਸ਼ਵਾਸ ਹੋਣ ਕਾਰਨ ਉਸ ਨੂੰ ਬਹਾਦਰੀ ਨਾਲ ਜਵਾਬ ਦਿੰਦੀ ਹੈ ਜੋ ਬਹੁਤ ਹੀ ਤਰਕਸੰਗਤ ਪ੍ਰਤੀਤ ਹੁੰਦਾ ਹੈ।

ਅਸੀਂ ਕਹਿ ਸਕਦੇ ਹਾਂ ਕਿ ਨਾਵਲ ਵਿਚ ਭਾਈ ਸਾਹਿਬ ਨੇ ਸਿੱਖ ਨੈਤਿਕਤਾ, ਅਮਲਾਂ, ਸੰਘਰਸ਼ਾਂ, ਨਿਮਰਤਾ, ਨਾਮ ਜਪਣ ਤੇ ਸੇਵਾ ਆਦਿ ਦੇ ਸੰਕਲਪਾਂ ਨੂੰ ਬਾਖ਼ੂਬੀ ਪੇਸ਼ ਕੀਤਾ ਹੈ ਕਿ ਕਿਵੇਂ ਸਿੱਖ ਔਖੇ ਤੋਂ ਔਖੇ ਸਮੇਂ ਵਿਚ ਵੀ ਆਪਣੇ ਗੁਰੂ ਵਿਚ ਵਿਸ਼ਵਾਸ ਹੋਣ ਕਾਰਨ ਜਾਬਰ ਹਾਕਮਾਂ ਦੀਆਂ ਦਮਨਕਾਰੀ ਨੀਤੀਆਂ ਤੇ ਦਾਬੇ ਖਿਲਾਫ਼ ਆਪਣੀ ਹੋਂਦ ਬਚਾਉਣ ਦੇ ਯਤਨ ਕਰਦਿਆਂ ਅਣਖ ਤੇ ਗ਼ੈਰਤ ਭਰੀ ਜ਼ਿੰਦਗੀ ਜਿਊਣ ਨੂੰ ਤਰਜੀਹ ਦਿੰਦੇ ਸਨ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 23 ਦਸੰਬਰ 2023 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-617



*ਸ਼ਾਇਦ ਉਜਾੜਾ ਪਾਇਆ ਦੰਗਿਆਂ, ਲੋਕੀਂ ਨੱਠ ਪਏ ਜਾਨ ਬਚਾ ਕੇ,*
*ਛੱਡ ਕੇ ਬਸਤੀ ਲੱਦ ਲਿਆ ਟਰੱਕ, ਚੜ੍ਹ ਬੈਠ ਗਏ ਸਭ ਉੱਤੇ ਆ ਕੇ।*
*ਰੱਬ ਆਸਰੇ ਢਿਚਕੂੰ ਢਿਚਕੂੰ ਕਰਕੇ, ਕਿੰਝ ਚੱਲ ਚੱਲ ਸਫ਼ਰ ਮਕਾਊ,*
*ਹਾਲੋਂ-ਬੇਹਾਲ ਹੋ ਕੇ ਕਰ ਮਾਰੋ ਮਾਰੀ, ਦੱਸੋ ਕੀ ਮੰਜ਼ਿਲ ਤੱਕ ਪਹੁੰਚਾਊ?*

### ਕੈਪਸ਼ਨ ਮੁਕਾਬਲਾ-615



ਇੱਕ ਹੱਥ ਨਾਲ਼ ਭਾਰ ਹੈ ਫੜਿਆ,
ਦੂਜੇ ਹੱਥ ਨਾਲ਼ ਸਾਂਭਿਆ ਬਾਲ,
'ਸਾਹਿਬ ਸੱਚੇ' ਜ਼ਰਾ ਦੇਖ ਨੇੜਿਉਂ,
ਆਦੀ-ਵਾਸੀ ਔਰਤਾਂ ਦਾ ਹਾਲ।
ਏਸ਼ੀਆ, ਅਫ਼ਰੀਕਾ, ਆਸਟ੍ਰੇਲੀਆ,
ਯੂਰਪ, ਅਮਰੀਕਾ ਵੀ ਬੇ-ਹਾਲ,
ਦੁਨੀਆਂ ਦੇ ਸ਼ਾਹੂਕਾਰਾਂ ਰਲ਼ਮਿਲ,
ਕੁੱਲ ਗਰੀਬ ਕੀਤਾ ਹੈ ਨਿਢਾਲ।
***-ਸੇਵਾ ਸਿੰਘ 'ਨੂਰਪੁਰੀ'***

---

ਵਿਚ ਬਣਾਂ ਦੇ ਲਾਈ ਦਿਹਾੜੀ,
ਪੱਤਾ ਪੱਤਾ ਤੋੜ ਕੇ ਜਾਨ ਲਾਈ ਸਾਰੀ।
ਬੱਚਾ ਵੀ ਸੰਭਾਲਾਂ, ਬੋਰੀਆਂ ਵੀ ਚੁਕਾਂ,
ਘਰ ਦੇ ਕੰਮ ਕਰਨ ਲਈ
ਉਥੇ ਵੀ ਢੁੱਕਾਂ।
ਪਤੀ ਵੀ ਘੱਟ ਹੈ ਸਹਿਯੋਗੀ,
ਜ਼ਿੰਦਗੀ ਲੱਗਦੀ ਸੋਗੀ ਸੋਗੀ।
***-ਅਮਰਜੀਤ ਸਿੰਘ ਤੂਰ***

***ਕੁਲਬੁਰਛਾਂ (ਪਟਿਆਲਾ)***
***ਫੋਨ: 98784-69639***

---

ਸਿਰ 'ਤੇ ਭਾਵੇਂ ਹੋਵੇ ਕਿੰਨੀ ਮਜਬੂਰੀ
ਤਾਂ ਵੀ ਆਪਣੇ ਫਰਜ਼ ਨਿਭਾਉਂਦੀ ਮਾਂ,
ਆਪਣੇ ਲਾਡਲਿਆਂ ਲਈ ਹਰ ਪਲ,
ਹਰ ਫਰਜ਼ ਦਿਲੋਂ ਨਿਭਾਉਂਦੀ ਮਾਂ।
***-ਮਾਸਟਰ ਸੰਜੀਵ ਧਰਮਾਣੀ***
***ਫੋਨ: 94785-61356***

ਹਰਿਆ ਭਰਿਆ ਜੰਗਲ
ਨਜ਼ਰ ਨਾ ਆਵੇ ਕੋਈ ਸੁੱਕੀ ਲੱਕੜੀ
ਮਮਤਾ ਦੀ ਮਿਸ਼ਾਲ
ਜਿਗਰ ਦੇ ਟੋਟੇ ਨੂੰ ਪਾਈ ਗਲਵੱਕੜੀ
ਇਕ ਹੱਥ ਦੇ ਸਹਾਰੇ
ਥੇਲੇ ਉੱਪਰ ਦੂਜਾ ਥੇਲਾ ਟਿਕਾਇਆ
ਮੇਰੀ ਸਮਝ ਤੋਂ ਪਰ੍ਹੇ
ਕਿਵੇਂ ਇਹ ਸਾਰਾ ਸੰਤੁਲਨ ਬਣਾਇਆ।
ਹਰਜੋਤ ਕੌਰ ਮਹੇਸ਼ਪੁਰਾ

ਇਕ ਹੱਥ ਜਕੜਿਆ
ਸਿਰ 'ਤੇ ਗਠੜੀ
ਦੂਜਾ ਹੱਥ ਕੁੱਛੜ ਬੱਚਾ ਬਗਲੀਂ
ਕਦਮ ਲੜਖੜਾਉਂਦੇ ਪਈ ਸੋਚੀਂ
ਸਾਡਾ ਵੀ ਹੈ ਕੀ ਕਸੂਰ
ਕਿਉਂ ਸਾਡਾ ਢਿੱਡ ਕੱਟਿਆ ਜਾਂਦਾ
ਨਹੀਂ ਪੈਂਦਾ ਮੁਸ਼ੱਕਤ ਦਾ ਮੁੱਲ।
***-ਦਰਸ਼ਨ ਪਾਲ ਦੋਸਾਂਝ***

---

ਵਖਤਾਂ ਮਾਰਿਆਂ ਦੇ ਅੱਗੇ ਪੁੱਤਰਾ
ਸਿਰ ਦਾ ਭਾਰ ਇਹ ਕੁਝ ਵੀ ਨਹੀਂ
ਕੱਚੀ ਉਮਰੇ ਬੋਝ ਜੋ ਢੋਹਣੇ ਪੈ ਜਾਣ
ਫਿਰ ਛੇਤੀ ਕਿਧਰੇ ਉਹ ਹਾਰੀ ਦੇ ਨਹੀਂ
ਸੋਹਣੇ ਇਕ ਭਵਿੱਖ ਦੀ ਖਾਤਰ
ਓਝੜ ਇਨ੍ਹ ਰਾਹਾਂ 'ਤੇ ਸੁਫਨੇ
ਐਵੇਂ ਮਾਰੀਦੇ ਨਹੀਂ।
***-ਚਰਨਜੀਤ ਕੌਰ***

**To Advertise with Punjab Times Call:**
**847-359-0746**
**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:**
**ਫੋਨ: 847-359-0746**

# ਮਨੀਪੁਰ ਵਿਚ ਹੋ ਰਹੇ ਹਿੰਸਕ ਟਕਰਾਅ ਦੀਆਂ ਜੜ੍ਹਾਂ ਤੇ ਇਸਦਾ ਹੱਲ

ਮਈ 2023 ਤੋਂ ਭਾਰਤ ਦੇ ਉੱਤਰ-ਪੂਰਬ ਵਿਚ ਮਨੀਪੁਰ ਵਿਚਲੀਆਂ ਦੋ ਕੌਮੀਅਤਾਂ ਮੈਤੇਈ ਤੇ ਕੁਕੀ ਦਰਮਿਆਨ ਹਿੰਸਾ ਭੜਕਾਈ ਗਈ। ਕਰੀਬ ਚਾਰ ਮਹੀਨੇ ਮਨੀਪੁਰ ਹਿੰਸਾ ਦੀ ਤਿੱਖੀ ਅੱਗ ਵਿਚ ਝੁਲਸਿਆ ਰਿਹਾ। ਸਤੰਬਰ 2023 ਤੱਕ ਇੱਥੇ 175 ਲੋਕਾਂ ਦੀ ਮੌਤ ਹੋ ਗਈ, 1100 ਤੋਂ ਵੱਧ ਜ਼ਖਮੀ ਹੋਏ ਤੇ 50,000 ਤੋਂ ਵੱਧ ਲੋਕਾਂ ਨੂੰ ਆਪਣੇ ਘਰ ਛੱਡਣੇ ਪਏ। ਹਿੰਸਾ ਨੂੰ ਕਾਬੂ ਕਰਨ ਦੇ ਨਾਮ ਉੱਪਰ ਭਾਰਤ ਸਰਕਾਰ ਨੇ ਇੱਥੇ ਸੁਰੱਖਿਆ ਬਲਾਂ ਦੀ ਨਫਰੀ ਵਧਾਈ ਤੇ ਇੰਟਰਨੈੱਟ ਸੇਵਾਵਾਂ ਬੰਦ ਕੀਤੀਆਂ, ਪਰ ਇਹ ਯਤਨ ਬਹੁਤੇ ਅਸਰਦਾਰ ਨਾ ਦਿਸੇ। ਸਤੰਬਰ ਤੋਂ ਬਾਅਦ ਇੱਥੇ



**ਗੁਰਪ੍ਰੀਤ**
**ਫੋਨ: +91-98887-89421**

ਹਿੰਸਾ ਦੀਆਂ ਵਾਰਦਾਤਾਂ ਵਿਚ ਕਾਫੀ ਕਮੀ ਆਈ ਹੈ, ਪਰ ਕਿਤੇ ਨਾ ਕਿਤੇ ਟਕਰਾਅ ਤੇ ਮੌਤ ਦੀਆਂ ਘਟਨਾਵਾਂ ਹਾਲੇ ਵੀ ਵਾਪਰ ਰਹੀਆਂ ਹਨ। ਖੁਦ ਸਰਕਾਰ ਦਾ ਮੰਨਣਾ ਹੈ ਕਿ ਇਸ ਹਿੰਸਾ ਦੌਰਾਨ ਲੋਕਾਂ ਨੇ ਸੁਰੱਖਿਆ ਬਲਾਂ ਕੋਲ਼ੋਂ 4000 ਹਥਿਆਰ ਲੁੱਟੇ ਹਨ ਜਿਨ੍ਹਾਂ ਨੂੰ ਮੁੜ ਬਰਾਮਦ ਕੀਤੇ ਜਾਣ ਤੱਕ ਹਿੰਸਾ ਦਾ ਖਤਰਾ ਮੰਡਰਾਉਂਦਾ ਰਹੇਗਾ। ਮਨੀਪੁਰ ਵਿਚ ਹਾਲੇ ਵੀ ਤਣਾਅ, ਸਹਿਮ, ਅਸੁਰੱਖਿਆ ਤੇ ਫਿਕਰਮੰਦੀ ਦਾ ਮਾਹੌਲ ਬਰਕਰਾਰ ਹੈ। ਇਸ ਕਾਰਨ ਨਵੰਬਰ ਮਹੀਨੇ ਤੱਕ ਵੀ ਕਈ ਜ਼ਿਲ੍ਹਿਆਂ ਵਿਚ ਮੋਬਾਈਲ ਇੰਟਰਨੈੱਟ ਬੈਨ ਰਿਹਾ ਹੈ।

ਇਸ ਹਿੰਸਾ ਦਾ ਫੌਰੀ ਕਾਰਨ ਸੂਬਾ ਸਰਕਾਰ (ਤੇ ਉੱਚ ਅਦਾਲਤ) ਵੱਲੋਂ ਮੈਤੇਈ ਲੋਕਾਂ ਨੂੰ ਅਨੁਸੂਚਿਤ ਕਬੀਲੇ ਦਾ ਦਰਜਾ ਦਿਵਾਉਣ ਲਈ ਯੂਨੀਅਨ ਸਰਕਾਰ ਕੋਲ਼ ਇਸ ਮਾਮਲੇ ਨੂੰ ਭੇਜਣਾ ਬਣਿਆ ਸੀ। 20 ਅਪ੍ਰੈਲ 2023 ਨੂੰ ਮਨੀਪੁਰ ਉੱਚ ਅਦਾਲਤ ਦੇ ਇਕ ਜੱਜ ਨੇ ਸੂਬਾ ਸਰਕਾਰ ਨੂੰ ਆਖਿਆ ਸੀ ਕਿ ਮੈਤੇਈ ਦੇ ਅਨੁਸੂਚਿਤ ਜਾਤੀ ਵਿਚ ਸ਼ਾਮਲ ਹੋਣ ਦੀ ਮੰਗ ਉੱਤੇ ਗ਼ੌਰ ਕੀਤਾ ਜਾਵੇ ਜਿਸ ਤੋਂ ਬਾਅਦ ਸੂਬਾ ਸਰਕਾਰ ਨੇ ਇਹ ਮਾਮਲਾ ਯੂਨੀਅਨ ਸਰਕਾਰ ਕੋਲ਼ ਭੇਜ ਦਿੱਤਾ ਸੀ। ਇਸ ਮੰਗ ਦਾ ਵਿਰੋਧ ਕਰਦੇ ਹੋਏ ਕੁਕੀ ਭਾਈਚਾਰੇ ਦੇ ਕੁੱਝ ਲੋਕਾਂ ਨੇ (ਜੋ ਮਨੀਪੁਰ ਦੇ ਪਹਾੜਾਂ ਵਿਚ ਵਸਦੇ ਕਬਾਇਲੀ ਹਨ) 27 ਅਪ੍ਰੈਲ ਨੂੰ ਚੁਰਚਾਂਦਪੁਰ ਵਿਚ ਇਕ ਜਿੰਮ ਨੂੰ ਅੱਗ ਲਾ ਦਿੱਤੀ ਜਿਸਦਾ ਉਦਘਾਟਨ ਮੁੱਖ ਮੰਤਰੀ ਬਿਰੇਨ ਸਿੰਘ (ਜੋ ਖੁਦ ਮੈਤੇਤੀ ਭਾਈਚਾਰੇ ਤੋਂ ਹੈ) ਨੇ 29 ਅਪ੍ਰੈਲ ਨੂੰ ਕਰਨਾ ਸੀ। ਇਸ ਤੋਂ ਬਾਅਦ ਮਨੀਪੁਰ ਦੇ 8 ਜ਼ਿਲ੍ਹਿਆ ਵਿਚ ਕਰਫਿਊ ਥੋਪ ਦਿੱਤਾ ਗਿਆ ਸੀ। ਕੁਕੀ ਤੇ ਮਨੀਪੁਰ ਵਿਚ ਵਸਦੇ ਹੋਰਾਂ ਕਬੀਲਿਆਂ ਦੇ ਲੋਕਾਂ ਨੂੰ ਲੱਗਦਾ ਹੈ ਕਿ ਮੈਤੇਈਆਂ ਨੂੰ ਅਨੁਸੂਚਿਤ ਕਬੀਲਿਆਂ ਦਾ ਦਰਜਾ ਮਿਲ਼ਣ ਨਾਲ਼ ਕੁਕੀ ਤੇ ਹੋਰਨਾਂ ਕਬੀਲਿਆਂ ਦੀ ਆਰਥਕ ਹਾਲਤ ਹੋਰ ਵੀ ਪਤਲੀ ਹੋ ਜਾਵੇਗੀ। ਭਾਜਪਾ ਦੀ ਸੂਬਾ ਸਰਕਾਰ ਮੈਤੇਈਆਂ ਨੂੰ ਇਹ ਦਰਜਾ ਦਿਵਾਉਣ ਲਈ ਪੱਬਾਂ ਭਾਰ ਹੋਈ ਪਈ ਸੀ। ਸਰਕਾਰ ਦੇ ਇਨ੍ਹਾਂ ਕਦਮਾਂ ਵਿਰੁੱਧ 'ਕੁੱਲ ਭਾਰਤ ਕਬੀਲਾਈ ਵਿਦਿਆਰਥੀ ਜਥੇਬੰਦੀ' ਨੇ 3 ਮਈ ਨੂੰ ਮਨੀਪੁਰ ਦੇ 10 ਕਬੀਲਾਈ ਬਹੁਮਤ ਵਾਲ਼ੇ ਜ਼ਿਲ੍ਹਿਆਂ ਵਿਚ ਰੋਸ ਵਿਖਾਵੇ ਕਰਨ ਦਾ ਸੱਦਾ ਦਿੱਤਾ ਜਿਸਨੇ ਚੁਰਚਾਂਦਪੁਰ ਵਿਚ ਮੈਤੇਈ ਤੇ ਕੁਕੀ ਭਾਈਚਾਰੇ ਵਿਚ ਹਿੰਸਕ ਝੜਪ ਦਾ ਰੂਪ ਲੈ ਲਿਆ। ਅਗਲੇ ਹੀ ਦਿਨ ਇੰਫਾਲ ਘਾਟੀ ਵਿਚ ਕੁਕੀਆਂ ਦਾ ਇਕ ਕਾਲਜ ਅੱਗ ਦੀ ਭੇਟ ਚਾੜ੍ਹ ਦਿੱਤਾ ਗਿਆ ਤੇ ਕਈ ਥਾਵੇਂ ਕੁਕੀਆਂ ਦਾ ਕਤਲੇਆਮ ਕੀਤਾ ਗਿਆ। ਜਵਾਬੀ ਹਿੰਸਾ ਵਿਚ ਕੁਕੀਆਂ ਵੱਲੋਂ ਪਹਾੜੀ ਇਲਾਕੇ ਵਿਚ ਵਸ ਰਹੀ ਮੈਤੇਈ ਵਸੋਂ ਤੇ ਉਨ੍ਹਾਂ ਦੇ ਘਰਾਂ ਨੂੰ ਨਿਸ਼ਾਨੇ ਉੱਤੇ ਲਿਆ ਗਿਆ।

ਮਨੀਪੁਰ ਇਕ ਜੰਗਲੀ ਪਹਾੜੀ ਸੂਬਾ ਹੈ ਜਿੱਥੇ ਕਈ ਕੌਮੀਅਤਾਂ ਵਸਦੀਆਂ ਹਨ। ਇਸਦੇ ਮੱਧ ਵਿਚ ਇੰਫਾਲ ਵਾਦੀ ਹੈ ਜੋ ਕੁੱਲ ਰਕਬੇ ਦਾ 10 ਫੀਸਦੀ ਹੈ, ਬਾਕੀ 90 ਫੀਸਦੀ ਇਲਾਕਾ ਜੰਗਲੀ, ਪਹਾੜੀ ਹੈ। ਇਹ ਇੰਫਾਲ ਵਾਦੀ ਮਨੀਪੁਰ ਦਾ ਕੇਂਦਰ ਹੈ ਤੇ ਇੱਥੇ ਮੈਤੇਈ ਕੌਮੀਅਤ ਵਸਦੀ ਹੈ ਜੋ ਕੁੱਲ ਆਬਾਦੀ ਦਾ 53 ਫੀਸਦੀ ਬਣਦੇ ਹਨ, ਇਸ ਤੋਂ ਬਿਨਾਂ 16 ਫੀਸਦੀ ਕੁਕੀ ਤੇ 24 ਫੀਸਦੀ ਨਾਗੇ ਹਨ ਜੋ ਜੰਗਲੀ ਇਲਾਕਿਆਂ ਵਿਚ ਹਨ। ਇੰਫਾਲ ਵਿਚ ਵਸੇ ਮੈਤੇਈ ਇੱਥੋਂ ਦੀ ਆਰਥਿਕਤਾ ਤੇ ਸਿਆਸਤ ਉੱਪਰ ਵੀ ਕਾਬਜ਼ ਹਨ ਇੱਥੋਂ ਦੇ ਕੁੱਲ 60 ਵਿਚੋਂ 40 ਵਿਧਾਇਕ ਮੈਤੇਈਆਂ ਵਿਚੋਂ ਹਨ। ਇਸ ਕਰਕੇ ਕੁਕੀਆਂ ਦਾ ਕਹਿਣਾ ਹੈ ਕਿ ਮੈਤੇਈ ਤਾਂ ਪਹਿਲਾਂ ਹੀ ਮਨੀਪੁਰ ਵਿਚ ਬਹੁਗਿਣਤੀ ਵਿਚ ਹਨ ਤੇ ਹਰ ਖੇਤਰ ਵਿਚ ਭਾਰੂ ਹੈਸੀਅਤ ਵਿਚ ਹਨ ਜਿਸ ਕਰਕੇ ਅਨੁਸੂਚਿਤ ਕਬੀਲੇ ਦਾ ਦਰਜਾ ਮਿਲ਼ਣ ਨਾਲ਼ ਉਨ੍ਹਾਂ ਦੀ ਸਥਿਤੀ ਹੋਰ ਵੀ ਮਜ਼ਬੂਤ ਹੋਵੇਗੀ ਤੇ ਮਨੀਪੁਰ ਵਿਚ ਵਸਦੀਆਂ ਬਾਕੀ ਕੌਮੀਅਤਾਂ ਹੋਰ ਵੀ ਹੇਠਾਂ ਧੱਕ ਦਿੱਤੀਆਂ ਜਾਣਗੀਆਂ। ਦੂਜੇ ਪਾਸੇ ਮੈਤੇਈਆਂ ਦਾ ਕਹਿਣਾ ਹੈ ਕਿ ਉਨ੍ਹਾਂ ਕੋਲ਼ ਪਹਾੜੀ ਇਲਾਕਿਆਂ ਵਿਚ ਜ਼ਮੀਨ ਖਰੀਦਣ ਦਾ ਹੱਕ ਨਹੀਂ ਹੈ ਪਰ ਮਨੀਪੁਰ ਦੇ ਪਹਾੜੀ ਇਲਾਕਿਆਂ ਤੇ ਭਾਰਤ ਦੇ ਹੋਰ ਸੂਬਿਆਂ ਦੇ ਲੋਕਾਂ ਕੋਲ਼ ਇੰਫਾਲ ਵਾਦੀ 'ਚ ਜ਼ਮੀਨਾਂ ਖਰੀਦਣ ਤੇ ਉੱਥੇ ਆ ਕੇ ਵਸਣ ਦਾ ਹੱਕ ਹੈ ਜਿਸ ਕਰਕੇ ਉਨ੍ਹਾਂ ਦਾ ਸੱਭਿਆਚਾਰ ਖਤਰੇ ਵਿਚ ਹੈ ਜਿਸਨੂੰ ਬਚਾਉਣ ਲਈ ਉਨ੍ਹਾਂ ਨੂੰ ਅਨੁਸੂਚਿਤ ਕਬੀਲੇ ਦਾ ਦਰਜਾ ਮਿਲ਼ਣਾ ਚਾਹੀਦਾ ਹੈ।

ਮਨੀਪੁਰ ਵਿਚ ਇਹ ਹਿੰਸਾ ਕੋਈ ਨਵੀਂ ਨਹੀਂ ਹੈ, ਪਹਿਲਾਂ ਵੀ ਇੱਥੋਂ ਦੀਆਂ ਵੱਖ-ਵੱਖ ਕੌਮੀਅਤਾਂ ਦਰਮਿਆਨ ਹਿੰਸਾ ਹੁੰਦੀ ਰਹੀ ਹੈ। ਇੱਥੇ ਮੈਤੇਈ ਦਾ ਨਾਗਿਆਂ ਨਾਲ਼ ਅਤੇ ਨਾਗਿਆਂ ਦਾ ਕੁਕੀਆਂ ਨਾਲ਼ ਹਿੰਸਕ ਟਕਰਾਅ ਵੀ ਹੁੰਦਾ ਰਿਹਾ ਹੈ। ਸੰਖੇਪ ਵਿਚ ਕਹੀਏ ਤਾਂ ਮਨੀਪੁਰ ਅਜਿਹਾ ਸੂਬਾ ਹੈ ਜਿੱਥੇ ਕਈ ਕੌਮੀਅਤਾਂ ਵਸਦੀਆਂ ਹਨ ਤੇ ਇਕ-ਦੂਜੇ ਨਾਲ਼ ਖਹਿੰਦੀਆਂ ਰਹਿੰਦੀਆਂ ਹਨ। ਮਨੀਪੁਰ ਵਿਚ ਹੋਈ ਇਹ ਹਿੰਸਾ ਦੋ ਧਾਰਮਿਕ ਫਿਰਕਿਆਂ ਦਾ ਟਕਰਾਅ ਨਹੀਂ ਹੈ ਜਿਵੇਂ ਕਿ ਕਈ ਲੋਕ ਇਸਨੂੰ ਸਮਝਣ ਦੀ ਗਲਤੀ ਕਰ ਰਹੇ ਹਨ। ਇਹ ਅਸਲ ਵਿਚ ਦੋ ਕੌਮਾਂ ਦਾ ਟਕਰਾਅ ਹੈ ਜਿਸਦਾ ਕਾਰਨ ਇੱਥੇ ਵਸਦੀਆਂ ਕੌਮਾਂ ਦੇ ਮਸਲੇ ਜਮਹੂਰੀ ਢੰਗ ਨਾਲ ਨਾ ਨਜਿੱਠਣਾ ਹੈ।

ਮਨੀਪੁਰ ਸਮੇਤ ਭਾਰਤ ਦੇ ਇਸ ਪੂਰੇ ਉੱਤਰ-ਪੂਰਬੀ ਖਿੱਤੇ 'ਚ ਵਸਦੀਆਂ ਕੌਮਾਂ ਦੀ ਕਹਾਣੀ ਲੱਗਭੱਗ ਇਕੋ ਜਿਹੀ ਹੈ। ਪੂਰੇ ਮਸਲੇ ਨੂੰ ਸਮਝਣ ਲਈ ਮਨੀਪੁਰ ਦੇ ਇਤਿਹਾਸ ਉੱਪਰ ਸੰਖੇਪ ਝਾਤ ਮਾਰਨ ਦੀ ਲੋੜ ਹੈ। ਮਨੀਪੁਰ ਕਈ ਸਦੀਆਂ ਤੋਂ ਇਕ ਛੋਟੀ ਜਿਹੀ ਜਗੀਰੂ ਰਿਆਸਤ ਰਿਹਾ ਹੈ ਤੇ ਇਸਦਾ ਮੁੱਖ ਖੇਤਰ ਵੀ ਇੰਫਾਲ ਵਾਦੀ ਰਿਹਾ ਹੈ। ਮੈਤੇਈ (ਮਨੀਪੁਰੀ) ਭਾਸ਼ਾ ਇੱਥੋਂ ਦੀ ਪੁਰਾਣੀ ਭਾਸ਼ਾ ਹੈ ਜਿਸਦੀ ਆਪਣੀ ਲਿੱਪੀ ਹੈ ਤੇ ਇਹੋ ਭਾਸ਼ਾ ਆਧੁਨਿਕ ਯੁੱਗ ਵਿਚ ਇੱਥੇ ਮੈਤੇਈ ਕੌਮੀਅਤ ਦੇ ਵਿਗਸਣ ਦਾ ਆਧਾਰ ਬਣੀ ਹੈ। 18-19ਵੀਂ ਸਦੀ ਵਿਚ ਇਸਦੇ ਇਕ ਪਾਸੇ ਅਹੋਮ ਸਲਤਨਤ ਜੋ ਆਧੁਨਿਕ ਅਸਾਮ ਤੇ ਇਸਦੇ ਨਾਲ਼ ਲੱਗਦੇ ਕੁੱਝ ਹੋਰ ਇਲਾਕੇ ਤੱਕ ਫੈਲੀ ਹੋਈ ਸੀ ਤੇ ਦੂਜੇ ਪਾਸੇ ਬਰਮਾ ਸਲਤਨਤ ਸੀ।

ਕੁਕੀ ਕੌਮੀਅਤ ਦਾ ਪਿਛੋਕੜ ਕੀ ਹੈ ਇਸ ਬਾਰੇ ਵੱਖ-ਵੱਖ ਮਾਹਿਰਾਂ ਦੀ ਰਾਇ ਵੱਖੋ-ਵੱਖਰੀ ਹੈ। ਪਰ ਮੋਟੇ ਤੌਰ 'ਤੇ ਇਸ ਗੱਲ ਉੱਪਰ ਜ਼ਿਆਦਾਤਰ ਸਹਿਮਤ ਹਨ ਕਿ ਕੁਕੀ ਇਕ ਘੁਮੰਤੂ ਕਬੀਲਿਆਂ ਦਾ ਹਿੱਸਾ ਹਨ ਜੋ ਘੁੰਮਦੇ-ਫਿਰਦੇ ਹੋਏ ਕਈ ਇਲਾਕਿਆਂ ਵਿਚ ਫੈਲੇ ਹਨ। ਮਿਆਂਮਾਰ 'ਚ ਵਸਦੇ ਚਿਨ, ਮਨੀਪੁਰ 'ਚ ਵਸਦੇ ਕੁਕੀ ਤੇ ਮਿਜ਼ੋਰਮ 'ਚ ਵਸਦੇ ਮੀਜੋ ਇਕੋ ਹੀ ਇਕੋ ਭਾਸ਼ਾ ਜਾਂ ਕੌਮੀਅਤ (ਜੋਮੀ) ਦਾ ਹਿੱਸਾ ਮੰਨੇ ਜਾਂਦੇ ਹਨ। ਕੁੱਝ ਜੋਮੀ ਅਬਾਦੀ ਅਸਾਮ ਤੇ ਬੰਗਲਾਦੇਸ਼ ਵਿਚ ਵੀ ਵਸਦੀ ਹੈ। ਨਾਗੇ ਇਨ੍ਹਾਂ ਤੋਂ ਵੱਖਰੀ ਕੌਮ ਹਨ ਜਿਹੜੇ ਮੁੱਖ ਤੌਰ 'ਤੇ ਨਾਗਾ ਪਹਾੜੀਆਂ ਦੇ ਕਬੀਲੇ ਹਨ ਜੋ ਅਜੋਕੇ ਨਾਗਾਲੈਂਡ ਤੋਂ ਬਿਨਾਂ ਇਸਦੇ ਨਾਲ਼ ਲੱਗਦੇ ਅਸਾਮ, ਮਨੀਪੁਰ ਤੇ ਅਰੁਣਾਚਲ ਪ੍ਰਦੇਸ਼ ਦੇ ਕੁੱਝ ਇਲਾਕਿਆਂ ਤੱਕ ਫੈਲੇ ਹੋਏ ਹਨ। ਇਉਂ ਅੱਜ ਦੇ ਮਨੀਪੁਰ ਵਿਚ ਵਸਦੀਆਂ ਇਹ ਤਿੰਨ ਮੁੱਖ ਕੌਮੀਅਤਾਂ (ਮੈਤੇਈ, ਕੁਕੀ ਤੇ ਨਾਗਾ) ਦੀਆਂ ਭਾਸ਼ਾਵਾਂ ਵੀ ਵੱਖੋ-ਵੱਖਰੀਆਂ ਹਨ ਜਿਨ੍ਹਾਂ ਦੀ ਆਪਸੀ ਕੋਈ ਸਾਂਝ ਨਹੀਂ ਹੈ।

ਉੱਤਰ-ਪੂਰਬ ਦੇ ਇਸ ਪੂਰੇ ਖਿੱਤੇ ਵਿਚਲੀਆਂ ਇਨ੍ਹਾਂ ਛੋਟੇ-ਵੱਡੇ ਜਗੀਰੂ ਰਾਜਾਂ ਵਿਚ ਇਹ ਵਿਸ਼ੇਸ਼ਤਾਈ ਸੀ ਕਿ ਆਮ ਤੌਰ 'ਤੇ ਇਨ੍ਹਾਂ ਦਾ ਕੇਂਦਰ ਵਾਦੀ ਜਾਂ ਮੈਦਾਨੀ ਇਲਾਕੇ ਹੁੰਦੇ ਸਨ। ਇਨ੍ਹਾਂ ਦੇ ਨਾਲ਼ ਲੱਗਦੇ ਜੰਗਲੀ, ਪਹਾੜੀ ਇਲਾਕੇ (ਜੋ ਆਪਣੇ ਆਪ ਵਿਚ ਕਾਫੀ ਵੱਡੇ ਸਨ) ਮੁੱਖ ਤੌਰ 'ਤੇ ਆਜ਼ਾਦ ਕਬੀਲਿਆਂ ਦੀ ਰਿਹਾਇਸ਼ ਸਨ ਜਿਨ੍ਹਾਂ ਦੀ ਆਪਣੀ ਆਰਥਿਕਤਾ, ਪ੍ਰਸ਼ਾਸਨਿਕ ਪ੍ਰਬੰਧ ਤੇ ਸੱਭਿਆਚਾਰ ਹੁੰਦਾ ਸੀ। ਇਨ੍ਹਾਂ ਉੱਪਰ ਰਾਜਾਸ਼ਾਹੀ ਦਾ ਕੰਟਰੋਲ ਨਾਮਾਤਰ ਹੁੰਦਾ ਸੀ ਤੇ ਅਕਸਰ ਇਨ੍ਹਾਂ ਤੋਂ ਲਗਾਨ ਵਸੂਲਣ ਤੇ ਇਨ੍ਹਾਂ ਨੂੰ ਆਪਣੇ ਰਾਜ-ਪ੍ਰਬੰਧ ਦੇ ਅਧੀਨ ਕਰਨ ਲਈ ਰਾਜਾਸ਼ਾਹੀਆਂ ਦੀ ਇਨ੍ਹਾਂ ਨਾਲ਼ ਟੱਕਰ ਹੁੰਦੀ ਰਹਿੰਦੀ ਸੀ। ਜਦੋਂ ਇੰਫਾਲ ਵਾਦੀ ਵਿਚ ਮੈਤੇਈਆਂ (ਮਨੀਪੁਰ) ਦੀ ਰਿਆਸਤ ਸੀ, ਇਸਦੇ ਨਾਲ਼ ਲੱਗਦੇ ਜੰਗਲੀ, ਪਹਾੜੀ ਇਲਾਕਿਆਂ ਵਿਚ ਕੁਕੀ, ਨਾਗੇ ਤੇ ਹੋਰ ਕਬੀਲੇ ਰਹਿੰਦੇ ਸਨ ਜਿਨ੍ਹਾਂ ਦੀ ਇਸ ਰਾਜ ਨਾਲ਼ ਟੱਕਰ ਹੁੰਦੀ ਰਹੀ, ਵਪਾਰਕ ਸਬੰਧ ਵੀ ਬਣਦੇ ਰਹੇ ਤੇ ਕੂਟਨੀਤਕ ਸਬੰਧ ਵੀ ਬਣਦੇ ਰਹੇ। ਇਉਂ ਮੈਤੇਈ ਰਿਆਸਤ ਹਮੇਸ਼ਾ ਆਪਣੀ ਸਰਹੱਦ ਨੂੰ ਇਨ੍ਹਾਂ ਜੰਗਲੀ, ਪਹਾੜੀ ਇਲਾਕਿਆਂ ਤੱਕ ਫੈਲਾਉਣ ਲਈ ਯਤਨਸ਼ੀਲ ਰਹਿੰਦੀ ਸੀ।



1819 ਵਿਚ ਬਰਮਾ ਨੇ ਮਨੀਪੁਰ ਉੱਪਰ ਹਮਲਾ ਕਰ ਦਿੱਤਾ ਤੇ ਮਨੀਪੁਰ, ਅਹੋਮ ਰਿਆਸਤਾਂ ਸਮੇਤ ਕਾਫੀ ਵੱਡੇ ਹਿੱਸੇ ਨੂੰ 1821 ਤੱਕ ਜਿੱਤ ਲਿਆ। 1824 ਵਿਚ ਅੰਗਰੇਜ਼ਾਂ ਨੇ ਇਸ ਖਿੱਤੇ ਵਿਚ ਆਪਣੇ ਪੈਰ ਪਸਾਰਦੇ ਹੋਏ ਬਰਮਾ ਨਾਲ਼ ਜੰਗ ਛੇੜ ਦਿੱਤੀ ਤੇ 1826 ਵਿਚ ਅੰਗਰੇਜ਼ ਜਿੱਤ ਗਏ। ਅਹੋਮ, ਮਨੀਪੁਰ ਤੇ ਤ੍ਰਿਪੇਰਾ ਰਿਆਸਤਾਂ ਸਮੇਤ ਆਪਣੇ ਕਬਜ਼ੇ ਹੇਠ ਆਏ ਇਸ ਪੂਰੇ ਇਲਾਕੇ ਨੂੰ ਅੰਗਰੇਜ਼ਾਂ ਨੇ ਬੰਗਾਲ ਪ੍ਰੈਜ਼ੀਡੈਂਸੀ ਦਾ ਹਿੱਸਾ ਬਣਾ ਦਿੱਤਾ। 1874 ਵਿਚ ਇਸ ਖਿੱਤੇ ਨੂੰ ਬੰਗਾਲ ਨਾਲੋਂ ਅੱਡ ਕਰ ਕੇ ਅਸਾਮ ਨਾਮ ਹੇਠ ਵੱਖਰਾ ਸੂਬਾ ਬਣਾ ਦਿੱਤਾ ਗਿਆ ਤਾਂ ਮਨੀਪੁਰ ਵੀ ਇਸ ਵਿਚ ਚਲਿਆ ਗਿਆ। 1891 ਵਿਚ ਮਨੀਪੁਰ ਦੇ ਸ਼ਾਹੀ ਪਰਿਵਾਰ ਦੀ ਅਗਵਾਈ ਹੇਠ ਅੰਗਰੇਜ਼ਾਂ ਖ਼ਿਲਾਫ਼ ਬਗਾਵਤ ਹੋਈ ਜਿਸਨੂੰ ਅੰਗਰੇਜ਼ਾਂ ਨੇ ਕੁਚਲ ਦਿੱਤਾ ਤੇ ਉਸ ਤੋਂ ਬਾਅਦ ਮਨੀਪੁਰ ਨੂੰ ਅਸਾਮ ਨਾਲੋਂ ਅੱਡ ਕਰ ਕੇ ਪ੍ਰਿੰਸਲੀ ਸਟੇਟ ਬਣਾ ਦਿੱਤਾ। ਭਾਵ ਇੱਥੇ ਦੀ ਹਕੂਮਤ ਅੰਗਰੇਜ਼ੀ ਰਾਜ ਨਾਲ ਵਫਾਦਾਰੀ ਅਤੇ ਲਗਾਤਾਰ ਮਾਲੀਆ ਦੇਣ ਦੀ ਸ਼ਰਤ ਉੱਪਰ ਮਨੀਪੁਰ ਦੇ ਰਾਜੇ ਨੂੰ ਸੌਂਪ ਦਿੱਤੀ ਗਈ। ਇਉਂ 1947 'ਚ ਭਾਰਤ ਦੇ ਆਜ਼ਾਦ ਹੋਣ ਵੇਲ਼ੇ ਮਨੀਪੁਰ ਇਕ ਆਜ਼ਾਦ ਰਿਆਸਤ ਸੀ ਜਿਸਨੇ ਆਪਣੇ ਭਵਿੱਖ ਦਾ ਫੈਸਲਾ (ਭਾਰਤ ਦਾ ਹਿੱਸਾ ਬਣਨ ਜਾਂ ਵੱਖਰੇ ਰਹਿਣ) ਖੁਦ ਕਰਨਾ ਸੀ।

ਇਸ ਅਰਸੇ ਦੌਰਾਨ ਅੰਗਰੇਜ਼ਾਂ ਨੇ ਉੱਤਰ-ਪੂਰਬ ਵਿਚ ਵੀ ਆਪਣੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਲਾਗੂ ਕੀਤੀ। ਇਕ ਪਾਸੇ ਉਨ੍ਹਾਂ ਨੇ ਇਸ ਖਿੱਤੇ ਨੂੰ ਕਿਸਾਨਾਂ, ਪਿੰਡਾਂ ਤੋਂ ਲਗਾਨ ਵਸੂਲਣ ਅਤੇ ਚਾਹ ਤੇ ਪਟਸਨ ਦੀ ਖੇਤੀ ਰਾਹੀਂ ਆਰਥਿਕ ਲੁੱਟ ਲਈ ਵਰਤਿਆ ਤੇ ਦੂਜੇ ਪਾਸੇ ਉੱਭਰ ਰਹੀਆਂ ਕੌਮੀਅਤਾਂ ਨੂੰ ਇਕੋ ਪ੍ਰਸ਼ਾਸਨਿਕ ਇਕਾਈਆਂ ਵਿਚ ਨੂੜ ਕੇ ਉਨ੍ਹਾਂ ਦੇ ਆਪਸੀ ਟਕਰਾਅ ਦੀ ਜ਼ਮੀਨ ਤਿਆਰ ਕੀਤੀ। ਇੰਫਾਲ ਵਾਦੀ 'ਚ ਵਸੇ ਮਨੀਪੁਰੀ ਰਾਜ ਨਾਲ਼ ਕੁਕੀ ਤੇ ਨਾਗਿਆਂ ਦੇ ਕੁੱਝ ਜੰਗਲੀ, ਪਹਾੜੀ ਇਲਾਕਿਆਂ ਨੂੰ ਵੀ ਇਸੇ ਤਹਿਤ ਜੋੜ ਦਿੱਤਾ ਗਿਆ। ਇੱਥੇ ਉਨ੍ਹਾਂ ਨੇ ਮੈਦਾਨੀ ਤੇ ਪਹਾੜੀ ਇਲਾਕਿਆਂ ਦਰਮਿਆਨ ਜ਼ਮੀਨਾਂ ਤੇ ਕੁਦਰਤੀ ਸਾਧਨਾਂ ਦੀ ਸਥਾਈ ਵੰਡ ਕਰ ਦਿੱਤੀ ਜਿਸ ਤਹਿਤ ਮਨੀਪੁਰ ਵਿਚ ਮੈਤੇਈ ਲੋਕਾਂ ਤੇ ਪਹਾੜੀਆਂ ਦਰਮਿਆਨ ਇਹ ਵੰਡ ਅੱਜ ਵੀ ਉਸੇ ਤਰ੍ਹਾਂ ਬਰਕਰਾਰ ਹੈ ਜੋ ਉਨ੍ਹਾਂ ਦੇ ਟਕਰਾਅ ਦਾ ਇਕ ਕਾਰਨ ਬਣ ਰਹੀ ਹੈ।

ਭਾਰਤ ਦੇ ਆਜ਼ਾਦ ਹੋਣ ਵੇਲੇ ਮਨੀਪੁਰ ਇਕ ਆਜ਼ਾਦ ਰਿਆਸਤ ਸੀ ਜਿਸਦਾ ਭਾਰਤ ਵਿਚ ਸ਼ਾਮਲ ਹੋਣ ਦਾ ਕੋਈ ਇਰਾਦਾ ਨਹੀਂ ਸੀ। ਮਨੀਪੁਰ ਵਿਚ ਵੱਖਰੀ ਸੰਸਦ ਹੋਂਦ ਵਿਚ ਆ ਚੁੱਕੀ ਸੀ। ਪਰ ਭਾਰਤ ਦੇ ਨਵੇਂ ਹਾਕਮਾਂ ਨੇ ਹੋਰ ਬਹੁਤ ਸਾਰੀਆਂ ਰਿਆਸਤਾਂ ਵਾਂਗ ਮਨੀਪੁਰ ਨੂੰ ਵੀ 1949 ਵਿਚ ਧੱਕੇ ਨਾਲ਼ ਭਾਰਤ ਵਿਚ ਸ਼ਾਮਲ ਕਰ ਲਿਆ। ਇਸਦਾ ਫੈਸਲਾ ਮਨੀਪੁਰ ਦੀ ਸੰਸਦ ਜਾਂ ਜਨਤਕ ਰਾਇਸ਼ੁਮਾਰੀ ਵਿਚ ਨਹੀਂ ਸੀ ਹੋਇਆ ਸਗੋਂ ਸ਼ਿਲੌਂਗ (ਅਸਾਮ) ਗਏ ਮਹਾਰਾਜੇ ਤੋਂ ਜਬਰੀ ਭਾਰਤ ਵਿਚ ਰਲੇਵੇਂ ਦੇ ਸਮਝੌਤੇ ਉੱਪਰ ਦਸਤਖ਼ਤ ਕਰਵਾਏ ਗਏ ਜੋ ਮਨੀਪੁਰ ਦੇ ਲੋਕਾਂ ਨੂੰ ਮਨਜ਼ੂਰ ਨਾ ਹੋਇਆ। ਮਨੀਪੁਰ ਵਿਚ ਵਸਦੀਆਂ ਤਿੰਨੇ ਮੁੱਖ ਕੌਮੀਅਤਾਂ ਮੈਤੇਈ, ਕੁਕੀ ਤੇ ਨਾਗਾ ਪਹਿਲਾਂ ਹੀ ਆਪੋ-ਆਪਣੇ ਵੱਖਰੇ ਕੌਮੀ ਰਾਜਾਂ ਦੀ ਚਾਹਤ ਰੱਖਦੀਆਂ ਸਨ, ਇਸ ਕਰਕੇ ਜਬਰੀ ਭਾਰਤ ਵਿਚ ਰਲਾਏ ਜਾਣ ਨੂੰ ਉਹ ਬਿਲਕੁਲ ਵੀ ਬਰਦਾਸ਼ਤ ਕਰਨ ਨੂੰ ਤਿਆਰ ਨਹੀਂ ਸੀ। ਉਦੋਂ ਤੋਂ ਹੀ ਭਾਰਤ ਤੋਂ ਮਨੀਪੁਰ ਦੀ ਮੁਕਤੀ ਲਈ ਇੱਥੇ ਲੜਾਈ ਦੀ ਸ਼ੁਰੂਆਤ ਹੋਈ ਜਿਸ ਨੇ ਹਿੰਸਕ ਤੇ ਹਥਿਆਰਬੰਦ ਲੜਾਈ ਦਾ ਵੀ ਰੂਪ ਲਿਆ। ਮਨੀਪੁਰ ਵਿਚ ਵਸਦੀਆਂ ਤਿੰਨੇ ਕੌਮੀਅਤਾਂ ਨੇ ਆਪੋ-ਆਪਣੇ ਹਥਿਆਰਬੰਦ ਗਰੁੱਪ ਵੀ ਬਣਾਏ ਜਿਹੜੇ ਇਕ ਪਾਸੇ ਭਾਰਤ ਤੋਂ ਮੁਕਤੀ ਵੀ ਚਾਹੁੰਦੇ ਆਏ ਹਨ ਤੇ ਦੂਜੇ ਪਾਸੇ ਮਨੀਪੁਰ ਦੇ ਮੌਜੂਦਾ ਨਕਸ਼ੇ ਦੀ ਥਾਂ ਆਪੋ-ਆਪਣੇ ਕੌਮੀ ਹਿੱਤਾਂ ਮੁਤਾਬਕ ਵੀ ਇਸਨੂੰ ਬਦਲਣਾ ਚਾਹੁੰਦੇ ਆਏ ਹਨ।

ਸਿਰਫ ਮਨੀਪੁਰ ਹੀ ਨਹੀਂ ਸਗੋਂ ਭਾਰਤ ਦੇ ਹਾਕਮਾਂ ਨੇ ਫੌਜੀ ਰਾਜ ਜ਼ਰੀਏ ਹੀ ਉੱਤਰ-ਪੂਰਬ ਦੇ ਪੂਰੇ ਖਿੱਤੇ ਨੂੰ 'ਅਖੰਡ' ਭਾਰਤ ਦਾ ਹਿੱਸਾ ਬਣਾਇਆ ਹੈ। ਇਸ ਪੂਰੇ ਖਿੱਤੇ ਨੂੰ ਸੰਵੇਦਨਸ਼ੀਲ ਇਲਾਕਾ ਐਲਾਨ ਕੇ ਕਈ ਦਹਾਕੇ ਤੋਂ ਇੱਥੇ ਭਾਰਤੀ ਹਾਕਮਾਂ ਨੇ ਹਥਿਆਰਬੰਦ ਬਲ ਵਿਸ਼ੇਸ਼ ਤਾਕਤ ਐਕਟ 1958 (ਅਫਸਪਾ) ਲਾਗੂ ਕੀਤਾ ਹੋਇਆ ਹੈ ਜੋ ਇਸਨੂੰ ਜਬਰੀ ਅਧੀਨ ਕੀਤੇ ਜਾਣ ਦਾ ਅਹਿਮ ਸਬੂਤ ਹੈ। ਇਸ ਖ਼ਿਲਾਫ਼ ਮਨੀਪੁਰ ਵਿਚ ਇਰੋਮ ਸ਼ਰਮੀਲਾ ਦੀ 16 ਸਾਲ ਲੰਬੀ ਭੁੱਖ ਹੜਤਾਲ ਸਭ ਨੂੰ ਚੇਤੇ ਹੈ। 2004 ਵਿਚ ਮਨੀਪੁਰ ਵਿਚ ਭਾਰਤੀ ਫੌਜ ਵੱਲੋਂ ਇਕ ਔਰਤ ਮਨੋਰਮਾ ਦੇ ਬਲਾਤਕਾਰ ਤੇ ਕਤਲ ਤੋਂ ਬਾਅਦ ਕਰੀਬ 50 ਔਰਤਾਂ ਵੱਲੋਂ ਨਿਰਵਸਤ ਹੋ ਕੇ ਫੌਜੀ ਹੈੱਡਕੁਆਰਟਰ ਦੇ ਬਾਹਰ ਕੀਤਾ ਗਿਆ ਰੋਸ ਮੁਜ਼ਾਹਰਾ ਵੀ ਇੱਥੇ ਮੌਜੂਦ ਫੌਜੀ ਜਬਰ ਦੀ ਪੀੜ ਬਿਆਨ ਕਰਦਾ ਹੈ।

1947 ਤੋਂ ਬਾਅਦ ਭਾਰਤ ਦੇ ਹਾਕਮਾਂ ਨੇ ਵੀ ਅੰਗੇਰਜ਼ਾਂ ਦੇ ਪੂਰਨਿਆਂ ਉੱਪਰ ਚਲਦੇ ਹੋਏ ਬਹੁਕੌਮੀ ਭਾਰਤ ਨੂੰ ਜਬਰੀ ਇਕ ਦੇਸ਼ ਵਿਚ ਨੂੜਨ ਦੀ ਨੀਤੀ ਅਪਣਾਈ ਹੈ। ਇਸੇ ਕਾਰਨ ਹੀ ਭਾਰਤ ਵਿਚ ਵਸਦੀ ਕਿਸੇ ਵੀ ਕੌਮ ਨੂੰ ਆਪਾ ਨਿਰਣੇ ਦਾ ਹੱਕ ਅੱਜ ਤੱਕ ਨਹੀਂ ਦਿੱਤਾ ਗਿਆ। ਇਸੇ ਕਾਰਨ ਹੀ ਸੂਬਿਆਂ ਨੂੰ ਕੌਮੀ (ਭਾਸ਼ਾਈ) ਆਧਾਰ ਉੱਪਰ ਨਹੀਂ ਬਣਾਇਆ ਗਿਆ ਸਗੋਂ ਕੌਮਾਂ ਦੀ ਵੱਢ-ਟੁੱਕ ਕਰਨ ਦੇ ਨਜ਼ਰੀਏ ਤੋਂ ਹੀ ਸੂਬਿਆਂ ਦਾ ਗਠਨ ਕੀਤਾ ਗਿਆ। ਇਸ ਕਰਕੇ ਇਕ ਕੌਮ ਦੇ ਬਾਸ਼ਿੰਦਿਆਂ ਨੂੰ ਕਈ ਸੂਬਿਆਂ ਵਿਚ ਵੰਡ ਦਿੱਤਾ ਗਿਆ ਤੇ ਇਕ ਸੂਬੇ ਵਿਚ ਇਕ ਤੋਂ ਵੱਧ ਕੌਮਾਂ ਨੂੰ ਤੁੰਨ ਦਿੱਤਾ ਗਿਆ। ਇਸ ਨਾਲ਼ ਨਾ ਸਿਰਫ ਵੱਖ-ਵੱਖ ਕੌਮਾਂ ਦੇ ਕੁਦਰਤੀ ਵਿਕਾਸ ਦੀ ਰਫਤਾਰ ਨੂੰ ਮੱਠਾ ਕੀਤਾ ਗਿਆ ਹੈ ਸਗੋਂ ਵੱਖ-ਵੱਖ ਕੌਮਾਂ ਨੂੰ ਇਕ-ਦੂਜੇ ਖ਼ਿਲਾਫ਼ ਖੜ੍ਹਾ ਕਰਨ ਦਾ ਆਧਾਰ ਵੀ ਤਿਆਰ ਕੀਤਾ ਗਿਆ ਹੈ। ਮਨੀਪੁਰ ਵਿਚ ਵੀ ਇਸੇ ਤਰ੍ਹਾਂ 3 ਕੌਮਾਂ ਤੁੰਨ ਦਿੱਤੀਆਂ ਗਈਆਂ ਹਨ ਤੇ ਵੱਖ-ਵੱਖ ਸਿਆਸੀ ਫੈਸਲਿਆਂ ਤੇ ਨੀਤੀਆਂ ਰਾਹੀਂ ਇਨ੍ਹਾਂ ਨੂੰ ਇਕ-ਦੂਜੇ ਨਾਲ਼ ਭਿੜਾਉਣ ਦਾ ਕੰਮ ਕੀਤਾ ਜਾਂਦਾ ਰਿਹਾ ਹੈ। ਇਸ ਕਰਕੇ ਇਹ ਕੌਮਾਂ ਮਨੀਪੁਰ ਦੇ ਭਾਰਤ ਵਿਚ ਜਬਰੀ ਰਲੇਵੇਂ ਦੀ ਲੜਾਈ ਤੋਂ ਭਟਕ ਕੇ ਆਪਸ ਵਿਚ ਲੜਦੀਆਂ ਰਹਿੰਦੀਆਂ ਹਨ।

ਮਨੀਪੁਰ ਮਸਲੇ ਦਾ ਮੁੱਖ ਸਵਾਲ ਇਹ ਨਹੀਂ ਬਣਦਾ ਕਿ ਮੈਤੇਈਆਂ ਨੂੰ ਅਨੁਸੂਚਿਤ ਕਬੀਲੇ ਦਾ ਹੱਕ ਮਿਲ਼ਣਾ ਚਾਹੀਦਾ ਹੈ ਜਾਂ ਨਹੀਂ, ਸਗੋਂ ਸਵਾਲ ਇਹ ਹੈ ਕਿ ਜੇ ਮੈਤੇਈ, ਕੁਕੀ ਤੇ ਨਾਗੇ ਵੱਖਰੀਆਂ ਕੌਮੀਅਤਾਂ ਹਨ ਤਾਂ ਇਨ੍ਹਾਂ ਨੂੰ ਜਬਰੀ ਇਕ ਸੂਬੇ ਵਿਚ ਕਿਉਂ ਨੂੜਿਆ ਹੋਇਆ ਹੈ? ਜੇ ਇਹ ਤਿੰਨੇ ਕੌਮਾਂ ਦੀ ਇਹੋ ਸਥਿਤੀ ਬਰਕਰਾਰ ਰਹਿੰਦੀ ਹੈ ਤਾਂ ਭਾਵੇਂ ਅਨੁਸੂਚਿਤ ਕਬੀਲੇ ਦੇ ਦਰਜੇ ਦਾ ਮਸਲਾ ਹੱਲ ਵੀ ਹੋ ਜਾਵੇ, ਕੱਲ ਕਿਸੇ ਹੋਰ ਮਸਲੇ ਉੱਪਰ ਇਹ ਟੱਕਰ ਹੋਵੇਗੀ। ਸਭ ਕੌਮਾਂ ਲਈ ਬਰਾਬਰੀ ਤੇ ਇਨਸਾਫ਼ ਦੇ ਜਮਹੂਰੀ ਅਸੂਲ ਤਹਿਤ ਅੱਜ ਘੱਟੋ-ਘੱਟ ਇਹ ਮੰਗ ਬਣਦੀ ਹੈ ਕਿ ਸਿਰਫ ਮਨੀਪੁਰ ਹੀ ਨਹੀਂ ਸਗੋਂ ਪੂਰੇ ਭਾਰਤ ਵਿਚ ਸੂਬਿਆਂ ਦਾ ਭਾਸ਼ਾਈ (ਕੌਮੀ) ਆਧਾਰ ਉੱਪਰ ਮੁੜ ਗਠਨ ਕੀਤਾ ਜਾਵੇ। ਮਤਲਬ ਭੂਗੋਲਿਕ ਤੌਰ 'ਤੇ ਜੁੜਵੇਂ ਖੇਤਰ ਵਿਚ ਵਸਦੀ ਇਕ ਕੌਮ ਨੂੰ ਇਕ ਸੂਬਾ ਜਾਂ ਪ੍ਰਸ਼ਾਸਕੀ ਇਕਾਈ ਬਣਾਇਆ ਜਾਵੇ। ਜਿਹੜੀ ਕੌਮ ਇਕ ਤੋਂ ਵੱਧ ਸੂਬਿਆਂ ਵਿਚ ਖਿੰਡਾ ਦਿੱਤੀ ਗਈ ਹੈ ਉਸਨੂੰ ਮੁੜ ਇਕ ਸੂਬੇ ਵਿਚ ਜਥੇਬੰਦ ਕੀਤਾ ਜਾਵੇ। ਇਕ ਕੌਮ ਦੇ ਭੂਗੋਲਿਕ ਇਲਾਕੇ ਦੇ ਕੁੱਝ ਹਿੱਸੇ ਵਿਚ ਵਸੀ ਕੌਮੀ ਘੱਟ ਗਿਣਤੀ ਲਈ ਖ਼ੁਦਮੁਖਤਿਆਰ ਖਿੱਤੇ ਬਣਾਏ ਜਾਣ ਜਿਹੇ ਜਮਹੂਰੀ ਹੱਲ ਵੀ ਅੱਜ ਸਾਡੇ ਸਾਹਮਣੇ ਮੌਜੂਦ ਹਨ।

ਇਸੇ ਤਹਿਤ ਮਨੀਪੁਰ ਦੇ ਠੋਸ ਹੱਲ ਦੀ ਗੱਲ ਕਰੀਏ ਤਾਂ ਇੰਫਾਲ ਵਾਦੀ ਮੈਤੇਈਆਂ ਦਾ ਵੱਖਰਾ ਸੂਬਾ ਹੋਣਾ ਚਾਹੀਦਾ ਹੈ। ਮਨੀਪੁਰ ਦੇ ਨਾਗਾਲੈਂਡ ਨਾਲ਼ ਲੱਗਦੇ ਨਾਗਾ ਬਹੁਗਿਣਤੀ ਵਾਲ਼ੇ ਇਲਾਕੇ ਨਾਗਾਲੈਂਡ ਵਿਚ ਰਲ਼ਾ ਦੇਣੇ ਚਾਹੀਦੇ ਹਨ, ਸਗੋਂ ਨਾਗਿਆਂ ਦੀ ਇਹ ਜਾਇਜ਼ ਮੰਗ ਪੂਰੀ ਕੀਤੀ ਜਾਣੀ ਚਾਹੀਦੀ ਹੈ ਕਿ ਨਾਗਾਲੈਂਡ ਨਾਲ਼ ਲੱਗਦੇ ਮਨੀਪੁਰ, ਅਸਾਮ ਤੇ ਅਰੁਣਾਚਲ ਪ੍ਰਦੇਸ਼ ਦੇ ਨਾਗਾ ਬਹੁਗਿਣਤੀ ਵਾਲ਼ੇ ਇਲਾਕੇ ਵੀ ਨਾਗਾਲੈਂਡ ਨੂੰ ਦਿੱਤੇ ਜਾਣ। ਇਸੇ ਤਰ੍ਹਾਂ ਮਨੀਪੁਰ, ਮਿਜ਼ੋਰਮ ਤੇ ਅਸਾਮ ਵਿਚਲੇ ਕੁਕੀਆਂ ਦੇ ਭੂਗੋਲਿਕ ਤੌਰ 'ਤੇ ਜੁੜਵੇਂ ਖੇਤਰ ਨੂੰ ਵੀ ਇਕ ਵੱਖਰਾ ਸੂਬਾ ਬਣਾਇਆ ਜਾਣਾ ਚਾਹੀਦਾ ਹੈ। ਇੰਝ ਭਾਰਤ ਦੇ ਸਭ ਸੂਬਿਆਂ ਦਾ ਕੌਮੀ ਆਧਾਰ ਉੱਪਰ ਮੁੜ ਗਠਨ ਉਨ੍ਹਾਂ ਦੇ ਆਪਸੀ ਟਕਰਾਵਾਂ ਦੇ ਅੰਤ ਕਰਨ ਵੱਲ ਜਾਂਦਾ ਇਕ ਕਦਮ ਹੈ।

ਕੌਮੀ ਟਕਰਾਵਾਂ ਦੇ ਹੱਲ ਲਈ ਕੌਮੀ ਆਧਾਰ ਉੱਪਰ ਸੂਬੇ ਬਣਾਉਣੇ ਇਸ ਮਸਲੇ ਦਾ ਘੱਟੋ-ਘੱਟ ਹੱਲ ਹੈ। ਇਸਦਾ ਪੂਰਨ ਹੱਲ ਇਹ ਹੈ ਕਿ ਸਭ ਕੌਮਾਂ ਨੂੰ ਵੱਖਰੇ ਹੋਣ ਸਮੇਤ ਆਪਾ ਨਿਰਣੇ ਦਾ ਹੱਕ ਦਿੱਤਾ ਜਾਵੇ। ਭਾਰਤ ਕੌਮਾਂ ਦੀ ਸਵੈ-ਇੱਛਤ ਯੂਨੀਅਨ ਹੋਵੇ ਜਿਹੜੀ ਸੰਘੀ (ਫੈਡਰਲ) ਢਾਂਚੇ ਦੇ ਅਸੂਲਾਂ ਉੱਪਰ ਜਥੇਬੰਦ ਹੋਵੇ। ਪਰ ਮੌਜੂਦਾ ਭਾਰਤੀ ਰਾਜ ਅਜਿਹਾ ਕਰਨ ਲਈ ਬਿਲਕੁਲ ਵੀ ਤਿਆਰ ਨਹੀਂ ਹੈ ਸਗੋਂ ਇਹ ਕੂਟਨੀਤੀ, ਜਬਰ ਤੇ ਫੌਜੀ ਤਾਕਤ ਰਾਹੀਂ ਸਭ ਕੌਮਾਂ ਨੂੰ ਇਕੋ ਮੁਲਕ ਵਿਚ ਨੂੜੀ ਰੱਖਣਾ ਚਾਹੁੰਦਾ ਹੈ, ਉਸਤੋਂ ਵੀ ਅੱਗੇ ਵਧ ਕੇ ਇਹ ਸਭ ਕੌਮਾਂ ਦੀ ਨਿਆਰੀ ਹਸਤੀ ਨੂੰ ਖਤਮ ਕਰ ਕੇ ਉਨ੍ਹਾਂ ਨੂੰ ਇਕ ਕੌਮ ਵਿਚ ਬਦਲਣ ਦਾ ਅਸੰਭਵ ਯਤਨ ਕਰ ਰਿਹਾ ਹੈ। ਅਜਿਹਾ ਇਸ ਲਈ ਹੈ ਕਿਉਂਕਿ ਮੌਜੂਦਾ ਰਾਜ ਸਰਮਾਏਦਾਰਾ ਰਾਜ ਹੈ, ਜੋ ਇੱਥੋਂ ਦੇ ਇਜਾਰੇਦਾਰ ਸਰਮਾਏ ਦੇ ਹਿੱਤਾਂ ਮੁਤਾਬਕ ਚੱਲਦਾ ਹੈ। ਇਸ ਵੱਡੇ ਸਰਮਾਏ ਦਾ ਹਿੱਤ ਭਾਰਤ ਨੂੰ ਇਕ ਵੱਡੀ ਮੰਡੀ ਦੇ ਰੂਪ ਵਿਚ ਇਕਜੁੱਟ ਰੱਖਣ ਵਿਚ ਹੀ ਹੈ। ਇਸ ਕਰਕੇ ਕੌਮਾਂ ਨੂੰ ਆਪਾ ਨਿਰਣੇ ਦਾ ਹੱਕ ਦੇਣ ਤੇ ਉਨ੍ਹਾਂ ਦੇ ਮਸਲੇ ਜਮਹੂਰੀ ਅਸੂਲਾਂ ਮੁਤਾਬਕ ਹੱਲ ਕਰਨ ਦਾ ਕੰਮ ਸਮਾਜਵਾਦੀ ਪ੍ਰਬੰਧ ਹੀ ਕਰ ਸਕਦਾ ਹੈ।

# ਕੌਮਵਾਦ ਦਾ ਸੰਕਲਪ ਤੇ 'ਰਾਜ ਕਰੇਗਾ ਖਾਲਸਾ'

ਸੀਨੀਅਰ ਪੱਤਰਕਾਰ ਸ. ਕਰਮਜੀਤ ਸਿੰਘ ਚੰਡੀਗੜ੍ਹ ਨੇ ਆਪਣੀ ਇਕ ਲੰਬੀ ਲਿਖਤ ਵਿਚ ਕੌਮਵਾਦ ਬਾਰੇ ਫਿਰ ਚਰਚਾ ਛੇੜੀ ਹੈ। ਡੈਨਮਾਰਕ ਦੇ ਸ. ਜਸਬੀਰ ਸਿੰਘ ਦੀ ਕਿਤਾਬ 'ਕੌਮਵਾਦ: ਸਿਧਾਂਤਕ ਜਾਣ ਪਛਾਣ' ਦੇ ਹਵਾਲੇ ਨਾਲ ਉਨ੍ਹਾਂ ਨੇ ਲਿਖਿਆ ਹੈ ਕਿ "ਇਸ ਉਘੇ ਵਿਦਵਾਨ ਨੇ ਆਪਣੀ ਪੁਸਤਕ ਵਿਚ ਉਨ੍ਹਾਂ ਪ੍ਰਸਿਧ ਵਿਦਵਾਨਾਂ ਨਾਲ ਸਾਡੀ ਜਾਣ ਪਹਿਚਾਣ ਕਰਵਾਈ ਹੈ ਜਿਨ੍ਹਾਂ ਨੇ ਕੌਮਵਾਦ ਤੇ ਕੌਮ ਦੇ ਪਿੜ ਵਿਚ ਗੰਭੀਰ ਤੇ ਬਹੁਪਖੀ ਵਿਚਾਰ ਸਾਡੇ ਸਾਹਮਣੇ ਲਿਆਂਦੇ ਹਨ। ਇਹ ਪਹਿਲੀ ਵਾਰ ਹੈ ਜਦੋਂ ਕਿਸੇ ਵਿਦਵਾਨ ਨੇ ਪੰਜਾਬੀ ਵਿਚ ਸਾਨੂੰ ਇਕ ਅਜਿਹੇ ਵਿਸ਼ੇ ਦੀ ਅਹਮੀਅਤ ਬਾਰੇ ਲੰਮੀ ਨੀਂਦ ਤੋਂ ਜਗਾਇਆ ਹੈ, ਜਿਸ ਬਾਰੇ ਸਾਡੀ ਸਮਝ ਤੇ ਸਾਡਾ ਗਿਆਨ ਜਾਂ ਤਾਂ ਸਤਈ ਕਿਸਮ ਦਾ ਹੈ ਜਾਂ ਜਜ਼ਬਾਤੀ ਹੈ ਜਾਂ ਧੁੰਦਲਾ ਹੈ ਅਤੇ ਜਾਂ ਫਿਰ ਅਸੀਂ ਇਸ ਮਹਤਵਪੂਰਨ ਵਿਸ਼ੇ ਦੇ ਵਿਚਾਰਧਾਰਕ ਪਹਿਲੂ ਨੂੰ ਅਣਗੌਲਿਆਂ ਕਰ ਛਡਿਆ ਹੈ।"



ਕੌਮਵਾਦ ਦੇ ਸੰਕਲਪ ਬਾਰੇ ਏਨੀ ਭਰਵੀਂ ਚਰਚਾ ਹੋ ਚੁਕੀ ਹੈ ਕਿ ਇਸ ਬਾਰੇ ਹੋਰ ਬਹਿਸ ਕਰਨੀ ਪਾਣੀ


**ਗੁਰਬਚਨ ਸਿੰਘ**
**ਫੋਨ: +91-98156-98451**


ਵਿਚ ਮਧਾਣੀ ਪਾਉਣ ਵਾਂਗ ਹੈ। ਪਰ ਕਿਉਂਕਿ ਸ. ਕਰਮਜੀਤ ਸਿੰਘ ਨੇ ਇਸ ਲਿਖਤ ਰਾਹੀਂ ਖਾਸ ਕਰ ਕੇ ਖਾਲਸਤਾਨੀ ਜਥੇਬੰਦੀਆਂ ਦਾ ਧਿਆਨ ਖਿਚਿਆ ਹੈ, ਇਸ ਲਈ ਇਸ ਲਿਖਤ ਬਾਰੇ ਟਿਪਣੀ ਕਰਨੀ ਜ਼ਰੂਰੀ ਬਣ ਗਈ ਹੈ। ਉਨ੍ਹਾਂ ਦੇ ਕਥਨ ਅਨੁਸਾਰ, "ਖਾਲਿਸਤਾਨ ਤੇ ਖਾਲਿਸਤਾਨੀ ਜਥੇਬੰਦੀਆਂ ਨਾਲ ਜੁੜੇ ਸਰਗਰਮ ਕਾਰਕੁਨਾਂ ਲਈ ਤਾਂ ਇਹ ਕਿਤਾਬ ਹੋਰ ਵੀ ਜ਼ਰੂਰੀ ਹੈ ਕਿਉਂਕਿ ਇਸ ਨਾਲ ਜਿਥੇ ਉਨ੍ਹਾਂ ਦੀ ਅੰਤਰਰਾਸ਼ਟਰੀ ਸਮਝ ਵਿਚ ਨਵੇਂ ਤਤ, ਨਵੇਂ ਤਥ ਅਤੇ ਨਵੀਂ ਜਾਣਕਾਰੀ ਸ਼ਾਮਿਲ ਹੋਏਗੀ, ਉਥੇ ਉਹ ਚਲੰਤ ਮਾਮਲਿਆਂ ਦੇ ਸੰਘਰਸ਼ ਦੀ ਅਹਿਮੀਅਤ ਨੂੰ ਇਸ ਅਣਗੌਲੇ ਅਤੇ ਬਹੁਤ ਹੀ ਮਹਤਵਪੂਰਨ ਵਿਸ਼ੇ ਨਾਲ ਜੋੜ ਕੇ ਜ਼ਿੰਦਗੀ ਦੇ ਮੈਦਾਨ ਵਿਚ ਅਗੇ ਵਧਣਗੇ ਤੇ ਸੰਘਰਸ਼ ਦੇ ਅਗਲੇ ਪੈਂਡਿਆਂ ਤੇ ਰਣਨੀਤੀਆਂ ਵਿਚ ਨਵੀਂ ਧੜਕਣ, ਨਵਾਂ ਜੋਸ਼ ਸ਼ਾਮਿਲ ਕਰਨਗੇ। ਇਸ ਨਾਲ ਉਨ੍ਹਾਂ ਦੀ ਰਾਜਨੀਤਕ ਦਿਸ਼ਾ ਤੇ ਤਰਜ਼ੇ-ਜ਼ਿੰਦਗੀ ਦਾ ਪਧਰ ਹੋਰਨਾਂ ਰਾਜਨੀਤਕ ਪਾਰਟੀਆਂ ਨਾਲੋਂ ਵਖਰਾ, ਨਿਵੇਕਲਾ ਤੇ ਉਚੀ ਪਧਰ ਦਾ ਵੀ ਹੋਵੇਗਾ। ਇਸ ਤੋਂ ਇਲਾਵਾ ਇਨ੍ਹਾਂ ਪਾਰਟੀਆਂ ਦੀ ਲੀਡਰਸ਼ਿਪ ਵਿਚ ਸਿਖ ਕੌਮ ਨਾਲ ਜੁੜੇ ਅੰਤਰਰਾਸ਼ਟਰੀ ਮਾਮਲਿਆਂ ਬਾਰੇ ਆਈ ਰਾਜਨੀਤਕ ਤੇ ਸਿਧਾਂਤਕ ਖੜੋਤ ਵਿਚ ਆਈਆਂ ਕਮੀਆਂ ਤੇ ਕਮਜ਼ੋਰੀਆਂ ਦਾ ਵੀ ਗਿਆਨ ਹੋਵੇਗਾ।"

ਸ. ਕਰਮਜੀਤ ਸਿੰਘ ਜੀ ਕੌਮ ਬਾਰੇ ਸੁਆਲ ਕਰਦੇ ਫਿਰ ਆਪ ਹੀ ਪੁਛਦੇ ਹਨ, "ਕੀ ਕੌਮ ਜਾਂ ਕੌਮਵਾਦ ਕੋਈ ਬਹੁਤ ਹੀ ਡੂੰਘਾ ਤੇ ਅਨੋਖੀ ਕਿਸਮ ਦਾ ਜਜ਼ਬਾ ਹੈ? ਕੀ ਇਹ ਕੋਈ ਵਿਚਾਰਧਾਰਾ ਹੈ ਜਾਂ ਇਹ ਕੋਈ ਲਹਿਰ ਜਾਂ ਅੰਦੋਲਨ ਹੈ? ਜਾਂ ਇਹ ਕੋਈ ਇਨੀ ਵਡੀ ਸ਼ਕਤੀ ਹੈ ਜੋ ਧਰਮ ਤੋਂ ਵੀ ਉਪਰ ਸਥਾਨ ਲੈ ਚੁਕੀ ਹੈ? ਜਾਂ ਫਰਾਂਸੀਸੀ ਵਿਦਵਾਨ ਅਰਨਸਟ ਰੈਨਨ (1823-1892) ਮੁਤਾਬਕ ਕੀ ਕੌਮ ਇਕ ਰੂਹ ਹੈ, ਇਕ ਰੂਹਾਨੀ ਸਿਧਾਂਤ ਹੈ ਜਿਸ ਵਿਚ ਸਾਡੇ ਅਤੀਤ ਤੇ ਵਰਤਮਾਨ ਮਿਲਦੇ ਹਨ? ਜਾਂ ਜਾਹਨ ਆਰਮਸਟਰਾਂਗ ਅਨੁਸਾਰ ਤੀਬਰ ਜਜ਼ਬਿਆਂ ਦੀ ਸਾਂਝ ਵਿਚਲੇ ਤਾਣੇ ਪੇਟੇ ਵਾਂਗ "ਤ ਪ੍ਰੋਤ ਕਿਸੇ ਗਰੁਪ ਨੂੰ ਹੀ ਅਸੀਂ ਕੌਮ ਕਹਿ ਸਕਦੇ ਹਾਂ? ਜਾਂ ਕੀ ਕੌਮਵਾਦ ਨੇ ਹੀ ਕੌਮ ਨੂੰ ਇਜਾਦ ਕੀਤਾ ਹੈ? ਕੀ ਇਹ ਕੋਈ ਘਟਨਾ ਹੈ? ਕੌਮ ਕਦੋਂ ਤੇ ਕਿਵੇਂ ਹੋਂਦ ਵਿਚ ਆਈ? ਕੀ ਇਹ ਵਖਰੇ ਵਖਰੇ ਰੂਪ ਵਿਚ ਹਰ ਦੌਰ ਵਿਚ ਮੌਜੂਦ ਸੀ?"

ਤੇ ਫਿਰ ਆਪ ਹੀ ਕਿਤਾਬ ਦੇ ਹਵਾਲੇ ਨਾਲ ਇਸ ਦਾ ਜੁਆਬ ਦੇਂਦੇ ਹਨ, "ਜਸਵੀਰ ਸਿੰਘ ਦੀ ਧਾਰਨਾ ਹੈ ਕਿ ਰਾਜ ਤੇ ਕੌਮ ਵਿਚ ਢੇਰ ਸਾਰਾ ਫਰਕ ਹੁੰਦਾ ਹੈ ਅਤੇ ਰਾਜ ਦਾ ਅਸਲ ਵਿਚ ਮੁਢ ਤੇ ਵਿਕਾਸ ਯੂਰਪ ਵਿਚ ਹੀ ਹੋਇਆ ਹੈ। ਲੇਖਕ ਇਸ ਵਿਕਾਸ ਨੂੰ ਦੋ ਹਿਸਿਆਂ ਵਿਚ ਵੰਡ ਕੇ ਪਹਿਲਾ ਹਿਸਾ 500 ਬੀਸੀ ਤੋਂ ਸ਼ੁਰੂ ਕਰਕੇ 1500 ਈਸਵੀ ਤਕ ਲੈ ਕੇ ਜਾਂਦਾ ਹੈ, ਜਦਕਿ ਦੂਜਾ ਹਿਸਾ 1600 ਈਸਵੀ ਤੋਂ ਸ਼ੁਰੂ ਹੋ ਕੇ 1900 ਈਸਵੀ ਤਕ ਜਾਂਦਾ ਹੈ। ...1900 ਈਸਵੀ ਤੋਂ ਪਹਿਲਾਂ ਇਤਿਹਾਸ ਦੇ ਹਰੇਕ ਪੜਾਅ ਵਿਚ ਬਹੁਤੇ ਰਾਜ ਨਾ ਤਾਂ ਕੌਮੀ ਸਨ ਤੇ ਨਾ ਹੀ ਧਾਰਮਿਕ ਇਕਰੂਪਤਾ ਉਤੇ ਆਧਾਰਿਤ ਸਨ ਬਲਕਿ ਬਹੁ ਕੌਮੀਰੂਪ ਦੇ ਸਨ। ਇਉ ਸਮਝੋ ਕਿ ਇਹ ਸਾਰਾ ਦੌਰ ਇਕ ਤਰ੍ਹਾਂ ਨਾਲ ਖੇਤੀ ਆਧਾਰਿਤ ਸਭਿਅਤਾ ਸੀ। ...ਪਰ 1648 ਈਸਵੀ ਵਿਚ ਯੂਰਪ ਨੇ ਇਕ ਨਵਾਂ ਮੋੜ ਕਟਿਆ ਤੇ ਮਗਰੋਂ ਬਾਕੀ ਸਾਰੇ ਖਿਤੇ ਵੀ ਹੌਲੀ ਹੌਲੀ ਇਸੇ ਮੋੜ ਵਲ ਢਲ ਗਏ ਜਾਂ ਢਾਲ ਦਿਤੇ ਗਏ। ... ਮੋਟੇ ਤੌਰ ਉਤੇ ਹੁਣ ਦੁਨੀਆਂ 'ਮੁਲਕਾਂ' ਵਿਚ ਵੰਡੀ ਗਈ ਜਿਸ ਨੂੰ ਨੇਸ਼ਨ-ਸਟੇਟ ਜਾਂ ਕੌਮੀ ਰਾਜ ਕਿਹਾ ਜਾਣ ਲਗਾ। ਅੱਜ ਦੁਨੀਆ ਵਿਚ ਕਰੀਬ 193 ਨੇਸ਼ਨ ਸਟੇਟਾਂ ਹਨ।"

ਲਿਖਤ ਅਨੁਸਾਰ ਫਰਾਂਸ ਦੇ ਇਨਕਲਾਬ (1789 ਈਸਵੀ) ਤੇ ਅਮਰੀਕਾ ਦੇ ਇਨਕਲਾਬ ਮਗਰੋਂ ਨੇਸ਼ਨ-ਸਟੇਟ ਦੀ 'ਨੁਹਾਰ' ਮੁਹਾਂਦਰਾ ਰੂਪ ਰੇਖਾ ਤੇ ਵਿਚਾਰ ਹੋਰ ਵੀ ਨਿਖਰ ਕੇ ਸਾਹਮਣੇ ਆਏ। ਜਰਮਨੀ ਦੇ ਸੂਬੇ ਵੈਸਟਫੇਲੀਆ ਵਿਚ ਹੋਈ ਇਕ ਸੰਧੀ ਨਾਲ ਪ੍ਰਭੂ ਸਤਾ ਦਾ ਸਿਧਾਂਤ ਹੋਂਦ ਵਿਚ ਆਇਆ। ਕੌਮਾਂਤਰੀ ਪ੍ਰਣਾਲੀ ਹੋਂਦ ਵਿਚ ਆਈ ਤੇ ਕੌਮਾਂਤਰੀ ਭਾਈਚਾਰੇ ਦਾ ਆਰੰਭ ਹੋਇਆ। ਕੌਮਾਂਤਰੀ ਕਾਨੂੰਨਾਂ ਨੇ ਜਨਮ ਧਾਰਿਆ ਤੇ ਨੇਸ਼ਨ-ਸਟੇਟ ਵਜੂਦ ਵਿਚ ਆਏ ਤੇ ਇਨ੍ਹਾਂ ਮੁਲਕਾਂ ਦੀਆਂ ਬਾਕਾਇਦਾ ਹਦਾਂ ਨਿਸ਼ਚਿਤ ਹੋਈਆਂ। ਰਾਜਨੀਤਕ ਮੁਹਾਵਰੇ ਮੁਤਾਬਕ ਅਸੀਂ ਹੁਣ ਭਾਰਤੀ ਨੇਸ਼ਨ-ਸਟੇਟ ਵਿਚ ਰਹਿ ਰਹੇ ਹਾਂ।

ਲਿਖਤ ਅਨੁਸਾਰ, "1648 ਈਸਵੀ ਵਿਚ ਯੂਰਪ ਨੇ ਇਕ ਨਵਾਂ ਮੋੜ ਕਟਿਆ ਤੇ ਮਗਰੋਂ ਬਾਕੀ ਸਾਰੇ ਖਿਤੇ ਵੀ ਹੌਲੀ ਹੌਲੀ ਇਸੇ ਮੋੜ ਵਲ ਢਲ ਗਏ ਜਾਂ ਢਾਲ ਦਿਤੇ ਗਏ।" 17ਵੀਂ ਸਦੀ ਦਾ ਅਧ ਇਕ ਅਜਿਹਾ ਅਹਿਮ ਮੋੜ ਹੈ ਜਦੋਂ ਯੂਰਪ ਰਾਹੀਂ ਸੰਸਾਰ ਉਤੇ ਨਵਾਂ ਆਰਥਿਕ, ਰਾਜਸੀ, ਸਮਾਜੀ ਤੇ ਸਭਿਆਚਾਰਕ ਪ੍ਰਬੰਧ ਮੜਿਆ ਗਿਆ, ਜਿਸ ਨੂੰ ਕਾਰਲ ਮਾਰਕਸ ਨੇ ਪੂੰਜੀਵਾਦ ਦਾ ਨਾਂ ਦਿਤਾ। ਯੂਰਪ ਦੇ ਰਜਵਾੜਿਆਂ, ਵਾਪਾਰੀਆਂ ਤੇ ਪੈਸੇ ਦੇ ਹਾਬੜੇ ਪੂੰਜੀਪਤੀਆਂ ਨੇ ਰਲ ਕੇ ਕੁਝ ਮਾਅਰਕੇਬਾਜ਼ ਲੋਕਾਂ ਨੂੰ ਨਵੀਂਆਂ ਧਰਤੀਆਂ ਲਭਣ ਲਈ ਉਤਸ਼ਾਹਿਤ ਕੀਤਾ ਅਤੇ ਨਵੀਂਆਂ ਲਭੀਆਂ ਧਰਤੀਆਂ ਅਮਰੀਕਾ, ਕੈਨੇਡਾ, ਆਸਟਰੇਲੀਆ ਸਮੇਤ ਭਾਰਤ ਉਪਮਹਾਂਦੀਪ ਤੇ ਅਫਰੀਕੀ ਮੁਲਕਾਂ ਦੇ ਕੁਦਰਤੀ ਸੋਮਿਆਂ ਦੀ ਲੁਟ ਕਰਨ ਲਈ ਉਨ੍ਹਾਂ ਨੇ ਜਿਨੀ ਬੇਰਹਿਮੀ ਅਤੇ ਵਹਿਸ਼ਤ ਨਾਲ ਇਨ੍ਹਾਂ ਮੁਲਕਾਂ ਦੇ ਬਾਸ਼ਿੰਦਿਆਂ ਦਾ ਕਤਲੇਆਮ ਕੀਤਾ, ਉਹ ਮਨੁਖੀ ਇਤਿਹਾਸ ਦਾ ਇਕ ਕਾਲਾ ਪੰਨਾ ਹੈ। ਇਨ੍ਹਾਂ ਪੂੰਜੀਪਤੀਆਂ ਨੇ ਆਪਣੀ ਲੁਟ ਦੇ ਘੇਰੇ ਨੂੰ ਨਿਸ਼ਚਿਤ ਕਰਨ ਲਈ ਕੌਮੀ ਰਾਜ ਦਾ ਸੰਕਲਪ ਹੋਂਦ ਵਿਚ ਲਿਆਂਦਾ।

ਇਸ ਅਥਾਹ ਲੁਟ ਨਾਲ ਇਕ ਮਨੋਰੋਗੀ ਖਪਤਕਾਰੀ ਸਮਾਜ ਸਿਰਜ ਕੇ ਜਿਹੜਾ ਪੂੰਜੀਵਾਦੀ ਆਡੰਬਰ ਰਚਿਆ ਗਿਆ, ਉਹ ਹੁਣ ਕੁਦਰਤ ਅਤੇ ਮਨੁਖ ਦੇ ਕੁਦਰਤੀ ਸੁਭਾਅ ਨਾਲ ਹੀ ਸਿਧੇ ਟਕਰਾਅ ਵਿਚ ਆ ਗਿਆ ਹੈ। ਸੰਸਾਰੀਕਰਨ ਦੇ ਦੌਰ ਵਿਚ ਕੁਦਰਤੀ ਵਾਤਾਵਰਣ ਦੀ ਹੋ ਰਹੀ ਭਿਆਨਕ ਤਬਾਹੀ ਤੇ ਭਾਰੀ ਗਿਣਤੀ ਵਿਚ ਨੌਜਵਾਨਾਂ ਸਮੇਤ ਮਨੁਖਤਾ ਦੇ ਵਡੇ ਹਿਸੇ ਦਾ ਮਨੋਰੋਗੀ ਬਣ ਜਾਣਾ ਇਸੇ ਸਾਮਰਾਜੀ ਪਾਗਲਪਣ ਦਾ ਨਿਕਲਿਆ ਸਿਟਾ ਹੈ। ਇਸ ਸਾਮਰਾਜੀ ਪੂੰਜੀਵਾਦੀ ਆਧੁਨਿਕਤਾ ਨੇ ਪਰਿਵਾਰਾਂ ਦੇ ਪਰਿਵਾਰ ਤਬਾਹ ਕਰ ਦਿਤੇ ਹਨ। ਇਸ ਨੇ ਪੈਸੇ ਦੀ ਹਾਬੜ ਅਤੇ ਬੇਲੋੜੀਆਂ ਵਸਤੂਆਂ ਦੀ ਭੁਖ ਪੈਦਾ ਕੀਤੀ ਹੈ। ਇਸੇ ਕਾਰਨ ਸਗਲ ਲੁਕਾਈ ਦਾ ਵਡਾ ਹਿਸਾ ਅੱਜ ਇਕਲਾਪੇ ਅਤੇ ਨਿਰਾਸ਼ਾ (ਡਿਪਰੈਸ਼ਨ) ਦਾ ਸ਼ਿਕਾਰ ਹੈ।

ਏਂਗਲਜ਼ ਨੇ ਲਿਖਿਆ ਹੈ, "ਮੰਡੀ ਨੇ ਮਨੁਖ ਸਮੇਤ ਹਰੇਕ ਚੀਜ਼ ਨੂੰ ਵਿਕਾਊ ਜਿਨਸ ਵਿਚ ਬਦਲ ਦਿਤਾ ਹੈ। ਵਰਤਮਾਨ ਸਮੇਂ ਵਿਚ ਅਸੀਂ ਸਾਰੇ ਆਪਣੀ ਮਰਜ਼ੀ ਨਾਲ ਆਪਣੇ ਆਪ ਨੂੰ ਵੇਚਣ ਲਈ ਮਜਬੂਰ ਹੋ ਰਹੇ ਹਾਂ। ਸਾਨੂੰ ਸਾਰਿਆਂ ਨੂੰ ਹੋਰਨਾਂ ਮਨੁਖਾਂ ਦੀ ਜੀਵਨ-ਕਿਰਿਆ ਨੂੰ ਖਰੀਦਣ ਲਈ ਆਪਣੀ ਜੀਵਨ-ਕਿਰਿਆ ਨੂੰ ਵੇਚਣਾ ਪੈਂਦਾ ਹੈ। ਜੋ ਅਸੀਂ ਮੰਡੀ ਵਿਚ ਸੁਟਦੇ ਹਾਂ ਤੇ ਜੋ ਸਾਨੂੰ ਚਾਹੀਦਾ ਹੈ, ਉਸ ਨੂੰ ਪੈਸੇ ਵਿਚ ਬਦਲਣਾ ਸਾਡੀ ਮਜਬੂਰੀ ਬਣਾ ਦਿਤੀ ਗਈ ਹੈ। ਮੌਜੂਦਾ ਮੰਡੀ ਦੇ ਦੌਰ ਵਿਚ ਸਾਡਾ ਆਪਣਾ ਸਰੀਰ ਵੀ ਸਾਡਾ ਆਪਣਾ ਨਹੀਂ ਹੈ। ਇਸ ਨੂੰ ਅਸੀਂ ਸਿਰਫ਼ ਬਾਹਰੋਂ ਹੀ ਛੂਹੰਦੇ ਹਾਂ। ਇਸ ਦੀ ਅਸਲ ਸ਼ਕਤੀ (ਸਾਡੀ ਮਾਨਸਿਕਤਾ) ਜੋ ਸਾਡੇ ਜੀਵਨ ਦਾ ਅਸਲ ਨਿਰਮਾਣ ਕਰਦੀ ਹੈ, ਉਸ ਨੂੰ ਜਦੋਂ ਅਸੀਂ ਵੇਚਦੇ ਹਾਂ ਤਾਂ ਅਸੀਂ ਆਪਣੀ ਜ਼ਿੰਦਗੀ ਆਪ ਹੀ ਵੇਚ ਦੇਂਦੇ ਹਾਂ। ਪੈਸਾ ਗੁਲਾਮੀ ਦੀ ਨਿਸ਼ਾਨੀ ਹੈ। ਸਾਡੇ ਵਿਚੋਂ ਹਰੇਕ ਮਨੁਖ ਅਡ-ਅਡ ਪਧਰ ਉਤੇ ਜੀਉਂਦਾ ਹੈ ਤੇ ਸਿਰਫ ਆਪਣੇ ਨਿਜੀ ਬੈਂਕ ਖਾਤੇ ਲਈ ਕੰਮ ਕਰਦਾ ਹੈ। ਅਜੋਕੇ ਵਿਅਕਤੀ ਦੀ ਸਭ ਤੋਂ ਵਡੀ ਤਾਕਤ ਕੀ ਹੈ? ਪੈਸਾ! ਪੈਸੇ ਦੀਆਂ ਅੰਨ੍ਹੀਆਂ ਅਤੇ ਦੁਸ਼ਟ ਸ਼ਕਤੀਆਂ ਮਨੁਖਤਾ ਦੀ ਕਿਸਮਤ ਦਾ ਫੈਸਲਾ ਕਰਦੀਆਂ ਹਨ!" (ਮਾਇਆ ਧਾਰੀ ਅਤਿ ਅੰਨਾ ਬੋਲਾ॥ ਸਬਦੁ ਨ ਸੁਣਈ ਬਹੁ ਰੋਲ ਘਚੋਲਾ॥ (ਪੰਨਾ 313)

ਇਹੀ ਦੁਸ਼ਟ ਸ਼ਕਤੀਆਂ ਅੱਜ ਮਨੁਖਤਾ ਨੂੰ ਤੀਜੀ ਸੰਸਾਰ ਜੰਗ ਦੇ ਦਹਾਨੇ ਉਤੇ ਲੈ ਆਈਆਂ ਹਨ।

ਸ. ਕਰਮਜੀਤ ਸਿੰਘ ਦੇ ਕਥਨ ਅਨੁਸਾਰ, "'ਮਾਰਕਸਵਾਦ ਤੇ ਕੌਮਵਾਦ' ਦੇ ਕਾਂਡ ਵਿਚ ਸਾਨੂੰ ਪਤਾ ਲਗਦਾ ਹੈ ਕਿ ਮਾਰਕਸਵਾਦ ਇਸ ਅਹਿਮ ਵਿਸ਼ੇ ਨਾਲ ਕਿਵੇਂ ਨਜਿਠਦਾ ਹੈ ਤੇ ਕਿਥੇ ਕਿਥੇ ਉਹ ਪੂਰੀ ਤਰ੍ਹਾਂ ਅਸਫਲ ਹੈ। ਪੁਸਤਕ ਦੇ 52 ਪੰਨੇ ਇਸੇ ਕਾਂਡ ਲਈ ਹੀ ਵਰਤੇ ਗਏ ਹਨ। ਲੇਖਕ ਮੁਤਾਬਕ ਲੈਨਿਨ, ਸਟਾਲਿਨ, ਬਰੈਜ਼ਨੇਵ, ਖੁਰਸ਼ਚੇਵ ਤੇ ਗੋਰਬਾਚੋਵ ਕੌਮੀ ਮਸਲਿਆਂ ਦੇ ਹਲ ਸਬੰਧੀ ਸਿਧਾਂਤਕ ਤੌਰ ਉਤੇ ਪਰੋਲਤਾਰੀ ਕੌਮਾਂਤਰੀਵਾਦ ਦੀ ਨੀਤੀ ਦੇ ਹੀ ਸਮਰਥਕ ਸਨ। ਪਰ ਅਮਲੀ ਤੌਰ ਉਤੇ ਇਨ੍ਹਾਂ ਵਲੋਂ ਕੌਮੀ ਵਖਰੇਵਿਆਂ ਨਾਲ ਨਜਿਠਣ ਦੇ ਪੈਂਤੜਿਆਂ ਵਿਚ ਫਰਕ ਸੀ। ਕੌਮ ਤੇ ਕੌਮਵਾਦ ਬਾਰੇ ਮਾਰਕਸਵਾਦੀ ਪਹੁੰਚ ਤੇ ਅਮਲ ਦਾ ਇਤਿਹਾਸ ਅਸਲ ਵਿਚ ਵਿਰੋਧਤਾਈਆਂ ਦਾ ਇਕ ਦਿਲਚਸਪ ਮੇਲਾ ਹੈ। ਮਾਰਕਸਵਾਦੀ ਦਰਅਸਲ ਕੌਮ ਦੀ ਵਿਸ਼ਾਲ ਤਾਕਤ ਤੇ ਪ੍ਰਭਾਵ ਨੂੰ ਪੂਰੀ ਤਰ੍ਹਾਂ ਸਮਝ ਹੀ ਨਹੀਂ ਸਕੇ। ਉਹ ਕੌਮ ਬਾਰੇ ਘੜੀ ਦੇ ਪੈਂਡੂਲਮ ਵਾਂਗ ਕਦੀ ਇਧਰ ਤੇ ਕਦੇ ਉਧਰ ਜਾਂਦੇ ਰਹੇ ਅਤੇ ਇਸ ਦਾ ਅਸਰ ਪੂਰਬੀ ਯੂਰਪ ਦੇ ਦੇਸ਼ਾਂ ਚੈਕੋਸਲਵਾਕੀਆ, ਯੂਗੋਸਲਾਵੀਆ, ਅਲਬਾਨੀਆ, ਰੁਮਾਨੀਆ, ਪੋਲੈਂਡ, ਬਲਗਾਰੀਆ ਤੇ ਹੰਗਰੀ ਆਦਿ ਮੁਲਕਾਂ ਉਤੇ ਵੀ ਪਿਆ। ਪੂਰਬੀ ਯੂਰਪ ਦੇ ਦੇਸਾਂ ਵਿਚ ਸਮਾਜਵਾਦੀ ਢਾਂਚੇ ਢਹਿਢੇਰੀ ਹੋ ਗਏ ਅਤੇ ਵਖ ਵਖ ਕੌਮੀਅਤਾਂ ਵਿਚਕਾਰ ਹੋਈਆਂ ਜੰਗਾਂ ਕਾਰਨ ਲਖਾਂ ਲੋਕ ਮਾਰੇ ਗਏ। ਪਰੋਲਤਾਰੀ ਕੌਮਾਂਤਰੀਵਾਦ ਦੀ ਤਾਨਾਸ਼ਾਹੀ ਨੂੰ ਕਿਵੇਂ ਅਮਲ ਵਿਚ ਲਿਆਉਣਾ ਹੈ, ਕਿਵੇਂ ਇਕ 'ਕੌਮਾਂਤਰੀ ਬੋਲੀ' ਪੈਦਾ ਕਰਨੀ ਹੈ ਤੇ ਇਸ ਮੰਜ਼ਲ ਨੂੰ ਹਾਸਲ ਕਰਨ ਲਈ ਦਬੀਆਂ ਕੁਚਲੀਆਂ ਕੌਮਾਂ ਤੇ ਉਨ੍ਹਾਂ ਦੀਆਂ ਬੋਲੀਆਂ ਨੂੰ ਕਿਵੇਂ ਪੜਾਅਵਾਰ ਤੇ ਹੌਲੀ ਹੌਲੀ ਦੀ ਰਣਨੀਤੀ ਉਤੇ ਚਲ ਕੇ ਖਤਮ ਕਰਨਾ ਹੈ, ਇਸ ਬਾਰੇ ਪੰਨਾ 168 ਉਤੇ ਸਟਾਲਿਨ ਦਾ ਏਜੰਡਾ ਪੜਨ ਹੀ ਵਾਲਾ ਹੈ। ਜਸਵੀਰ ਸਿੰਘ ਦਸਦਾ ਹੈ ਕਿ ਆਖਰ ਨੂੰ ਇਹ ਏਜੰਡਾ ਬੁਰੀ ਤਰ੍ਹਾਂ ਅਸਫਲ ਹੋਇਆ ਤੇ ਖੁਦ ਸੋਵੀਅਤ ਯੂਨੀਅਨ ਹੀ 1991 ਵਿਚ ਢਹਿਢੇਰੀ ਹੋ ਗਿਆ।"

ਇਥੇ ਧਿਆਨ ਵਿਚ ਰਖਣ ਵਾਲੀ ਗੱਲ ਇਹ ਹੈ ਕਿ ਮਾਰਕਸ ਨੇ ਖੁਦ ਕੌਮਵਾਦ ਬਾਰੇ ਕੋਈ ਸਿਧਾਂਤ ਪੇਸ਼ ਨਹੀਂ ਕੀਤਾ। ਉਹ ਸਾਰੀ ਉਮਰ ਕਮਿਊਨਿਸਟ ਇੰਟਰਨੈਸ਼ਨਲ ਜਥੇਬੰਦ ਕਰਦਾ ਰਿਹਾ ਤੇ 'ਦੁਨੀਆਂ ਭਰ ਦੇ ਕਿਰਤੀਓ ਇਕ ਹੋ ਜਾਓ!' ਦੇ ਨਾਹਰੇ ਲਾਉਂਦਾ ਰਿਹਾ। ਉਹ ਇਹ ਵੀ ਕਹਿੰਦਾ ਰਿਹਾ ਕਿ ਕੁਝ ਦੇਸਾਂ ਦੇ ਕਿਰਤੀ ਰਲ ਕੇ ਹੀ ਸਮਾਜਵਾਦੀ ਇਨਕਲਾਬ ਨੂੰ ਸਫਲ ਕਰ ਸਕਦੇ ਹਨ। ਇਹ ਲੈਨਿਨ ਤੇ ਸਟਾਲਿਨ ਸਨ ਜਿਨ੍ਹਾਂ ਨੇ ਕੌਮੀ ਸਿਧਾਂਤ ਨੂੰ ਬਾਕਾਇਦਾ ਕਲਮਬਧ ਕੀਤਾ ਅਤੇ 'ਕੌਮਾਂ ਦੇ ਸਵੈਨਿਰਨੇ ਦੇ ਹਕ' ਨੂੰ ਬੁਲੰਦ ਕਰਨ ਦਾ ਨਾਹਰਾ ਦੇ ਕੇ 'ਨੇਸ਼ਨ ਸਟੇਟ' ਦੇ ਸੰਕਲਪ ਨੂੰ ਸਥਾਈ ਰੂਪ ਵਿਚ ਪਕਾ ਕਰ ਦਿਤਾ। ਉਨ੍ਹਾਂ ਨੇ ਪਹਿਲੀ ਵਾਰ ਸਾਂਝੇ ਖਿਤੇ, ਸਾਂਝੀ ਬੋਲੀ, ਸਾਂਝੇ ਅਰਥਚਾਰੇ ਤੇ ਸਾਂਝੇ ਵਿਰਸੇ (ਸਭਿਆਚਾਰ) ਦੇ ਆਧਾਰ ਉਤੇ ਕੌਮ ਦੀ ਵਿਆਖਿਆ ਕੀਤੀ। ਪਰ ਕਿਉਂਕਿ ਲੈਨਿਨ ਨੇ ਮਾਰਕਸ ਦੀ ਵਿਕਸਿਤ ਕੀਤੀ ਭੌਤਿਕਵਾਦੀ ਫਿਲਾਸਫੀ ਨੂੰ ਅਣਗੌਲਿਆ ਕਰ ਕੇ ਕਮਿਊਨਿਜ਼ਮ ਨੂੰ ਨਾਸਤਿਕਤਾ ਨਾਲ ਲਰੜ ਦਿਤਾ, ਇਸ ਲਈ ਉਸ ਨੇ ਕੌਮ ਦੇ ਸਭ ਤੋਂ ਅਹਿਮ ਤਤ ਫਿਲਾਸਫੀ ਨੂੰ ਨਕਾਰ ਦਿਤਾ। ਅਤੇ ਫਿਲਾਸਫੀ ਤੋਂ ਬਿਨਾਂ ਲੁਕਾਈ ਦੇ ਮਨ ਨੂੰ ਕੌਮੀ ਘੇਰੇ ਵਿਚੋਂ ਬਾਹਰ ਕਢ ਕੇ ਇਕ ਵਡੇ ਸਰਬਵਿਆਪੀ ਬ੍ਰਹਮੰਡੀ ਭਾਈਚਾਰੇ ਨਾਲ ਨਹੀਂ ਸੀ ਜੋੜਿਆ ਜਾ ਸਕਦਾ।

ਮਾਰਕਸ ਨੇ ਲਿਖਿਆ ਹੈ, "ਜੇ ਗਲਤ ਸੰਕਲਪ ਇਕ ਵਾਰ ਸਾਡੀ ਬੌਧਿਕਤਾ ਨੂੰ ਜਿਤ ਲੈਣ, ਸਾਡੇ ਦ੍ਰਿਸ਼ਟੀਕੋਣ ਨੂੰ ਕਾਬੂ ਕਰ ਲੈਣ ਤੇ ਜਿਨ੍ਹਾਂ ਦਾ ਤਰਕ ਸਾਡੀ ਆਤਮਾ (ਚੇਤਨਾ) ਨੂੰ ਜਕੜ ਲਵੇ, ਅਜਿਹੇ ਦੈਂਤ ਹਨ ਜਿਨ੍ਹਾਂ ਸਾਹਮਣੇ ਸਿਰਫ ਹਥਿਆਰ ਸੁਟ ਕੇ ਹੀ ਮਨੁਖ ਆਪਣਾ ਖਹਿੜਾ ਛੁਡਾ ਸਕਦਾ ਹੈ।" (ਕਾਰਲ ਮਾਰਕਸ, ਸਾਮੂਹਿਕ ਲਿਖਤਾਂ, ਜਿਲਦ ਪਹਿਲੀ, ਸਫਾ 221)

ਮੌਜੂਦਾ ਦੌਰ ਵਿਚ ਜਿਹੜੇ ਸਭ ਤੋਂ ਖਤਰਨਾਕ ਗਲਤ ਸੰਕਲਪ ਨੇ ਸਾਡੀ ਬੌਧਿਕਤਾ ਤੇ ਸਾਡੇ ਦ੍ਰਿਸ਼ਟੀਕੋਣ ਨੂੰ ਕਾਬੂ ਕੀਤਾ ਹੈ ਤੇ ਸਾਡੀ ਆਤਮਾ ਨੂੰ ਜਕੜਿਆ ਹੋਇਆ ਹੈ, ਉਹ ਹੈ ਪੂੰਜੀਵਾਦੀ ਵਿਚਾਰਧਾਰਾ ਦਾ ਫੈਲਾਇਆ ਕੌਮੀ ਰਾਜ ਦਾ ਸੰਕਲਪ। ਪਿਛਲੀਆਂ ਦੋ ਢਾਈ ਸਦੀਆਂ ਵਿਚ ਇਸ ਗਲਤ ਸੰਕਲਪ ਨੇ ਮਨੁਖਤਾ ਦਾ ਜਿੰਨਾ ਘਾਣ ਕੀਤਾ ਹੈ, ਏਨਾ ਘਾਣ ਕਿਸੇ ਵੀ ਹੋਰ ਸੰਕਲਪ ਨੇ ਨਹੀਂ ਕੀਤਾ। ਇਸ ਸਮੁਚੇ ਵਰਤਾਰੇ ਦੀ ਵਿਆਖਿਆ ਕਰਦਿਆਂ ਡਾ. ਗੁਰਭਗਤ ਸਿੰਘ ਨੇ ਲਿਖਿਆ ਹੈ, "ਇਕ ਵਧੀਆ ਗੱਲ ਇਹ ਵਾਪਰੀ ਹੈ ਕਿ ਹੁਣ ਅੰਤਰਰਾਸ਼ਟਰੀ ਸਭਿਆਚਾਰਕ ਚਿੰਤਨ ਵਿਚ "ਕੌਮ" ਸ਼ਬਦ ਤੇ ਸੰਕਲਪ ਦਾ ਪਹਿਲਾਂ ਵਾਲਾ ਬੋਲਬਾਲਾ ਨਹੀਂ ਰਿਹਾ। ਅੱਜ ਅਸੀਂ ਇਹ ਸਮਝਦੇ ਹਾਂ ਕਿ ਹਰ ਵਿਲਖਣ ਖਿਤਾ ਜਾਂ ਧਰਤੀ ਦੇ ਲੋਕ ਇਕ ਸਭਿਆਚਾਰ ਹਨ ਕੇਵਲ ਕੌਮ ਨਹੀਂ। ਕੌਮ ਇਕ ਸੌੜਾ ਸੰਕਲਪ ਹੈ। ਇਸ ਵਿਚ ਇਕ ਵਿਚਾਰਧਾਰਾ ਦੀ ਪ੍ਰਧਾਨਤਾ ਹੁੰਦੀ ਹੈ। ਆਮ ਤੌਰ ਉਤੇ ਜਿਹੜਾ ਵਰਗ ਤਾਕਤ ਵਿਚ ਹੁੰਦਾ ਹੈ, ਆਪਣੇ ਰਾਜਨੀਤਕ ਤੇ ਆਰਥਿਕ ਬਲ ਨਾਲ ਦੂਜੇ ਵਰਗਾਂ ਨੂੰ ਉਨ੍ਹਾਂ ਦੇ ਦ੍ਰਿਸ਼ਟੀਕੋਣਾਂ ਤੇ ਵਿਚਾਰਧਾਰਾਵਾਂ ਸਮੇਤ ਦਬਾਅ ਲੈਂਦਾ ਹੈ ਤੇ ਆਪਣੀ ਵਿਚਾਰਧਾਰਾ ਸਥਾਪਿਤ ਕਰ ਲੈਂਦਾ ਹੈ। ਇਸ ਲਈ ਕੌਮ ਤੇ ਕੌਮਵਾਦ ਲਹੂ-ਲੁਹਾਣ ਕਰਨ ਵਾਲੀ ਤੇ ਅਧੀਨ ਕੀਤੀਆਂ ਕੌਮਾਂ-ਉਪਕੌਮਾਂ ਨੂੰ ਲੁਟਣ ਨਾਲ ਜੁੜੀ ਕਿਰਿਆ ਤੋਂ ਮੁਕਤ ਨਹੀਂ। ਸਭਿਆਚਾਰ ਵਿਸ਼ਾਲ ਸੰਕਲਪ ਹੈ। ਉਨ੍ਹਾਂ ਦੇ ਪਰਿਪੇਖ ਵੀ ਅੰਤਰ-ਕੌਮੀ ਹੋ ਸਕਦੇ ਹਨ। ਇਸ ਲਈ ਸਭਿਆਚਾਰ ਦਾ ਪਰਿਪੇਖ ਜਾਂ ਕਹੀ ਜਾਂਦੀ ਵਿਚਾਰਧਾਰਾ ਬਿਲਕੁਲ ਆਰਜ਼ੀ ਤੇ ਪਰਿਵਰਤਨਸ਼ੀਲ ਹੁੰਦੀ ਹੈ। ਇਸ ਦਾ ਆਪਣਾ ਗੌਰਵ ਹੁੰਦਾ ਹੈ ਤੇ ਨਿਗ੍ਹਾ "ਵਿਗਾਸ" ਵੱਲ ਹੁੰਦੀ ਹੈ।"

..."ਐਂਡਰਸਨ ਦੇ 'ਕੌਮ' ਬਾਰੇ ਸਿਧਾਂਤਕ ਕੰਮ ਪਿਛੋਂ ਹੁਣ ਇਸ ਗੱਲ ਬਾਰੇ ਅੰਤਰਰਾਸ਼ਟਰੀ ਸਹਿਮਤੀ ਹੈ ਕਿ 'ਕੌਮ' ਇਕ ਕਲਪਿਤ ਸੰਰਚਨਾ ਹੈ, ਅਸਲੀਅਤ ਨਹੀਂ। ਜਿਸ ਅਸਲੀਅਤ ਉਤੇ ਇਹ ਕਲਪਨਾ ਆਧਾਰਿਤ ਹੈ, ਉਸ ਨੂੰ ਕਿਸੇ ਹੋਰ ਰੂਪ ਜਾਂ ਪਰਿਭਾਸ਼ਾ ਵਿਚ ਵੀ ਪੇਸ਼ ਕੀਤਾ ਜਾ ਸਕਦਾ ਹੈ। ਵਾਲਟਰ ਬੈਂਜ਼ਾਮਨ ਜੋ ਕਿ ਯਹੂਦੀ ਸੀ ਤੇ ਹਿਟਲਰ ਦੇ ਜ਼ੁਲਮਾਂ ਦਾ ਸ਼ਿਕਾਰ ਸੀ, ਦੀਆਂ ਲਿਖਤਾਂ ਇਸ ਗਿਆਨ ਨਾਲ ਭਰਪੂਰ ਹਨ ਕਿ ਕੌਮ ਤੇ ਕੌਮੀ ਪ੍ਰਭੂਤਾ ਲਹੂ-ਲੂਹਾਣ ਕਰਨ ਵਾਲੀ ਜੰਗ ਨਾਲ ਜੁੜੇ ਹੋਏ ਸੰਕਲਪ ਹਨ। ਕੌਮ ਬਾਰੇ ਇਸ ਚਰਚਾ ਤੋਂ ਭਾਵ ਇਹ ਹੈ ਕਿ ਜੇ ਕੌਮ ਦੇ ਸੰਕਲਪ ਨਾਲ ਚਲੀਏ ਤਾਂ ਵਿਸ਼ਵ ਵਿਚ ਸ਼ਾਂਤੀ ਸੰਭਵ ਨਹੀਂ। ਕਿਉਂਕਿ ਕੌਮਾਂ ਆਪਸੀ ਮੁਕਾਬਲੇ ਵਿਚ ਇਕ-ਦੂਜੇ ਨੂੰ ਹੀਣ ਕਹਿੰਦੀਆਂ ਹਨ। ਹਰ ਕੌਮ ਆਪਣੇ ਵਿਕਾਸ ਲਈ ਤੇ ਦੂਜੇ ਦੇ ਸ੍ਰੋਤ ਹਥਿਆਉਣ

## ਪ੍ਰਤੀਕਰਮ

ਲਈ ਕਿਰਿਆਸ਼ੀਲ ਹੋ ਜਾਂਦੀ ਹੈ। ਨਤੀਜਾ ਘਾਤਕ ਜੰਗਾਂ ਵਿਚ ਨਿਕਲਦਾ ਹੈ।"

... "ਵਿਸ਼ਵ ਨੂੰ ਕੌਮ ਦੀ ਪਰਿਭਾਸ਼ਾ ਤੇ ਸੰਕਲਪ ਨਾਲ ਵੇਖਣਾ 16ਵੀਂ ਸਦੀ ਵਿਚ ਉਭਰੇ ਯੌਰਪੀ ਪੂੰਜੀਵਾਦ ਦੀ ਇਕ ਮਜਬੂਰੀ ਸੀ। ਪੂੰਜੀ ਦੇ ਵਿਕਾਸ ਲਈ ਲੋਕਾਂ ਨੂੰ ਇਕ ਕੌਮ ਤੇ ਕੌਮੀ ਵਿਚਾਰਧਾਰਾ ਦੁਆਲੇ ਸੰਗਠਿਤ ਕਰ ਕੇ ਪ੍ਰੇਰਣਾ ਕਾਫੀ ਸੌਖਾ ਸੀ। ਇਸ ਲਈ ਚੜ੍ਹਤ ਵਿਚ ਆਏ ਪੂੰਜੀਵਾਦ ਤੇ ਇਸ ਦੇ ਸਿਧਾਂਤਕਾਰਾਂ ਨੇ ਕੌਮ ਦੇ ਸੰਕਲਪ ਨੂੰ ਉਤਸ਼ਾਹਿਤ ਕੀਤਾ। ਇਸ ਨਾਲ ਪੂੰਜੀ ਤੇ ਪੂੰਜੀਵਾਦ ਦਾ ਵਿਕਾਸ ਤਾਂ ਜ਼ਰੂਰ ਹੋਇਆ ਪਰ ਨਾਲ ਹੀ ਯੌਰਪੀ ਕੌਮਾਂ ਇਕ-ਦੂਜੇ ਨਾਲ ਮੁਕਾਬਲੇ ਵਿਚ ਰੁਝ ਗਈਆਂ। ਇਸ ਦੇ ਨਕਾਰਾਤਮਕ ਨਤੀਜੇ ਵੀ ਨਿਕਲੇ। ਵਡਾ ਨਕਾਰਾਤਮਕ ਨਤੀਜਾ ਸੀ ਪਹਿਲੀ ਤੇ ਦੂਜੀ ਵਿਸ਼ਵ ਜੰਗ, ਜਿਸ ਦੀ ਲਪੇਟ ਵਿਚ ਏਸ਼ੀਆ, ਰੂਸ, ਚੀਨ ਆਦਿ ਸਭ ਆ ਗਏ। ਇਸ ਦਾ ਅਸਰ ਅਫਰੀਕਨ ਦੇਸ਼ਾਂ ਉਤੇ ਵੀ ਪਿਆ। ਯਹੂਦੀ ਸਮਸਿਆ ਵਡੇ ਰੂਪ ਵਿਚ ਖੜੀ ਹੋਈ। ਉਸ ਨੂੰ ਹਲ ਕਰਨ ਲਈ ਮਧ-ਪੂਰਬ ਤੇ ਇਸਲਾਮੀ ਦੇਸਾਂ ਨੂੰ ਵੀ ਬੇਚੈਨ ਕਰਨਾ ਪਿਆ।"

ਯੂਕਰੇਨ ਵਿਚ ਰੂਸ-ਚੀਨ ਗਠਜੋੜ ਤੇ ਅਮਰੀਕਾ ਦੀ ਅਗਵਾਈ ਹੇਠਲੇ ਨਾਟੋ ਦੇਸਾਂ ਵਿਚਕਾਰ ਲੜੀ ਜਾ ਰਹੀ ਸਾਮਰਾਜੀ ਜੰਗ ਇਸੇ ਗਲਤ ਕੌਮੀ ਰਾਜ ਦੇ ਸੰਕਲਪ ਦਾ ਸਿਟਾ ਹੈ। ਹਿੰਦੀ-ਹਿੰਦੂ-ਹਿੰਦੋਸਤਾਨ ਦੇ ਇਸੇ ਗਲਤ ਰਾਸ਼ਟਰੀ ਸੰਕਲਪ ਨੇ ਪਿਛਲੇ ਇਕ ਦਹਾਕੇ ਤੋਂ ਸਾਡੇ ਇਸ ਉਪਮਹਾਂਦੀਪ ਵਿਚ ਵਡੀ ਪਧਰ ਉਤੇ ਗੜਬੜ ਚੌਥ ਫੈਲਾਈ ਹੋਈ ਹੈ। ਜੇ ਰੂਸ-ਯੂਕਰੇਨ ਦੇ ਕੌਮੀ ਸੰਕਲਪ ਦੇ ਪਿਛੋਕੜ ਵਿਚ ਲੈਨਿਨ-ਸਟਾਲਿਨ ਦੀਆਂ ਕੌਮੀ ਮਸਲੇ ਬਾਰੇ ਬਣੀਆਂ ਗਲਤ ਧਾਰਨਾਵਾਂ ਮੌਜੂਦ ਹਨ ਤਾਂ ਹਿੰਦੀ-ਹਿੰਦੂ-ਹਿੰਦੋਸਤਾਨ ਦੇ ਰਾਸ਼ਟਰਵਾਦ ਦੇ ਪਿਛੋਕੜ ਵਿਚ ਸ਼ਹੀਦ ਭਗਤ ਸਿੰਘ ਦੀਆਂ ਆਰੀਆ ਸਮਾਜੀ ਧਾਰਨਾਵਾਂ ਮੌਜੂਦ ਹਨ।

ਸ. ਕਰਮਜੀਤ ਸਿੰਘ ਦੇ ਕਥਨ ਅਨੁਸਾਰ, "ਲੇਖਕ ਇਸ ਸਬੰਧ ਵਿਚ ਪ੍ਰਸਿਧ ਰਾਜਨੀਤਕ ਵਿਦਵਾਨ ਐਰਿਕ ਹਾਬਸਬਾਮ ਦਾ ਹਵਾਲਾ ਦੇ ਕੇ ਉਸ ਦੇ ਵਿਸ਼ਲੇਸ਼ਣ ਨੂੰ ਮਹਤਵਪੂਰਨ ਵਿਸ਼ਲੇਸ਼ਣ ਕਰਾਰ ਦਿੰਦਾ ਹੈ।"

ਐਰਿਕ ਹਾਬਸਬਾਮ 20ਵੀਂ ਸਦੀ ਦਾ ਸਭ ਤੋਂ ਵਡਾ ਇਤਿਹਾਸਕਾਰ ਹੈ। ਉਸ ਨੇ ਪੂਰੀ ਇਕ ਸਦੀ ਦੇ ਇਤਿਹਾਸ ਨੂੰ ਕਲਮਬਧ ਕੀਤਾ ਹੈ। ਐਰਿਕ ਹਾਬਸਬਾਮ ਉਨ੍ਹਾਂ ਕੁਝ ਕੁ ਵਡੇ ਵਿਦਵਾਨਾਂ ਵਿਚ ਸ਼ਾਮਿਲ ਸੀ, ਜਿਨ੍ਹਾਂ ਨੇ ਸੋਵੀਅਤ ਯੂਨੀਅਨ ਸਰਕਾਰ ਦੀ ਮਦਦ ਨਾਲ ਮਾਰਕਸ ਏਂਗਲਜ਼ ਦੀਆਂ ਸਾਰੀਆਂ ਲਿਖਤਾਂ ਨੂੰ ਅੰਗਰੇਜ਼ੀ ਵਿਚ ਅਨੁਵਾਦ ਕਰ ਕੇ ਉਹਨਾਂ ਦੀਆਂ ਸਾਮੂਹਿਕ ਲਿਖਤਾਂ ਦੇ ਰੂਪ ਵਿਚ ਛਪਵਾਇਆ। ਸੀਨੀਅਰ ਪਤਰਕਾਰ ਪ੍ਰੇਮ ਸ਼ੰਕਰ ਝਾਅ ਨੇ ਉਸ ਨਾਲ ਇਕ ਲੰਬੀ ਗਲਬਾਤ ਕੀਤੀ ਸੀ, ਜਿਸ ਦੇ ਪੰਜਾਬੀ ਰੂਪ ਨੂੰ ਮੈਂ ਮਾਸਿਕ 'ਦੇਸ ਪੰਜਾਬ' ਵਿਚ ਛਾਪਿਆ ਸੀ। 20ਵੀਂ ਸਦੀ ਬਾਰੇ ਲਿਖੀਆਂ ਉਸ ਦੀਆਂ ਤਿੰਨੇ ਕਿਤਾਬਾਂ ਮੈਂ ਪੜ੍ਹੀਆਂ ਹਨ।

ਐਰਿਕ ਹਾਬਸਬਾਮ ਨੇ 20ਵੀਂ ਸਦੀ ਨੂੰ ਮਨੁਖੀ ਇਤਿਹਾਸ ਦੀ ਸਭ ਤੋਂ ਵਧੇਰੇ ਵਹਿਸ਼ੀ ਖ਼ੂਨੀ ਸਦੀ ਕਿਹਾ ਹੈ। ਉਸ ਨੇ ਇਹ ਵੀ ਜਾਣਕਾਰੀ ਦਿਤੀ ਹੈ ਕਿ ਆਟੋਮੈਨ ਐਂਪਾਇਰ ਵਿਚ ਸਾਰੇ ਧਰਮਾਂ ਦੇ ਲੋਕ ਰਲ-ਮਿਲ ਕੇ ਰਹਿੰਦੇ ਸਨ। ਪਰ ਕੌਮੀ ਰਾਜਾਂ ਦੀ ਆਮਦ ਨੇ ਮਨੁਖੀ ਸਮਾਜਾਂ ਵਿਚ ਪਰਲੋ ਲੈ ਆਂਦੀ। 20ਵੀਂ ਸਦੀ ਵਿਚ ਆਰਮੀਨੀਅਨ ਲੋਕਾਂ ਦੀ ਹੋਈ ਨਸਲਕੁਸ਼ੀ ਇਸੇ ਵਰਤਾਰੇ ਦਾ ਅੰਗ ਸੀ। ਜਿਵੇਂ ਕਿ ਮਹਾਤਮਾ ਗਾਂਧੀ ਨੇ 'ਸਵਰਾਜ' ਵਿਚ ਲਿਖਿਆ ਹੈ, "ਹਿੰਦੂ ਲੋਕ ਮੁਸਲਮਾਨ ਬਾਦਸ਼ਾਹਾਂ ਦੇ ਅਧੀਨ ਤੇ ਮੁਸਲਮਾਨ ਹਿੰਦੂ ਰਾਜਿਆਂ ਦੇ ਅਧੀਨ ਰਹਿੰਦੇ ਆਏ ਹਨ। ਦੋਵਾਂ ਨੂੰ ਬਾਅਦ ਵਿਚ ਸਮਝ ਆ ਗਿਆ ਕਿ ਝਗੜਣ ਦਾ ਕੋਈ ਫਾਇਦਾ ਨਹੀਂ। ਲੜਨ ਨਾਲ ਕੋਈ ਆਪਣਾ ਧਰਮ ਨਹੀਂ ਛਡੇਗਾ ਤੇ ਕੋਈ ਆਪਣੀ ਜ਼ਿਦ ਵੀ ਨਹੀਂ ਛਡੇਗਾ। ਇਸ ਲਈ ਦੋਵਾਂ ਨੇ ਮਿਲ ਕੇ ਰਹਿਣ ਦਾ ਫੈਸਲਾ ਕਰ ਲਿਆ। ਝਗੜੇ ਤਾਂ ਫਿਰ ਤੋਂ ਅੰਗਰੇਜ਼ਾਂ ਨੇ ਸ਼ੁਰੂ ਕਰਵਾਏ।" (ਹਿੰਦ ਸਵਰਾਜ, ਸਫਾ 179) ਪਰ ਹਿੰਦੂ ਰਾਸ਼ਟਰ ਦਾ ਨਾਅਰਾ ਲਗਦਿਆਂ ਹੀ ਹਿੰਦੋਸਤਾਨ ਵਿਚ ਹਰੇਕ ਘਟ ਗਿਣਤੀ ਦੀ ਸ਼ਾਮਤ ਆ ਗਈ।

ਸ. ਕਰਮਜੀਤ ਸਿੰਘ ਨੇ ਲਿਖਿਆ ਹੈ, "ਰਾਸ਼ਟਰਵਾਦ ਤੇ ਫਾਸ਼ੀਵਾਦ ਦਰਮਿਆਨ ਫਰਕ ਹੁੰਦਾ ਹੈ। ਰਾਸ਼ਟਰਵਾਦ ਦੇ ਨਿਸ਼ਾਨੇ ਜੇ ਮਨੁਖਤਾਵਾਦੀ ਫਿਲਾਸਫੀ ਤੋਂ ਥਿੜਕ ਜਾਣ ਤਾਂ ਫਿਰ ਉਹ ਫਾਸ਼ੀਵਾਦ ਦਾ ਰੂਪ ਅਖਤਿਆਰ ਕਰ ਲੈਂਦੇ ਹਨ।"

ਕਾਰਲ ਮਾਰਕਸ ਨੇ ਮਨੁਖਤਾਵਾਦ ਦੀ ਮੌਲਿਕ ਵਿਆਖਿਆ ਕਰਦਿਆਂ ਲਿਖਿਆ ਹੈ, "ਕਮਿਊਨਿਜ਼ਮ ਪੂਰਨ ਵਿਕਸਿਤ ਕੁਦਰਤਵਾਦ ਵਜੋਂ ਮਨੁਖਤਾਵਾਦ ਹੈ ਅਤੇ ਪੂਰਨ ਵਿਕਸਿਤ ਮਨੁਖਤਾਵਾਦ ਵਜੋਂ ਕੁਦਰਤਵਾਦ ਹੈ। ਮਨੁਖ ਤੇ ਕੁਦਰਤ ਵਿਚਲੇ ਅਤੇ ਮਨੁਖ ਤੇ ਮਨੁਖ ਵਿਚਲੇ ਟਕਰਾਅ ਦਾ ਇਹੀ ਖਰਾ ਹੱਲ ਹੈ। ਹੋਂਦ ਤੇ ਤਤ ਵਿਚਲੇ, ਬਾਹਰਮੁਖੀ ਅਮਲ ਤੇ ਅੰਤਰਮੁਖੀ ਸੋਚ ਵਿਚਲੇ, ਆਜ਼ਾਦੀ ਤੇ ਲੋੜਾਂ ਵਿਚਲੇ, ਨਿਜ

*(ਬਾਕੀ ਅਗਲੇ ਸਫੇ 'ਤੇ)*

# ਮਹਾਨ ਚਿੱਤਰਕਾਰ- ਸ. ਕ੍ਰਿਪਾਲ ਸਿੰਘ

**ਪਹਿਲੀ ਜਨਮ ਸ਼ਤਾਬਦੀ 'ਤੇ ਵਿਸ਼ੇਸ਼**

**ਜੈਤੇਗ ਸਿੰਘ ਅਨੰਤ**
**ਫੋਨ: +1 77838-58141**



ਸ. ਕ੍ਰਿਪਾਲ ਸਿੰਘ ਚਿੱਤਰਕਾਰ ਦਾ ਨਾਮ ਕਿਸੇ ਜਾਣ ਪਹਿਚਾਣ ਦਾ ਮੁਥਾਜ ਨਹੀਂ। ਉਹ ਅਜਿਹਾ ਪਹਿਲਾ ਚਿੱਤਰਕਾਰ ਹੈ ਜਿਸ ਨੇ ਸਿੱਖਾਂ ਦੇ ਮਹਾਨ ਵਿਰਸੇ ਤੇ ਵਿਰਾਸਤ, ਪਿਛਲੇ ਪੰਜ ਸੌ ਸਾਲਾਂ ਦੇ ਇਤਿਹਾਸ, ਦਰਦ ਭਰੀਆਂ ਕੁਰਬਾਨੀਆਂ, ਸ਼ਹਾਦਤਾਂ, ਜੰਗਾਂ ਤੇ ਬਹਾਦਰੀ ਭਰੇ ਕਾਰਨਾਮਿਆਂ ਨੂੰ ਆਪਣੀ ਤੀਖਣ ਬੁੱਧੀ ਨਾਲ ਵੱਡ-ਅਕਾਰੀ ਕੈਨਵਸਾਂ 'ਤੇ ਸਫਲਤਾ ਸਹਿਤ ਆਪਣੇ ਬੁਰਸ਼ ਦੀਆਂ ਛੋਹਾਂ ਨਾਲ ਸਾਕਾਰ ਕੀਤਾ ਹੈ। ਉਹ ਕਿਸੇ ਇਤਿਹਾਸਕਾਰ ਤੋਂ ਘੱਟ ਨਹੀਂ। ਉਹ ਸਦਾ ਸ਼ਬਦ-ਸੁਰ 'ਚ ਸਵਾਰ ਸਿੱਖ ਇਤਿਹਾਸ, ਸਿੱਖ ਸਭਿਆਚਾਰ, ਸਿੱਖ ਰਹੁ-ਰੀਤਾਂ ਨੂੰ ਆਪਣੀਆਂ ਪੇਂਟਿੰਗਜ਼ ਵਿਚ ਬੜੀ ਸਫਲਤਾ ਸਹਿਤ ਸਾਕਾਰ ਕਰਦੇ ਰਹੇ। ਉਨ੍ਹਾਂ ਦੀਆਂ ਮੂੰਹੋਂ ਬੋਲਦੀਆਂ ਪੇਂਟਿੰਗਜ਼ ਸਦਾ ਸੰਗਤ ਲਈ ਪ੍ਰੇਰਨਾ ਦਾ ਸੋਮਾ ਹਨ। ਉਨ੍ਹਾਂ ਦੀਆਂ ਕਲਾ-ਕਿਰਤਾਂ ਸਦਾ ਕੌਮਾਂਤਰੀ ਗਗਨ ਉਪਰ ਧਰੂ ਤਾਰੇ ਵਾਂਗ ਟਿਮ-ਟਿਮਾਉਂਦੀਆਂ ਵੇਖੀਆਂ ਜਾ ਸਕਦੀਆਂ ਹਨ। ਸਿੱਖਾਂ ਦੀ ਸਰਵਉੱਚ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਣਾਏ ਕੇਂਦਰੀ ਸਿੱਖ ਅਜਾਇਬਘਰ ਦੇ ਉਹ ਮੋਢੀ ਤੇ ਪਹਿਲੇ ਚਿੱਤਰਕਾਰ ਸਨ।

ਸਿੱਖ ਕੌਮ ਦੇ ਮਹਾਨ ਚਿੱਤਰਕਾਰ ਸ. ਕ੍ਰਿਪਾਲ ਸਿੰਘ ਦੀ ਪਹਿਲੀ ਜਨਮ ਸ਼ਤਾਬਦੀ 10 ਦਸੰਬਰ, 2023 ਈ. ਨੂੰ ਆ ਰਹੀ ਹੈ। ਇਹ ਦਿਨ ਸਮੁੱਚੇ ਸਿੱਖ ਜਗਤ ਲਈ ਵਿਸ਼ੇਸ਼ ਦਿਨ ਹੈ। ਮੇਰੇ (ਲੇਖਕ ਦੇ) ਉਨ੍ਹਾਂ ਨਾਲ ਪਿਛਲੇ 57 ਸਾਲਾਂ ਤੋਂ ਨਿਰੰਤਰ ਸੰਬੰਧ ਰਹੇ ਹਨ। 51 ਸਾਲ ਪਹਿਲਾਂ ਉਹ ਮੇਰੇ ਅਨੰਦ ਕਾਰਜ 'ਤੇ ਆਸ਼ੀਰਵਾਦ ਦੇਣ ਹਿਤ ਵੀ ਪੁੱਜੇ ਸਨ। ਇਹ ਲੇਖ ਉਨ੍ਹਾਂ ਦੇ ਬਹੁਪੱਖੀ, ਬਹੁਮਤੀ ਜੀਵਨ ਸ਼ਖਸੀਅਤ ਤੇ ਕਾਰਜਾਂ ਨੂੰ ਕੁੱਜੇ ਵਿਚ ਸਮੁੰਦਰ ਨਿਆਈ ਵਾਤ ਪਾਉਣ ਦਾ ਇਕ ਉਪਰਾਲਾ ਹੈ ਤਾਂ ਜੋ ਅੱਜ ਦੇ ਪ੍ਰਸੰਗ ਵਿਚ ਉਨ੍ਹਾਂ ਨੂੰ ਮੁੜ ਯਾਦ ਕੀਤਾ ਜਾ ਸਕੇ।

ਸ. ਕ੍ਰਿਪਾਲ ਸਿੰਘ ਦਾ ਜਨਮ 10 ਦਸੰਬਰ, 1923 ਈ. ਨੂੰ ਪਿੰਡ ਵਾੜਾ ਚੱਕ ਸਿੰਘ ਜ਼ੀਰਾ ਤਹਿਸੀਲ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਸ. ਭਗਤ ਸਿੰਘ ਰਾਮਗੜ੍ਹੀਆ ਦੇ ਘਰ ਹੋਇਆ। ਆਪ ਦੇ ਪਿਤਾ ਨਾਮੀ ਦਸਤਕਾਰ ਸਨ। ਆਪ ਨੇ ਸੰਨ 1942 ਤੋਂ 1947 ਤਕ ਮਿਲਟਰੀ ਦੇ ਅਕਾਊਂਟ ਵਿਭਾਗ ਵਿਚ ਕੰਮ ਕੀਤਾ। ਇਹ ਕੰਮ ਉਨ੍ਹਾਂ ਨੂੰ ਪਸੰਦ ਨਹੀਂ ਆਇਆ। ਭਾਰਤ ਦੀ ਆਜ਼ਾਦੀ ਮਗਰੋਂ ਉਨ੍ਹਾਂ ਨੇ ਕਲਾ ਖੇਤਰ ਵਿਚ ਪ੍ਰਵੇਸ਼ ਕਰਨ ਦਾ ਮਨ ਬਣਾਇਆ। ਉਨ੍ਹਾਂ ਇਸ ਗੱਲ ਨੂੰ ਧਾਰ ਲਿਆ ਅਤੇ ਸਿੱਖਾਂ ਦੇ ਗੌਰਵਮਈ ਇਤਿਹਾਸ ਦੇ ਸੁਨਹਿਰੇ ਪੰਨਿਆਂ 'ਤੇ ਇਤਿਹਾਸਕ ਘਟਨਾਵਾਂ ਨੂੰ ਉਲੀਕਣਾ ਅਰੰਭ ਕਰ ਦਿੱਤਾ। ਇਸ ਮਹਾਨ ਕਾਰਜ ਦੀ ਅਗਵਾਈ ਤੇ ਪ੍ਰੇਰਨਾ ਉਨ੍ਹਾਂ ਨੇ ਰਾਜਾ ਰਵੀ ਵਰਮਾ ਦੇ ਚਿੱਤਰਾਂ ਤੋਂ ਲਈ। ਇਹ ਅਜਿਹਾ ਸਮਾਂ ਸੀ ਜਦੋਂ ਚਿੱਤਰਕਾਰ ਨੂੰ ਭੁੱਖ, ਗਰੀਬੀ, ਤੰਗੀਆਂ-ਤੁਰਸ਼ੀਆਂ ਆਦਿ ਦੈਂਤਾਂ ਨਾਲ ਜ਼ਬਰਦਸਤ ਘੋਲ ਕਰਨਾ ਪਿਆ। ਅਜਿਹੇ ਅਵਸਰ 'ਤੇ ਚਿੱਤਰਕਾਰ ਕ੍ਰਿਪਾਲ ਸਿੰਘ ਨੇ ਹਿੰਮਤ ਨਹੀਂ ਹਾਰੀ ਤੇ ਬਹਾਦਰ ਸੂਰਮੇ ਵਾਂਗ ਕਲਾ ਦੇ ਪਿੜ ਵਿਚ ਅੱਗੇ ਹੀ ਵਧਦਾ ਗਿਆ।

ਸੰਨ 1950 ਵਿਚ ਆਲ ਇੰਡੀਆ ਫਾਈਨ ਆਰਟਸ ਸੁਸਾਇਟੀ ਵੱਲੋਂ ਸ਼ਿਮਲਾ ਵਿਚ ਆਯੋਜਿਤ ਇਕ ਪ੍ਰਦਰਸ਼ਨੀ ਵਿਚ ਉਨ੍ਹਾਂ ਭਾਗ ਲਿਆ। ਇਸ ਪ੍ਰਦਰਸ਼ਨੀ ਵਿਚ ਉਨ੍ਹਾਂ ਵੱਲੋਂ ਜਿਸ ਚਿੱਤਰ ਨੂੰ ਪ੍ਰਦਰਸ਼ਿਤ ਕੀਤਾ ਗਿਆ ਉਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬੇ-ਦਾਵਾ ਪਾੜਨ ਦੀ ਪ੍ਰਸਿੱਧ ਘਟਨਾ ਨੂੰ ਦਰਸਾਇਆ ਗਿਆ ਸੀ। ਇਸ ਪੇਂਟਿੰਗ ਨੂੰ ਵੇਖ ਕੇ ਹਰ ਅੱਖ ਦੰਗ ਰਹਿ ਗਈ ਕਿ ਇੰਨੀ ਸਾਰਥਕਤਾ, ਪ੍ਰਬੀਨਤਾ ਇਸ ਚਿੱਤਰਕਾਰ ਨੇ ਕਿਵੇਂ ਦੇ ਦਿੱਤੀ? ਪ੍ਰਦਰਸ਼ਨੀ ਦੀ ਚੋਣ ਕਮੇਟੀ ਦੇ ਮੈਂਬਰਾਂ ਨੂੰ ਉਨ੍ਹਾਂ ਦੀ ਅਸਚਰਜ ਕਲਾ ਕ੍ਰਿਤ ਦੇ ਕ੍ਰਿਸ਼ਮੇ ਦਾ ਕਾਇਲ ਹੋਣਾ ਪਿਆ।

ਸ. ਕ੍ਰਿਪਾਲ ਸਿੰਘ ਨੇ ਸੰਨ 1955 ਵਿਚ ਆਪਣੀਆਂ ਕਲਾ ਕਿਰਤਾਂ ਦੀ ਪਹਿਲੀ ਇਕ ਪੁਰਖੀ ਕਲਾ ਪ੍ਰਦਰਸ਼ਨੀ ਜਲੰਧਰ ਵਿਚ ਆਯੋਜਿਤ ਕੀਤੀ। ਪ੍ਰਦਰਸ਼ਨੀ ਵਿਚ ਉਨ੍ਹਾਂ ਦੇ ਕੁਝ ਕੁ ਚਿੱਤਰ ਵਿਕ ਗਏ। ਇਸ ਨਾਲ ਉਨ੍ਹਾਂ ਨੂੰ ਕਾਫੀ ਉਤਸ਼ਾਹ ਮਿਲਿਆ। ਜੋ ਰਕਮ ਮਿਲੀ ਉਸ ਦੀ ਕਲਾ ਸਮੱਗਰੀ ਖਰੀਦੀ ਅਤੇ ਹੋਰ ਚਿੱਤਰਾਂ ਨੂੰ ਉਲੀਕਣ ਵਿਚ ਜੁਟ ਗਏ। ਸੰਨ 1956 ਵਿਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਇਕ ਕਲਾ ਪ੍ਰਦਰਸ਼ਨੀ ਦਾ ਆਯੋਜਨ ਕੀਤਾ। ਪਹਿਲਾ ਇਨਾਮ ਸ. ਕ੍ਰਿਪਾਲ ਸਿੰਘ ਨੂੰ ਪ੍ਰਾਪਤ ਹੋਇਆ। ਇਹ ਉਹ ਸਮਾਂ ਸੀ ਜਦੋਂ ਆਪ ਨੂੰ ਕਲਾ ਖੇਤਰ ਵਿਚ ਪੂਰਨ ਰੂਪ ਵਿਚ ਜਾਣਿਆ ਪਹਿਚਾਣਿਆ ਜਾਣ ਲੱਗਾ।

ਉਨ੍ਹਾਂ ਦੀ ਕਲਾ ਪ੍ਰਤਿਭਾ ਤੋਂ ਪ੍ਰਭਾਵਿਤ ਹੋ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੰਨ 1955 ਵਿਚ ਸ੍ਰੀ ਅੰਮ੍ਰਿਤਸਰ ਵਿਖੇ ਕੇਂਦਰੀ ਸਿੱਖ ਅਜਾਇਬ ਘਰ ਦੀ ਸਥਾਪਨਾ ਹਿਤ ਉਨ੍ਹਾਂ ਦੀਆਂ ਵਡਮੁੱਲੀਆਂ ਸੇਵਾਵਾਂ ਪ੍ਰਾਪਤ ਕੀਤੀਆਂ। ਇਨ੍ਹਾਂ ਛੇ ਸਾਲਾਂ ਦੌਰਾਨ ਉਨ੍ਹਾਂ ਵੱਡ-ਅਕਾਰੀ 36 ਪੇਂਟਿੰਗਜ਼ ਦੀ ਸਿਰਜਣਾ ਕੀਤੀ। ਇਹ ਪੇਂਟਿੰਗਜ਼ ਵਿਸ਼ੇਸ਼ ਤੌਰ 'ਤੇ ਅਰਦਾਸ ਨਾਲ ਜੁੜੀਆਂ ਹੋਈਆਂ ਸਨ। ਮੂੰਹ ਬੋਲਦੀਆਂ ਪੇਂਟਿੰਗਜ਼ ਵਿਚ ਸਿੱਖ ਵਿਰਸੇ ਤੇ ਵਿਰਾਸਤ ਦੀ ਖੂਬਸੂਰਤ ਝਲਕ ਸੀ। ਦੇਗਾਂ ਵਿਚ ਉਬਲਦੇ, ਬੰਦ ਬੰਦ ਕਟਵਾਉਂਦੇ, ਚਰਖੜੀਆਂ 'ਤੇ ਚੜ੍ਹਦੇ, ਸਿਰਾਂ ਦੇ ਮੁੱਲ ਪਵਾਉਂਦੇ ਸੂਰਮਿਆਂ ਦੀਆਂ ਮੂੰਹ ਬੋਲਦੀਆਂ ਸ਼ਹਾਦਤਾਂ ਅੱਗੇ ਦਰਸ਼ਕਾਂ ਦੇ ਸਿਰ ਝੁਕ ਜਾਂਦੇ ਹਨ। ਇਸ ਤੋਂ ਇਲਾਵਾ ਹੋਰ ਵੀ ਸਿੱਖ ਗੁਰੂ ਸਾਹਿਬਾਨ ਦੀਆਂ ਵੱਖ-ਵੱਖ ਸਮੇਂ ਅਦੁੱਤੀ ਤੇ ਅਨੂਠੀਆਂ ਘਟਨਾਵਾਂ ਨੂੰ ਚਿੱਤਰਕਾਰ ਨੇ ਆਪਣੇ ਸੂਖ਼ਮ ਜਜ਼ਬਿਆਂ ਰਾਹੀਂ ਸਾਕਾਰ ਕੀਤਾ ਹੈ।



ਸ. ਕ੍ਰਿਪਾਲ ਸਿੰਘ

ਸੰਨ 1963 ਤੋਂ 1966 ਈ. ਤੱਕ ਦਾ ਸਮਾਂ ਉਨ੍ਹਾਂ ਨੇ ਦਿੱਲੀ ਵਿਚ ਬਿਤਾਇਆ। ਇਨ੍ਹਾਂ ਤਿੰਨਾਂ ਸਾਲਾਂ ਦੇ ਸਮੇਂ ਵਿਚ ਪ੍ਰਮੁੱਖ ਰੂਪ ਵਿਚ ਉਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਸਿੱਖ ਇਤਿਹਾਸ ਨਾਲ ਸੰਬੰਧਿਤ ਪੇਂਟਿੰਗਜ਼ ਦੀ ਸਿਰਜਣਾ ਕੀਤੀ। ਇਨ੍ਹਾਂ ਪੇਂਟਿੰਗਜ਼ ਦੀ ਸੇਵਾ ਉਨ੍ਹਾਂ ਦੀ ਕਲਾ ਕੌਸ਼ਲਤਾ ਤੋਂ ਪ੍ਰਭਾਵਿਤ ਹੋ ਕੇ ਕਲਾ-ਪ੍ਰੇਮੀ ਤੇ ਪੰਥ ਦਰਦੀ ਸ. ਮਹਿਤਾਬ ਸਿੰਘ ਹਿੰਦੂਸਤਾਨ ਰੈਫਰੀਜੇਸ਼ਨ (ਦਰਿਆ ਗੰਜ) ਨਵੀਂ ਦਿੱਲੀ ਨੇ ਕਰਵਾਈ ਜੋ ਉਨ੍ਹਾਂ ਨੇ ਬਾਅਦ ਵਿਚ ਦਿੱਲੀ ਕਮੇਟੀ ਨੂੰ ਸੌਂਪ ਦਿੱਤੇ। ਦਿੱਲੀ ਦੇ ਸਿੱਖ ਅਜਾਇਬ ਘਰ ਦੇ ਮੋਢੀ ਚਿੱਤਰਕਾਰ ਤੇ ਨਿਰਮਾਤਾ ਵੀ ਸ. ਕ੍ਰਿਪਾਲ ਸਿੰਘ ਹੀ ਹਨ।

ਸੰਨ 1967 ਵਿਚ ਆਪ ਨੇ ਆਪਣੀ ਚਿੱਤਰਸ਼ਾਲਾ ਚੰਡੀਗੜ੍ਹ ਵਿਚ ਸਥਾਪਤ ਕਰ ਦਿੱਤੀ। ਇੱਥੇ ਆਪ ਨੇ ਕਈ ਪੇਂਟਿੰਗਜ਼ ਚੰਡੀਗੜ੍ਹ ਆਰਟ-ਗੈਲਰੀ ਤੇ ਮਿਊਜ਼ੀਅਮ ਲਈ ਤਿਆਰ ਕੀਤੀਆਂ। ਡਾਕਟਰ ਐਮ. ਐਸ. ਰੰਧਾਵਾ ਨੇ ਆਪ ਦੀ ਕਲਾ ਤੋਂ ਪ੍ਰਭਾਵਿਤ ਹੋ ਕੇ ਨੈਸ਼ਨਲ ਹਿਸਟਰੀ ਮਿਊਜ਼ੀਅਮ ਸਥਾਪਿਤ ਕਰਨ ਹਿਤ ਵੱਡ ਆਕਾਰੀ ਪੇਂਟਿੰਗਜ਼ ਬਣਾਉਣ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ।

ਚਿੱਤਰਕਾਰ ਨੇ ਗੁਰੂ ਨਾਨਕ ਸਾਹਿਬ ਦੀਆਂ ਜੀਵਨ ਘਟਨਾਵਾਂ ਨੂੰ ਆਪਣੇ ਬੁਰਸ਼ ਦੀਆਂ ਛੋਹਾਂ ਨਾਲ ਬੜੇ ਸੋਹਣੇ ਢੰਗ ਨਾਲ ਉਜਾਗਰ ਕੀਤਾ ਹੈ। ਇਨ੍ਹਾਂ ਵਿਚੋਂ ਮੈਨੂੰ ਦੋ ਪੇਂਟਿੰਗਜ਼ ਨੇ ਤਾਂ ਅਤਿਅੰਤ ਪ੍ਰਭਾਵਿਤ ਕੀਤਾ ਹੈ। ਪਹਿਲਾ ਗੁਰੂ ਨਾਨਕ ਦਾ ਬਾਬਰ ਦੇ ਦਰਬਾਰ ਵਾਲੀ ਤੇ ਦੂਜਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਾਨ ਸਰੋਵਰ ਦੀ ਯਾਤਰਾ ਵਾਲੀ ਪੇਂਟਿੰਗ ਹੈ। ਇਸੇ ਤਰ੍ਹਾਂ ਮਹਾਨ ਮੁਸਲਮਾਨ ਫਕੀਰ ਹਜ਼ਰਤ ਮੀਆਂ ਮੀਰ ਹੱਥੋਂ ਹਰਿਮੰਦਰ ਸਾਹਿਬ ਦਾ ਨੀਂਹ ਪੱਥਰ ਰੱਖਣਾ ਕਲਾ ਕ੍ਰਿਤ ਸਾਂਝੀਵਾਲਤਾ ਦੀ ਮੂੰਹ ਬੋਲਦੀ ਤਸਵੀਰ ਹੈ। ਜਿਸ ਦਿਸ਼ਾ ਵਿਚ ਬਾਬਾ ਬੁੱਢਾ ਜੀ, ਸ੍ਰੀ ਗੁਰੂ ਅਰਜਨ ਦੇਵ ਜੀ, ਭਾਈ ਗੁਰਦਾਸ ਜੀ ਤੇ ਹੋਰ ਗੁਰਸਿੱਖਾਂ ਨੂੰ ਦਰਸਾਇਆ ਗਿਆ ਹੈ। ਇਸੇ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਿੱਤਰ ਜਨਮ ਤੋਂ ਲੈ ਕੇ ਅੰਤ ਤਕ ਬੜੇ ਯਥਾਰਥਕ ਢੰਗ ਕਲਾਕਾਰ ਦੇ ਹੱਥਾਂ ਦਾ ਕਮਾਲ ਹੈ।

ਜਦੋਂ ਚਿੱਤਰਕਾਰ ਲੜਾਈਆਂ ਦੇ ਦ੍ਰਿਸ਼ਾਂ ਨੂੰ ਚਿਤਰਦਾ ਹੈ ਤਾਂ ਉਸ ਦੀ ਕਲਾ ਸਿਖਰਾਂ ਛੋਂਹਦੀ ਪ੍ਰਤੀਤ ਹੁੰਦੀ ਹੈ। ਹਜ਼ਾਰਾਂ ਵਿਅਕਤੀਆਂ ਦਾ ਲੜਾਈ ਵਿਚ ਲੜਨਾ, ਘੋੜਿਆਂ ਦਾ ਦੌੜਣਾ, ਨੇਜਿਆਂ ਤੇ ਤਲਵਾਰਾਂ ਦੀ ਲਸ਼ਕੋਰ, ਬੰਦੂਕਾਂ ਤੇ ਤੋਪਾਂ ਦੇ ਗੋਲਿਆਂ ਨਾਲ ਧੂੰਆਂਧਾਰ ਹੋਇਆ ਆਕਾਸ਼, ਵਰ੍ਹਦਿਆਂ ਤੀਰਾਂ ਵਿਚ ਜੋਸ਼ੀਲੇ ਚਿਹਰਿਆਂ ਵਾਲੇ ਅਣਖੀਲੇ ਯੋਧਿਆਂ ਦਾ ਵੈਰੀ ਨੂੰ ਲਲਕਾਰਦੇ ਹੋਏ ਦਰਸਾਉਣਾ ਇਸ ਮਹਾਨ ਚਿੱਤਰਕਾਰ ਦੇ ਬੁਰਸ਼ ਦਾ ਹੀ ਚਮਤਕਾਰ ਹੈ। ਲੜਾਈ ਸੰਬੰਧੀ ਚਿੱਤਰ ਵਿਚ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਦਾ ਚਮਕੌਰ ਦੇ ਜੰਗ-ਏ-ਮੈਦਾਨ 'ਚ ਲੜਨਾ, ਬਾਬਾ ਬੰਦਾ ਸਿੰਘ ਬਹਾਦਰ ਦਾ ਸਰਹੰਦ ਦੀ ਇੱਟ ਨਾਲ ਇੱਟ ਵਜਾਉਣਾ, ਛੋਟਾ ਘੱਲੂਘਾਰਾ ਆਦਿ ਚਿੱਤਰ ਕਲਾਕਾਰ ਦੀ ਤੀਖਣ ਸੂਝ ਦਾ ਪ੍ਰਤੀਕ ਹਨ।

ਆਪ ਦੀਆਂ ਪੇਂਟਿੰਗਜ਼ ਪੰਜਾਬ ਦੀਆਂ ਯਾਦਗਾਰਾਂ, ਅਜਾਇਬ ਘਰਾਂ, ਸੰਸਥਾਵਾਂ ਤੇ ਸਮਾਰਕਾਂ ਵਿਚ ਪ੍ਰਦਰਸ਼ਿਤ ਆਪਣੀ ਕਲਾ ਦੀ ਮਹਿਕ ਖਿੰਡਾ ਰਹੀਆਂ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਭਵਨ ਵਿਖੇ ਪੰਜ ਪੇਂਟਿੰਗਜ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨਾਲ ਜੁੜੀਆਂ ਪ੍ਰਦਰਸ਼ਤ ਹਨ। ਇਸ ਤਰ੍ਹਾਂ ਬਹੁਤ ਹੀ ਵੱਡ-ਆਕਾਰੀ ਪੇਂਟਿੰਗਜ਼ ਐਂਗਲੋ-ਸਿੱਖ ਵਾਰ ਨਾਲ ਸੰਬੰਧਿਤ ਫਿਰੋਜ਼ਸ਼ਾਹ ਮੈਮੋਰੀਅਲ ਵਿਖੇ ਪ੍ਰਦਰਸ਼ਿਤ ਹਨ। ਸ੍ਰੀ ਗੁਰੂ ਤੇਗ ਬਹਾਦਰ ਅਜਾਇਬ ਘਰ ਸ੍ਰੀ ਅਨੰਦਪੁਰ ਸਾਹਿਬ ਵਿਚ 7 ਪੇਂਟਿੰਗਜ਼ ਗੁਰੂ ਤੇਗ ਬਹਾਦਰ ਜੀ ਦੇ ਜੀਵਨ 'ਤੇ ਆਧਾਰਿਤ ਪ੍ਰਦਰਸ਼ਿਤ ਹਨ। ਇਸੇ ਤਰ੍ਹਾਂ ਗੁਰਦੁਆਰਾ ਕਤਲਗੜ੍ਹ ਸਾਹਿਬ ਸ੍ਰੀ ਚਮਕੌਰ ਸਾਹਿਬ ਵਿਚ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਬਾਬਾ ਜੁਝਾਰ ਸਿੰਘ ਜੀ ਜੰਗ ਦੇ ਮੈਦਾਨ ਵਿਚ ਆਪਣੇ ਜੌਹਰ ਵਿਖਾਉਂਦੇ ਦਰਸਾਏ ਗਏ ਹਨ ਜੋ ਆਪ ਦੀ ਕਲਾ ਦੇ ਸੁੰਦਰ ਪ੍ਰਤੀਕ ਹਨ। ਚੰਡੀਗੜ੍ਹ ਮਿਊਜ਼ੀਅਮ ਤੇ ਆਰਟ ਗੈਲਰੀ ਵਿਚ ਆਪ ਦੀਆਂ ਪੇਂਟਿੰਗਜ਼ ਪ੍ਰਦਰਸ਼ਿਤ ਹਨ।

ਕਲਾ ਦੇ ਖੇਤਰ ਵਿਚ ਆਪ ਜੀ ਨੂੰ ਅਨੇਕਾਂ ਮਾਣ ਤੇ ਸਨਮਾਨ ਪ੍ਰਾਪਤ ਹੋਏ ਹਨ। ਆਪ ਦੀ ਕਲਾ ਨੂੰ ਉਤਸ਼ਾਹਿਤ ਕਰਨ ਹਿਤ ਡਾ. ਐਮ. ਐਸ. ਰੰਧਾਵਾ ਦੀ ਬੜੀ ਸਰਪ੍ਰਸਤੀ ਰਹੀ ਹੈ। ਮਲਿਕ ਹਰਦਿੱਤ ਸਿੰਘ, ਸਿਰਦਾਰ ਕਪੂਰ ਸਿੰਘ ਤੇ ਡਾ. ਇੰਦਰਜੀਤ ਸਿੰਘ (ਸਿੰਧ ਬੈਂਕ) ਨੇ ਵੀ ਕਲਾਕਾਰ ਦੀ ਸਦਾ ਪਿੱਠ ਠੋਕੀ ਹੈ। ਉਨ੍ਹਾਂ ਦੀ ਕਲਾ ਦੇ ਪ੍ਰਸ਼ੰਸਕਾਂ ਦਾ ਘੇਰਾ ਬੜਾ ਵਿਸ਼ਾਲ ਹੈ। ਪ੍ਰੋ. ਸਤਬੀਰ ਸਿੰਘ, ਸ. ਭਾਨ ਸਿੰਘ, ਸ. ਤਰਲੋਚਨ ਸਿੰਘ ਨੇ ਸਮੇਂ ਸਮੇਂ ਕਲਾਕਾਰ ਨੂੰ ਉਤਸ਼ਾਹਤ ਕੀਤਾ ਹੈ। ਸੰਨ 1990 ਵਿਚ ਜਦੋਂ ਕਲਾਕਾਰ ਨੇ ਸਦੀਵੀ ਵਿਛੋੜਾ ਦਿੱਤਾ ਤਾਂ ਭੋਗ ਸਮੇਂ ਸ. ਗੁਰਚਰਨ ਸਿੰਘ ਟੌਹੜਾ ਨੇ ਚਿੱਤਰਕਾਰ ਨੂੰ ਦਿਲ ਦੀਆਂ ਗਹਿਰਾਈਆਂ ਨਾਲ ਸ਼ਰਧਾ ਦੇ ਫੂਲ ਭੇਟ ਕੀਤੇ।

ਅੱਜ ਭਾਵੇਂ ਸ. ਕ੍ਰਿਪਾਲ ਸਿੰਘ ਸਾਡੇ ਵਿਚ ਨਹੀਂ ਪਰ ਉਨ੍ਹਾਂ ਦੀਆਂ ਬਣਾਈਆਂ ਕਲਾ ਕਿਰਤਾਂ ਕੌਮਾਂਤਰੀ ਗਗਨ ਉਪਰ ਧਰੂ ਤਾਰੇ ਵਾਂਗ ਸਦਾ ਟਿਮ-ਟਿਮਾਉਂਦੀਆਂ ਰਹਿਣਗੀਆਂ। ਉਹ ਸਮੁੱਚੇ ਪੰਥ ਲਈ ਆਪਣੀਆਂ ਅਦੁੱਤੀ ਤੇ ਸ਼ਾਨਦਾਰ ਸੇਵਾਵਾਂ ਕਰਕੇ ਆਪਣੀ ਅਮਿਟ ਛਾਪ ਛੱਡ ਗਏ ਹਨ। ਅੱਜ ਉਨ੍ਹਾਂ ਦੀ ਪਹਿਲੀ ਜਨਮ ਸ਼ਤਾਬਦੀ 'ਤੇ ਮੈਂ ਸ਼ਰਧਾ ਦੇ ਫੂਲ ਭੇਟ ਕਰਨ ਦੀ ਖੁਸ਼ੀ ਲੈਂਦਾ ਹਾਂ।

---

*(ਪਿਛਲੇ ਸਫੇ ਦਾ ਬਾਕੀ)*

ਤੇ ਸਮੂਹ ਵਿਚਲੇ ਵਿਰੋਧ ਦਾ ਹਕੀਕੀ ਹੱਲ। ਹੁਣ ਤਕ ਦੇ ਮਨੁਖੀ ਇਤਿਹਾਸ ਦੀ ਸਮੁਚੀ ਚਾਲ ਜਿਵੇਂ ਕਮਿਊਨਿਜ਼ਮ ਦੀ ਅਨੁਭਵੀ ਹੋਂਦ ਦੀ ਜੰਮਣ ਕਿਰਿਆ ਹੈ। ਕਮਿਊਨਿਜ਼ਮ ਦੀ ਪਕੜ ਵਿਚ ਆਉਣ 'ਤੇ ਅਨੁਭਵ ਕੀਤੀ ਜਾ ਸਕਣ ਵਾਲੀ ਕਿਰਿਆ ਭਾਵ ਕਮਿਊਨਿਜ਼ਮ ਦੀ ਚੇਤੰਨ ਸੋਚ।''

ਅਰਥਾਤ ਕਮਿਊਨਿਜ਼ਮ, ਪੂਰਨ ਵਿਕਸਿਤ ਕੁਦਰਤਵਾਦ ਤੇ ਪੂਰਨ ਵਿਕਸਿਤ ਮਨੁਖਤਾਵਾਦ ਸਮਅਰਥੀ ਸ਼ਬਦ ਹਨ ਭਾਵ ਇਕੋ ਹੀ ਸੰਕਲਪ ਦੇ ਤਿੰਨ ਪਖ ਹਨ। ਜਦੋਂ ਮਨੁਖ ਆਪਣੇ ਆਪ ਨੂੰ ਕੁਦਰਤ ਤੇ ਸਗਲ ਮਨੁਖਤਾ ਨਾਲ ਇਕਮਿਕ ਕਰ ਲਏ ਤਾਂ ਉਹ ਕਮਿਊਨਿਜ਼ਮ ਦੀ ਚੇਤੰਨ ਅਵਸਥਾ ਵਿਚ ਪਹੁੰਚਣ ਦਾ ਅਨੁਭਵ ਕਰ ਸਕਦਾ ਹੈ। ਇਸ ਅਨੁਭਵੀ ਅਵਸਥਾ ਵਿਚ ਪਹੁੰਚ ਕੇ ਮਨੁਖ ਦਾ ਕੁਦਰਤ ਅਤੇ ਬਾਕੀ ਦੇ ਮਨੁਖਾਂ (ਸਗਲ ਮਨੁਖਤਾ) ਨਾਲ ਟਕਰਾਅ ਖਤਮ ਹੋ ਜਾਂਦਾ ਹੈ। ਭਾਵ ਬੰਦੇ ਨੂੰ ਕੁਦਰਤ ਨਾਲ ਆਪਣੇ ਅਨੁਭਵੀ ਰਿਸ਼ਤੇ ਦੀ ਸਮਝ ਆ ਜਾਂਦੀ ਹੈ ਅਤੇ ਆਪਣੇ ਨਿਜੀ ਹਿਤਾਂ ਨੂੰ ਸਗਲ ਮਨੁਖਤਾ ਦੇ ਹਿਤਾਂ ਦੇ ਅਧੀਨ ਰਖਣ ਦੀ ਸੋਝੀ ਪੈਦਾ ਹੋ ਜਾਂਦੀ ਹੈ। ਇਸ ਸੋਝੀ ਨਾਲ ਬੰਦੇ ਦੀ ਸਰੀਰੀ ਹੋਂਦ ਤੇ ਉਸਦੇ ਤਤ (ਮਨ) ਵਿਚਕਾਰ ਫਰਕ ਮਿਟ ਜਾਂਦਾ ਹੈ। ਬਾਹਰਮੁਖੀ ਸਮਾਜੀ ਹਕੀਕਤ ਅਤੇ ਉਸ ਦੀ ਅੰਤਰਮੁਖੀ ਸੋਚ ਵਿਚਕਾਰ ਸਾਂਝ ਬਣ ਜਾਂਦੀ ਹੈ ਅਤੇ ਆਪਣੀਆਂ ਸੀਮਤ ਕੁਦਰਤੀ ਲੋੜਾਂ ਦੀ ਸੁਚੇਤ ਪਛਾਣ ਹੋਣ ਨਾਲ ਉਸ ਨੂੰ ਆਪਣੀ ਆਜ਼ਾਦੀ (ਮੁਕਤੀ) ਦਾ ਭੇਦ ਪਤਾ ਲਗਦਾ ਹੈ। ਮਨੁਖੀ ਆਜ਼ਾਦੀ ਦੇ ਇਸ ਗਿਆਨ ਨਾਲ ਨਿਜ ਅਤੇ ਸਮੂਹ ਵਿਚਲਾ ਟਕਰਾਅ ਉਂਝ ਹੀ ਖਤਮ ਹੋ ਜਾਂਦਾ ਹੈ। ਇਹੀ ਕਮਿਊਨਿਜ਼ਮ ਦੀ ਚੇਤੰਨ ਸੋਚ ਹੈ। ਇਸ ਅਵਸਥਾ ਤੋਂ ਬਾਅਦ ਹੀ ਮਨੁਖ ਸਰਬਸਾਂਝੀਵਾਲਤਾ ਤੇ ਸਰਬਤ ਦੇ ਭਲੇ ਦਾ ਪੈਰੋਕਾਰ ਬਣਦਾ ਹੈ। ਚੇਤਨਾ ਹੋਰ ਕੁਝ ਨਹੀਂ ਸਗੋਂ ਚੇਤੰਨ ਮਨੁਖੀ ਹੋਂਦ ਹੈ। (ਮਾਰਕਸ) ਕੌਮਵਾਦ ਬਾਰੇ ਸੰਖੇਪ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਸੰਸਾਰ ਇਤਿਹਾਸ ਦੇ ਇਕ ਖਾਸ ਮੋੜ ਉਤੇ ਯੂਰਪੀਨ ਬੁਧੀਜੀਵੀਆਂ ਤੇ ਉਨ੍ਹਾਂ ਦੀਆਂ ਰਾਜਸੀ ਪ੍ਰੰਪਰਾਵਾਂ ਨੇ ਇਕ ਭਾਰੂ ਭਾਸ਼ਾ ਆਧਾਰਿਤ ਕੌਮੀ ਰਾਜ ਦਾ ਮਨਘੜਤ ਸੰਕਲਪ ਸਾਹਮਣੇ ਲਿਆਂਦਾ। ਇਸ ਸੰਕਲਪ ਦੇ ਗੁਣਾਂ ਔਗੁਣਾਂ ਨੂੰ ਲਾਂਭੇ ਛਡਦੇ ਹੋਏ ਉਸ ਦੌਰ ਵਿਚ ਚੜ੍ਹਤ ਵਿਚ ਆ ਰਹੇ ਪੂੰਜੀਵਾਦ ਨੇ ਇਸ ਸੰਕਲਪ ਨੂੰ ਹਥਿਆ ਲਿਆ। ਪੂੰਜੀਵਾਦ ਨੇ ਆਪਣੇ ਆਪ ਨੂੰ ਕੌਮੀ ਪਧਰ ਉਤੇ ਜਥੇਬੰਦ ਕਰਨ ਲਈ ਇਸ ਸੰਕਲਪ ਦਾ ਖੂਬ ਪ੍ਰਚਾਰ ਕੀਤਾ। ਪੂੰਜੀਵਾਦ ਨੇ ਪੈਰਿਸ ਕਮਿਊਨ ਦੇ 'ਆਜ਼ਾਦੀ, ਬਰਾਬਰੀ ਤੇ ਭਾਈਚਾਰੇ ਦੇ ਨਾਹਰੇ ਨੂੰ ਵੀ ਹਥਿਆ ਲਿਆ ਤੇ ਇਸ ਨੂੰ ਕੌਮੀ 'ਜਮਹੂਰੀ ਰਾਜ' ਦੇ ਸੁਧਾਰਵਾਦ (ਲਿਬਰਲਵਾਦ) ਨਾਲ ਨਰੜ ਦਿਤਾ। ਉਦੋਂ ਪੂੰਜੀਵਾਦ ਜਗੀਰਦਾਰੀ ਤੇ ਰਜਵਾੜਾਸ਼ਾਹੀ ਦੇ ਮੁਕਾਬਲੇ ਅਗਾਂਹਵਧੂ ਸੀ, ਇਸ ਲਈ ਬਹੁਗਿਣਤੀ ਲੋਕਾਂ ਦਾ ਇਸ ਵਿਚ ਭਰੋਸਾ ਬਝਦਾ ਗਿਆ। ਉਦੋਂ ਕੋਈ ਪੂੰਜੀਵਾਦੀ ਚਿੰਤਕ ਇਹ ਅੰਦਾਜ਼ਾ ਨਾ ਲਾ ਸਕਿਆ ਕਿ ਭਵਿਖ ਵਿਚ ਇਸ ਤੰਗਨਜ਼ਰ ਕੌਮਵਾਦ ਨੇ ਕਰੋੜਾਂ ਲੋਕਾਂ ਦੀ ਜਾਨ ਲੈਣੀ ਹੈ।

ਬੇਸ਼ਕ ਉਸ ਦੌਰ ਦੇ ਦੋ ਮਹਾਨ ਇਨਕਲਾਬੀ ਚਿੰਤਕਾਂ ਮਾਰਕਸ ਤੇ ਏਂਗਲਜ਼ ਨੇ ਇਸ ਤੰਗਨਜ਼ਰ ਕੌਮਵਾਦ ਦੇ ਮਨੁਖਘਾਤੀ ਤਤ ਨੂੰ ਪਛਾਣ ਲਿਆ ਤੇ ਉਨ੍ਹਾਂ ਨੇ ਪੂੰਜੀਵਾਦੀ ਕੌਮਵਾਦ ਦਾ ਡਟਵਾਂ ਵਿਰੋਧ ਕਰਦੇ ਹੋਏ 'ਕਿਰਤੀ ਜਮਾਤ ਦੇ ਕੌਮਾਂਤਰੀਵਾਦ' ਦਾ ਸਰਬਸੰਸਾਰੀ ਸੰਕਲਪ ਸਾਹਮਣੇ ਲਿਆਂਦਾ, ਜਿਸਦਾ ਸਿਧਾਂਤਕ ਆਧਾਰ ਉਨ੍ਹਾਂ ਦੋਹਾਂ ਵਲੋਂ ਵਿਕਸਿਤ ਕੀਤੀ ਗਈ ਭੌਤਿਕਵਾਦੀ ਫਿਲਾਸਫੀ ਦੀ ਸਰਬਵਿਆਪਿਕਤਾ ਸੀ। ਉਨ੍ਹਾਂ ਨੇ ਨਵਾਂ ਨਾਹਰਾ ਦਿਤਾ, ''ਦੁਨੀਆਂ ਭਰ ਦੇ ਕਿਰਤੀਓ! ਉਚੇ ਦਰਜੇ ਦੇ ਸਦਾਚਾਰ ਤੇ ਇਨਸਾਫ ਪ੍ਰਾਪਤੀ ਲਈ ਸਾਦੇ ਨੇਮ ਘੜਣ ਵਾਸਤੇ ਤੇ ਨਿਜੀ ਮਨੁਖੀ ਰਿਸ਼ਤਿਆਂ ਤੇ ਆਪਸੀ ਕੌਮੀ ਰਿਸ਼ਤਿਆਂ ਵਿਚਕਾਰ ਏਕਤਾ ਦੇ ਉਚੇ ਪੈਮਾਨੇ ਸਥਾਪਤ ਕਰਨ ਲਈ ਪੂੰਜੀਵਾਦ ਵਿਰੁਧ ਯੁਧ ਦਾ ਐਲਾਨ ਕਰੋ!'' (ਡਾਕੂਮੈਂਟਸ ਆਫ ਦਾ ਵਰਕਿੰਗ ਮੈਨਜ ਐਸੋਸਿਏਸ਼ਨ)

ਅਕਤੂਬਰ 1917 ਦੇ ਰੂਸੀ ਇਨਕਲਾਬ ਦੇ ਆਗੂ ਲੈਨਿਨ ਜੇ ਕਾਰਲ ਮਾਰਕਸ ਦੀ ਵਿਕਸਿਤ ਕੀਤੀ ਭੌਤਿਕਵਾਦੀ ਫਿਲਾਸਫੀ ਤੋਂ ਰੌਸ਼ਨੀ ਲੈ ਕੇ 'ਸੋਵੀਅਤ ਯੂਨੀਅਨ' ਦੀ ਸਮਾਜਵਾਦੀ ਨਵਉਸਾਰੀ ਦਾ ਕਾਰਜ ਆਰੰਭ ਕਰਦੇ ਤਾਂ ਅੱਜ ਦੁਨੀਆਂ ਭਰ ਦਾ ਨਕਸ਼ਾ ਕੁਝ ਹੋਰ ਹੀ ਹੋਣਾ ਸੀ। ਨਾ ਦੂਜੀ ਸਾਮਰਾਜੀ ਸੰਸਾਰ ਜੰਗ ਲਗਣੀ ਸੀ ਤੇ ਨਾ ਅਮਰੀਕੀ ਸਾਮਰਾਜ ਦੀ ਕੋਈ ਹੋਂਦ ਹੋਣੀ ਸੀ ਤੇ ਨਾ ਹੀ ਦੁਨੀਆਂ ਭਰ ਦੇ ਕਰੋੜਾਂ ਅਰਬਾਂ ਲੋਕ ਸਾਮਰਾਜੀ ਚਾਲਾਂ ਦੀ ਭੇਟ ਚੜ੍ਹਨੇ ਸਨ। ਨਾ ਹੀ ਅੱਜ ਯੂਕਰੇਨ ਉਤੇ ਰੂਸੀ ਹਮਲਾ ਹੋਣਾ ਸੀ।

ਪੂਤਿਨ ਦੇ ਕਥਨ ਅਨੁਸਾਰ ਰੂਸੀ ਲੋਕ ਲੈਨਿਨ ਦੀਆਂ ਕੀਤੀਆਂ ਗਲਤੀਆਂ ਦਾ ਖਮਿਆਜ਼ਾ ਭੁਗਤ ਰਹੇ ਹਨ। ਲੈਨਿਨ ਨੇ ਭੌਤਿਕਵਾਦੀ ਫਿਲਾਸਫੀ ਨੂੰ ਅਣਗੌਲਿਆ ਕਰ ਕੇ ਤੇ ਕਮਿਊਨਿਜ਼ਮ ਨੂੰ ਧਰਮ ਵਿਰੋਧੀ ਨਾਸਤਿਕਤਾ ਨਾਲ ਨਰੜ ਕੇ ਸਮਾਜਵਾਦੀ ਨਵਉਸਾਰੀ ਦਾ ਸਾਰਾ ਕਾਰਜ ਹੀ ਕੁਰਾਹੇ ਪਾ ਦਿਤਾ। ਉਹ ਜ਼ਬਾਨੀ-ਕਲਾਮੀ ਕੌਮਾਂਤਰੀਵਾਦ ਦੇ ਨਾਹਰੇ ਜ਼ਰੂਰ ਲਾਉਂਦੇ ਰਹੇ ਪਰ ਉਨ੍ਹਾਂ ਨੇ ਫਿਲਾਸਫੀ ਵਿਹੂਣੇ ਕੌਮਵਾਦ ਦੇ ਸਿਧਾਂਤ ਦੀ ਪੁਸ਼ਟੀ ਕਰ ਕੇ ਦੁਨੀਆ ਭਰ ਦੇ ਦਬੇ ਕੁਚਲੇ ਲੋਕਾਂ ਨੂੰ ਸਮਾਜਵਾਦ ਤੋਂ ਦੂਰ ਧਕ ਦਿਤਾ। ਚੀਨੀ ਲੋਕ ਵੀ ਅੱਜ ਲੈਨਿਨ ਦੀ ਇਸੇ ਗਲਤੀ ਦਾ ਖਮਿਆਜ਼ਾ ਭੁਗਤ ਰਹੇ ਹਨ। ਭਾਰਤ ਦੇ ਸਿਖ, ਮੁਸਲਮਾਨ ਤੇ ਹੋਰ ਧਾਰਮਿਕ ਘਟ ਗਿਣਤੀਆਂ ਵੀ ਇਸੇ ਤੰਗਨਜ਼ਰ ਭਾਸ਼ਾਈ ਰਾਸ਼ਟਰਵਾਦ ਦਾ ਸ਼ਿਕਾਰ ਹਨ। ਫਲਸਤੀਨ ਸਮੇਤ ਦੁਨੀਆਂ ਭਰ ਵਿਚ ਕਿੰਨੇ ਹੀ ਭਾਈਚਾਰੇ ਹਨ, ਜਿਹੜੇ ਇਸ ਤੰਗਨਜ਼ਰ ਕੌਮਵਾਦ ਦਾ ਮਾਨਸਿਕ ਸੰਤਾਪ ਹੰਢਾ ਰਹੇ ਹਨ।

ਮਨੁਖੀ ਸਭਿਅਤਾ ਐਨ ਆਪਣੇ ਮੁਢ ਤੋਂ ਹੀ 'ਗਰੀਬ-ਮਜ਼ਲੂਮ ਦੀ ਰਖਿਆ! ਜਰਵਾਣੇ ਦੀ ਭਖਿਆ!' ਦੇ ਅਸੂਲ ਨੂੰ ਕੇਂਦਰ ਵਿਚ ਰਖ ਕੇ ਵਿਕਸਿਤ ਹੁੰਦੀ ਆ ਰਹੀ ਹੈ। ਸਿਖੀ ਦਾ ਇਹ ਮੁਢਲਾ ਅਸੂਲ ਹੈ। ਇਹ ਹਰੇਕ ਸਿਖ ਦਾ ਧਰਮ ਹੈ। ਦਇਆ ਤੇ ਸੰਤੋਖ ਇਸ ਧਰਮ ਦੇ ਦੋ ਮੁਢਲੇ ਜਜ਼ਬੇ ਹਨ। ਇਹੀ ਧਰਮ ਸਾਨੂੰ ਗੁਰੂ ਨਾਨਕ ਸਾਹਿਬ ਨੇ ਭਾਈ ਲਾਲੋਆਂ ਤੇ ਮਲਿਕ ਭਾਗੋਆਂ ਵਿਚਕਾਰ ਨਿਖੇੜਾ ਕਰ ਕੇ ਸਮਝਾਇਆ ਸੀ। ਮਸਲਾ ਭਾਈ ਲਾਲੋ ਤੇ ਮਲਿਕ ਭਾਗੋ ਦੀ ਰੋਟੀ ਦਾ ਨਹੀਂ ਸੀ। ਮਸਲਾ ਹਥੀਂ ਕਿਰਤ ਕਰ ਕੇ ਖਾਧੀ ਕੋਧਰੇ ਦੀ ਰੋਟੀ ਤੇ ਪਰਾਈ ਕਿਰਤ ਨਾਲ ਇਕਠੀ ਕੀਤੀ ਮਾਇਆ ਨਾਲ ਬਣੇ ਮਾਲ੍ਹ ਪੂੜਿਆਂ ਵਿਚ ਨਿਖੇੜਾ ਕਰਨ ਦਾ ਸੀ। ਕਿਰਤ ਦੀ ਰੋਟੀ ਸਰੀਰ ਦਾ ਰੱਜ ਬਣਦੀ ਹੈ ਜਦੋਂ ਕਿ ਪਰਾਈ ਕਿਰਤ ਦੇ ਮਾਲ੍ਹ ਪੂੜੇ ਸਰੀਰ ਵਿਚ ਵਿਕਾਰ ਪੈਦਾ ਕਰਦੇ ਹਨ। ਸਿਖ ਇਨਕਲਾਬ ਦੇ ਇਸੇ ਜਜ਼ਬੇ ਨੇ ਮੁਗਲ ਰਾਜ ਦੇ ਪੈਰ ਉਖਾੜੇ ਤੇ ਇਸੇ ਜਜ਼ਬੇ ਨੇ ਅੰਗਰੇਜ਼ ਸਾਮਰਾਜ ਨਾਲ ਟਕਰ ਲਈ। ਪਿਛਲੇ ਪੰਜ ਸੌ ਸਾਲ ਤੋਂ ਇਹੀ ਜਜ਼ਬਾ ਸਿਖਾਂ ਨੂੰ ਲਗਾਤਾਰ ਲੜਨ ਲਈ ਪਰੇਰਦਾ ਆ ਰਿਹਾ ਹੈ। ਪਰ ਬਦਕਿਸਮਤੀ ਨਾਲ ਸਿਖ ਸਰੂਪ ਵਿਚਲੇ ਮਲਿਕ ਭਾਗੋ ਹਰ ਕਦਮ ਉਤੇ ਭਾਈ ਲਾਲੋਆਂ ਨੂੰ ਧੋਖਾ ਦੇ ਜਾਂਦੇ ਹਨ ਤੇ ਹੁਣ ਵੀ ਇਹੀ ਕੁਝ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਸਿਖੀ ਦਾ ਕਿਸੇ ਧਰਮ ਨਾਲ ਕੋਈ ਵਿਰੋਧ ਨਹੀਂ। ਮਸਲਾ 'ਰਾਜ ਕਰੇਗਾ ਖਾਲਸਾ' ਨੂੰ ਅੱਜ ਦੇ ਆਲਮੀ ਰਾਜਸੀ ਪ੍ਰਸੰਗ ਵਿਚ ਸਪਸ਼ਟ ਕਰਨ ਦਾ ਹੈ।

# ਕਦੇ ਕਦੇ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ।***

ਕਦੇ ਕਦੇ 'ਕੱਲੇ ਹੋ ਕੇ ਵੀ 'ਕੱਲੇ ਨਹੀਂ ਹੋਈਦਾ ਪਰ ਕਦੇ ਕਦੇ ਮਹਿਫ਼ਲ ਵਿਚ ਹੁੰਦਿਆਂ ਵੀ ਬਹੁਤ ਇਕੱਲੇ ਰਹਿ ਜਾਈਦਾ।

ਕਦੇ ਕਦੇ ਆਪਣੇ ਆਪ ਨੂੰ ਮਿਲ ਕੇ ਵੀ ਬੰਦਾ ਖ਼ੁਦ ਨੂੰ ਨਹੀਂ ਮਿਲਦਾ ਪਰ ਕਦੇ ਕਦੇ ਖ਼ੁਦ ਨੂੰ ਮਿਲਣ ਤੋਂ ਬਗੈਰ ਵੀ ਬੰਦਾ ਆਪਣੇ ਆਪ ਨੂੰ ਮਿਲ ਪੈਂਦਾ।

ਕਦੇ ਕਦੇ ਦਰਿਆ ਵੀ ਬਰੇਤੇ ਵਰਗਾ ਜਾਪਦਾ ਪਰ ਕਈ ਵਾਰ ਬਰੇਤੇ ਵਿਚੋਂ ਵੀ ਸਿੰਮਦੇ ਦਰਿਆ ਨੂੰ ਦੇਖਿਆ ਜਾ ਸਕਦਾ।

ਕਦੇ ਕਦੇ ਅੰਬਰ ਦੇ ਤਾਰੇ ਵੀ ਹਨੇਰ ਭਰ ਜਾਂਦੇ ਪਰ ਕਦੇ ਕਦੇ ਇਕ ਹੀ ਜੁਗਨੂੰ ਅੰਬਰ-ਮਨ ਨੂੰ ਰੌਸ਼ਨ ਕਰ ਜਾਂਦਾ।

ਕਦੇ ਕਦੇ ਮੂੰਹੋਂ ਨਿਕਲੇ ਬੋਲ ਜ਼ਖ਼ਮਾਂ ਦੀ ਤਫ਼ਸੀਲ ਹੁੰਦੇ ਪਰ ਕਦੇ ਕਦੇ ਇਕ ਹੀ ਬੋਲ ਜ਼ਖ਼ਮਾਂ ਲਈ ਮਰ੍ਹਮ ਬਣ ਜਾਂਦੇ।

ਕਦੇ ਕਦੇ ਸਾਲਾਂ ਦੀ ਸਾਂਝ ਵੀ ਇਕੱਲਤਾ ਦਾ ਅਹਿਸਾਸ ਕਰਾਉਂਦੀ ਪਰ ਕਦੇ ਕਦੇ ਇਕ ਪਲ ਦੀ ਮਿਲਣੀ ਸਾਰੀ ਜ਼ਿੰਦਗੀ ਦੀ ਸਾਂਝ ਬਣ ਜਾਂਦੀ।

ਕਦੇ ਕਦੇ ਉਮਰਾਂ ਦਾ ਸਾਥ ਵੀ ਨਿੱਘ ਵਿਹੂਣਾ ਹੀ ਰਹਿੰਦਾ ਪਰ ਕਦੇ ਕਦੇ ਇਕ ਪਲ ਦਾ ਮਿਲਣਾ ਰੂਹ ਨੂੰ ਸ਼ਰਸ਼ਾਰ ਕਰ ਜਾਂਦਾ।

ਕਦੇ ਕਦੇ ਕੋਲ ਬੈਠਿਆਂ ਵੀ ਸਦਾ ਬਹੁਤ ਦੂਰ ਹੀ ਰਹੀਦਾ ਪਰ ਕਦੇ ਕਦੇ ਦੂਰ ਦੂਰ ਹੁੰਦਿਆਂ ਵੀ ਸਾਹਾਂ ਤੋਂ ਵੀ ਨੇੜੇ ਦੀ ਨੇੜਤਾ ਹੁੰਦੀ।

ਕਦੇ ਕਦੇ ਭਰਿਆ ਹੋਇਆ ਮਨ ਵੀ ਖ਼ਾਲੀ ਖ਼ਾਲੀ ਲੱਗਦਾ ਪਰ ਕਦੇ ਕਦੇ ਸੱਖਣਤਾ ਵਿਚ ਹੀ ਮਨ ਅੰਬਰ ਨੂੰ ਆਪਣੇ ਕਲਾਵੇ ਵਿਚ ਲੈਂਦਾ।

ਕਦੇ-ਕਦੇ ਇਕ ਕਦਮ ਹੀ ਯਾਤਰਾ ਬਣ ਜਾਂਦੀ ਪਰ ਕਦੇ ਕਦੇ ਜ਼ਿੰਦਗੀ ਭਰ ਦੇ ਸਫ਼ਰ ਵਿਚ ਵੀ ਇਕ ਵੀ ਕਦਮ ਨਹੀਂ ਪੁੱਟ ਹੁੰਦਾ।

ਕਦੇ ਕਦੇ ਕੋਲ ਕੋਲ ਲੇਟਿਆਂ ਵੀ ਸੱਤ ਸਮੁੰਦਰਾਂ ਦੀ ਦੂਰੀ ਹੁੰਦੀ ਪਰ ਕਦੇ ਕਦੇ ਕੋਹਾਂ ਦੂਰ ਹੁੰਦਿਆਂ ਵੀ ਸਾਹਾਂ ਜੇਹੀ ਨੇੜਤਾ ਦਾ ਅਹਿਸਾਸ ਹੁੰਦਾ।

ਕਦੇ ਕਦੇ ਸੁਰ-ਸੰਗੀਤ ਵੀ ਅੰਤਰੀਵ ਵਿਚ ਖ਼ਲਾਅ ਪੈਦਾ ਕਰਦਾ ਪਰ ਕਦੇ ਕਦੇ ਇਕ ਸੁਰ ਹੀ ਜੀਵਨ-ਨਾਦ ਬਣ ਜਾਂਦਾ।

ਕਦੇ ਕਦੇ ਮਿਲਣਾ ਵੀ ਨਾ ਮਿਲਣ ਦੇ ਬਰਾਬਰ ਹੁੰਦਾ ਪਰ ਕਦੇ ਕਦੇ ਨਾ ਮਿਲਣਾ ਵੀ ਨਿੱਘੀ ਗਲਵੱਕੜੀ ਬਣ ਜਾਂਦਾ।

ਕਦੇ ਕਦੇ ਇਕ ਹੀ ਸਾਹ ਜ਼ਿੰਦਗੀ ਬਣ ਜਾਂਦਾ ਪਰ ਕਦੇ ਕਦੇ ਸਾਰੇ ਜੀਵਨ ਵਿਚ ਇਕ ਵੀ ਚੱਜ ਦਾ ਸਾਹ ਨਹੀਂ ਲਈਦਾ।

ਕਦੇ ਕਦੇ ਇਕ ਹੀ ਹਉਕਾ ਉਮਰ ਗਾਲ਼ ਦਿੰਦਾ ਪਰ ਕਦੇ ਕਦੇ ਹਉਕਿਆਂ ਦਾ ਜੰਮਘਟਾ ਵੀ ਬੰਦੇ ਦਾ ਕੁਝ ਨਹੀਂ ਵਿਗਾੜ ਸਕਦਾ।

ਕਦੇ ਕਦੇ ਇਕ ਹੀ ਸ਼ਬਦ ਗ੍ਰੰਥ ਹੋ ਜਾਂਦਾ ਪਰ ਕਦੇ ਪੋਥੀਆਂ ਦੀਆਂ ਪੰਡਾਂ ਵਿਚ ਇਕ ਵੀ ਸ਼ਬਦ ਨਹੀਂ ਹੁੰਦਾ।

ਕਦੇ ਕਦੇ ਇਕ ਹੀ ਬੋਲ ਅੰਤਰੀਵੀ ਨਾਦ ਬਣ ਕੇ ਰੂਹ ਵਿਚ ਗੂੰਜਦਾ ਪਰ ਕਦੇ ਕਦੇ ਬੋਲਾਂ ਦਾ ਸ਼ੋਰ ਜਿਊਣ ਦੀ ਦੁਸ਼ਵਾਰੀ ਬਣ ਜਾਂਦਾ।

ਕਦੇ ਕਦੇ ਖਾਮੋਸ਼ ਹੋਣਾ ਵੀ ਸ਼ੋਰ-ਸ਼ਰਾਬਾ ਹੁੰਦਾ ਪਰ ਕਦੇ ਕਦੇ ਰੌਲਾ-ਰੱਪਾ ਵੀ ਖਾਮੋਸ਼ੀ ਦਾ ਅੰਦਾਜ਼ ਹੋ ਜਾਂਦਾ।

ਕਦੇ ਕਦੇ ਪੱਤਝੜ ਦੇ ਰੰਗ ਵੀ ਬਹਾਰਾਂ ਦੀ ਆਮਦ ਹੁੰਦੇ ਪਰ ਕਦੇ ਬਹਾਰਾਂ ਦੇ ਵਿਹੜੇ ਵਿਚ ਵੀ ਪੱਤਝੜ ਦੀ ਦਸਤਕ ਹੁੰਦੀ।

ਕਦੇ ਕਦੇ ਇਕ ਹੀ ਗਲਵੱਕੜੀ ਉਮਰਾਂ ਦੀ ਸਾਂਝ ਬਣ ਜਾਂਦੀ ਪਰ ਕਦੇ ਕਦੇ ਗਲਵੱਕੜੀਆਂ ਵਿਚ ਵੀ ਕੋਹਾਂ ਦੀਆਂ ਦੂਰੀਆਂ ਹੁੰਦੀਆਂ।

ਕਦੇ ਕਦੇ ਇਕ ਹੀ ਪਲ ਉਮਰ ਭਰ ਲਈ ਮਹਿਕ ਬਣ ਜਾਂਦਾ ਪਰ ਕਦੇ ਕਦੇ ਸਾਰੀ ਉਮਰ 'ਚ ਇਕ ਵੀ ਸੁਗੰਧਤ ਪਲ ਨਸੀਬ ਨਹੀਂ ਹੁੰਦਾ।

ਕਦੇ ਕਦੇ ਇਕ ਹੀ ਬੁਰਕੀ ਰੱਜ ਦਾ ਸਬੱਬ ਬਣ ਜਾਂਦੀ ਪਰ ਕਦੇ ਕਦੇ ਸੱਤ ਪਕਵਾਨਾਂ 'ਚੋਂ ਵੀ ਰੱਜ ਨਹੀਂ ਮਿਲਦਾ।

ਕਦੇ ਕਦੇ ਇਕ ਮੋੜ 'ਤੇ ਤੁਹਾਨੂੰ ਸਰਗੀ ਦਾ ਝਲਕਾਰਾ ਮਿਲਦਾ ਪਰ ਕਦੇ ਕਦੇ ਹਰ ਮੋੜ 'ਤੇ ਸ਼ਾਮਾਂ ਹੀ ਮੱਥੇ ਲੱਗਦੀਆਂ।

ਕਦੇ ਕਦੇ ਇਕ ਹੀ ਦੋਸਤ ਮਿੱਤਰ-ਮੰਡਲੀ ਦਾ ਰੂਪ ਧਾਰਦਾ ਪਰ ਕਦੇ ਕਦੇ ਮਿੱਤਰ-ਮੰਡਲੀ 'ਚ ਇਕ ਵੀ ਸੱਜਣ ਨਹੀਂ ਹੁੰਦਾ।

ਕਦੇ ਕਦੇ ਇਕ ਹੀ ਵੱਟ ਖੇਤਾਂ ਦਾ ਨਾਮਕਰਣ ਹੁੰਦੀ ਪਰ ਕਦੇ ਕਦੇ ਵੱਟਾਂ ਵਿਚੋਂ ਖੇਤ ਹੀ ਅਲੋਪ ਹੋ ਜਾਂਦੇ।

ਕਦੇ ਕਦੇ ਇਕ ਹੀ ਸਿਆੜ ਧਰਤੀ ਨੂੰ ਗੱਭਣ ਕਰ ਦਿੰਦਾ ਪਰ ਕਦੇ ਕਦੇ ਸਿਆੜਾਂ ਦੀਆਂ ਪਰਤਾਂ 'ਚ ਵੀ ਮਿੱਟੀ ਬਾਂਝ ਹੀ ਰਹਿੰਦੀ।

ਕਦੇ ਕਦੇ ਇਕ ਹੀ ਦਬਕਾ ਵਿੰਗ-ਤੜਿੰਗੇ ਖ਼ਿਆਲਾਂ ਨੂੰ ਤੱਕਲੇ ਵਾਂਗ ਸਿੱਧੇ ਕਰ ਦਿੰਦਾ ਪਰ ਕਦੇ ਕਦੇ ਬੇਹੂਦਾ ਵਿਚਾਰ ਦਬਕਿਆਂ ਤੋਂ ਵੀ ਬੇਖੌਫ਼ ਹੋ ਜਾਂਦੇ।

ਕਦੇ ਕਦੇ ਖੁਦ ਦੇ ਸਨਮੁੱਖ ਹੋ ਸਮੁੱਚੀ ਜੀਵਨ-ਦ੍ਰਿਸ਼ਵਲੀ ਜੀਵੰਤ ਹੋ ਜਾਂਦੀ ਪਰ ਕਦੇ ਕਦੇ ਸਾਰੀ ਉਮਰ ਖੁਦ ਨੂੰ ਮਿਲਦਿਆਂ ਵੀ ਖੁਦ ਨੂੰ ਨਹੀਂ ਮਿਲ ਹੁੰਦਾ।

ਕਦੇ ਕਦੇ ਇਕ ਹੀ ਲਮ੍ਹਾ ਜ਼ਿੰਦਗੀ ਦਾ ਜਸ਼ਨ ਹੁੰਦਾ ਪਰ ਕਦੇ ਕਦੇ ਸਾਰੀ ਉਮਰ ਹੀ ਸਿਵਿਆਂ ਦਾ ਵਿਰਲਾਪ ਹੁੰਦੀ।

ਕਦੇ ਕਦੇ ਸਾਰੀ ਉਮਰ ਹੀ ਆਪਣੇ ਲਈ ਵਕਤ ਨਹੀਂ ਹੁੰਦਾ ਪਰ ਕਦੇ ਕਦੇ ਸਾਰਾ ਵਕਤ ਹੀ ਆਪਣਾ ਹੁੰਦਾ।

ਕਦੇ ਕਦੇ ਮੈਂ ਤੋਂ ਮੈਂ ਤੀਕ ਦਾ ਸਫ਼ਰ ਉਮਰਾਂ ਜੇਡ ਹੁੰਦਾ ਪਰ ਕਦੇ ਕਦੇ ਮੈਂ ਤੋਂ ਮੈਂ ਵਿਚ ਦੂਰੀ ਹੀ ਨਹੀਂ ਹੁੰਦੀ।

ਕਦੇ ਕਦੇ ਇਕ ਹੀ ਘੂਰ ਜ਼ਿੰਦਗੀ ਨੂੰ ਸੰਵਾਰ ਦਿੰਦੀ ਪਰ ਕਦੇ ਕਦੇ ਸਾਰੀ ਉਮਰ ਦੀਆਂ ਝਿੜਕਾਂ ਵੀ ਪੱਥਰ 'ਤੇ ਪਾਣੀ ਹੁੰਦੀਆਂ।

ਕਦੇ ਕਦੇ ਸੋਚ ਦੇ ਮੇਚ ਦਾ ਇਕ ਵੀ ਸ਼ਬਦ ਨਹੀਂ ਹੁੰਦਾ ਪਰ ਕਦੇ ਕਦੇ ਸਾਰੇ ਸ਼ਬਦ ਹੀ ਸੋਚ ਦੇ ਹਾਣੀ ਹੁੰਦੇ।

ਕਦੇ ਕਦੇ ਇਕ ਹੀ ਖ਼ਿਆਲ ਵਿਚੋਂ ਸਮੁੱਚੀ ਲਿਖਤ ਉਦੈ ਹੁੰਦੀ ਪਰ ਕਦੇ ਕਦੇ ਖ਼ਿਆਲਾਂ ਦੀ ਬੇਤਰਤੀਬੀ ਵਿਚੋਂ ਲਿਖਤ ਮਨਫ਼ੀ ਹੁੰਦੀ।

ਕਦੇ ਕਦੇ ਇਕ ਵੀ ਵਾਕ ਪੜ੍ਹਦਿਆਂ ਸਾਰੀ ਕਿਤਾਬ ਹੀ ਪੜ੍ਹ ਲਈਦੀ ਪਰ ਕਦੇ ਕਦੇ ਸਾਰੀ ਕਿਤਾਬ 'ਚੋਂ ਇਕ ਵੀ ਵਾਕ ਨਹੀਂ ਲੱਭਦਾ।

ਕਦੇ ਕਦੇ ਇਕ ਹੀ ਅਦਬੀ ਪ੍ਰਵਚਨ ਸੱਤਸੰਗ ਸਫ਼ਲਾ ਕਰ ਜਾਂਦਾ ਪਰ ਕਦੇ ਕਦੇ ਪੂਰੇ ਸੱਤਸੰਗ ਵਿਚੋਂ ਇਕ ਵੀ ਅਦਬੀ ਪ੍ਰਵਚਨ ਸੁਣਾਈ ਨਹੀਂ ਦਿੰਦਾ।

ਕਦੇ ਕਦੇ ਆਪਣਿਆਂ ਦੇ ਕੋਲ ਹੁੰਦਿਆਂ ਵੀ ਬਹੁਤ ਦੂਰ ਹੋਈਦਾ ਪਰ ਕਦੇ ਕਦੇ ਆਪਣਿਆਂ ਤੋਂ ਦੂਰ ਹੁੰਦਿਆਂ ਵੀ ਬਹੁਤ ਨੇੜੇ ਹੁੰਦੇ।

ਕਦੇ ਕਦੇ ਘਰ ਵਿਚ ਰਹਿੰਦਿਆਂ ਵੀ ਘਰ ਨੂੰ ਨਹੀਂ ਮਿਲਦੇ ਪਰ ਕਦੇ ਕਦੇ ਘਰੋਂ ਬਾਹਰ ਰਹਿੰਦਿਆਂ ਵੀ ਘਰ ਨੂੰ ਹਰ ਰੋਜ਼ ਮਿਲਦੇ।

ਕਦੇ ਕਦੇ ਮਿੱਤਰ ਨੂੰ ਮਿਲ ਕੇ ਉਸਦੇ ਦਿਲ ਦੀ ਨਹੀਂ ਜਾਣਦੇ ਪਰ ਕਦੇ ਕਦੇ ਮਿੱਤਰ ਨੂੰ ਮਿਲਿਆਂ ਬਗੈਰ ਹੀ ਉਸ ਦੀਆਂ ਰਮਜ਼ਾਂ ਸਮਝ ਲੈਂਦੇ।

ਕਦੇ ਕਦੇ ਇਕ ਹੀ ਛਿਣ ਸਦੀ 'ਚ ਫੈਲ ਜਾਂਦਾ ਪਰ ਕਦੇ ਕਦੇ ਸਦੀਆਂ ਵਿਚੋਂ ਇਕ ਵੀ ਆਪਣਾ ਛਿਣ ਨਹੀਂ ਲੱਭਦਾ।

ਕਦੇ ਕਦੇ ਇਕ ਹੀ ਤੱਕਣੀ ਅੰਦਰ ਥੀਂ ਲਹਿ ਜਾਦੀ ਪਰ ਕਦੇ ਕਦੇ ਅੰਦਰ ਲਹਿਣ ਨੂੰ ਤਰਸਦਿਆਂ ਅੱਖਾਂ ਪਥਰਾ ਹੀ ਜਾਂਦੀਆਂ।

ਕਦੇ ਕਦੇ ਬੇਪ੍ਰਵਾਹ ਹੁੰਦਿਆਂ ਵੀ ਬਹੁਤ ਸੁਚੇਤ ਹੋਈਦਾ ਪਰ ਕਦੇ ਕਦੇ ਸੰਜੀਦਾ ਹੁੰਦਿਆਂ ਵੀ ਸੁਚੇਤ ਨਹੀਂ ਹੋਈਦਾ।

ਕਦੇ ਕਦੇ ਚਿੰਤਾ ਤੋਂ ਚੇਤਨਾ ਤੀਕ ਦਾ ਸਫ਼ਰ ਝੱਟ ਤੈਅ ਕਰ ਲਈਦਾ ਪਰ ਕਦੇ ਕਦੇ ਚੇਤੰਨ ਹੁੰਦਿਆਂ ਵੀ ਚਿੰਤਾ ਨਹੀਂ ਕਰੀਦੀ।

ਕਦੇ ਕਦੇ ਸੁਪਨਿਆਂ ਦੀ ਸੰਗਤ ਵਿਚ ਇਕ ਵੀ ਸੁਪਨਾ ਆਪਣਾ ਨਹੀਂ ਹੁੰਦਾ ਪਰ ਕਦੇ ਕਦੇ ਆਪਣੇ ਸੁਪਨੇ ਹੀ ਸੁਪਨਿਆਂ ਦਾ ਸੰਗਮ ਬਣ ਜਾਂਦੇ।

ਕਦੇ ਕਦੇ ਇਕ ਹੀ ਖ਼ਿਆਲ ਖ਼ਾਬਾਂ ਦਾ ਖ਼ਜ਼ਾਨਾ ਬਣ ਜਾਂਦਾ ਪਰ ਕਦੇ ਕਦੇ ਵਸੀਹ ਖ਼ਿਆਲ ਇਕ ਵੀ ਖ਼ੁਆਬ ਨਹੀਂ ਉਪਜਾਂਦੇ।

ਕਮਲੀਏ ਜਿੰਦੇ !!
ਇਸ ਕਦੇ ਕਦੇ ਦੀ ਘੁੰਮਣਘੇਰੀ 'ਚੋਂ ਨਿਕਲ
ਜਿਊਣ ਨੂੰ ਜਸ਼ਨ ਬਣ ਜਾ
ਤੇ ਜ਼ਿੰਦਗੀ ਦਾ ਗੀਤ ਗਾ।

# ਦੇਸ਼ ਦੀ ਮੌਜੂਦਾ ਸਥਿਤੀ



ਗੁਰਮੀਤ ਸਿੰਘ ਪਲਾਹੀ
ਫੋਨ: 98158-02070

ਦੇਸ਼ 'ਤੇ ਰਾਜ ਕਰਦੀ ਹਾਕਮ ਧਿਰ ਭਾਰਤੀ ਜਨਤਾ ਪਾਰਟੀ, ਤਿੰਨ ਸੂਬਿਆਂ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਦੀਆਂ ਵਿਧਾਨ ਸਭਾ ਚੋਣਾਂ ਜਿੱਤ ਕੇ, ਦੇਸ਼ ਦੇ 12 ਸੂਬਿਆਂ ਵਿਚ ਆਪਣੀ ਸਰਕਾਰ ਬਣਾਉਣ 'ਚ ਸਫ਼ਲ ਹੋ ਗਈ ਹੈ। ਇਨ੍ਹਾਂ ਚੋਣਾਂ 'ਚ ਸਾਰੀਆਂ ਪਾਰਟੀਆਂ ਵਲੋਂ ਆਮ ਲੋਕਾਂ ਨੂੰ ਲਾਰੇ-ਲੱਪੇ ਲਾਏ ਗਏ, ਗਰੰਟੀਆਂ ਦਿੱਤੀਆਂ ਗਈਆਂ ਅਤੇ ਮੁੜ ਵੱਡਾ ਐਲਾਨ ਕੇਂਦਰ ਸਰਕਾਰ ਵਲੋਂ 2024 ਦੀਆਂ ਲੋਕ ਸਭਾ ਚੋਣਾਂ ਨੂੰ ਧਿਆਨ 'ਚ ਰੱਖਦਿਆਂ ਕਰ ਦਿੱਤਾ ਗਿਆ "ਦੇਸ਼ ਦੇ 80 ਕਰੋੜ ਲੋਕਾਂ ਨੂੰ 5 ਕਿਲੋ ਪ੍ਰਤੀ ਜੀਅ ਅਨਾਜ ਅਗਲੇ 5 ਸਾਲ ਵੀ ਮਿਲਦਾ ਰਹੇਗਾ" ਕਿੱਡਾ ਵੱਡਾ ਪਰਉਪਕਾਰ ਹੈ ਲੋਕਾਂ ਉਤੇ ਦੇਸ਼ ਦੇ ਵੱਡੇ ਹਾਕਮਾਂ ਦਾ। ਨੌਕਰੀਆਂ, ਰੁਜ਼ਗਾਰ ਕੋਈ ਨਹੀਂ। ਸਿੱਖਿਆ ਸਹੂਲਤਾਂ ਸਿਰਫ਼ ਨਾਂ ਦੀਆਂ। ਵਾਤਾਵਰਨ ਪੂਰੀ ਤਰ੍ਹਾਂ ਦੂਸ਼ਿਤ। ਰਹਿਣ-ਸਹਿਣ, ਖਾਣ ਪੀਣ, ਆਮ ਲੋਕਾਂ ਦਾ ਇਹੋ ਜਿਹਾ, ਜਿਹੋ ਜਿਹਾ ਸ਼ਾਇਦ ਹੀ ਦੁਨੀਆਂ ਦੇ ਬਹੁਤ ਘੱਟ ਲੋਕਾਂ ਦੇ ਹਿੱਸੇ ਹੋਏਗਾ। ਕੁਲੀ, ਗੁਲੀ, ਜੁਲੀ ਸੁਵਿਧਾ ਨੂੰ ਦੇਸ਼ ਦੇ ਵੱਡੀ ਗਿਣਤੀ ਨਾਗਰਿਕ ਜਿਵੇਂ ਤਰਸ ਹੀ ਗਏ ਹਨ। ਸਰੀਰਕ, ਮਾਨਸਿਕ ਪ੍ਰੇਸ਼ਾਨੀਆਂ ਉਨ੍ਹਾਂ ਦੀ ਚਿੰਤਾ ਹਨ।

ਨੈਸ਼ਨਲ ਕਰਾਈਮ ਰਿਕਾਰਡਜ਼ ਬਿਓਰੋ (ਐਨ.ਸੀ.ਆਰ.ਬੀ.) ਦੀ ਰਿਪੋਰਟ ਪੜ੍ਹੋ। ਭਾਰਤ 'ਚ ਰੋਜ਼ਾਨਾ ਔਸਤਨ 31 ਕਿਸਾਨਾਂ ਅਤੇ ਖੇਤ ਮਜ਼ਦੂਰਾਂ ਸਣੇ 114 ਦਿਹਾੜੀਦਾਰ ਖੁਦਕੁਸ਼ੀ ਕਰਦੇ ਹਨ। ਰਿਪੋਰਟ ਅਨੁਸਾਰ 2022 ਵਿਚ 1.70 ਲੱਖ ਖੁਦਕੁਸ਼ੀ ਦੇ ਮਾਮਲੇ ਦਰਜ ਕੀਤੇ ਗਏ। (ਇਹ ਸਰਕਾਰੀ ਅੰਕੜੇ ਹਨ, ਗੈਰ-ਸਰਕਾਰੀ ਅੰਕੜੇ ਇਸ ਤੋਂ ਕਈ ਗੁਣਾ ਵੱਧ ਹੋਣਗੇ, ਕਿਉਂਕਿ ਲੋਕ ਚੁੱਪ-ਚੁਪੀਤੇ ਇਹੋ ਜਿਹੇ ਹਾਦਸਿਆਂ ਸਮੇਂ ਸੰਸਕਾਰ ਕਰ ਦਿੰਦੇ ਹਨ)। ਖੁਦਕੁਸ਼ੀਆਂ ਦੇ ਵੱਧ ਮਾਮਲੇ ਮਹਾਰਾਸ਼ਟਰ, ਕਰਨਾਟਕ, ਆਂਧਰਾ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ 'ਚ ਹਨ। (ਜਿੱਥੇ ਹੁਣੇ ਜਿਹੇ ਭਾਰਤੀ ਜਨਤਾ ਪਾਰਟੀ ਜਿੱਤੀ ਹੈ ਅਤੇ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਸੂਬੇ 'ਚ ਰਾਜ ਕਰਦੀ ਹੈ) ਚਿੰਤਾ ਵਾਲੀ ਗੱਲ ਤਾਂ ਇਹ ਵੀ ਹੈ ਕਿ ਇਨ੍ਹਾਂ ਸ਼੍ਰੇਣੀਆਂ ਭਾਵ ਕਿਸਾਨਾਂ, ਖੇਤ ਮਜ਼ਦੂਰਾਂ 'ਚ ਖੁਦਕੁਸ਼ੀ ਕਰਨ ਵਾਲਿਆਂ ਵਿਚ ਔਰਤਾਂ ਵੀ ਸ਼ਾਮਲ ਹਨ। ਰਿਪੋਰਟ ਇਹ ਵੀ ਕਹਿੰਦੀ ਹੈ ਕਿ ਖੁਦਕੁਸ਼ੀਆਂ ਕਰਨ ਵਾਲਿਆਂ 'ਚ 58.2 ਫ਼ੀਸਦੀ ਨੇ ਫਾਹਾ ਲਿਆ। 25.4 ਫ਼ੀਸਦੀ ਨੇ ਜ਼ਹਿਰ ਪੀਤੀ। 5 ਫ਼ੀਸਦੀ ਨੇ ਡੁੱਬ ਕੇ ਜਾਨ ਗੁਆਈ। ਕੀ ਸਮਾਜ ਵਿਚ ਖੁਦਕੁਸ਼ੀ ਦਾ ਵਧ ਰਿਹਾ ਰੁਝਾਨ ਚਿੰਤਾ ਦਾ ਵਿਸ਼ਾ ਨਹੀਂ ਹੈ? ਕੀ ਇਹ ਸਰਕਾਰ ਦਾ ਫਰਜ਼ ਨਹੀਂ ਕਿ ਉਹ ਆਰਥਿਕ ਤੰਗੀਆਂ ਤੁਰਸ਼ੀਆਂ ਨੂੰ ਦੂਰ ਕਰਨ ਹਿੱਤ ਇਹੋ ਜਿਹੇ ਪ੍ਰੋਗਰਾਮ ਉਲੀਕੇ, ਜੋ ਨਾਗਰਿਕਾਂ ਦੀ ਖੁਸ਼ਹਾਲੀ ਤੇ ਸੁਖਾਵੇਂ ਜੀਵਨ ਲਈ ਸਹਾਈ ਹੋ ਸਕਣ।

ਮਨੁੱਖੀ ਜ਼ਿੰਦਗੀ ਨਾਲ ਜੁੜਿਆ ਇੱਕ ਹੋਰ ਗੰਭੀਰ ਤੱਥ ਦੇਸ਼ 'ਚ ਵਿਚਾਰਨ ਯੋਗ ਹੈ। ਦੇਸ਼ ਜਦੋਂ ਅੱਜ ਹੋਰ ਵੱਡੀਆਂ ਅਲਾਮਤਾਂ ਦਾ ਸਾਹਮਣਾ ਕਰ ਰਿਹਾ ਹੈ, ਪੌਣਪਾਣੀ ਬਦਲੀ ਦੇਸ਼ ਲਈ ਗੰਭੀਰ ਚੁਣੌਤੀ ਬਣੀ ਹੋਈ ਹੈ। ਦੇਸ਼ ਦੇ 310 ਇਹੋ ਜਿਹੇ ਜ਼ਿਲ੍ਹਿਆਂ ਦੀ ਸ਼ਨਾਖਤ ਕੀਤੀ ਗਈ ਹੈ, ਜਿਥੇ ਇਸ ਤਬਦੀਲੀ ਦਾ ਅਸਰ ਹੋ ਰਿਹਾ ਹੈ, ਜਿਹੜਾ ਖੇਤੀਬਾੜੀ ਖੇਤਰ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਿਹਾ ਹੈ ਅਤੇ ਕਿਸਾਨਾਂ ਅਤੇ ਫ਼ਸਲਾਂ ਲਈ ਮਾਰੂ ਸਿੱਧ ਹੋ ਰਿਹਾ ਹੈ। ਸਿੱਟੇ ਵਜੋਂ ਕਿਸਾਨਾਂ ਦੀ ਆਰਥਿਕ ਹਾਲਤ ਚਿੰਤਾਜਨਕ ਹੋ ਰਹੀ ਹੈ। ਦੇਸ਼ 'ਚ ਕਿਸਾਨ ਅੰਦੋਲਨਾਂ ਦਾ ਵਧਣਾ ਉਨ੍ਹਾਂ 'ਚ ਫੈਲੀ ਬੇਚੈਨੀ ਅਤੇ ਅਸੰਤੁਸ਼ਟਤਾ ਦਾ ਸਿੱਟਾ ਹੈ।

ਇਸ ਬੇਚੈਨੀ ਨੂੰ ਦੂਰ ਕਰਨ ਲਈ ਸਾਰਥਕ ਯਤਨ ਨਹੀਂ ਹੋ ਰਹੇ। ਉਨ੍ਹਾਂ ਨੂੰ ਹਰ ਤੀਜੇ ਮਹੀਨੇ 2000 ਰੁਪਏ ਦੀ ਰਾਸ਼ੀ ਸਹਾਇਤਾ ਦੇ ਕੇ ਪੁਚਕਾਰਿਆ ਜਾ ਰਿਹਾ ਹੈ। ਜਦਕਿ ਵਿਕਾਸ ਯੋਜਨਾਵਾਂ ਦੇ ਨਾਂ ਉਤੇ ਉਨ੍ਹਾਂ ਦੀ ਜ਼ਮੀਨ ਹਥਿਆਈ ਜਾ ਰਹੀ ਹੈ, ਜਿਹੜੀ ਉਸਦੇ ਰੁਜ਼ਗਾਰ ਦਾ ਸਾਧਨ ਹੈ। ਜਦੋਂ ਕਿਸੇ ਵੀ ਵਿਅਕਤੀ ਨੂੰ ਆਰਥਿਕ ਪੱਖੋਂ ਤੋੜ ਦਿੱਤਾ ਜਾਏਗਾ ਤਾਂ ਉਸ ਪੱਲੇ ਨਿਰਾਸ਼ਾ ਤੋਂ ਬਿਨ੍ਹਾਂ ਹੋਰ ਕੁਝ ਨਹੀਂ ਬਚਦਾ।

ਦੇਸ਼ ਦੀ ਆਰਥਿਕਤਾ ਦਾ ਮੁੱਖ ਧੁਰਾ ਖੇਤੀ ਹੈ। ਕਿਸਾਨਾਂ, ਖੇਤ ਮਜ਼ਦੂਰਾਂ ਦੀ ਭੈੜੀ ਹਾਲਤ ਦੇ ਮੱਦੇਨਜ਼ਰ, ਉਨ੍ਹਾਂ ਨੂੰ ਆਰਥਿਕ ਸੰਕਟ 'ਚੋਂ ਕੱਢਣ ਲਈ ਘੱਟੋ-ਘੱਟ ਕੀਮਤ ਦੇਣ ਦੀ ਗੱਲ ਵੱਖੋ-ਵੱਖਰੀਆਂ ਸਰਕਾਰਾਂ ਵਲੋਂ ਕੀਤੀ ਜਾਂਦੀ ਰਹੀ ਹੈ। ਯੂ.ਪੀ.ਏ. ਸਰਕਾਰ ਵਲੋਂ ਖੇਤੀਬਾੜੀ ਸੁਧਾਰਾਂ ਬਾਰੇ ਸਵਾਮੀਨਾਥਨ ਰਿਪੋਰਟ ਵੀ ਲਿਆਂਦੀ ਗਈ ਸੀ, ਜਿਸ ਵਿਚ ਫ਼ਸਲਾਂ ਉਤੇ ਲਾਗਤ ਨਾਲ ਜਮ੍ਹਾਂ 50 ਫ਼ੀਸਦੀ ਮੁਨਾਫ਼ਾ ਕਿਸਾਨ ਨੂੰ ਦੇਣ ਦੀ ਸਿਫ਼ਾਰਸ਼ ਨਿਸ਼ਚਿਤ ਕੀਤੀ ਗਈ ਸੀ। ਸਵਾਮੀਨਾਥਨ ਰਿਪੋਰਟ ਵਿਚ 201 ਸਿਫਾਰਸ਼ਾਂ ਕਿਸਾਨਾਂ ਦੇ ਜੀਵਨ ਸੁਧਾਰ ਲਈ ਕੀਤੀਆਂ ਗਈਆਂ ਸਨ, ਪਰ ਮੋਦੀ ਸਰਕਾਰ ਵਲੋਂ ਵੀ ਇਸ ਮੁੱਦੇ 'ਤੇ ਕੋਈ ਧਿਆਨ ਨਹੀਂ ਦਿੱਤਾ ਗਿਆ। ਕਿਸਾਨ ਅੰਦੋਲਨ ਸਮੇਂ ਕਿਸਾਨਾਂ ਨਾਲ ਫ਼ਸਲਾਂ ਦੀ ਘੱਟੋ-ਘੱਟ ਕੀਮਤ ਮਿੱਥਣ ਬਾਰੇ ਵਿਚਾਰ ਕਰਨ ਦਾ ਫ਼ੈਸਲਾ ਹੋਇਆ ਸੀ, ਪਰ ਹਾਲੇ ਤੱਕ ਕੋਈ ਕਾਰਵਾਈ ਅਮਲ 'ਚ ਨਹੀਂ ਲਿਆਂਦੀ ਜਾ ਸਕੀ।

ਸਪੱਸ਼ਟ ਦਿਖਾਈ ਦੇ ਰਿਹਾ ਹੈ ਕਿ ਦੇਸ਼ ਵਿਚ ਮੰਦਹਾਲੀ ਹੈ, ਲੋਕਾਂ ਵਿਚ ਬੇਚੈਨੀ ਹੈ, ਦੇਸ਼ 'ਚ ਗਰੀਬ ਅਮੀਰ ਦਾ ਪਾੜਾ ਹੈ। ਬੇਰੁਜ਼ਗਾਰੀ ਦਾ ਦੈਂਤ ਦੇਸ਼ ਨੂੰ ਝੰਬ ਰਿਹਾ ਹੈ, ਪਰ ਦੇਸ਼ ਦੇ ਨੇਤਾ ਲੋਕ ਸਮੇਤ ਹਾਕਮ ਧਿਰ ਦੇ ਨੇਤਾ, ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਤੋਂ ਮੁੱਖ ਮੋੜੀ ਬੈਠੇ ਹਨ। ਧਰਮ, ਜਾਤ ਦੇ ਨਾਮ 'ਤੇ ਸਿਆਸਤ ਕਰਨ 'ਚ ਰੁੱਝੇ ਹਨ।

ਇੱਕ ਦੇਸ਼, ਇੱਕ ਬੋਲੀ, ਇੱਕ ਝੰਡਾ, ਇੱਕ ਸੰਵਿਧਾਨ ਜਿਹੇ ਨਾਹਰਿਆਂ ਹੇਠ ਲੋਕਾਂ ਨੂੰ ਭਰਮਿਤ ਕਰਨ 'ਚ ਰੁੱਝੇ ਇਹ ਨੇਤਾ ਆਮ ਲੋਕਾਂ ਦੀ ਤਾਂ ਪੀੜ ਹੀ ਭੁੱਲ ਬੈਠੇ ਹਨ। ਇਹ ਇੱਕ ਭਰਮ ਪਾਲ ਰਹੇ ਹਨ ਕਿ ਭਾਰਤ ਦੇਸ਼, ਦੁਨੀਆ ਦੀ ਤੀਸਰੀ ਸ਼ਕਤੀ ਬਣਨ ਵੱਲ ਅੱਗੇ ਵਧ ਰਿਹਾ ਹੈ।

ਜ਼ਰਾ ਧਿਆਨ ਕਰੋ ਅੰਤਰਰਾਸ਼ਟਰੀ ਰਿਪੋਰਟਾਂ ਵੱਲ। ਦੇਸ਼ 'ਚ ਬੇਰੁਜ਼ਗਾਰੀ ਦੀ ਦਰ 7.9 ਫ਼ੀਸਦੀ ਹੈ। ਇੱਕ ਰਿਪੋਰਟ ਅਨੁਸਾਰ 1000 ਨਵੇਂ ਜੰਮੇ ਬੱਚਿਆਂ 'ਚੋਂ 31 ਜਨਮ ਦੇ 5 ਵਰ੍ਹਿਆਂ ਦੌਰਾਨ ਹੀ ਮਰ ਜਾਂਦੇ ਹਨ। 485 ਮਿਲੀਅਨ ( 48.5 ਕਰੋੜ) ਲੋਕ ਅਤਿ ਦੇ ਗਰੀਬ ਹਨ। ਦੇਸ਼ 'ਚ ਮਹਿੰਗਾਈ ਦੇ ਇਸ ਦੌਰ 'ਚ ਪੇਂਡੂ ਨਿਵਾਸੀ ਔਸਤਨ 1095 ਰੁਪਏ ਪ੍ਰਤੀ ਮਹੀਨੇ ਅਤੇ ਸ਼ਹਿਰੀ ਨਿਵਾਸੀ ਔਸਤਨ 1286 ਰੁਪਏ ਮਹੀਨਾ ਕਮਾਉਂਦੇ ਹਨ। ਹੁਣ ਇਸ ਗੱਲ 'ਤੇ ਵੀ ਹੈਰਾਨ ਹੋਣ ਦੀ ਕੋਈ ਲੋੜ ਨਹੀਂ ਰਹੀ ਕਿ ਵਿਸ਼ਵ ਦੇ 125 ਦੇਸ਼ਾਂ ਵਿਚ ਭੁੱਖਮਰੀ ਦੇ ਮਾਮਲੇ 'ਚ ਭਾਰਤ ਦਾ 111ਵਾਂ ਸਥਾਨ ਹੈ। ਪਿਛਲੇ ਵਰ੍ਹੇ ਇਹ ਸਥਾਨ 107 ਸੀ। ਭਾਵ ਪਿਛਲੇ ਸਾਲ ਨਾਲੋਂ ਵੀ ਇਸ ਨਾਲ ਭੁੱਖਮਰੀ 'ਚ ਵਾਧਾ ਹੋਇਆ ਹੈ। ਵਿਡੰਬਨਾ ਵੇਖੋ, ਪਵਿੱਤਰ ਮੰਦਰਾਂ ਦੇ ਅਤੇ ਤੀਰਥ ਸਥਾਨਾਂ ਦੇ ਦਰਸ਼ਨਾਂ ਦੇ ਨਾਂ ਉਤੇ ਲੋਕਾਂ ਦੇ ਜਜ਼ਬਿਆਂ ਨਾਲ ਖੇਡਿਆ ਜਾ ਰਿਹਾ ਹੈ। ਫਿਰਕੂ ਫਸਾਦ ਆਮ ਗੱਲ ਬਣਾ ਦਿੱਤੀ ਗਈ ਹੈ। ਦੇਸ਼ ਦੀਆਂ ਘੱਟ ਗਿਣਤੀਆਂ ਦੇਸ਼ 'ਚ ਡਰ ਮਹਿਸੂਸ ਕਰ ਰਹੀਆਂ ਹਨ। ਇਥੋਂ ਤੱਕ ਕਿ ਖੇਤਰੀ ਭਾਸ਼ਾਵਾਂ ਦਾ ਗਲ ਘੁੱਟਣ ਲਈ ਨਵੀਂ ਰਾਸ਼ਟਰਪਤੀ ਸਿੱਖਿਆ ਨੀਤੀ ਲਾਗੂ ਕੀਤੀ ਜਾ ਰਹੀ ਹੈ।

ਜਿਵੇਂ ਖੇਤੀ ਤੇ ਖੇਤ ਕਾਰਪੋਰੇਟਾਂ ਦੇ ਪੱਲੇ ਪਾਉਣ ਦਾ ਦੇਸ਼ 'ਚ ਯਤਨ ਹੋਇਆ ਅਤੇ ਹੋ ਰਿਹਾ ਹੈ। ਹਰੀ ਕ੍ਰਾਂਤੀ ਦੇ ਸਬਜ਼ ਬਾਗ ਦਿਖਾ ਕੇ ਕਿਸਾਨਾਂ ਦੇ ਕਿੱਤੇ ਨੂੰ ਭਾਰੀ ਸੱਟ ਮਾਰੀ ਗਈ ਹੈ। ਉਵੇਂ ਹੀ ਰਾਸ਼ਟਰੀ ਸਿੱਖਿਆ ਨੀਤੀ ਦੇ ਨਾਂ ਉਤੇ "ਮਾਂ ਬੋਲੀਆਂ" ਨੂੰ ਅੱਖੋਂ-ਪਰੋਖੇ ਕਰ ਕੇ ਡਿਜੀਟਲ, ਕੰਪਿਊਟਰ, ਇੰਟਰਨੈੱਟ ਆਦਿ ਨੂੰ ਵਧੇਰੇ ਮਹੱਤਤਾ ਦੇ ਕੇ ਮਨੁੱਖ ਨੂੰ ਉਸਦੀ ਬੋਲੀ, ਸਭਿਆਚਾਰ ਤੋਂ ਦੂਰ ਕਰ ਕੇ ਇੱਕ ਮਸ਼ੀਨ ਦਾ ਰੂਪ ਦਿੱਤਾ ਜਾ ਰਿਹਾ ਹੈ। ਕਿੱਡਾ ਸੋਹਣਾ ਲਗਦਾ ਹੈ ਇਹ ਨਾਹਰਾ "ਦੁਨੀਆ ਸਿਰਫ਼ ਇੱਕ ਮੁੱਠੀ 'ਚ ਬੰਦ ਹੈ ਅਤੇ ਸਭ ਦੀ ਪਹੁੰਚ 'ਚ ਹੈ"। ਪਰ ਕੀ ਇਹ ਕੁਦਰਤੀ ਮਨੁੱਖੀ ਜੀਵਨ ਨਾਲ ਖਿਲਵਾੜ ਨਹੀਂ।

ਉਵੇਂ ਹੀ ਜਿਵੇਂ ਦੇਸ਼ ਵਿਚੋਂ ਜੰਗਲ ਉਜਾੜ ਦਿੱਤੇ ਗਏ, ਜਿਵੇਂ ਦਰਿਆਵਾਂ ਦੇ ਵਹਿਣ ਬਦਲ ਦਿੱਤੇ ਗਏ ਅਤੇ ਰੇਤ, ਬਜਰੀ ਖਣਨ ਨਾਲ ਮਾਫੀਏ ਦੀਆਂ ਝੋਲੀਆਂ ਭਰ ਦਿੱਤੀਆਂ ਗਈਆਂ। ਜਿਵੇਂ ਦੇਸ਼ 'ਚ ਨਿੱਜੀਕਰਨ ਦਾ ਦੌਰ ਚੱਲਿਆ। ਜਿਵੇਂ ਕਾਰਪੋਰੇਟਾਂ ਹੱਥ "ਸਿਆਸਤ' ਦੀ ਡੋਰ ਫੜਾ ਦਿੱਤੀ ਗਈ। ਜਿਵੇਂ ਸਿਆਸਤ ਵਿਚ ਆਮ ਲੋਕਾਂ ਨੂੰ ਨੁੱਕਰੇ ਲਾ ਕੇ ਧਨ-ਕੁਬੇਰਾਂ ਦਾ ਬੋਲ-ਬਾਲਾ ਕਰ ਦਿੱਤਾ ਗਿਆ। (ਉਦਾਹਰਨ ਵਜੋਂ ਹੁਣੇ ਹੋਈਆਂ ਛੱਤੀਸਗੜ੍ਹ ਵਿਧਾਨ ਸਭਾ ਚੋਣਾਂ 'ਚ 90 ਚੁਣੇ ਹੋਏ ਸਾਰਿਆਂ ਪਾਰਟੀਆਂ ਦੇ ਵਿਧਾਇਕਾਂ 'ਚ 72 ਕਰੋੜਪਤੀ ਹਨ।) ਉਵੇਂ ਤਾਂ ਫਿਰ ਦੇਸ਼ ਕੀ ਗੁਲਾਮਾਂ ਦੀ ਮੰਡੀ ਬਣ ਕੇ ਨਹੀਂ ਰਹਿ ਜਾਏਗਾ, ਕੀ ਇਹ ਗੱਲ ਕੋਈ ਝੂਠ ਹੋਵੇਗੀ? ਜਿਸ ਢੰਗ ਨਾਲ ਮੌਜੂਦਾ ਹਾਕਮ ਦੇਸ਼ ਨੂੰ ਚਲਾ ਰਹੇ ਹਨ। ਇੱਕ ਪੁਰਖੀ, ਇੱਕ ਪਾਰਟੀ ਰਾਜ ਵੱਲ ਦੇਸ਼ ਨੂੰ ਵਧਾਇਆ ਜਾ ਰਿਹਾ ਹੈ। ਸੂਬਿਆਂ ਦੇ ਅਧਿਕਾਰ ਸੀਮਤ ਕਰ ਕੇ ਕੇਂਦਰ ਆਪਣੀ ਮਨ-ਮਰਜ਼ੀ ਕਰ ਰਿਹਾ ਹੈ। ਕੀ ਉਸ ਨਾਲ ਦੇਸ਼ ਲੋਕਤੰਤਰੀ ਲੀਹੋਂ ਨਹੀਂ ਲੱਥ ਜਾਏਗਾ?


ਦੇਸ਼ ਵਿਚ ਵਧ ਰਹੀ ਲੁੱਟ-ਖਸੁੱਟ, ਕੁਨਬਾਪ੍ਰਵਰੀ, ਭ੍ਰਿਸ਼ਟਾਚਾਰ, ਦੇਸ਼ ਭਾਰਤ ਦੇ ਅਕਸ ਨੂੰ ਵਿਸ਼ਵ ਪੱਧਰੀ ਢਾਅ ਲਾ ਰਿਹਾ ਹੈ। ਮਨੁੱਖੀ ਅਧਿਕਾਰਾਂ ਦਾ ਹਨਨ ਦੇਸ਼ 'ਚ ਆਮ ਹੋ ਗਿਆ ਹੈ। ਹੈਂਕੜਬਾਜ਼ੀ ਦੀ ਸਿਆਸਤ ਨੇ ਲੋਕਾਂ ਦਾ ਸਾਹ ਸੂਤ ਲਿਆ ਹੋਇਆ ਹੈ।

ਦੇਸ਼ ਦੀ ਮੌਜੂਦਾ ਸਥਿਤੀ ਦੇ ਮੱਦੇਨਜ਼ਰ, ਲੇਖਕਾਂ, ਬੁੱਧੀਜੀਵੀਆਂ, ਚਿੰਤਕਾਂ ਨੂੰ ਸਿਰ ਜੋੜਨ ਦੀ ਲੋੜ ਹੈ ਭਾਵੇਂ ਕਿ ਅੱਜ ਦੇਸ਼ ਦੀ ਪ੍ਰੈੱਸ, ਚਿੰਤਕ, ਲੇਖਕ, ਬੁੱਧੀਜੀਵੀ ਦੇਸ਼ ਦੇ ਹਾਕਮਾਂ ਦੇ ਨਿਸ਼ਾਨੇ 'ਤੇ ਹਨ, ਪਰ ਲੋਕਤੰਤਰੀ ਕਦਰਾਂ-ਕੀਮਤਾਂ ਦੇ ਧਾਰਨੀ ਲੋਕ ਕਦੇ ਵੀ ਦੇਸ਼ ਨੂੰ ਮੁੜ ਗੁਲਾਮੀ ਦੀਆਂ ਜ਼ੰਜੀਰਾਂ 'ਚ ਬੱਝਣ ਦੇਣਾ ਪ੍ਰਵਾਨ ਨਹੀਂ ਕਰਨਗੇ।

# ਪੂੰਜੀਵਾਦ ਦੇ ਦੌਰ 'ਚ ਸਮਾਜਵਾਦ ਤੇ ਲੋਕਤੰਤਰ

**ਰੂਸ ਵਿਚ ਅਪਣਾਏ ਸਮਾਜਵਾਦ ਵਿਚ ਉਤਪਾਦਨ ਦੇ ਸਭ ਸਾਧਨਾਂ 'ਤੇ ਸਰਕਾਰ ਦੀ ਮਾਲਕੀ ਸੀ, ਰੁਜ਼ਗਾਰ ਦਾ ਹੱਕ ਬੁਨਿਆਦੀ ਹੱਕ ਸੀ, ਆਮਦਨ ਦੀ ਬਰਾਬਰੀ ਸੀ। ਸਭ ਦੀ ਨਿਜੀ ਆਮਦਨ ਵਿਚ ਉਸ ਦੀ ਕਾਬਲੀਅਤ ਅਨੁਸਾਰ ਥੋੜ੍ਹਾ ਬਹੁਤ ਫ਼ਰਕ ਭਾਵੇਂ ਜ਼ਰੂਰ ਸੀ ਪਰ ਆਮ ਕਰ ਕੇ ਬਰਾਬਰੀ ਸੀ। ਸਮਾਜਿਕ ਸੁਰੱਖਿਆ ਹਰ ਇਕ ਲਈ ਸੀ। ਬਰਾਬਰੀ ਵਾਲੀ ਆਰਥਿਕ ਪ੍ਰਣਾਲੀ ਕਰ ਕੇ ਪੂੰਜੀਵਾਦੀ ਦੇਸ਼ਾਂ ਵਿਚ ਕਿਰਤੀਆਂ ਦੀਆਂ ਯੂਨੀਅਨਾਂ ਵਿਚ ਇਹ ਗੱਲ ਆਮ ਚੱਲਣ ਲੱਗ ਪਈ ਸੀ ਕਿ ਆਰਥਿਕ ਬਰਾਬਰੀ ਵਾਲਾ ਸਮਾਜਿਕ ਅਤੇ ਆਰਥਿਕ ਢਾਂਚਾ ਹੀ ਦੇਸ਼ ਤੇ ਸਮਾਜ ਦੇ ਹਿੱਤ ਦੀ ਗੱਲ ਹੈ।**

ਆਮ ਬੰਦੇ ਦੇ ਮਨ ਵਿਚ ਇਹ ਖਿਆਲ ਜ਼ਰੂਰ ਆਉਂਦਾ ਹੈ ਕਿ ਪੂੰਜੀਵਾਦੀ ਆਰਥਿਕ ਪ੍ਰਣਾਲੀ, ਲੋਕਤੰਤਰ ਨੂੰ ਪ੍ਰਭਾਵਿਤ ਕਰਦੀ ਹੈ ਕਿ ਨਹੀਂ? ਉੱਤਰ ਹੈ ਕਿ ਪੂੰਜੀਵਾਦ ਦੇਸ਼ ਦੇ ਲੋਕਤੰਤਰ ਨੂੰ ਪ੍ਰਭਾਵਿਤ ਤਾਂ ਜ਼ਰੂਰ ਕਰਦਾ ਹੈ ਪਰ ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਸਮਾਜ ਵਿਚ ਉਸ ਪ੍ਰਬੰਧ ਨਾਲ ਆਮਦਨ ਦੀ ਨਾ-ਬਰਾਬਰੀ ਕਿੰਨੀ ਹੈ। ਆਮਦਨ ਦੀ ਨਾ-ਬਰਾਬਰੀ ਜਿੰਨੀ ਜ਼ਿਆਦਾ ਹੋਵੇਗੀ, ਓਨੀ ਹੀ ਇਹ ਪ੍ਰਣਾਲੀ ਲੋਕਤੰਤਰ ਨੂੰ ਪ੍ਰਭਾਵਿਤ ਕਰਦੀ ਹੈ। ਦੁਨੀਆ ਭਰ ਵਿਚ ਮੁੱਖ ਤੌਰ 'ਤੇ ਦੋ ਆਰਥਿਕ ਪ੍ਰਣਾਲੀਆਂ ਹਨ: ਇਕ ਸਮਾਜਵਾਦ ਜਿਸ ਵਿਚ ਆਮਦਨ ਦੀ ਬਰਾਬਰੀ ਹੈ ਅਤੇ ਦੂਜੀ ਹੈ ਪੂੰਜੀਵਾਦ। 1969 ਤਕ ਦੁਨੀਆ ਦੇ 60 ਫੀਸਦੀ ਖੇਤਰ ਅਤੇ ਵਸੋਂ ਨੇ ਸਮਾਜਵਾਦ ਅਪਣਾ ਲਿਆ ਸੀ। 1917 ਵਿਚ ਸੋਵੀਅਤ ਯੂਨੀਅਨ ਵਿਚ ਅਪਣਾਏ ਸਮਾਜਵਾਦ ਮਗਰੋਂ ਦੂਜੀ ਸੰਸਾਰ



**ਡਾ. ਸ ਸ ਛੀਨਾ**

ਜੰਗ ਤੋਂ ਬਾਅਦ ਇਕ ਤੋਂ ਬਾਅਦ ਇਕ ਦੇਸ਼ ਨੇ ਸਮਾਜਵਾਦ ਅਪਣਾ ਲਿਆ ਸੀ ਜਿਸ ਵਿਚ ਚੀਨ ਤੋਂ ਇਲਾਵਾ ਉੱਤਰੀ ਕੋਰੀਆ, ਅਲਬਾਨੀਆ, ਪੋਲੈਂਡ, ਰੁਮਾਨੀਆ, ਆਸਟਰੀਆ, ਪੂਰਬੀ ਜਰਮਨੀ ਆਦਿ ਬਹੁਤ ਵੱਡੀ ਗਿਣਤੀ ਵਿਚ ਦੇਸ਼ ਆ ਗਏ।

ਰੂਸ ਵਿਚ ਅਪਣਾਏ ਸਮਾਜਵਾਦ ਵਿਚ ਉਤਪਾਦਨ ਦੇ ਸਭ ਸਾਧਨਾਂ 'ਤੇ ਸਰਕਾਰ ਦੀ ਮਾਲਕੀ ਸੀ, ਰੁਜ਼ਗਾਰ ਦਾ ਹੱਕ ਬੁਨਿਆਦੀ ਹੱਕ ਸੀ, ਆਮਦਨ ਦੀ ਬਰਾਬਰੀ ਸੀ। ਹਰ ਇਕ ਦੀ ਨਿਜੀ ਆਮਦਨ ਵਿਚ ਉਸ ਦੀ ਕਾਬਲੀਅਤ ਅਨੁਸਾਰ ਥੋੜ੍ਹਾ ਬਹੁਤ ਫ਼ਰਕ ਭਾਵੇਂ ਜ਼ਰੂਰ ਸੀ ਪਰ ਆਮ ਕਰ ਕੇ ਬਰਾਬਰੀ ਸੀ। ਸਮਾਜਿਕ ਸੁਰੱਖਿਆ ਹਰ ਇਕ ਲਈ ਸੀ। ਬਰਾਬਰੀ ਵਾਲੀ ਇਸ ਆਰਥਿਕ ਪ੍ਰਣਾਲੀ ਕਰ ਕੇ ਪੂੰਜੀਵਾਦੀ ਦੇਸ਼ਾਂ ਵਿਚ ਕਿਰਤੀਆਂ ਦੀਆਂ ਯੂਨੀਅਨਾਂ ਵਿਚ ਇਹ ਗੱਲ ਆਮ ਚੱਲਣ ਲੱਗ ਪਈ ਸੀ ਕਿ ਆਰਥਿਕ ਬਰਾਬਰੀ ਵਾਲਾ ਸਮਾਜਿਕ ਅਤੇ ਆਰਥਿਕ ਢਾਂਚਾ ਹੀ ਦੇਸ਼ ਤੇ ਸਮਾਜ ਦੇ ਹਿੱਤ ਦੀ ਗੱਲ ਹੈ। ਇਨ੍ਹਾਂ ਗੱਲਾਂ ਅਤੇ ਯੂਨੀਅਨਾਂ ਦੇ ਦਬਾਅ ਕਰ ਕੇ ਹੀ ਉਨ੍ਹਾਂ ਪੂੰਜੀਵਾਦੀ ਦੇਸ਼ਾਂ ਵਿਚ ਵੱਖ ਵੱਖ ਤਰ੍ਹਾਂ ਦੇ ਆਰਥਿਕ ਸੁਧਾਰ ਕੀਤੇ ਗਏ ਜਿਸ ਵਿਚ ਬੇਰੁਜ਼ਗਾਰੀ ਭੱਤਾ, ਪੈਨਸ਼ਨ, ਬੁਢਾਪਾ ਪੈਨਸ਼ਨ, ਮੁਫਤ ਵਿਦਿਆ ਤੇ ਸਿਹਤ ਸੇਵਾਵਾਂ ਅਤੇ ਸਭ ਤੋਂ ਉਪਰ ਕਿ ਯੂਰਪ, ਆਸਟਰੇਲੀਆ ਅਤੇ ਅਮਰੀਕਾ ਮਹਾਂਦੀਪਾਂ ਦੇ ਦੇਸ਼ਾਂ ਵਿਚ ਕਾਨੂੰਨੀ ਪ੍ਰਕਿਰਿਆ ਅਤੇ ਟੈਕਸ ਪ੍ਰਣਾਲੀ ਨਾਲ ਆਮਦਨ ਦੀ ਬਰਾਬਰੀ ਪੈਦਾ ਕੀਤੀ ਗਈ।

ਇੰਗਲੈਂਡ, ਅਮਰੀਕਾ, ਕੈਨੇਡਾ, ਜਰਮਨੀ ਆਦਿ ਵਿਕਸਤ ਦੇਸ਼ਾਂ ਵਿਚ ਵਿਅਕਤੀਗਤ ਧਨ ਦੀ ਵੱਡੀ ਨਾ-ਬਰਾਬਰੀ ਤਾਂ ਹੈ ਪਰ ਆਮਦਨ ਦੀ ਨਾ-ਬਰਾਬਰੀ ਨਹੀਂ। ਫੈਕਟਰੀ ਵਿਚ ਕੰਮ ਕਰਨ ਵਾਲੇ ਕਿਰਤੀ, ਸੁਪਰਵਾਈਜ਼ਰ, ਮੈਨੇਜਰ ਅਤੇ ਉਸ ਫੈਕਟਰੀ ਦੇ ਮਾਲਕ ਦੀ ਆਮਦਨ ਵਿਚ ਬਹੁਤ ਥੋੜ੍ਹਾ ਫ਼ਰਕ ਹੈ। ਕਈ ਮਾਲਕਾਂ ਕੋਲ ਇਕ ਤੋਂ ਵੱਧ ਫੈਕਟਰੀਆਂ ਦੀ ਮਾਲਕੀ ਹੈ ਪਰ ਉਸ ਅਤੇ ਫੈਕਟਰੀ ਦੇ ਕਾਮੇ ਦੀ ਆਮਦਨ ਵਿਚ ਬਹੁਤਾ ਫ਼ਰਕ ਨਹੀਂ। ਵਜ੍ਹਾ ਹੈ ਕਿ ਕਾਮੇ ਅਤੇ ਮੈਨੇਜਰ ਦੇ ਰਹਿਣ-ਸਹਿਣ ਵਿਚ ਬਹੁਤ ਫ਼ਰਕ ਨਹੀਂ। ਮਾਲਕਾਂ ਕੋਲ ਵੀ ਡਰਾਈਵਰ ਜਾਂ ਘਰੇਲੂ ਨੌਕਰ ਦਾ ਨਾ ਹੋਣਾ ਆਮਦਨ ਬਰਾਬਰੀ ਦਾ ਹੀ ਸਿੱਟਾ ਹੈ। ਮੈਨੇਜਰ, ਮਾਲਕ ਅਤੇ ਕਿਰਤੀ ਦੇ ਬੱਚਿਆਂ ਲਈ ਮੁਫਤ ਵਿਦਿਆ ਉਨ੍ਹਾਂ ਨੂੰ ਬਰਾਬਰ ਦੇ ਮੌਕੇ ਪ੍ਰਾਪਤ ਕਰਨ ਲਈ ਬਰਾਬਰ ਦੀ ਯੋਗਤਾ ਬਣਾ ਦਿੰਦੇ ਹਨ ਜੋ ਪ੍ਰਬੰਧ ਸਰਕਾਰ ਦੀ ਠੀਕ ਨੀਤੀ ਨੂੰ ਲਾਗੂ ਕਰਨ ਖਾਤਰ ਹੈ।

ਉਂਝ ਵਿਕਾਸ ਕਰ ਰਹੇ ਬਹੁਤ ਸਾਰੇ ਪੂੰਜੀਵਾਦੀ ਪ੍ਰਣਾਲੀ ਵਾਲੇ ਦੇਸ਼ਾਂ ਵਿਚ ਧਨ ਅਤੇ ਆਮਦਨ ਦੀ ਬਹੁਤ ਵੱਡੀ ਨਾ-ਬਰਾਬਰੀ ਹੈ। ਇਹੋ ਵਜ੍ਹਾ ਹੈ ਕਿ ਇਨ੍ਹਾਂ ਦੇਸ਼ਾਂ ਵਿਚ ਜਿੱਥੇ ਲੋਕਤੰਤਰ ਤੇ ਸਰਮਾਏਦਾਰੀ ਵੱਡਾ ਪ੍ਰਭਾਵ ਪਾਉਂਦੀ ਹੈ, ਉਥੇ ਉਸ ਹੀ ਨਾ-ਬਰਾਬਰੀ ਤੋਂ ਹੋਰ ਬੁਰਾਈਆਂ ਪੈਦਾ ਹੁੰਦੀਆਂ ਹਨ। ਆਮਦਨ ਦੀ ਨਾ-ਬਰਾਬਰੀ ਸਭ ਤੋਂ ਵੱਡੀ ਬੁਰਾਈ ਹੈ ਜਿਹੜੀ ਰਾਜਨੀਤਕ ਬੁਰਾਈਆਂ ਪੈਦਾ ਕਰਦੀ ਹੈ। ਭਾਰਤ ਵਰਗੇ ਦੇਸ਼ ਜਿੱਥੇ 77 ਸਾਲਾਂ ਦੀ ਸੁਤੰਤਰਤਾ ਤੋਂ ਬਾਅਦ ਅਜੇ ਵੀ ਪੜ੍ਹਿਆਂ-ਲਿਖਿਆਂ ਦੀ ਦਰ 74 ਫੀਸਦੀ ਹੈ। ਇਸ ਦਾ ਅਰਥ ਹੈ ਕਿ 100 ਵਿਚੋਂ 26 ਬੱਚੇ ਅਜੇ ਵੀ ਅਨਪੜ੍ਹ ਹਨ। ਸੁਤੰਤਰਤਾ ਦੇ ਸਮੇਂ ਕੋਈ ਇਕ ਕਰੋੜ ਬੱਚੇ ਕਿਰਤ ਕਰਨ ਲਈ ਮਜਬੂਰ ਸਨ, ਹੁਣ ਉਨ੍ਹਾਂ ਬਾਲ ਕਿਰਤੀਆਂ ਦੀ ਗਿਣਤੀ ਵਧ ਕੇ 3 ਕਰੋੜ ਤੋਂ ਉੱਪਰ ਹੋ ਗਈ ਹੈ।

ਸੰਵਿਧਾਨ ਅਨੁਸਾਰ ਹਰ ਇਕ ਨੂੰ ਬਰਾਬਰ ਦੇ ਮੌਕੇ ਮਿਲਦੇ ਹਨ। ਹਰ ਕੋਈ ਵੱਖ-ਵੱਖ ਲੋਕਤੰਤਰ ਸੰਸਥਾਵਾਂ ਵਿਚ ਪ੍ਰਤੀਨਿਧੀ ਬਣ ਸਕਦਾ ਹੈ। ਪ੍ਰਾਂਤ ਦੀ ਅਸੈਂਬਲੀ ਜਾਂ ਦੇਸ਼ ਦੀ ਪਾਰਲੀਮੈਂਟ ਦਾ ਮੈਂਬਰ ਬਣ ਸਕਦਾ ਹੈ ਪਰ ਕੀ ਤਿੰਨ ਕਰੋੜ ਬੱਚੇ ਜਿਹੜੇ ਮਜ਼ਦੂਰ ਬਣ ਗਏ ਹਨ, ਉਨ੍ਹਾਂ ਦੇ ਪਰਿਵਾਰ ਜਾਂ ਵੱਡੇ ਹੋ ਕੇ ਇਹੋ ਬਾਲ ਮਜ਼ਦੂਰ ਬਰਾਬਰ ਦੇ ਮੌਕਿਆਂ ਦਾ ਲਾਭ ਉਠਾ ਸਕਣਗੇ? ਇਹ ਵੱਡਾ ਸਵਾਲੀਆ ਨਿਸ਼ਾਨ ਹੈ।

ਸਮਾਜਵਾਦੀ ਪ੍ਰਬੰਧ ਜਿਸ ਨੂੰ ਸੰਵਿਧਾਨ ਰਾਹੀਂ ਸਥਾਪਿਤ ਕੀਤਾ ਗਿਆ ਹੈ, ਵਿਚ ਹੁਣ ਮੁੱਖ ਤੌਰ 'ਤੇ ਤਿੰਨ ਹੀ ਦੇਸ਼ ਚੀਨ, ਉੱਤਰੀ ਕੋਰੀਆ ਅਤੇ ਕਿਊਬਾ ਰਹਿ ਗਏ ਹਨ। ਇਹ ਆਪਣੇ ਲੋਕਤੰਤਰ ਨੂੰ ਦੁਨੀਆ ਦਾ ਸਫਲ ਅਤੇ ਉੱਤਮ ਲੋਕਤੰਤਰ ਮੰਨਦੇ ਹਨ ਕਿਉਂ ਜੋ ਯੋਗਤਾ ਅਨੁਸਾਰ ਹਰ ਕੋਈ ਚੁਣੀ ਹੋਈ ਪ੍ਰਕਿਰਿਆ ਵਿਚ ਬਰਾਬਰ ਦਾ ਹਿੱਸੇਦਾਰ ਬਣ ਸਕਦਾ ਹੈ ਪਰ ਪੂੰਜੀਵਾਦੀ ਪ੍ਰਬੰਧ ਵਾਲੇ ਇਸ ਨੂੰ ਡਿਕਟੇਟਰਸ਼ਿਪ ਹੀ ਕਹਿੰਦੇ ਹਨ ਕਿਉਂ ਜੋ ਉਥੇ ਇਕ ਹੀ ਪਾਰਟੀ ਦੀ ਵਿਵਸਥਾ ਹੈ। ਥੋੜ੍ਹੇ ਦਿਨ ਪਹਿਲਾਂ ਹੀ ਅਮਰੀਕਾ ਦੇ ਪ੍ਰਧਾਨ ਜੋਅ ਬਾਇਡਨ ਨੇ ਚੀਨ ਵਿਚ ਡਿਕਟੇਟਰਸ਼ਿਪ ਹੋਣ ਵਾਲਾ ਬਿਆਨ ਦਿੱਤਾ ਸੀ। ਇਸ ਦੇ ਉਲਟ ਸਮਾਜਵਾਦੀ ਦੇਸ਼, ਪੂੰਜੀਵਾਦੀ ਦੇਸ਼ਾਂ ਵਿਚ ਅਪਣਾਈ ਲੋਕਤੰਤਰ ਪ੍ਰਣਾਲੀ ਨੂੰ ਸਫਲ ਲੋਕਤੰਤਰ ਨਹੀਂ ਮੰਨਦੇ ਕਿਉਂ ਜੋ ਉਹ ਸਰਮਾਏਦਾਰੀ ਤੋਂ ਪ੍ਰਭਾਵਿਤ ਹੋ ਕੇ ਚੁਣੀ ਹੋਈ ਪ੍ਰਤੀਨਿਧਤਾ ਦੀ ਪ੍ਰਤੀਕ ਹੈ।



ਕਿਸੇ ਵੀ ਲੋਕਤੰਤਰ ਦੀ ਸਫਲਤਾ ਲਈ ਦੋ ਮੁੱਢਲੀਆਂ ਸ਼ਰਤਾਂ ਹਨ: ਪਹਿਲੀ ਹੈ 100 ਫੀਸਦੀ ਸਾਖਰਤਾ (ਪੜ੍ਹਿਆਂ- ਲਿਖਿਆਂ ਦੀ ਗਿਣਤੀ) ਅਤੇ ਦੂਜੀ ਹੈ ਖੁਸ਼ਹਾਲੀ। ਪੜ੍ਹਿਆਂ-ਲਿਖਿਆਂ ਦੀ ਗਿਣਤੀ ਬਾਰੇ ਉਪਰ ਭਾਰਤ ਦੀ ਉਦਾਹਰਨ ਦੇ ਕੇ ਦੱਸਿਆ ਗਿਆ ਹੈ। ਇਸ ਤਰ੍ਹਾਂ ਹੀ ਹੋਰ ਪੂੰਜੀਵਾਦੀ ਉਨ੍ਹਾਂ ਦੇਸ਼ਾਂ ਦੀ ਹਾਲਤ ਹੈ ਜਿਨ੍ਹਾਂ ਵਿਚ ਆਮਦਨ ਨਾ-ਬਰਾਬਰੀ ਹੈ। ਦੂਜੀ ਸ਼ਰਤ ਖੁਸ਼ਹਾਲੀ ਹੈ। ਜਿੱਥੇ ਆਮਦਨ ਨਾ-ਬਰਾਬਰੀ ਹੈ, ਉਥੇ ਖੁਸ਼ਹਾਲੀ ਹੋ ਹੀ ਨਹੀਂ ਸਕਦੀ। ਨਾ-ਬਰਾਬਰੀ ਵਾਲੇ ਸਮਾਜ ਵਿਚ ਇਕ ਤਰਫ਼ ਥੋੜ੍ਹੇ ਜਿਹੇ ਅਮੀਰ ਲੋਕ ਜਿਨ੍ਹਾਂ ਕੋਲ ਆਮਦਨ ਬਹੁਤ ਜ਼ਿਆਦਾ ਹੈ ਜਦੋਂ ਕਿ ਉਨ੍ਹਾਂ ਦੀਆਂ ਲੋੜਾਂ ਥੋੜ੍ਹੀ ਜਿਹੀ ਪੂੰਜੀ ਨਾਲ ਪੂਰੀਆਂ ਹੋ ਜਾਂਦੀਆਂ ਹਨ ਅਤੇ ਬਾਕੀ ਪੈਸੇ ਬਚੇ ਰਹਿੰਦੇ ਹਨ, ਉਹ ਖਰਚ ਨਹੀਂ ਹੁੰਦੇ। ਜਦੋਂ ਖਰਚ ਨਹੀਂ ਹੁੰਦੇ ਤਾਂ ਉਹ ਕਿਸੇ ਹੋਰ ਦੀ ਆਮਦਨ ਨਹੀਂ ਬਣਦੇ। ਬਣੀਆਂ ਹੋਈਆਂ ਵਸਤੂਆਂ ਵਿਕਦੀਆਂ ਨਹੀਂ ਕਿਉਂ ਜੋ ਜ਼ਿਆਦਾ ਗਿਣਤੀ ਵਿਚ ਉਹ ਗਰੀਬ ਲੋਕ ਹਨ ਜਿਨ੍ਹਾਂ ਦੀ ਆਮਦਨ ਉਨ੍ਹਾਂ ਦੀਆਂ ਲੋੜਾਂ ਵੀ ਪੂਰੀਆਂ ਨਹੀਂ ਕਰ ਸਕਦੀਆਂ; ਉਹ ਬਣੀਆਂ ਵਸਤੂਆਂ ਭਾਵੇਂ ਉਨ੍ਹਾਂ ਆਪ ਹੀ ਬਣਾਈਆਂ ਹੋਣ, ਖ਼ਰੀਦ ਹੀ ਨਹੀਂ ਸਕਦੇ। ਜਦੋਂ ਪਹਿਲੀਆਂ ਬਣੀਆਂ ਵਸਤੂਆਂ ਹੀ ਨਹੀਂ ਵਿਕਦੀਆਂ ਤਾਂ ਨਵੀਆਂ ਬਣਾਉਣ ਦੀ ਲੋੜ ਹੀ ਨਹੀਂ ਪੈਂਦੀ। ਜੇ ਵਸਤੂਆਂ ਬਨਣੀਆਂ ਹੀ ਨਹੀਂ ਤਾਂ ਨਵੇਂ ਕਿਰਤੀਆਂ ਦੀ ਲੋੜ ਹੀ ਨਹੀਂ ਰਹਿੰਦੀ। 1927 ਵਿਚ ਦੁਨੀਆ ਭਰ ਵਿਚ ਫੈਲੀ ਵੱਡੀ ਮੰਦੀ ਜਿਸ ਵਿਚ ਵਸਤੂਆਂ ਸਸਤੀਆਂ ਹੋ ਕੇ ਵੀ ਨਹੀਂ ਸਨ ਵਿਕਦੀਆਂ, ਉਦੋਂ ਇਹ ਮੰਦਹਾਲੀ ਸਾਰੀ ਦੁਨੀਆ 'ਚ ਸੀ ਅਤੇ ਸਾਰੀ ਦੁਨੀਆ 'ਚ ਬੇਰੁਜ਼ਗਾਰੀ ਫੈਲੀ ਹੋਈ ਸੀ। ਜੇ ਉਹ ਮੰਦਹਾਲੀ ਕਿਤੇ ਨਹੀਂ ਸੀ ਤਾਂ ਸਿਰਫ਼ ਇਕ ਹੀ ਦੇਸ਼ ਸੀ ਸੋਵੀਅਤ ਯੂਨੀਅਨ। ਇਸ ਲਈ ਸਫਲ ਲੋਕਤੰਤਰ ਦੀ ਦੂਜੀ ਸ਼ਰਤ, ਖੁਸ਼ਹਾਲੀ, ਪੂੰਜੀਵਾਦੀ ਦੇਸ਼ਾਂ 'ਚ ਪੈਦਾ ਹੀ ਨਹੀਂ ਹੋ ਸਕਦੀ। ਆਰਥਿਕ ਬਰਾਬਰੀ ਵਾਲੇ ਦੇਸ਼ਾਂ ਵਿਚ ਨਾ ਕੋਈ ਪ੍ਰਚਾਰ ਕੀਤਾ ਜਾਂਦਾ ਹੈ, ਨਾ ਕਿਸੇ ਨੂੰ ਭੀੜ ਜਮ੍ਹਾਂ ਕਰਨ ਦੀ ਲੋੜ ਪੈਂਦੀ ਹੈ। ਨਾ ਪਾਰਟੀਆਂ ਦੀਆਂ ਟਿਕਟਾਂ ਲਈ ਖਰਚ ਕਰਨਾ ਪੈਂਦਾ ਹੈ। ਨਾ-ਬਰਾਬਰੀ ਵਾਲੇ ਦੇਸ਼ਾਂ ਵਿਚ ਲੋਕਾਂ ਨਾਲ ਵਾਅਦੇ ਕਰਨੇ ਪੈਂਦੇ ਹਨ ਅਤੇ ਉਹ ਵਾਅਦੇ ਆਰਥਿਕਤਾ ਨਾਲ ਹੀ ਸਬੰਧਿਤ ਹੁੰਦੇ ਹਨ ਜਿਵੇਂ ਗਰੀਬੀ ਹਟਾਓ, ਘਰ ਘਰ ਰੁਜ਼ਗਾਰ ਆਦਿ।

ਇੰਗਲੈਂਡ ਵਿਚ ਭਾਵੇਂ ਰਾਜਸ਼ਾਹੀ ਹੈ ਪਰ ਸਫਲ ਲੋਕਤੰਤਰ ਹੈ ਜ਼ਿਆਦਾ ਸੰਵਿਧਾਨ ਅਣਲਿਖਤ ਹੈ, ਮੰਤਰੀ ਆਪਣੇ ਮਹਿਕਮੇ ਵਿਚ ਹੋਈ ਕੁਤਾਹੀ ਲਈ ਅਸਤੀਫਾ ਦੇ ਦਿੰਦਾ ਹੈ। ਦੇਸ਼ ਦੇ ਬਾਦਸ਼ਾਹ ਕੋਲ ਕੋਈ ਸ਼ਕਤੀ ਨਹੀਂ। ਇਸ ਦੇ ਉਲਟ ਜਿਨ੍ਹਾਂ ਵੀ ਦੇਸ਼ਾਂ ਵਿਚ ਆਮਦਨ ਨਾ-ਬਰਾਬਰੀ ਹੈ, ਉਥੇ ਚੋਣਾਂ ਲਈ ਜਿੰਨਾ ਖ਼ਰਚ ਕਰਨਾ ਪੈਂਦਾ ਹੈ, ਉਹ ਕੁਝ ਕੁ ਲੋਕਾਂ ਦੀ ਹੀ ਪਹੁੰਚ ਹੈ। ਚੋਣ ਲੜਨੀ ਤਾਂ ਕਿਤੇ ਰਹੀ, ਆਮ ਬੰਦਾ ਤਾਂ ਉਸ ਲਈ ਲੋੜੀਂਦਾ ਸੁਰੱਖਿਅਤ ਰਕਮ ਵੀ ਜਮ੍ਹਾਂ ਨਹੀਂ ਕਰਵਾ ਸਕਦਾ। ਚੋਣਾਂ ਜਿੱਤਣ ਲਈ ਪਾਰਟੀਆਂ ਜਾਂ ਕਿਸੇ ਸ਼ਖ਼ਸ ਦੀ ਆਰਥਿਕ ਮਜ਼ਬੂਤੀ ਸਭ ਤੋਂ ਵੱਡਾ ਆਧਾਰ ਹੈ ਪਰ ਆਮਦਨ ਬਰਾਬਰੀ ਵਾਲੇ ਦੇਸ਼ ਜਿਨ੍ਹਾਂ ਵਿਚ ਸਮਾਜਵਾਦ ਵਾਲੀ ਸਥਿਤੀ ਬਣਾਈ ਗਈ ਹੈ, ਉਥੇ ਇਸ ਤਰ੍ਹਾਂ ਨਹੀਂ। ਆਰਥਿਕ ਬਰਾਬਰੀ ਉਹ ਖਿੱਚ ਪਾਉਣ ਵਾਲਾ ਸ਼ਬਦ ਹੈ ਜਿਸ ਦਾ ਹਰ ਰਾਜਨੀਤਕ ਸ਼ਖ਼ਸ ਨੇ ਸ਼ੋਸ਼ਣ ਕੀਤਾ ਹੈ। ਇਰਾਨ ਦਾ ਬਾਦਸ਼ਾਹ ਰਜ਼ਾ ਪਹਿਲਵੀ ਦੁਨੀਆ ਦਾ ਸਭ ਤੋਂ ਅਮੀਰ ਸ਼ਖ਼ਸ ਸੀ ਪਰ ਉਹ ਆਪਣੇ ਆਪ ਨੂੰ ਦੁਨੀਆ ਦਾ ਸਭ ਤੋਂ ਵੱਡਾ ਸਮਾਜਵਾਦੀ ਸਮਰਥਕ ਹੋਣ ਦਾ ਦਾਅਵਾ ਕਰਦਾ ਸੀ।

ਲੋਕਤੰਤਰ ਦੇ ਚਾਰ ਆਧਾਰ ਥੰਮ੍ਹ ਹਨ: ਚੁਣੇ ਹੋਏ ਪ੍ਰਤੀਨਿਧ, ਸਰਕਾਰ (ਕਾਰਜਕਾਰਨੀ), ਅਦਾਲਤ ਅਤੇ ਚੌਥਾ ਮਜ਼ਬੂਤ ਥੰਮ੍ਹ ਹੈ ਪ੍ਰੈੱਸ। ਪੂੰਜੀਵਾਦੀ ਪ੍ਰਣਾਲੀ ਵਿਚ ਪ੍ਰੈੱਸ 'ਤੇ ਸਰਮਾਏਦਾਰੀ ਕਬਜ਼ਾ ਕਰ ਲੈਂਦੀ ਹੈ ਅਤੇ ਉਨ੍ਹਾਂ ਦੇਸ਼ਾਂ ਵਿਚ ਪ੍ਰੈੱਸ ਵੱਡਾ ਪ੍ਰਭਾਵ ਪਾਉਂਦੀ ਹੈ। ਜਿੱਥੇ ਆਮਦਨ ਨਾ-ਬਰਾਬਰੀ ਹੁੰਦੀ ਹੈ, ਉਹ ਪ੍ਰਭਾਵ ਪਾ ਕੇ ਲੋੜੀਂਦੇ ਸਿੱਟੇ ਵੀ ਪ੍ਰਾਪਤ ਕਰ ਲੈਂਦੀ ਹੈ। ਇਸ ਲਈ ਭਾਵੇਂ ਹਰ ਇਕ ਨੂੰ ਬਰਾਬਰੀ ਦਾ ਅਧਿਕਾਰ ਤਾਂ ਹੈ ਅਤੇ ਉਹ ਲਿਖਤ ਵਿਚ ਵੀ ਹੈ ਪਰ ਪੂੰਜੀਵਾਦੀ ਦੇਸ਼ਾਂ ਵਿਚ ਸਰਮਾਏਦਾਰੀ, ਲੋਕਤੰਤਰ ਨੂੰ ਪ੍ਰਭਾਵਿਤ ਕਰਦੀ ਹੈ ਜਿਹੜਾ ਪ੍ਰਤੱਖ ਨਜ਼ਰ ਆਉਂਦਾ ਹੈ।

---

# ਆਰਥਿਕ ਅੰਕੜਿਆਂ ਦੀ ਖੇਡ

**ਟੀ.ਐੱਨ. ਨੈਨਾਨ**

ਭਾਰਤ ਦੀ ਕੁੱਲ ਘਰੇਲੂ ਪੈਦਾਵਾਰ (ਜੀ.ਡੀ.ਪੀ.) ਦੇ ਤਾਜ਼ਾਤਰੀਨ ਅੰਕੜੇ ਹਾਲਾਂਕਿ ਅੱਖਾਂ ਵਿਚ ਧੂੜ ਤਾਂ ਨਹੀਂ ਪਾਉਂਦੇ ਪਰ ਚਾਪਲੂਸੀ ਕਰਦੇ ਜ਼ਰੂਰ ਦਿਖਾਈ ਹਨ ਕਿਉਂਕਿ ਇਨ੍ਹਾਂ ਦੀ ਸਤਹ ਹੇਠਲੀ ਕਹਾਣੀ ਕਾਫ਼ੀ ਚੰਗੀ ਹੈ। ਹਰ ਤਿੰਨ ਮਹੀਨਿਆਂ ਬਾਅਦ ਆਉਂਦੇ ਜੀ.ਡੀ.ਪੀ. ਦੇ ਅੰਕੜਿਆਂ ਦੇ ਵਹਾਓ ਦੇ ਨਾਲ ਇਕ ਚਿਤਾਵਨੀ ਵੀ ਹੁੰਦੀ ਹੈ ਕਿ ਮਾਮਲਾ ਨਾਜ਼ੁਕ ਹੈ, ਇਸ ਨੂੰ ਧਿਆਨ ਨਾਲ ਨਜਿੱਠੋ! ਅਜਿਹਾ ਕਿਉਂ ਹੈ, ਇਸ ਨੂੰ ਸਮਝਣ ਲਈ ਅੰਕੜਿਆਂ ਦੇ ਸੱਜਰੇ ਸੈੱਟ 'ਤੇ ਗ਼ੌਰ ਫਰਮਾਓ ਜਿਸ ਵਿਚ ਜੁਲਾਈ-ਸਤੰਬਰ ਤਿਮਾਹੀ ਵਿਚ ਜੀ.ਡੀ.ਪੀ. ਦਾ ਵਾਧਾ 7.6 ਫ਼ੀਸਦ ਹੋਣ ਦਾ ਅਨੁਮਾਨ ਹੈ ਅਤੇ ਉਨ੍ਹਾਂ ਖੇਤਰਵਾਰ ਅੰਕੜਿਆਂ ਨੂੰ ਚੁੱਕੋ ਜੋ ਮੂਲ ਰੂਪ ਵਿਚ ਕੁੱਲ ਅੰਕਾਂ ਨੂੰ ਸਹਾਰਾ ਦਿੰਦੇ ਹਨ: ਨਿਰਮਾਣ ਖੇਤਰ ਵਿਚ ਇਕ ਸਾਲ ਪਹਿਲਾਂ ਦੇ ਮੁਕਾਬਲੇ 13.9 ਫ਼ੀਸਦ ਵਾਧਾ ਹੋਇਆ ਹੈ ਜੋ ਆਪਣੇ ਆਪ ਵਿਚ ਗ਼ੈਰ-ਮਾਮੂਲੀ ਹੈ ਅਤੇ ਹੋਰਨਾਂ ਖੇਤਰਾਂ ਦੀਆਂ ਵਾਧਾ ਦਰਾਂ ਨਾਲੋਂ ਕਾਫ਼ੀ ਉਤਾਂਹ ਹੈ।

ਹੋਇਆ ਇੰਝ ਹੈ ਕਿ ਸਾਲ ਪਹਿਲਾਂ ਇਸੇ ਤਿਮਾਹੀ ਵਿਚ ਨਿਰਮਾਣ ਖੇਤਰ 3.8 ਫ਼ੀਸਦ ਸੁੰਗੜ ਗਿਆ ਸੀ ਜਿਸ ਨਾਲ ਇਸ ਸਾਲ ਲਈ ਬਹੁਤ ਨੀਵਾਂ ਆਧਾਰ ਪੈਦਾ ਹੋ ਗਿਆ ਸੀ। ਸੱਜਰੀ ਤਿਮਾਹੀ ਅਤੇ ਸਾਲ ਪਹਿਲਾਂ ਦੇ ਅੰਕੜਿਆਂ ਦਾ ਮਿਲਾਨ ਕਰਨ 'ਤੇ ਤੁਹਾਨੂੰ (13.9-3.8 =) 10.1 ਫ਼ੀਸਦ ਵਾਧੇ ਦੀ ਦਰ ਹਾਸਲ ਹੁੰਦੀ ਹੈ ਜਾਂ ਇਨ੍ਹਾਂ 'ਚੋਂ ਹਰ ਇੱਕ ਤਿਮਾਹੀ ਲਈ ਔਸਤਨ 5 ਫ਼ੀਸਦ। ਪੱਤਰਕਾਰੀ ਦੀ ਸ਼ਾਰਟਹੈਂਡ ਦੀ ਖੁੱਲ੍ਹ ਦਾ ਫ਼ਾਇਦਾ ਲੈਂਦਿਆਂ ਜੇ 13.9 ਫ਼ੀਸਦ ਦੇ ਅੰਕੜੇ ਦਾ ਸਾਧਾਰਨੀਕਰਨ ਕਰਦਿਆਂ ਇਸ ਨੂੰ 5 ਫ਼ੀਸਦ ਕਰ ਦਿੱਤਾ ਜਾਵੇ ਤਾਂ ਸੱਜਰੀ ਤਿਮਾਹੀ ਵਿਚ ਜੀ.ਡੀ.ਪੀ. ਵਿਚ ਵਾਧੇ ਦੀ ਦਰ 7.6 ਫ਼ੀਸਦ ਤੋਂ ਘਟ ਕੇ ਕਰੀਬ 6 ਫ਼ੀਸਦ ਰਹਿ ਜਾਵੇਗੀ। ਇਸ ਲਈ ਜੀ.ਡੀ.ਪੀ. ਦੇ ਅੰਕੜੇ ਦੇਖਦਿਆਂ ਪਹਿਲੀ ਚਿਤਾਵਨੀ ਇਹ ਹੈ ਕਿ ਅਸਾਧਾਰਨ ਕਾਰਗੁਜ਼ਾਰੀ ਦਿਖਾਉਣ ਵਾਲੇ ਖੇਤਰਾਂ 'ਤੇ ਖ਼ਾਸ ਧਿਆਨ ਰੱਖੋ।

ਨਿਰਮਾਣ ਖੇਤਰ ਮਾਪਣ ਵਿਚ ਕੁਝ ਹੋਰ ਮੁੱਦੇ ਵੀ ਜੁੜੇ ਹੋਏ ਹਨ ਪਰ ਸਪੇਸ ਦੀ ਮਜਬੂਰੀ ਕਰ ਕੇ ਇੱਥੇ ਜ਼ਿਆਦਾ ਖੁਲਾਸਾ ਨਹੀਂ ਕੀਤਾ ਜਾ ਸਕਦਾ। ਇਸ ਦੌਰਾਨ ਜੀ.ਡੀ.ਪੀ. ਦੇ ਪਾਸਾਰ ਵਿਚ ਛੋਟੇ ਛੋਟੇ ਕਈ ਹੋਰ ਬੰਬ ਪਏ ਹਨ, ਮਿਸਾਲ ਦੇ ਤੌਰ 'ਤੇ ਜਿਵੇਂ ਨਾਮਾਤਰ (ਨੌਮੀਨਲ) ਵਿਕਾਸ (ਚਲੰਤ ਕੀਮਤਾਂ ਦੇ ਹਿਸਾਬ ਨਾਲ) ਵਿਚੋਂ ਅਸਲ ਵਿਕਾਸ ਦਰ ਕੱਢਣ ਲਈ ਮਹਿੰਗਾਈ ਦਰ ਦੇ ਅੰਕੜਿਆਂ ਦੀ ਵਰਤੋਂ ਕੀਤੀ ਗਈ ਹੈ। ਕੁਝ ਹੋਰ ਅੰਕੜਿਆਂ ਅੰਦਰ ਆਧਾਰ ਵੀ ਬਹੁਤ ਕਮਜ਼ੋਰ ਰਿਹਾ ਹੈ ਜਿਵੇਂ ਵੱਡਾ ਗ਼ੈਰ-ਜਥੇਬੰਦ ਖੇਤਰ। ਜੀ.ਡੀ.ਪੀ. ਵਿਚ ਵਾਧੇ 'ਤੇ ਪਹੁੰਚਣ ਲਈ ਜਿਵੇਂ ਦਰਾਮਦੀ ਵਸਤਾਂ ਦੀਆਂ ਕੀਮਤਾਂ ਵਿਚ ਫੇਰਬਦਲ ਕੀਤਾ ਗਿਆ ਹੈ, ਉਸ ਨਾਲ ਵੀ ਵਿਘਨਕਾਰੀ ਪ੍ਰਭਾਵ ਪਿਆ ਹੈ। ਚਲੰਤ ਤਿਮਾਹੀ ਵਿਚ ਇਨ੍ਹਾਂ ਨੇ ਵੀ ਸਮੁੱਚੀ ਵਾਧੇ ਦੀ ਦਰ ਨੂੰ ਉਭਾਰ ਕੇ ਪੇਸ਼ ਕਰਨ ਵਿਚ ਯੋਗਦਾਨ ਪਾਇਆ ਹੈ। ਕਹਿਣਾ ਪਵੇਗਾ ਕਿ ਕੁੱਲ ਘਰੇਲੂ ਪੈਦਾਵਾਰ ਬਾਰੇ ਭਾਰਤ ਦੇ ਅਧਿਕਾਰਤ ਅੰਕੜਿਆਂ ਦੀ ਥਾਹ ਪਾਉਣਾ ਅਰਥ ਸ਼ਾਸਤਰੀਆਂ ਅਤੇ ਅੰਕੜਾ ਸ਼ਾਸਤਰੀਆਂ ਲਈ ਘੁੰਮਣਘੇਰੀ ਦੀ ਘਰੋਗੀ ਖੇਡ ਬਣ ਗਈ ਹੈ।

ਇਸ ਲਈ ਨਾ ਕੇਵਲ ਤਿਕੜਮ ਲੜਾਈ ਗਈ ਸਗੋਂ ਅੰਕੜਿਆਂ ਦਾ ਸ਼ੋਰ ਵੀ ਹਟਾ ਦਿੱਤਾ ਗਿਆ ਤਾਂ ਕਿ ਇਸ ਦੇ ਸਤਹੀ ਸੰਗੀਤ ਨੂੰ ਬਿਨਾਂ ਕਿਸੇ ਰੋਕ ਟੋਕ ਤੋਂ ਸੁਣਿਆ ਜਾਵੇ। ਅੰਕੜਿਆਂ ਵਿਚ ਉਕਤਾਈ ਪੱਖੋਂ ਕੋਵਿਡ ਦੀ ਕਾਫ਼ੀ ਭੂਮਿਕਾ ਰਹੀ ਹੈ। ਮਿਸਾਲ ਦੇ ਤੌਰ 'ਤੇ ਪਿਛਲੇ ਸਾਲ ਦੀ 7.2 ਫ਼ੀਸਦ ਵਾਧੇ ਦੀ ਦਰ ਨੂੰ ਪਹਿਲੀ ਤਿਮਾਹੀ ਵਿਚ ਕੋਵਿਡ ਦੇ ਨਿਘਾਰ ਤੋਂ ਹੋਏ ਉਭਾਰ ਦਾ ਫਾਇਦਾ ਮਿਲਿਆ ਸੀ। ਮਹਾਮਾਰੀ ਕਰ ਕੇ ਲੱਗੇ ਇਸ ਤਰ੍ਹਾਂ ਦੇ ਝਟਕੇ ਹੁਣ ਪਿਛਾਂਹ ਰਹਿ ਗਏ ਹਨ ਪਰ ਭਾਰਤ ਦੀ ਅੰਕੜਾ ਪ੍ਰਣਾਲੀ ਅਤੇ ਡੇਟਾ ਬੇਸ ਨਾਲ ਜੁੜੀਆਂ ਹੋਈਆਂ ਦੀਰਘਕਾਲੀ ਸਮੱਸਿਆਵਾਂ ਜਿਉਂ ਦੀਆਂ ਤਿਉਂ ਖੜ੍ਹੀਆਂ ਹਨ।

ਇਹ ਦੋਤਰਫ਼ਾ ਮਾਮਲਾ ਹੈ। ਜੇ ਖਾਸ ਅਰਸੇ ਦੇ ਅੰਕੜੇ ਵਧਾ ਚੜ੍ਹਾ ਕੇ ਪੇਸ਼ ਕੀਤੇ ਜਾਂਦੇ ਹਨ ਤਾਂ ਦੂਜੇ ਅਰਸੇ ਦੇ ਅੰਕੜੇ ਦਬ ਜਾਂਦੇ ਹਨ। ਇਸ ਲਈ ਪਿਛਲੇ ਸਾਲ 7.2% ਅਤੇ ਇਸ ਸਾਲ ਪਹਿਲੀ ਤਿਮਾਹੀ ਵਿਚ ਜੀ.ਡੀ.ਪੀ. ਵਿਚ 7.7% ਵਾਧਾ ਰਿਹਾ ਹੈ ਪਰ ਅੰਤਰ-ਨਿਹਿਤ ਹਕੀਕਤ ਕਾਫ਼ੀ ਸਾਵੀਂ ਬਣੀ ਹੋਈ ਹੈ ਅਤੇ ਆਉਣ ਵਾਲੀਆਂ ਤਿਮਾਹੀਆਂ ਵਿਚ ਵਿਕਾਸ ਦਰ 6 ਫ਼ੀਸਦ ਦੇ ਨੇੜੇ ਤੇੜੇ ਰਹਿਣ ਦਾ ਅਨੁਮਾਨ ਹੈ। ਇਹ ਅਖ਼ੀਰਲਾ ਅੰਕੜਾ ਭਾਰਤ ਦੀ ਦੀਰਘਕਾਲੀ ਵਿਕਾਸ ਦਰ ਦੇ ਵਧੇਰੇ ਕਰੀਬ ਹੋ ਸਕਦਾ ਹੈ; ਜੇ ਤੁਸੀਂ ਜ਼ਿਆਦਾ ਹਾਂਪੱਖੀ ਹੋ ਤਾਂ ਇਹ ਥੋੜ੍ਹੀ ਜ਼ਿਆਦਾ ਅਤੇ ਜੇ ਤੁਹਾਨੂੰ ਵਧੇਰੇ ਸ਼ੱਕ ਹੁੰਦਾ ਹੈ ਤਾਂ ਇਹ ਥੋੜ੍ਹੀ ਘਟ ਸਕਦੀ ਹੈ।

ਆਸ਼ਾਵਾਦ ਦਾ ਕਾਰਨ ਇਹ ਹੈ ਕਿ ਅਰਥਚਾਰੇ ਦੀਆਂ ਸੁੱਤੀਆਂ ਕਲਾਵਾਂ ਜਗਾਉਣ ਲਈ ਨਿੱਜੀ ਨਿਵੇਸ਼ ਨੇ ਅਜੇ ਜ਼ੋਰ ਫੜਨਾ ਹੈ। ਸੰਦੇਹ ਦਾ ਕਾਰਨ ਇਸ ਤੱਥ ਵਿਚ ਪਿਆ ਹੈ ਕਿ ਹਾਲਾਂਕਿ ਜੀ.ਡੀ.ਪੀ. ਦੇ ਅੰਕੜਿਆਂ ਵਿਚ ਨਿੱਜੀ ਖਪਤ ਵਿਚ ਵਾਧੇ ਦੀ ਦਰ ਉਮੀਦ ਤੋਂ ਨੀਵੀਂ ਦਰਸਾਈ ਗਈ ਹੈ ਅਤੇ ਜੋ ਵੀ ਦਰ ਹੈ, ਉਹ ਵੀ ਨਿੱਜੀ ਕਰਜ਼ਿਆਂ ਵਿਚ ਆਏ ਉਛਾਲ ਕਰ ਕੇ ਬਣੀ ਹੋਈ ਹੈ ਜੋ ਲੰਮਾ ਸਮਾਂ ਨਹੀਂ ਟਿਕ ਸਕੇਗੀ। ਜਿਹੜੇ ਖਪਤਕਾਰ ਕਰਜ਼ੇ ਚੁੱਕ ਕੇ ਖਰੀਦਾਰੀ ਕਰਦੇ ਹਨ, ਉਹ ਆਉਣ ਵਾਲੀਆਂ ਤਿਮਾਹੀਆਂ ਵਿਚ ਕਰਜ਼ੇ ਦੀਆਂ ਕਿਸ਼ਤਾਂ ਭਰਦੇ ਰਹਿ ਜਾਂਦੇ ਹਨ, ਖਪਤ ਕਰਨ ਤੋਂ ਰਹਿ ਜਾਂਦੇ ਹਨ। ਖਪਤ ਵਿਚ ਵਾਧੇ ਦੀ ਦਰ ਦੀ ਨਿਰੰਤਰ ਕਮੀ ਜੀ.ਡੀ.ਪੀ. ਦੇ ਅੰਕੜੇ ਉੱਠਣ ਨਹੀਂ ਦੇਵੇਗੀ ਅਤੇ ਨਿਵੇਸ਼ ਨੂੰ ਹੁਲਾਰਾ ਵੀ ਨਹੀਂ ਮਿਲ ਸਕੇਗਾ।

ਇਸ ਸਭ ਕਾਸੇ ਦੇ ਬਾਵਜੂਦ ਇਸ ਤੱਥ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਆਰਥਿਕ ਵਾਧੇ ਦੇ ਲਿਹਾਜ਼ ਤੋਂ ਭਾਰਤੀ ਅਰਥਚਾਰਾ ਫਿਲਹਾਲ ਚੰਗੀ ਖ਼ਬਰ ਬਣਿਆ ਹੋਇਆ ਹੈ। ਇਹ ਆਲਮੀ ਅਰਥਚਾਰੇ ਦੇ ਵਾਧੇ ਨਾਲੋਂ ਲਗਭਗ ਦੁੱਗਣੀ ਰਫ਼ਤਾਰ ਨਾਲ ਵਿਕਾਸ ਕਰ ਰਿਹਾ ਹੈ ਅਤੇ ਇਸ ਦੀ ਕਾਰਗੁਜ਼ਾਰੀ ਹੋਰ ਵੱਡੇ ਅਰਥਚਾਰਿਆਂ ਨਾਲੋਂ ਬਿਹਤਰ ਹੈ; ਤੇ ਇਸ ਕਰ ਕੇ ਨਿਰੰਤਰ ਤੁਪਕੇ ਵਾਂਗ ਤਿਮਾਹੀ ਦਰ ਤਿਮਾਹੀ ਇੱਥੇ ਅਤੇ ਬਾਹਰ ਵੀ ਇਹ ਖ਼ਬਰ ਦਰਜ ਹੋ ਰਹੀ ਹੈ ਕਿ ਇਹ ਦਹਾਕਾ ਭਾਰਤੀ ਅਰਥਚਾਰੇ ਦਾ ਦਹਾਕਾ ਸਾਬਿਤ ਹੋ ਸਕਦਾ ਹੈ।

# ਭਗਵੰਤ ਮਾਨ ਦੇ ਪਰਿਵਾਰ ਬਾਰੇ ਕੁਵੇਲੇ ਦੀ ਚਰਚਾ

ਹਾਲ ਹੀ ਵਿਚ ਨਸ਼ਰ ਹੋਇਆ ਮੁਖ ਮੰਤਰੀ ਭਗਵੰਤ ਮਾਨ ਦੀ ਬੇਟੀ ਸੀਰਤ ਕੌਰ ਦਾ ਵੀਡੀਓ ਬਿਆਨ ਮੰਦਭਾਗਾ ਤੇ ਰਾਜਨੀਤੀ ਤੋਂ ਪ੍ਰੇਰਿਤ ਲਗਦਾ ਹੈ। ਇਸ ਲੜਕੀ ਦੇ ਪਿਤਾ ਭਗਵੰਤ ਮਾਨ ਤੇ ਉਸ ਦੀ ਮਾਂ ਨੇ ਰਜ਼ਾਮੰਦੀ ਨਾਲ ਤਲਾਕ ਲਿਆ ਹੋਇਆ ਹੈ। ਤਲਾਕ ਦੇ ਮੁੱਦੇ ਕੁਝ ਵੀ ਰਹੇ ਹੋਣ, ਮਾਣਯੋਗ ਅਦਾਲਤ ਨੇ ਉਨ੍ਹਾਂ ਦੇ ਸਭ ਪਹਿਲੂ, ਅਰਥਾਤ ਆਰਥਿਕ ਤੇ ਬੱਚਿਆਂ ਦੀ ਹਵਾਲਗੀ ਦੇ ਮਸਲੇ ਕਾਨੂੰਨ ਅਤੇ ਆਪਸੀ ਰਜ਼ਾਮੰਦੀ ਅਨੁਸਾਰ ਵਿਚਾਰ ਕੇ ਨਿਬੇੜ ਦਿੱਤੇ ਹੋਣਗੇ। ਇਹ ਮੁੱਦੇ ਉਨ੍ਹਾਂ ਦੇ

**ਡਾ: ਗੋਬਿੰਦਰ ਸਿੰਘ ਸਮਰਾਓ**
**ਫੋਨ-408-991-4249**

ਵਿਅਕਤੀਗਤ ਹਨ ਤੇ ਘਰ ਘਰ ਅਜਿਹੇ ਮਸਲੇ ਚਲਦੇ ਰਹਿੰਦੇ ਹਨ। ਇਨ੍ਹਾਂ ਨੂੰ ਲੋਕਾਂ ਵਿਚ ਘਸੀਟਣਾ ਜਾਂ ਇਨ੍ਹਾਂ ਤੋਂ ਕੋਈ ਰਾਜਨੀਤਕ ਲਾਭ ਲੈਣਾ ਜਾਂ ਇਨ੍ਹਾਂ ਬਾਰੇ ਕੋਈ ਸਰਬਜਨਕ ਟਿੱਪਣੀ ਕਰਨਾ ਮੂਲੋਂ ਗਲਤ ਹੈ। ਕਰਨ ਨੂੰ ਤਾਂ ਅਜਿਹਾ ਵੀਡੀਓ ਲੜਕੀ ਦੀ ਮਾਂ ਵੀ ਨਸ਼ਰ ਕਰ ਸਕਦੀ ਸੀ ਪਰ ਉਸ ਉੱਤੇ ਕਾਨੂੰਨੀ ਅੰਕੁਸ਼ ਹੈ। ਕਾਨੂੰਨ ਅਨੁਸਾਰ ਤਲਾਕ ਤੋਂ ਬਾਅਦ ਕੋਈ ਧਿਰ ਆਪਣੇ ਪੁਰਾਣੇ ਵਿਆਹੁਤਾ ਸਾਥੀ ਨੂੰ ਬਦਨਾਮ ਜਾਂ ਬਲੈਕਮੇਲ ਨਹੀਂ ਕਰ ਸਕਦੀ। ਜੇ ਕਰੇ ਤਾਂ ਫੈਮਲੀ ਕੋਰਟ ਵਿਚ ਉਸ 'ਤੇ ਐਕਸ਼ਨ ਹੋ ਸਕਦਾ ਹੈ। ਸਦਾਚਾਰਕ ਤੌਰ 'ਤੇ ਤਾਂ ਬੱਚਿਆਂ ਨੂੰ ਵੀ ਇਹ ਕੁਝ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਪਰ ਬਾਲਗ ਹੋਣ ਦੇ ਬਾਵਜੂਦ ਵੀ ਮਿਸ ਮਾਨ ਬਾਪ ਤੋਂ ਪਿਤਰੀ ਪਿਆਰ ਤੇ ਸਹਾਰਾ ਮੰਗਦੀ ਹੋਈ ਉਸ ਨੂੰ ਬਦਨਾਮ ਕਰੇ, ਇਹ ਗੱਲ ਤਾਂ ਕਿਸੇ ਤਰ੍ਹਾਂ ਗਲੇ ਨਹੀਂ ਉਤਰਦੀ। ਹੈਰਾਨੀ ਦੀ ਗੱਲ ਹੈ ਕਿ ਮੁੱਖ ਮੰਤਰੀ ਦੇ ਰਾਜਨੀਤਕ ਪ੍ਰਤੀਦਵੰਧੀਆਂ ਤੇ ਹਾਰੇ ਹੋਏ ਕਈ ਰਾਜਨੀਤਕ ਦਲਾਂ ਦੇ ਨੇਤਾਵਾਂ ਨੇ ਇਸ ਮੁੱਦੇ ਨੂੰ ਲੈ ਕੇ ਰਾਜਨੀਤੀ ਸ਼ੁਰੂ ਵੀ ਕਰ ਦਿੱਤੀ ਹੈ। ਪੱਤਰਕਾਰ ਵੀ ਇਸ ਕਾਰੇ ਵਿਚ ਪਿੱਛੇ ਨਹੀਂ ਹਨ। ਇਹ ਇਸ ਗੱਲ ਦਾ ਸਬੂਤ ਹੈ ਕਿ ਪੰਜਾਬ ਵਿਚ ਪੱਤਰਕਾਰੀ ਲੋਕ ਕਦਰਾਂ ਦਾ ਜ਼ਰਾ ਜਿੰਨਾ ਵੀ ਲਿਹਾਜ਼ ਨਹੀਂ ਕਰਦੀ। ਸਾਪੇਖ (ੌਬਜਏਚਟਿਵਏ) ਤਾਂ ਇਹ ਕਦਾਚਿਤ ਵੀ ਨਹੀਂ ਹੈ ਕਿਉਂਕਿ ਇਸ ਦਾ ਪੂਰੀ ਤਰ੍ਹਾਂ ਰਾਜਨੀਤੀਕਰਨ ਹੋਇਆ ਪਿਆ ਹੈ।

ਇਸ ਮਸਲੇ 'ਤੇ ਟਿੱਪਣੀ ਕਰਨ ਵਿਚ ਮੇਰਾ ਕੋਈ ਨਿਜੀ ਜਾਂ ਰਾਜਨੀਤਕ ਹਿੱਤ ਨਹੀਂ ਹੈ ਤੇ ਨਾ ਹੀ ਮੈਂ ਇਸ ਵਿਚ ਪਏ ਕਿਸੇ ਧੜੇ ਨੂੰ ਮਿਲਿਆ ਹਾਂ ਜਾਂ ਜਾਣਦਾ ਹਾਂ। ਪਰ ਜਦੋਂ ਕੋਈ ਚੀਜ਼ ਸਰਾਸਰ ਗਲਤ ਹੋ ਰਹੀ ਹੋਵੇ ਤਾਂ ਜਨਤਕ ਹਿੱਤ ਵਿਚ ਚੁੱਪ ਰਹਿਣਾ ਵੀ ਔਖਾ ਹੈ। ਸਭ ਜਾਣਦੇ ਹਨ ਕਿ ਭਗਵੰਤ ਮਾਨ ਕਾਫੀ ਲੰਮੇ ਸਮੇਂ ਤੋਂ ਭਾਰਤੀ ਰਾਜਨੀਤੀ ਵਿਚ ਸਰਗਰਮ ਹੈ ਤੇ ਪਿਛਲੇ ਦੋ ਕੂ ਸਾਲਾਂ ਤੋਂ ਪੰਜਾਬ ਦਾ ਮੁਖ ਮੰਤਰੀ ਵੀ ਹੈ। ਉਦੋਂ ਤੋਂ ਹੁਣ ਤੀਕਰ ਤਾਂ ਸਭ ਕੁਝ ਠੀਕ ਸੀ ਤੇ ਉਸ ਦੇ ਪਰਿਵਾਰ ਦੇ ਕਿਸੇ ਮੈਂਬਰ ਨੇ ਉਸ ਦੇ ਚਰਿੱਤਰ 'ਤੇ ਕੋਈ ਉਂਗਲੀ ਨਹੀਂ ਸੀ ਉਠਾਈ। ਉਸ ਦੀ ਬੇਟੀ ਤੇ ਬੇਟਾ ਉਸ ਨੂੰ ਵਧਾਈ ਦੇਣ ਲਈ ਪੰਜਾਬ ਆਏ ਸਨ ਤੇ ਸਹੁੰ ਚੁੱਕ ਸਮਾਰੋਹ ਵਿਚ ਵੀ ਹਾਜ਼ਰ ਹੋਏ ਸਨ। ਉਸ ਵੇਲੇ ਤਾਂ ਉਨ੍ਹਾਂ ਨੇ ਭਗਵੰਤ ਮਾਨ ਬਾਰੇ ਚੰਗੇ ਚੰਗੇ ਬੋਲ ਬੋਲੇ ਸਨ। ਪਰ ਹੁਣ ਜਦੋਂ ਤੋਂ ਉਸ ਨੇ ਵਿਆਹ ਕਰਵਾ ਲਿਆ ਹੈ ਤਾਂ ਉਸ ਦੀ ਬੇਟੀ ਨੇ ਉਸ ਨੂੰ ਮਾੜਾ ਕਹਿਣਾ ਸ਼ੁਰੂ ਕਰ ਦਿੱਤਾ ਹੈ। ਸਭ ਤੋਂ ਮਾੜਾ ਉਹ ਉਨ੍ਹਾਂ ਲਈ ਉਦੋਂ ਤੋਂ ਬਣਿਆ ਹੈ ਜਦੋਂ ਤੋਂ ਉਸ ਦੇ ਘਰ ਬਾਲ-ਬੱਚਾ ਹੋਣ ਦੀਆਂ ਕਨਸੋਆਂ ਆਉਣ ਲੱਗੀਆਂ ਹਨ। ਹੁਣ ਅਚਾਨਕ ਉਸ ਦੀ ਪਹਿਲੇ ਵਿਆਹ ਦੀ ਬੇਟੀ ਨੇ ਉਸ ਦੇ ਰਾਜਨੀਤਕ ਕਰੀਅਰ 'ਤੇ ਸਵਾਲ ਚੁੱਕਦਿਆਂ ਕਹਿਣਾ ਸ਼ੁਰੂ ਕਰ ਦਿੱਤਾ ਕਿ ਜੋ ਸ਼ਖਸ ਆਪਣੇ ਪਰਿਵਾਰ ਤੇ ਬੱਚਿਆਂ ਦਾ ਨਹੀਂ ਬਣ ਸਕਿਆ ਉਹ ਪੰਜਾਬ ਦਾ ਕਿਵੇਂ ਬਣ ਸਕੇਗਾ? ਆਪਣੇ ਮਾਤਾ-ਪਿਤਾ ਦੇ ਤਲਾਕ ਦਾ ਸਾਰਾ ਦੋਸ਼ ਉਸ ਨੇ ਆਪਣੇ ਪਿਤਾ ਸਿਰ ਮੜ੍ਹ ਦਿੱਤਾ ਹੈ ਜਦੋਂ ਕਿ ਸਭ ਨੂੰ ਪਤਾ ਹੈ ਕਿ ਤਾੜੀ ਇਕ ਹੱਥ ਨਾਲ ਨਹੀਂ ਵੱਜਦੀ। ਇਲਜ਼ਾਮ ਉਸ ਨੇ ਇਹ ਵੀ ਲਾਇਆ ਹੈ ਕਿ ਉਹ ਇਮੋਸ਼ਨਲ ਬਲੈਕਮੇਲ ਕਰਨ, ਸ਼ਰਾਬ ਪੀਣ ਤੇ ਝੂਠ ਬੋਲਣ ਦਾ ਆਦੀ ਹੈ। ਅਜਿਹੀਆਂ ਗੱਲਾਂ ਕਰਕੇ ਉਸ ਨੇ ਉਸ ਨੂੰ 'ਪਾਪਾ' ਕਹਿਣ ਤੋਂ ਵੀ ਇਨਕਾਰ ਕਰ ਦਿੱਤਾ ਹੈ। ਆਖਰ ਇਸ ਅਚਨਚੇਤ ਘਟਨਾ ਦਾ ਕਾਰਨ ਕੀ ਹੈ?

ਇਸ ਚਰਚਾ ਦਾ ਕਾਰਨ ਬਹੁਤਾ ਤਾਂ ਲੜਕੀ ਨੇ ਆਪਣੇ ਆਪ ਹੀ ਸਪਸ਼ਟ ਕਰ ਦਿੱਤਾ ਹੋਇਆ ਹੈ। ਬਾਕੀ ਵਜ੍ਹਾ ਸਮੁੱਚੇ ਵਰਤਾਰੇ 'ਤੇ ਨਿਗਾਹ ਮਾਰ ਕੇ ਜਾਣੀ ਜਾ ਸਕਦੀ ਹੈ। ਪਹਿਲੀ ਨਜ਼ਰੇ ਇਹ ਕਾਰਨ ਲੜਕੀ ਦੀ ਆਪਣੀ ਈਰਖਾ ਲਗਦੀ ਹੈ। ਅਜਿਹਾ ਪ੍ਰਤੀਤ ਹੁੰਦਾ ਹੈ ਕਿ ਤਲਾਕ ਉਪਰੰਤ ਉਸ ਦੇ ਪਿਤਾ ਦਾ ਨਵੇਂ ਵਿਆਹ ਬੰਧਨ ਵਿਚ ਬੱਝਣਾ ਤੇ ਉਸ ਦੇ ਇਸ ਵਿਆਹ ਤੋਂ ਸੰਤਾਨ ਪੈਦਾ ਹੋਣ ਦੀ ਚਰਚਾ, ਉਸ ਤੋਂ ਸਹਾਰੇ ਨਹੀਂ ਗਏ। ਇਸੇ ਲਈ ਇਸ ਲੜਕੀ ਨੇ ਆਪਣੇ ਸਮੇਤ ਆਪਣਾ ਸਾਰਾ ਪਰਿਵਾਰ ਇਕ ਜਜ਼ਬਾਤੀ ਸਦਮੇ ਦਾ ਸ਼ਿਕਾਰ ਹੋਇਆ ਦੱਸਿਆ ਹੈ। ਪਰ ਅਸਲ ਵਿਚ ਅਜਿਹਾ ਹੋਣਾ ਸੰਭਵ ਵੀ ਨਹੀਂ ਹੈ। ਸੁਣਿਆ ਹੈ ਕਿ ਲੜਕੀ ਅਮਰੀਕਾ ਦੀ ਜੰਮਪਲ ਹੈ ਤੇ ਬਚਪਨ ਤੋਂ ਇਥੇ ਹੀ ਰਹਿ ਰਹੀ ਹੈ। ਅਜੋਕੇ ਸਮਾਜ ਵਿਚ ਖਾਸ ਕਰਕੇ ਅਮਰੀਕੀ ਸਮਾਜ ਵਿਚ ਕਿਸੇ ਦਾ ਤਲਾਕ ਹੋ ਜਾਣਾ ਤੇ ਬੱਚਿਆਂ ਦਾ ਇਕਹਿਰੇ ਮਾਪੇ ਕੋਲ ਪਲਣਾ ਆਮ ਜਿਹੀ ਗੱਲ ਹੈ। ਉੱਥੇ ਵਿਆਹ ਵਾਂਗ ਤਲਾਕ ਵੀ ਜੀਵਨ ਦੀ ਇਕ ਸਰਸਰੀ ਘਟਨਾ ਹੁੰਦੇ ਹਨ। ਸਿੱਧੀ ਗੱਲ ਹੈ ਨਹੀਂ ਬਣਦੀ ਅੱਡ ਹੋ ਜਾਓ। ਕਿਸੇ ਕਹੀ ਸੁਣੀ ਗੱਲ ਨੂੰ ਪੁਗਾਉਣ ਲਈ ਆਪਣੀ ਕੀਮਤੀ ਜ਼ਿੰਦਗੀ ਬਰਬਾਦ ਕਿਉਂ ਕਰਨੀ? ਇਸ ਲਈ ਉਨ੍ਹਾਂ ਦੇ ਪਹਿਲੇ ਬੱਚੇ ਆਪਣੇ ਸਗੇ ਮਾਪਿਆਂ ਤੋਂ ਮੂੰਹ ਨਹੀਂ ਮੋੜਦੇ ਸਗੋਂ ਆਪਣੇ ਮਤਰੇਏ ਭੈਣ-ਭਰਾਵਾਂ ਨਾਲ ਵੀ ਸਗਿਆਂ ਵਾਂਗ ਹੀ ਵਰਤਦੇ ਹਨ। ਇਸ ਲਈ ਇਹ ਇਤਰਾਜ਼ ਇਸ ਲੜਕੀ ਦਾ ਮੁੱਢੋਂ ਆਪਣਾ ਨਹੀਂ ਲਗਦਾ। ਜਿਸ ਪਿਤਾ ਨੂੰ ਉਸ ਦੀ ਸਫਲਤਾ ਲਈ ਉਹ ਤੇ ਉਸ ਦਾ ਭਰਾ ਵਧਾਈ ਦੇ ਕੇ ਗਏ ਹੋਣ ਤੇ ਉਸੇ ਨੂੰ ਹੁਣ ਉਹ ਲੋਕ ਹਿੱਤਾਂ ਦਾ ਘਾਣ ਕਰਨ ਵਾਲਾ ਕਹੇ, ਇਹ ਗੱਲ ਜੰਮਦੀ ਨਹੀਂ। ਅਮਰੀਕਾ ਜਿਹੇ ਸਮਾਜ ਵਿਚ ਜਿੱਥੇ ਸ਼ਰਾਬ ਤੇ ਹਥਿਆਰ ਸਟੋਰਾਂ 'ਤੇ ਆਮ ਵਿਕਦੇ ਹਨ ਤੇ ਜਿੱਥੇ ਬਹੁਤੇ ਨੌਜਵਾਨ ਆਪਣਾ 18ਵਾਂ ਜਨਮ ਦਿਨ





ਵਾਈਨ ਦੇ ਜਾਮ ਨਾਲ ਮਨਾਉਂਦੇ ਹਨ, ਕਿਉਂਕਿ ਉਸ ਤੋਂ ਪਹਿਲਾਂ ਉਨ੍ਹਾਂ ਲਈ ਇਹ ਕਾਨੂੰਨੀ ਜੁਰਮ ਹੁੰਦਾ ਹੈ, ਉੱਥੇ ਸ਼ਰਾਬ ਦਾ ਮੁੱਦਾ ਕਿਸੇ ਦੇ ਬਿਨਾਂ ਚੁਕਾਇਆਂ ਚੁੱਕੇ ਜਾਣ ਦੀ ਸੰਭਾਵਨਾ ਨਹੀਂ ਹੈ। ਭਾਵੁਕ ਹੋ ਕੇ ਰੋਣਾ ਨਿਕਲ ਆਉਣਾ ਕਿਸੇ ਦੇ ਵਸ ਦੀ ਗੱਲ ਨਹੀਂ। ਬਹੁਤ ਸਾਰੇ ਲੋਕ ਖਾਸ ਕਰਕੇ ਬੱਚੇ, ਬਜ਼ੁਰਗ, ਔਰਤਾਂ ਤੇ ਸੰਵੇਦਨਸ਼ੀਲ ਵਿਅਕਤੀ ਜਜ਼ਬਾਤੀ ਗੱਲਾਂ 'ਤੇ ਅਕਸਰ ਰੋ ਪੈਂਦੇ ਹਨ। ਇਹ ਇਮੋਸ਼ਨਲ ਬਲੈਕਮੇਲ ਨਹੀਂ ਹੁੰਦਾ। ਇਮੋਸ਼ਨਲ ਬਲੈਕਮੇਲ ਤਾਂ ਉਹ ਹੁੰਦਾ ਹੈ ਕਿ ਕੋਈ ਵਿਅਕਤੀ ਕਿਸੇ ਦੀਆਂ ਭਾਵਨਾਵਾਂ ਦਾ ਖਿਲਵਾੜ ਕਰ ਕੇ ਭਾਵ ਜਜ਼ਬਾਤੀ ਤੌਰ 'ਤੇ ਡਰਾ-ਧਮਕਾ ਕੇ ਉਸ ਤੋਂ ਕੋਈ ਗਲਤ ਕੰਮ ਕਰਵਾਉਂਦਾ ਹੋਵੇ। 2022 ਤੋਂ ਬਾਅਦ ਭਗਵੰਤ ਮਾਨ ਨੇ ਅਜਿਹਾ ਕੋਈ ਕੰਮ ਕੀਤਾ ਹੋਵੇ, ਇਸ ਦੀ ਕੋਈ ਗਵਾਹੀ ਨਹੀਂ ਹੈ। ਇਸ ਸਬੰਧ ਵਿਚ ਸਹੀ ਸ਼ਬਦ ਇਮੋਸ਼ਨਲ ਐਕਸਪਲਾਇਟੇਸ਼ਨ ਹੋ ਸਕਦਾ ਹੈ ਪਰ ਰਾਜਨੀਤੀ ਵਿਚ ਆਉਣ ਤੋਂ ਬਾਅਦ ਅਜਿਹਾ ਕਰਨ ਦਾ ਮੌਕਾ ਵੀ ਉਸ ਦੇ ਪਿਤਾ ਕੋਲ ਕਦੇ ਨਹੀਂ ਆਇਆ ਹੋਣਾ ਹੈ। ਇਹ ਸ਼ਬਦ ਤੇ ਇਹ ਵਿਚਾਰ ਕਿਸੇ ਬਾਹਰਲੇ ਸੋਮੇ ਵਲੋਂ ਸੁਝਾਏ ਬਿਨਾਂ ਉਸ ਦੇ ਦਿਮਾਗ ਵਿਚ ਪ੍ਰਵੇਸ਼ ਹੋਏ ਨਹੀਂ ਲਗਦੇ।

ਇਹ ਕਹਿਣਾ ਕਿ ਮੁਖ ਮੰਤਰੀ ਦੇ ਤੌਰ 'ਤੇ ਭਗਵੰਤ ਮਾਨ ਪੰਜਾਬੀਆਂ ਦਾ ਨਹੀਂ ਹੋ ਸਕੇਗਾ ਕਿਉਂਕਿ ਉਹ ਆਪਣੇ ਧੀਆਂ ਪੁੱਤਰਾਂ ਦਾ ਨਹੀਂ ਹੋਇਆ, ਭਾਵ ਉਸ ਨੇ ਉਨ੍ਹਾਂ ਦਾ ਕੋਈ ਫਾਇਦਾ ਨਹੀਂ ਕੀਤਾ। ਇਸ ਦਾ ਭਾਵ ਇਹ ਹੋਇਆ ਕਿ ਜੇ ਕੋਈ ਹੁਕਮਰਾਨ ਆਪਣੇ ਸਬੰਧੀਆਂ ਲਈ ਕੰਮ ਕਰੇ ਤਾਂ ਹੀ ਉਹ ਜਨਤਾ ਲਈ ਕੰਮ ਕਰ ਸਕੇਗਾ। ਉਸ ਦੀ ਧੀ ਨੂੰ ਇਹ ਵੀ ਪਤਾ ਨਹੀਂ ਕਿ ਇਹੀ ਤਾਂ ਉਸ ਦੀ ਰਾਜਨੀਤੀ ਦਾ ਵੱਖਰਾਪਣ ਹੈ ਜਿਸ ਕਾਰਨ ਲੋਕ ਉਸ ਨੂੰ ਬਾਰ ਬਾਰ ਚੁਣਦੇ ਹਨ। ਪਰ ਹੈਰਾਨੀ ਇਸ ਗੱਲ ਦੀ ਹੈ ਕਿ ਉਹ ਉਸ ਨੂੰ ਲੋਕਾਂ ਦੇ ਫਾਇਦੇ ਵਿਸਾਰ ਕੇ ਨਿਜੀ ਫਾਇਦਿਆਂ ਨੂੰ ਤਰਜੀਹ ਦੇਣ ਲਈ ਕਹਿ ਰਹੀ ਹੈ।

ਉਸ ਦੇ ਇਹ ਵਿਚਾਰ ਪੰਜਾਬ ਤੋਂ ਨਿਰਆਤ ਹੋਏ ਲਗਦੇ ਹਨ ਕਿਉਂਕਿ ਅਮਰੀਕਾ ਵਿਚ ਤਾਂ ਤੇਈ ਸਾਲ ਦੀ ਲੜਕੀ ਇੱਦਾਂ ਸੋਚ ਹੀ ਨਹੀਂ ਸਕਦੀ। ਇੱਥੇ ਤਾਂ ਅਠਾਰਾਂ ਸਾਲ ਦਾ ਬੱਚਾ ਮਾਤਾ-ਪਿਤਾ 'ਤੇ ਨਿਰਭਰ ਹੋਣਾ ਛੱਡ ਦਿੰਦਾ ਹੈ। ਹਰ ਬੱਚਾ ਆਪਣਾ ਕੰਮ ਕਰ ਕੇ ਜੇਬ ਖਰਚਾ ਕੱਢਦਾ ਹੈ, ਛੁੱਟੀਆਂ ਵਿਚ ਨੌਕਰੀ ਕਰ ਕੇ ਪੈਸੇ ਕਮਾਉਂਦਾ ਹੈ ਜੋ ਉਸ ਲਈ ਕਰਨੀ ਜ਼ਰੂਰੀ ਤੇ ਹਰ ਅਦਾਰੇ ਵਿਚ ਰਾਖਵੀਂ ਵੀ ਹੁੰਦੀ ਹੈ। ਪ੍ਰੈਜ਼ੀਡੈਂਟ ਓਬਾਮਾ ਦੀਆਂ ਲੜਕੀਆਂ ਦੀ ਵੀ ਕਿਸੇ ਫਾਸਟ ਫੂਡ ਰੈਸਟਰਾਂ 'ਤੇ ਕੰਮ ਕਰਨ ਦੀਆਂ ਖਬਰਾਂ ਜ਼ੋਰਾਂ 'ਤੇ ਸਨ। ਕਈ ਬੱਚੇ ਗੈਸ ਸਟੇਸ਼ਨਾਂ, ਕਾਰ ਵਾਸ਼ ਸੈਂਟਰਾਂ, ਮੈਕਡੋਨਲਡਾਂ, ਟਾਰਗੈਟਾਂ ਤੇ ਵਾਲਮਾਰਟਾਂ ਵਿਚ ਕੰਮ ਕਰਦੇ ਹਨ। ਹਰ ਨੌਜਵਾਨ ਇੱਥੇ ਕਰਜ਼ਾ ਲੈ ਕੇ ਪੜ੍ਹਦਾ ਹੈ ਜੋ ਬਾਅਦ ਵਿਚ ਜਾਬ ਕਰ ਕੇ ਅਦਾ ਕਰਦਾ ਹੈ। ਪਰ ਇਹ ਲੜਕੀ ਆਤਮ-ਨਿਰਭਰਤਾ ਦਾ ਖਿਆਲ ਛੱਡ ਕੇ ਪਿਤਾ ਤੋਂ ਸਹਾਇਤਾ ਮੰਗਦੀ ਹੈ? ਇਹ ਖਿਆਲ ਉਸ ਦਾ ਆਪਣਾ ਨਹੀਂ ਸਗੋਂ ਠੇਠ ਪੰਜਾਬੀ ਹੈ।

ਰਿਹਾ ਪ੍ਰਸ਼ਨ ਇਹ ਕਿ ਇਸ ਨੂੰ ਨਿਰਆਤ ਕਰਨ ਵਿਚ ਕਿਸ ਦਾ ਹੱਥ ਹੈ। ਇਸ ਬਾਰੇ ਦਾਅਵੇ ਨਾਲ ਤਾਂ ਕੁਝ ਨਹੀਂ ਕਿਹਾ ਜਾ ਸਕਦਾ। ਪਰ ਇਹ ਜ਼ਰੂਰ ਹੈ ਕਿ ਆਪਣੇ ਸਾਰੇ ਰਾਜਨੀਤਕ ਕਰੀਅਰ ਵਿਚ ਭਗਵੰਤ ਮਾਨ ਆਪਣੇ ਰਾਜਨੀਤਕ ਵਿਰੋਧੀਆਂ ਦੇ ਨਿਸ਼ਾਨੇ 'ਤੇ ਰਿਹਾ ਹੈ। ਜਿਸ ਹਿਸਾਬ ਨਾਲ ਉਸ ਨੇ ਪੁਰਾਣੇ ਰਾਜਨੀਤਕ ਲੀਡਰਾਂ ਤੇ ਅਫਸਰਾਂ ਵਿਰੁਧ ਭ੍ਰਿਸ਼ਟਾਚਾਰ ਦੇ ਕੇਸਾਂ ਨੂੰ ਉਧੇੜਨ ਦਾ ਅਭਿਆਨ ਅਰੰਭਿਆ ਹੋਇਆ ਹੈ, ਉਸ ਤੋਂ ਕਈ ਪ੍ਰਭਾਵਸ਼ਾਲੀ ਰਾਜਨੀਤਕ ਲੋਕ ਉਸ ਨਾਲ ਨਾਰਾਜ਼ ਹਨ। ਪਿਛਲੇ ਕੁਝ ਸਮੇਂ ਤੋਂ ਤਾਂ ਉਸ ਦੇ ਵਿਰੋਧੀਆਂ ਨੇ ਉਸ ਦੇ ਮਨਿਸਟਰਾਂ ਖ਼ਿਲਾਫ ਸਦਾਚਾਰਕ ਇਤਰਾਜ਼ ਉਠਾਏ ਹਨ ਤੇ ਬਿਨਾ ਨਾਂ ਲਿਆਂ ਉਨ੍ਹਾਂ ਖ਼ਿਲਾਫ ਕਾਰਵਾਈ ਕਰਨ ਲਈ ਜ਼ੋਰ ਪਾਇਆ ਹੈ। ਡਿਗਦਾ ਡਿਗਦਾ ਪੰਜਾਬ ਵਿਚ ਰਾਜਨੀਤੀ ਦਾ ਪੱਧਰ ਇੰਨਾ ਹੇਠਾਂ ਡਿਗ ਪਿਆ ਹੈ ਕਿ ਰਾਜਨੀਤਕ ਲੋਕਾਂ ਨੇ ਇਕ ਦੂਜੇ 'ਤੇ ਵਿਅਕਤੀਗਤ ਦੋਸ਼ ਲਾਉਣੇ ਸ਼ੁਰੂ ਕਰ ਦਿੱਤੇ ਸਨ। ਇਸ ਗੱਲ ਨੂੰ ਠੱਲ੍ਹ ਪਾਉਣ ਲਈ ਭਗਵੰਤ ਮਾਨ ਨੇ ਆਪ ਲੁਧਿਆਣੇ ਵਿਚ ਖੁਲ੍ਹੀ ਮੀਟਿੰਗ ਦਾ ਸੱਦਾ ਦਿੱਤਾ ਸੀ, ਜਿਸ ਵਿਚ ਕਿਸੇ ਵਿਰੋਧੀ ਦਲ ਦਾ ਕੋਈ ਮੈਂਬਰ ਨਹੀਂ ਪਹੁੰਚਿਆ। ਵਧਦੀ ਜ਼ੁਬਾਨੀ ਖਿਚੋਤਾਣ ਦੌਰਾਨ ਉਸ ਨੇ ਇਕ ਨੇਤਾ ਖ਼ਿਲਾਫ ਘੋੜਿਆਂ ਦਾ ਮਸਲਾ ਉਠਾਇਆ ਸੀ ਤੇ ਇਸ ਦਾ ਮਿੱਥੇ ਸਮੇਂ ਵਿਚ ਜਵਾਬ ਮੰਗਿਆ ਸੀ ਜੋ ਉਹ ਨਹੀਂ ਸੀ ਦੇ ਸਕਿਆ। ਉਸ ਦੇ ਇਕ ਹੋਰ ਦਾਅਵੇ ਤੋਂ ਬਾਅਦ ਪ੍ਰਭਾਵਿਤ ਰਾਜਨੀਤਕ ਲੀਡਰਾਂ ਨੇ ਉਸ ਨੂੰ ਚੁਣੌਤੀ ਦਿੱਤੀ ਸੀ ਕਿ ਉਹ ਆਪਣੀ ਲੜਕੀ ਸੀਰਤ ਕੌਰ ਨਾਲ ਦੋ ਮਿੰਟ ਗੱਲ ਕਰ ਕੇ ਦਿਖਾਵੇ। ਹੋ ਸਕਦਾ ਹੈ ਕਿ ਤਿੱਖੇ ਸਵਾਲਾਂ-ਜਵਾਬਾਂ ਵਿਚ ਘਿਰੇ ਉਸ ਦੇ ਅਜਿਹੇ ਹੀ ਕਿਸੇ ਰਾਜਨੀਤਕ ਪ੍ਰਤੀਦਵੰਧੀ ਨੇ ਉਸ ਨੂੰ ਉਲਝਾਉਣ ਲਈ ਇਹ ਚਾਲ ਖੇਡੀ ਹੋਵੇ।

ਪਰ ਜਦੋਂ ਇਸ ਵੀਡੀਓ ਦੇ ਨਸ਼ਰ ਹੋਣ ਤੋਂ ਤੁਰੰਤ ਬਾਅਦ ਉਸ ਲੀਡਰ ਨੇ ਇਸ ਮੁੱਦੇ ਨੂੰ ਤੂਲ ਦਿੰਦਿਆਂ ਕਿਹਾ ਕਿ ਉਹ ਉਸ ਲੜਕੀ ਦੇ ਪਿਤਾ ਦੀਆਂ ਜ਼ਿੰਮੇਵਾਰੀਆਂ ਆਪ ਪੂਰੀਆਂ ਕਰੇਗਾ। ਇਹ ਕਹਿ ਕੇ ਉਸ ਨੇ ਇਕ ਦਲੇਰਾਨਾ ਗੱਲ ਕਰਨ ਦੀ ਕੋਸ਼ਿਸ਼ ਕੀਤੀ ਤੇ ਘੋੜਿਆਂ ਵਾਲੀ ਗੱਲ ਦੇ ਨਹਿਲੇ 'ਤੇ ਦਹਿਲਾ ਮਾਰਿਆ। ਇਸ ਨਾਲ ਹੀ ਸ਼ੱਕਾਂ ਦੀਆਂ ਸਾਰੀਆਂ ਉਂਗਲਾਂ ਉਸ ਨੇ ਆਪਣੇ ਵਲ ਕਰਵਾ ਲਈਆਂ ਹਨ। ਅੰਦਰੋਂ ਸਚਾਈ ਭਾਵੇਂ ਕੁਝ ਵੀ ਹੋਵੇ ਪਰ ਇਸ ਦਾ ਫੌਰੀ ਮਨੋਰਥ ਭਗਵੰਤ ਮਾਨ ਨੂੰ ਇਹ ਸਮਝਾਉਣਾ ਹੈ ਕਿ ਜਾਂ ਤਾਂ ਉਹ ਸਾਰੇ ਵਿਰੋਧੀਆਂ ਖ਼ਿਲਾਫ ਦਰਜ ਮੁਕੱਦਮੇ ਵਾਪਸ ਲਵੇ ਤੇ ਜਾਂ ਆਪਣੀ ਧੀ ਦੇ ਲਾਏ ਇਲਜ਼ਾਮ ਕਬੂਲ ਕਰ ਕੇ ਅਸਤੀਫਾ ਦੇਵੇ। ਸੋਨੇ 'ਤੇ ਸੁਹਾਗਾ ਫੇਰਨ ਲਈ ਇਸ ਨੇਤਾ ਨੇ ਸੀਰਤ ਕੌਰ ਦੀ ਮਾਂ ਦਾ ਕਥਿਤ ਬਿਆਨ ਵੀ ਭੰਡੀ ਚਰਚਾ ਵਿਚ ਲਿਆਂਦਾ ਹੈ। ਪਰ ਇਸ ਨੇਤਾ ਨੇ ਇਹ ਨਹੀਂ ਕਿਹਾ ਕਿ ਉਹ ਲੜਕੀ ਨੂੰ ਆਪਣੀ ਲੜਕੀ ਸਮਝ ਕੇ ਆਪਣੀ ਅੱਧੀ ਜਾਇਦਾਦ ਉਸ ਦੇ ਨਾਂ ਲਵਾ ਕੇ ਪਿਓ ਦਾ ਹੱਕ ਅਦਾ ਕਰੇਗਾ। ਉਂਜ ਬੱਚੀ ਦੇ ਵਿਆਹ ਵੇਲੇ ਸੌ ਡਾਲਰ ਦਾ ਸ਼ਗਨ ਦੇ ਕੇ ਤੇ ਸਿਰ ਪਲੋਸ ਕੇ ਬਾਪ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਦੀ ਗੱਲ ਤਾਂ ਕੋਈ ਵੀ ਕਰ ਸਕਦਾ ਹੈ। ਉਂਜ ਇਹੀ ਲੜਕੀ ਕਿਉਂ? ਪੰਜਾਬ ਵਿਚ ਤਲਾਕਸ਼ੁਦਾ ਮਾਪਿਆਂ ਦੀਆਂ ਸੈਂਕੜੇ ਬੇਟੀਆਂ ਹਨ। ਉਹ ਲੀਡਰ ਉਨ੍ਹਾਂ ਵਿਚੋਂ ਕਿਸੇ ਨੂੰ ਆਪਣੀ ਧੀ ਬਣਾ ਕੇ ਅੱਧੀ ਜਾਇਦਾਦ ਕਿਉਂ ਨਹੀਂ ਦੇ ਦਿੰਦਾ?

# ਅੱਗ ਕੀ ਏ

ਪਾਣੀ ਮਿੱਟੀ ਦਾ ਆਦਿ ਜੁਗਾਦਿ ਦਾ ਸੱਚ ਵੇਖਿਆ, ਅਸਾਂ ਹੁਣ ਅੱਗ ਦਾ ਵੇਖ ਲਈਏ। ਅੱਗ ਮੁੱਢਲਾ ਤੱਤ ਏ ਜੀਵਨ ਦਾ। ਅੱਗ ਸੇਕ ਏ, ਨਿੱਘ ਵੀ, ਤੇ ਚਾਨਣ ਵੀ। ਅੱਗ ਦੀਆਂ ਵੰਨੋ ਵੰਨ ਸ਼ਕਲਾਂ ਹਨ। ਕਿਤੇ ਦੂਰ ਅੰਬਰ ਉਪਰ ਲਿਸ਼ਕਦਾ ਸਿੱਝ ਏ ਤੇ ਕਿਤੇ ਧਰਤੀ ਦੇ ਹੇਠੋਂ ਹੇਠ ਪੱਕਦਾ ਲਾਵਾ। ਸਿੱਝ ਚਾਨਣ ਦਿੰਦਾ ਏ, ਸੇਕ ਵੀ ਤੇ ਨਿੱਘ ਵੀ। ਸੂਰਜ ਦਾ ਸੇਕ ਧਰਤ ਉਤੇ ਜੀਵਨ ਟੋਰਦਾ ਏ। ਸੇਕ ਬਿਨਾਂ ਪਕਿਆਈ ਨਹੀਂ ਆਉਂਦੀ। ਕੱਚ ਰਹਿ ਜਾਵੇ ਤਾਂ ਹੋਂਦ ਦਾ ਰੂਪ ਨਿਤਰਦਾ ਨਹੀਂ। ਸਿੱਝ ਚਾਨਣ ਨਾ ਦੇਵੇ ਤਾਂ ਹਨੇਰ ਈ ਹਨੇਰ ਹੋਵੇ। ਸਿੱਝ ਦਾ ਸੇਕ ਈ ਫਸਲਾਂ ਵਿਚ ਸੱਤ, ਫਲਾਂ ਵਿਚ ਸੁਆਦ ਤੇ ਫੁੱਲਾਂ ਵਿਚ ਰੰਗ ਭਰੇਂਦਾ ਹੈ।



**ਡਾ. ਆਸਮਾ ਕਾਦਰੀ**

ਕੁੱਲ ਜੀਆ-ਜੂਨ ਦੀ ਖੁਰਾਕ ਸਿੱਝ ਦੇ ਦਿੱਤੇ ਸੇਕ ਨਾਲ ਪੱਕਦੀ ਏ। ਸੇਕ ਸਾਵਾਂ ਹੋਵੇ ਤਾਂ ਹੀ ਕੱਚ ਨੂੰ ਪਕਾਉਂਦਾ ਹੈ। ਸੇਕ ਵਾਧੂ ਹੋਵੇ ਤਾਂ ਸਭ ਸੜ ਬਲ ਸੁਆਹ ਥੇਂਦਾ ਏ। ਇੱਕ ਸੇਕ ਅੱਗ ਦਾ ਹੈ ਜੋ ਰੁੱਖ ਦੀ ਲੱਕੜ ਬਾਲ ਕੇ ਹੁੰਦਾ ਹੈ। ਲੱਕੜ ਬਲ ਕੇ ਚੁੱਲ੍ਹਾ ਤੱਤਾ ਕਰੇਂਦੀ ਏ ਜਿਸ ਉਪਰ ਅੰਨ ਪੱਕਦਾ ਹੈ। ਪੋਹ ਮਾਘ ਦੀਆਂ ਸੀਤ ਰਾਤਾਂ ਦਾ ਪਾਲਾ ਲੱਕੜ ਦੀ ਬਲਦੀ ਅੱਗ ਈ ਘਟਾਉਂਦੀ ਏ।

ਅੱਗ ਈ ਮੁੱਢਲਾ ਤੱਤ ਹੈ ਇਨਸਾਨੀ ਹੋਂਦ ਦਾ। ਜੀਵਨ ਆਹਰ ਕਰੇਂਦਾ ਜੀਅ ਆਪਣੇ ਅੰਦਰ ਦੇ ਏਸ ਮੁੱਢਲੇ ਤੱਤ ਨੂੰ ਘੱਟ ਈ ਵਿਚਾਰਦਾ ਏ। ਏਹਾ ਅੱਗ ਹੈ ਜੋ ਮੈਂ, ਮਾਣ, ਕਿਬਰ, ਹੰਕਾਰ ਬਣ ਵੇਂਹਦੀ ਹੈ। ਕੀ ਗੁੱਸਾ ਉਸੇ ਅੱਗ ਦਾ ਈ ਇੱਕ ਰੂਪ ਤਾਂ ਨਹੀਂ?ਮਤਾਂ ਏਹਾ ਅੱਗ ਹੈ ਅੰਦਰ ਦੀ ਜਿਸ ਨੂੰ ਫਰੀਦ ਵਲਾਵਨ ਦਾ ਆਖਿਆ:

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥

ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥78॥ ( ਪੰਨਾ 1382,ਸੇਖ ਫਰੀਦ ਜੀ)

ਫਰੀਦ ਚੇਤੇ ਕਰਵਾਇਆ ਹਾਈ, ਜੋ ਇਹ ਅੱਗ ਕੁਦਰਤ ਦੀ ਦਾਨ ਹੋਈ ਸਕਤ ਹੈ। ਏਸ ਦੀ ਸਾਂਭ ਕਰੋ ਇਹ ਹਸਤੀ ਦਾ ਕੱਚ ਪਕਾਵਸੀ। ਮੱਲ ਵਿਹਾਰ ਦੀ ਲੀਹੇ ਟੁਰਦੀ ਬੱਝੀ ਹਸਤੀ ਆਪ ਸਿਆਣ ਕਰੇ, ਤਾਂ ਆਪਣੇ ਤੱਤ ਦੀ ਸਾਂਭ ਕਰੇ ਨਾ। ਮੱਲ, ਮੋਹ ਦੇ ਘੁੰਮਣ ਘੇਰਾਂ ਵਿਚ ਫਾਤਾ ਵਜੂਦ ਆਪਣੇ ਆਪ ਤੋਂ, ਆਪਣੇ ਤੱਤ ਸੱਤ ਤੋਂ, ਵਜੋਗਿਆ ਵਿਰਾਨਿਆ ਏ। ਕੁਦਰਤ ਤੋਂ ਦਾਨ ਹੋਈਆਂ ਸਕਤਾਂ ਜਦੋਂ ਵਰਤੋਂ ਵਿਚ ਨਾ ਰਹੀਆਂ ਤਾਂ ਉਹ ਅੰਦਰੇ ਅੰਦਰ ਬੰਦੀਵਾਨ ਥੀ ਕੇ ਰੂਪ ਵਟਾ ਗਈਆਂ। ਜਿਵੇਂ ਮੱਲ ਵਿਹਾਰ ਦੀ ਕੈਦ ਕਟੇਂਦਾ ਜਿਉਂਦਾ ਜੀਅ ਮੱਲ ਵਿਹਾਰ ਨੂੰ ਗੇੜਨ ਵਾਲਾ ਪਸ਼ੂ ਬਣ ਗਿਆ ਏ। ਕੈਦ ਤਾਂ ਜੂਨ ਵਟਾ ਦਿੰਦੀ ਏ। ਅੱਗ ਜਿਸ ਦੇ ਨਿੱਘ ਤੇ ਸੇਕ ਦਾ ਰੂਪ ਬੰਦੇ ਦੀ ਕਰਨੀ ਆਹੀ, ਓਹਾ ਅੱਗ ਕੈਦ ਹੋਈ ਤਾਂ ਕ੍ਰੋਧ ਤੇ ਵੈਰ ਖਾਰ ਬਣ ਗਈ। ਮੱਲਣ, ਝਪਟਣ ਤੇ ਜੋੜਨ ਸਾਂਭਣ ਨੇ ਜੋ ਦਰਜੇ ਬੰਦ ਵਿਹਾਰ ਬਣਾਇਆ ਉਸ ਦੇ ਮੋਹ ਪਿੱਛੇ ਕਮਲਾ ਹੋਇਆ ਹਰ ਜੀਅ, ਵੱਧੋ ਵੱਧ ਮੱਲਣ ਦੀ ਨੱਸ ਭੱਜ ਵਿਚ ਅੱਗ ਦਾ ਨਿੱਘਾ ਸੇਕ ਭਾਂਬੜ ਬਣ ਕੇ ਬਲਿਆ, ਤਾਂ ਹਸਤੀ ਸਾੜ ਫੂਕ ਸੁਆਹ ਕੀਤੀ। ਆਪਣੀ ਹਸਤੀ ਸੁਆਹ ਥਈ ਤਾਂ ਹੁਣ ਉਸ ਦੀ ਅੱਗ ਆਲ ਦਿਵਾਲ ਵੀ ਸਾੜਨ ਲੱਗੀ। ਜਿਉਂ ਜਿਉਂ ਹਵਸ, ਹਿਰਸ ਦੀ ਵਾਅ ਲਗਦੀ ਗਈ ਭਾਂਬੜ ਮੱਚਦਾ ਗਿਆ ਤੇ ਸਾੜਦਾ ਫੂਕਦਾ ਅੱਗੇ ਵਧਦਾ ਗਿਆ। ਫਰੀਦ ਤੇ ਨਾਨਕ ਵਰਗੇ ਸਿਆਣੇ ਹਮੇਸ਼ਾ ਏਸ ਦੀ ਸਮਝ ਸੁਰਤ ਦਿੰਦੇ ਆਏ। ਗੁੱਸਾ ਬਣਦਾ ਹੈ ਖਿਝ ਪਾਰੋਂ ਤੇ ਖਿਝ ਜੰਮਦੀ ਹੈ ਉਪਰੀਵੇਂ ਪਾਰੋਂ। ਜਦੋਂ ਆਪਣਾ ਆਪ ਨਾਲ ਵਸੇਂਦਿਆਂ ਵਿਚ ਓਪਰਾ ਥੀਵੇ ਤਾਂ ਬੇਵਸਾਹੀ ਦਾ ਬੂਟਾ ਮਨ ਅੰਦਰ ਪੁੰਗਰਨ ਲਗਦਾ ਏ। ਹਰ ਇੱਕ ਵੈਰੀ ਜਾਪਦਾ ਏ। ਜਿਵੇਂ ਜਿਵੇਂ "ਮੈਂ" ਉਤਾਂਹਾ ਦਾ ਪੰਧ ਕਰੇਂਦੀ ਹੈ, ਤਿਵੇਂ ਤਿਵੇਂ ਬੇਵਸਾਹੀ ਦੀਆਂ ਜੜ੍ਹਾਂ ਵਜੂਦ ਅੰਦਰ ਖਿਲਰਨ ਪਸਰਨ ਲਗਦੀਆਂ ਨੇ। ਇਸੇ ਬੇਵਸਾਹੀ ਦੇ ਬੂਟੇ ਉਪਰ ਉੱਗਦੇ ਨੇ ਖਿਝ, ਖਾਰ, ਵੈਰ ਤੇ ਕ੍ਰੋਧ ਦੇ ਕੰਡੇ। ਇਹ ਬੇਵਸਾਹੀ ਕੰਡਿਆਲੀ ਹੋਂਦ ਚੋਭ ਈ ਵੰਡ ਸਕਦੀ ਏ। ਵੰਡਣਾ ਤਾਂ ਓਹਾ ਹੁੰਦਾ ਹੈ ਜੋ ਆਪਣੇ ਕੋਲ ਵਾਧੂ ਹੋਵੇ। ਹੋਂਦ ਦਾ ਈਹਾ ਤੱਤ ਅੰਦਰ ਦੀ ਅੱਗ ਜੇ ਸੁਰਤ ਮੱਤ ਨੂੰ ਪਕਾਉਂਦੀ ਮੱਠੇ ਤਾਅ ਉਪਰ ਨਿੱਘ ਨਾਲ, ਤਾਂ ਬੇਵਸਾਹੀ ਦਾ ਕੱਚ ਪੱਕ ਕੇ ਇਸ਼ਕ ਦੀ ਮੁਸ਼ਕ ਬਣ ਖਿਲਰਦਾ ਜਾਂਦਾ। ਇਸ਼ਕ ਦਾ ਚੰਬਾ ਖਿੜਦਾ ਤਾਂ ਅਪਣਾਇਤ ਦੇ ਕੋਮਲ ਫੁੱਲ ਹਿੱਕ ਦੂਜੇ ਦੀ ਝੋਲੀ ਪਏ ਭਰਦੇ। ਇਸ਼ਕ ਪਾਰੋਂ ਫਕੀਰੀ ਮੱਚ ਮੱਚਦਾ ਹੈ ਜਿਸ ਅੰਦਰੋਂ ਲਾਲ ਥੀਂਦੇ ਨੇ। ਲੱਕੜ ਸਹਿਜੇ ਸਹਿਜੇ ਬਲਦੀ ਕੋਲਾ ਹੁੰਦੀ ਏ ਤਾਂ ਲਾਲ ਥੀਂਦੀ ਏ। ਜੇ ਇਕ ਦਮ ਬਲ ਸੜ ਜਾਵੇ ਤਾਂ ਕੋਲਾ ਨਹੀਂ ਬਣਦਾ ਸੁਆਹ ਈ ਹੋ ਜਾਂਦੀ ਏ ਸਾਰੀ ਲੱਕੜ। ਕੁਦਰਤ ਦਾ ਵਰਤਾਰਾ ਸਹਿਜ ਦੀ ਟੋਰ ਟੁਰੀਂਦਾ ਏ। ਸਹਿਜ ਟੋਰਾ ਤੇ ਸਾਵਾਂ ਸੰਗ ਈ ਲਾਲ ਹੈ। ਇਸ਼ਕ ਲਾਲੋ ਲਾਲ ਹੈ, ਹਰ ਪਲ, ਹਰ ਵਾਰੇ। ਹਿਕ ਪੱਲ ਅੰਦਰ ਈ ਕੁੱਲ ਵਾਰਾ ਹੋਇਆ, ਓਹਾ ਪਲ ਈ ਕੁੱਲ ਵੇਲਾ ਏ ਜੋ ਲਾਲ ਰੰਗ ਰੰਗੇ ਕੁੱਲ ਹੋਂਦ ਨੂੰ। ਅੱਗ ਦੀ ਟੋਰ ਅਸਾਂ ਜੀਅ ਦੀ ਹੋਂਦ ਅੰਦਰ ਤੇ ਕੁੱਲ ਕਾਇਨਾਤ ਅੰਦਰ ਵੇਖ ਵਿਚਾਰੀ ਹੈ। ਹੁਣ ਏਸ ਨੂੰ ਵੀ ਆਦਿ ਦੀ ਜ਼ੇਰ ਜ਼ਬਰ ਨਾਲ ਜੋੜ ਵੇਖੀਏ। ਅੱਗ ਮੁੱਢ ਤਾਂ ਹੈ ਈ, ਮੁੱਢਲਾ ਤੱਤ ਕੁੱਲ ਕੁਦਰਤ ਦਾ। ਆਦਿ ਲੈਣ ਹੈ ਦਿੱਤਾ ਘਿੰਨਣ, ਹਸਤੀ ਦੀ ਅੱਗ, ਹਸਤੀ ਦੀ ਕਰਨੀ ਰਾਹੀਂ ਅੱਗ ਦਾ ਦਿੱਤਾ ਪਰਤਾਉਂਦੀ ਹੈ, ਰਿਜ਼ਕ ਪਕਾਉਂਦੀ ਹੈ। ਅੱਗ ਬੋਲਦੀ ਹੈ ਆਪਣੀ ਬੋਲੀ ਕਿਤੇ ਰੁੱਖ ਦੀ ਹਰਿਆਵਲ ਅੰਦਰ, ਕਿਤੇ ਸਿੱਝ ਦੇ ਸੇਕ ਅੰਦਰ, ਕਿਤੇ ਰੰਗਾਂ ਤੇ ਸਵਾਦਾਂ ਅੰਦਰ, ਕਿਤੇ ਜੀਅ ਦੇ ਨਿੱਘ ਵਰਤਾਰੇ ਦੇ ਰੂਪ ਵਿਚ। ਦੱਸੋ ਹੁਣ ਜ਼ੇਰ ਜ਼ਬਰ ਵਿਹਾਰ ਦੀ ਅੱਗ ਵਿਚ ਬਲਦਾ ਸੜਦਾ ਮੱਲ ਵਿਹਾਰ ਕਿਵੇਂ ਸਹੀ ਕਰੇ ਅੱਗ ਦਾ ਇਹ ਕੁਦਰਤੀ ਸਰੂਪ। ਅੰਬਰ ਦੀ ਉਚਿਆਈ ਨਾਲ ਗੱਲਾਂ ਕਰੇਂਦਾ ਜਬਰ ਹੋਇਆ ਰੁੱਖ ਆਪਣੇ ਆਪ ਨੂੰ ਜ਼ੇਰ ਕਰ ਕੇ ਹੀ ਬਾਲਦਾ ਹੈ। ਹਰਿਆਵਲ ਹੰਢਾ ਕੇ ਸੁੱਕਾ ਰੁੱਖ ਜ਼ੇਰ ਹੋ ਕੇ ਬਲਦਾ ਹੈ ਤਾਂ ਅੰਨ ਪਕਾਉਂਦਾ ਹੈ ਤੇ ਮੱਲ ਸੀਤ ਵਿਚ ਠਰਿਆਂ ਅੰਦਰ ਫਕੀਰੀ ਮੱਚ ਮਚਾਉਂਦਾ ਹੈ। ਅੱਗ ਸੱਚ ਤਾਹੀਓਂ ਹੈ, ਜਦੋਂ ਏਸ ਦਾ ਸੇਕ ਨਿੱਘ ਬਣੇ ਤੇ ਇਹ ਪਿਆਰ ਦਾ ਨਿੱਘ ਕਲਾਵਾ ਕੁੱਲ ਹੋਂਦਾਂ ਨੂੰ ਆਪਣੇ ਅੰਦਰ ਸਮੋ ਲਵੇ। ਅੱਗ ਸੱਚ ਤਾਹੀਓਂ ਹੈ ਜਦੋਂ ਆਪਣੇ ਮੱਠੇ ਤਾਅ ਉਪਰ ਰਿੰਨ੍ਹ ਪਕਾ ਕੇ ਕੁੱਲ ਜੀਆਂ ਦਾ ਢਿੱਡ ਭਰੇ। ਤਾਂ ਈ ਅੱਗ ਸੱਚ ਹੈ ਆਦਿ (ਪਉਂਦ) ਵੀ ਤੇ ਆਦਿ (ਲੈਣ, ਦਿੱਤਾ ਘਿੰਨਣ) ਵੀ।

# Noblesville

## *Trucks & Trailer Repair Shop*

**15203 Stony Creek Way,**
**Noblesville, IN 46060**



Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Sam Bhullar: 317-995-2020
Gurbaksh S Randhawa
Call: 317-800-2976

# Reliable

## *Trucks & Trailer Repair Shop*

**7401 Brookville Road**
**Indianapolis, IN 46239**



Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Gurbaksh S Randhawa:
317-800-2976
Sam Bhullar: 317-995-2020




## *Semi Trucks & Trailer Repair Shop*

**5520S Harding St., Suite : C,**
**Indianapolis, IN 46217**

Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Jasbir Singh: 317-702-6302
Gurbaksh S Randhawa:
317-800-2976




## Heavy duty Trucks & Trailer Parts

## 7401 Brookville Road
## Indianapolis, IN 46239

**We will sell Trucks & Trailers tires as well.**

*COMING SOON...*

Gurbaksh S Randhawa
Call: 317-800-2976
Sam Bhullar: 317-995-2020

# ਦੁਆਵਾਂ

***ਸੁਖ ਦੀ ਪਟਾਰੀ ਕਿਸੇ ਦੇ ਸਿਰ 'ਤੇ ਸਾਨੂੰ ਦੂਰ-ਦੁਰਾਡਿਓਂ ਹੀ ਨਜ਼ਰ ਆ ਜਾਂਦੀ ਹੈ, ਪਰ ਇਸ ਗੱਲ ਦਾ ਇਲਮ ਨਹੀਂ ਹੁੰਦਾ ਕਿ ਉਹ ਦੁੱਖਾਂ ਦਾ ਭੰਡਾਰ ਵੀ ਕਿੰਨਾ ਕੁ ਚੁੱਕੀ ਫਿਰਦਾ ਹੈ। ਜੋ ਸਾਨੂੰ ਨਜ਼ਦੀਕ ਤੋਂ ਵੀ ਨਜ਼ਰ ਨਹੀਂ ਆਉਂਦਾ! ਪਰਸ਼ਿੰਦਰ ਨੇ ਆਪਣੇ ਇਸ ਲੇਖ ਵਿਚ ਵੀ ਅਜਿਹੇ ਹੀ ਇਨਸਾਨ ਬਰਾਇਨ ਦਾ ਜ਼ਿਕਰ ਕੀਤਾ ਹੈ, ਜਿਸ ਦੇ ਹਸੂੰ-ਹਸੂੰ ਕਰਦੇ ਚਿਹਰੇ ਅਤੇ ਸੋਹਣੀ ਦਿੱਖ ਤੋਂ ਕੋਈ ਅੰਦਾਜ਼ਾ ਹੀ ਨਹੀਂ ਸੀ ਲਾ ਸਕਦਾ ਕਿ ਉਹ ਗੰਭੀਰ ਬਿਮਾਰੀ ਨਾਲ ਜੂਝ ਰਿਹਾ ਸੀ।***

ਲੰਮੀ ਕਾਲੀ ਕਾਰ ਵਿਚੋਂ ਉਤਰਨ ਲੱਗਿਆਂ ਵੀ ਉਸਦੇ ਬਾਡੀਗਾਰਡ ਹੀ ਦਰਵਾਜ਼ਾ ਖੋਲ੍ਹਦੇ ਸਨ! ਕਾਲੀ ਜੁੱਤੀ, ਕਾਲੀ ਪੈਂਟ, ਚਿੱਟੀ ਕਮੀਜ਼ ਤੇ ਕਾਲੀਆਂ ਐਨਕਾਂ ਤੇ ਕਦੇ-ਕਦੇ ਬਾਂਹ 'ਤੇ ਪਾਇਆ ਕਾਲਾ ਕੋਟ ਸਦਾ ਹੀ ਉਸਦਾ ਪਹਿਰਾਵਾ ਹੁੰਦਾ। ਉਮਰ ਕੋਈ 50-55 ਦੇ ਕਰੀਬ, ਪੈਂਤੀਵੀਂ ਮੰਜ਼ਿਲ ਦੀ ਛੱਤ 'ਤੇ ਹੱਥ ਸੁੱਟ ਕੇ ਹਸੂੰ-ਹਸੂੰ ਕਰਦਾ ਮਿਲਦਾ, ਉਹ ਬਹੁਤ ਵੱਡੀ ਕੰਸਟਰੱਕਸ਼ਨ ਕੰਪਨੀ ਦਾ ਮਾਲਿਕ ਬਰਾਇਨ ਸੀ। ਕੰਮ ਦੀ ਗੱਲਬਾਤ ਹੁੰਦੀ ਕੁਝ ਚਿਰ ਹਾਸੇ-ਮਜ਼ਾਕ ਦੀ ਗੱਲ ਵੀ ਹੁੰਦੀ। ਮੈਂ ਆਪਣੀ ਕੰਪਨੀ ਦਾ ਸੁਪਰਵਾਈਜ਼ਰ ਸਾਂ ਅਤੇ ਮੇਰੇ ਨਾਲ ਇਕ ਉਸਦੀ ਕੰਪਨੀ ਦਾ ਸੁਪਰਵਾਈਜ਼ਰ ਹੁੰਦਾ ਜੋ ਅਸੀਂ ਰਲ ਕੇ ਕੰਮ



**ਪਰਸ਼ਿੰਦਰ ਸਿੰਘ**
**469-335-2263**

ਕਰਦੇ। ਜਦ ਬਰਾਇਨ ਤੁਰਨ ਲਗਦਾ ਤਾਂ ਮੈਨੂੰ ਸੌ ਡਾਲਰ ਦਾ ਨੋਟ ਦੇਂਦਾ। ਪਹਿਲੇ ਦਿਨ ਮੈਂ ਲੈਣ ਤੋਂ ਨਾਂਹ ਕਰ'ਤੀ। ਕਹਿੰਦਾ, ਤੂੰ ਡਰਨੈਂ ਆਪਣੇ ਬੋਸ ਤੋਂ। ਮੈਂ ਤੇਰੇ ਕੰਮ ਤੋਂ ਖੁਸ਼ ਹੋ ਕੇ ਦੇਂਦਾਂ। ਤੇਰੇ ਕੰਮ 'ਤੇ ਕਦੇ ਵੀ ਕੋਈ ਸ਼ਿਕਾਇਤ ਨਹੀਂ ਆਈ। ਮੇਰੇ ਕੋਲ ਉਸ ਬਿਲਡਿੰਗ ਦੇ ਕੋਈ ਤੀਹ ਮੁੰਡੇ ਕੰਮ ਕਰਦੇ ਸਨ। ਸੌ ਦਾ ਨੋਟ ਫੜਾ ਕੇ ਕਹਿੰਦਾ, ਆਪਣੇ ਰੱਬ ਅੱਗੇ ਮੇਰੇ ਲਈ ਦੁਆ ਕਰੀਂ। ਧਰਤੀ 'ਤੇ ਦੁਖ-ਤਕਲੀਫਾਂ ਉਦਾਸੀਆਂ ਤੇ ਨਫ਼ਰਤ ਸਭ ਕੁਝ ਬੜੀ ਬਹੁਲਤਾ ਵਿਚ ਹੈ। ਧੋਖਾ-ਫਰੇਬ ਲਾਲਚ ਅਤੇ ਕਿਸੇ ਨੂੰ ਲਤਾੜ ਕੇ ਅੱਗੇ ਲੰਘਣ ਦੀ ਲਾਲਸਾ ਵੀ ਥੋਕ ਦੇ ਭਾਅ ਮਿਲਦੀ ਹੈ। ਮੈਂ ਸੋਚਦਾਂ ਕਿ ਇਹ ਲੋਕ ਮਾਫੀਆ ਨਾਲ ਤਾਅਲੁਕਾਤ ਰੱਖਦੇ ਹਨ। ਇਸੇ ਕਰਕੇ ਇਹ ਬਾਡੀਗਾਰਡ ਨਾਲ ਲੈ ਕੇ ਨਿਕਲਦਾ। ਸ਼ਾਇਦ ਇਨ੍ਹਾਂ ਤੋਂ ਬਚਣ ਲਈ ਜਾਂ ਆਪਣੇ ਵਿਰੋਧੀਆਂ ਤੋਂ ਅੱਗੇ ਲੰਘਣ ਲਈ ਸਾਡੇ ਕੋਲੋਂ ਵੀ ਦੁਆਵਾਂ ਦੀ ਦੁਆ ਕਰਦਾ ਹੈ। ਚਲੋ ਦੁਆ ਕਰ ਦਿੰਦੇ ਹਾਂ।

ਬਚਪਨ ਵੱਲ ਝਾਤੀ ਮਾਰਦਾ ਹੈਰਾਨ ਹੋ ਜਾਂਦਾ ਹਾਂ! ਮੈ ਆਪਣੀ ਜ਼ਿੰਦਗੀ ਦਾ ਡਰਾਈਵਰ ਖੁਦ ਰਿਹਾ ਹਾਂ, ਪਰ ਮੈਨੂੰ ਪਿਛਲੀਆਂ ਪੈੜਾਂ ਹੀ ਦਿਖਾਈ ਦੇਂਦੀਆਂ ਹਨ। ਅੱਗੇ ਕੁਝ ਨਹੀਂ।

ਕੋਈ ਚਾਰ ਕੁ ਸਾਲ ਘਰ ਦੀਆਂ ਦਹਿਲੀਜ਼ਾਂ ਨੂੰ ਛੱਡਿਆਂ ਹੋਏ ਸੀ। ਪਰਵਾਸ ਜਿਹੜਾ ਖੁਦ ਹੀ ਇਕ ਵੱਡਾ ਦੁਖਾਂਤ ਹੈ, ਜੋ ਅਸੀਂ ਆਪੇ ਹੀ ਸਹੇੜਦੇ ਹਾਂ। ਇਨ੍ਹਾਂ ਚੋਂਹ ਸਾਲਾਂ 'ਚ ਘਰ ਕੋਈ ਚਾਰ ਕੁ ਚਿਠੀਆਂ ਹੀ ਪਾਈਆਂ ਸਨ। ਕੋਈ ਧਰਤੀ ਪੈਰ ਰੱਖਣ ਦੇਵੇ ਤਾਂ ਹੀ ਬੰਦੇ ਦਾ ਸਰਨਾਵਾਂ ਪਤਾ ਬਣੇ।

ਮੈਂ ਗਰੀਕ ਸ਼ਿਪਿੰਗ ਕੰਪਨੀ ਦੇ ਸਮੁੰਦਰੀ ਜਹਾਜ਼ 'ਚ ਕੰਮ ਕਰਦਾ ਸਾਂ। ਅਰਜਨਟਾਈਨਾ ਦੀ ਪੋਰਟ ਤੋਂ ਬੋਨਿਸ ਆਇਰਸ ਤੋਂ ਸਾਡਾ ਜਹਾਜ਼ 25 ਹਜ਼ਾਰ ਟਨ ਖੰਡ ਲੈ ਕੇ ਅਮਰੀਕਾ ਦੀ ਬੋਸਟਨ ਪੋਰਟ ਨੂੰ ਠਿਲ ਪਿਆ ਸੀ। ਕੋਈ ਤੀਹ ਦਿਨ ਦਾ ਰਸਤਾ ਸੀ, ਪਰ ਜਹਾਜ਼ ਵਿਚ ਖਰਾਬੀ ਪੈਣ 'ਤੇ ਅਸੀਂ ਚਾਲੀ ਦਿਨ ਬਾਅਦ ਅਮਰੀਕਾ ਪਹੁੰਚੇ। ਸ਼ਾਮੀ ਅੱਠ ਕੁ ਵਜੇ ਨਾਲ ਸਾਡਾ ਜਹਾਜ਼ ਬੋਸਟਨ ਦੀ ਪੋਰਟ ਦੇ ਬਾਹਰ ਅੰਕਰ 'ਤੇ ਖੜ੍ਹ ਗਿਆ ਸੀ। ਦੂਰੋਂ ਹੀ ਬੋਸਟਨ ਸ਼ਹਿਰ ਦੀਆਂ ਉਚੀਆਂ-ਉਚੀਆਂ ਬਿਲਡਿੰਗਾਂ ਝਿਲਮਿਲ ਕਰਦੀਆਂ ਖੂਬਸੂਰਤ ਲੱਗ ਰਹੀਆਂ ਸਨ।

ਅਸੀਂ ਚਾਰ ਮੁੰਡੇ ਪੰਜਾਬੀ ਇਸ ਜਹਾਜ਼ ਵਿਚ ਕੰਮ ਕਰਦੇ ਸਾਂ। ਜਦ ਵੀ ਜਹਾਜ਼ ਕਿਸੇ ਪੋਰਟ 'ਤੇ ਲੱਗਦਾ, ਉਥੇ ਸਾਨੂੰ ਘਰਾਂ ਤੋਂ ਸੁਖ-ਸਨੇਹੇ ਜਾਂ ਦੋਸਤਾਂ ਦੇ ਚਿੱਠੀ-ਪੱਤਰ ਮਿਲਦੇ।

ਸਾਡਾ ਚੋਹਾਂ ਦਾ ਅਮਰੀਕਾ ਉਤਰ ਜਾਣ ਦਾ ਕੋਈ ਵੀ ਵਿਚਾਰ ਨਹੀਂ ਸੀ, ਪਰ ਜਿੰਦਰ, ਜੋ ਜਗਰਾਵਾਂ ਤੋਂ ਸੀ, ਉਸ ਨੂੰ ਇਕ ਦੋਸਤ ਦੀ ਚਿੱਠੀ ਮਿਲੀ ਕਿ ਮੈਂ ਪੰਜ-ਛੇ ਮਹੀਨੇ ਤੋਂ ਨਿਊਯਾਰਕ ਪਹੁੰਚਿਆ ਹੋਇਆ ਹਾਂ। ਅਗਰ ਤੇਰਾ ਜਹਾਜ਼ ਅਮਰੀਕਾ ਆਇਆ ਤਾਂ ਮੈਨੂੰ ਫੋਨ ਕਰੀਂ। ਉਸ ਨੂੰ ਫੋਨ ਕਰਨ 'ਤੇ ਸਾਡੇ ਵਿਚਾਰ ਜਹਾਜ਼ ਨੂੰ ਛੱਡਣ ਦੇ ਬਦਲ ਗਏ। ਉਸਦੇ ਜ਼ੋਰ ਪਾਉਣ 'ਤੇ ਅਸੀਂ ਤਿੰਨ ਜਣੇ ਇਕ ਸ਼ਾਮ ਬੋਸਟਨ ਤੋਂ ਬੱਸ ਲੈ ਕੇ ਨਿਊਯਾਰਕ ਉਸ ਕੋਲ ਆ ਗਏ।

ਇਥੇ ਆ ਕੇ ਮੈਂ ਘਰ ਇਕ ਚਿੱਠੀ ਲਿਖੀ। ਪਿੱਛੇ ਘਰ 'ਚ ਮੇਰੇ ਦੋ ਭਤੀਜੇ ਤੇ ਦੋ ਭਤੀਜੀਆਂ ਬਚਪਨ 'ਚ ਸਨ। ਸਰਘੀ ਸਭ ਤੋਂ ਵੱਡੀ ਸੀ। ਮੇਰੀ ਚਿੱਠੀ ਨਾ ਮਿਲਣੀ ਤੇ ਮੇਰੀ ਮਾਂ ਨੇ ਬਹੁਤ ਉਦਾਸ ਹੋ ਜਾਣਾ ਤਾਂ ਸਰਘੀ ਨੇ ਮੇਰੀ ਪੁਰਾਣੀ ਕੋਈ ਚਿੱਠੀ ਮੇਰੀ ਕੋਰੀ ਅਨਪੜ੍ਹ ਮਾਂ ਨੂੰ ਦਿਖਾ ਕੇ ਉਸ ਵਿਚ ਉਲਟ-ਪੁਲਟ ਅੱਖਰ ਕਰ ਕੇ ਸੁਣਾ ਦੇਣੇ। ਮਾਂ ਨੇ ਖੁਸ਼ੀ ਖੁਸ਼ੀ 'ਚ ਉਹ ਪੁਰਾਣੀ ਚਿੱਠੀ ਨੂੰ ਹੀ ਚੁੰਮੀ ਜਾਣਾ।

ਨਿਊਯਾਰਕ ਪਹੁੰਚ ਕੇ ਮੈਂ ਚਿੱਠੀ 'ਚ ਲਿਖਿਆ, 'ਸ਼ੁਕਰ ਹੈ ਕਿ ਮੈਨੂੰ ਅਮਰੀਕਾ ਦੀ ਧਰਤੀ ਨਸੀਬ ਹੋਈ ਹੈ। ਮੈਂ ਕੋਸਿਸ਼ ਕਰਾਂਗਾ ਇਹਨੂੰ ਆਪਣੀ ਬਣਾਉਣ ਦਾ, ਜੇ ਇਸ ਨੇ ਮੈਨੂੰ ਗੋਦੀ ਵਿਚ ਲੈ ਲਿਆ। ਸੁਣਿਆ ਹੈ ਕਿ ਇਸ ਧਰਤੀ ਦਾ ਵਿਸ਼ਾਲ ਜਿਗਰਾ ਹੈ। ਜੋ ਲੱਖਾਂ ਲੋਕ ਸਾਡੇ ਵਾਂਗ ਹੀ ਆ ਕੇ ਇਸ ਧਰਤੀ 'ਤੇ ਰਹਿ ਰਹੇ ਹਨ। ਮੈਂ ਵੀ ਉਨ੍ਹਾਂ ਵਿਚ ਇਕ ਹੋ ਜਾਵਾਂ। ਬਹੁਤ ਦੇਰ ਤੋਂ ਪੰਜਾਬੀ ਦਾ ਕੋਈ ਅੱਖਰ ਨਹੀਂ ਪੜ੍ਹਿਆ ਤੇ ਨਾ ਕੋਈ ਸੁਣਨ ਨੂੰ ਮਿਲਿਆ।'

ਉਸ ਦਾ ਜੁਆਬ ਭਾਜੀ ਚੇਤਨ ਲਿਖਦੇ ਹਨ:

'ਪਿਆਰੇ ਬਿੱਲੇ ਪਿਆਰ ਸਹਿਤ ਅੱਜ ਕੋਈ ਚਾਰ ਸਾਲ ਤੋਂ ਵੱਧ ਸਮੇਂ ਬਾਅਦ ਤੇਰਾ ਪਹਿਲੀ ਵਾਰੀ ਹੱਸੂੰ-ਹਸੂੰ ਕਰਦਾ ਖਤ ਮਿਲਿਆ ਕਿ ਤੂੰ ਅਮਰੀਕਾ ਦੀ ਗੋਦ ਵਿਚ ਜਾ ਬੈਠਾ ਹੈਂ। ਮੈਂ ਅਮਰੀਕਾ ਬਾਰੇ ਪੜ੍ਹਿਆ-ਸੁਣਿਆ ਹੈ ਇਸਦੀ ਵਿਸ਼ਾਲ ਧਰਤੀ ਹੈ, ਇਥੇ ਸਾਰੇ ਲੋਕ ਬਾਹਰੋਂ ਆ ਕੇ ਵੱਸੇ ਹੋਏ ਹਨ। ਇਹ ਜਾਰਜ ਵਾਸ਼ਿੰਗਟਨ, ਲਿੰਕਨ ਤੇ ਕੈਨੇਡੀ ਦੀ ਧਰਤੀ ਹੈ। ਜਿਹੜੇ ਲੋਕ ਚੰਦਰਮਾ 'ਤੇ ਪਹੁੰਚ ਗਏ ਹਨ ਅਤੇ ਅੱਗੇ ਦੀ ਵੀ ਸੋਚ ਰਹੇ ਹਨ। ਉਹ ਵਿਸ਼ਾਲ ਲੋਕ ਹਨ। ਇਸ ਧਰਤੀ ਤੇ ਇਥੋਂ ਦੇ ਲੋਕਾਂ ਨੂੰ ਤੂੰ ਪਿਆਰ ਕਰੀਂ। ਇਹ ਜ਼ਰੂਰ ਤੈਨੂੰ ਗੋਦ ਵਿਚ ਲੈ ਲੈਣਗੇ।

ਪਿਆਰੇ ਬਿੱਲੇ ਕਦੀ-ਕਦੀ ਤੇਰੇ ਨਾਲ ਸਾੜ੍ਹਾ ਵੀ ਹੁੰਦਾ ਹੈ। ਜਦ ਘਰ ਵਿਚ ਮਾਂ ਕੋਈ ਚੰਗੀ ਚੀਜ਼ ਬਣਾਉਂਦੀ ਤਾਂ ਉਹ ਆਪ ਨਹੀਂ ਖਾਂਦੀ, ਉਹਲੇ ਬੈਠ ਕੇ ਤੈਨੂੰ ਯਾਦ ਕਰ ਕੇ ਰੋਂਦੀ ਹੈ। ਮੈਂ ਪਰਦੇਸਾਂ ਦੇ ਦੁਖ ਜਾਣਦਾਂ, ਪਰਦੇਸਾਂ 'ਚ ਰਹਿਣਾ ਇੰਨਾ ਆਸਾਨ ਨਹੀਂ। ਰੱਜ ਕੇ ਮੇਹਨਤ ਕਰੀਂ। ਜਦ ਪੱਕੇ ਪੈਰੀਂ ਪੈਰ ਲੱਗ ਜਾਣ ਤਾਂ ਆ ਕੇ ਗਲਵੱਕੜੀ ਪਾ ਜਾਈਂ। ਸਕੂਲ ਦੇ ਬੱਚੇ ਜੁਆਨ ਹੋ ਰਹੇ ਹਨ। ਤੇਰੀਆਂ ਭਾਬੀਆਂ ਵੀ ਚੜ੍ਹਦੀ ਕਲਾ 'ਚ ਹਨ। ਖਤ ਲਿਖਦਾ ਰਹੀਂ। ਪਿਆਰ ਸਾਹਿਤ ਪਰਿਵਾਰ ਤੇ ਚੇਤਨ।'

ਲਿਫਾਫੇ 'ਚ ਪੰਜਬੀ ਦੀਆਂ ਦੋ ਕੈਸਟਾਂ-ਇਕ ਗੁਲਾਮ ਅਲੀ ਤੇ ਇਕ ਜਗਜੀਤ ਦੀ। ਦੋ ਪੰਜਾਬੀ ਦੇ ਮੈਗਜ਼ੀਨ ਇਕ 'ਲੋਅ' ਤੇ ਦੂਸਰਾ 'ਨਾਗਮਣੀ' ਤੇ ਇਕ ਪਰਦੇਸੀਆਂ ਲਈ ਕਵਿਤਾ ਵੀ ਲਿਖ ਕੇ ਭੇਜੀ। ਇਹ ਗੱਲ 1983 ਦੇ ਅਖੀਰ ਦੀ ਹੈ। ਮੇਰੀ ਅਮਰੀਕਾ ਦੀ ਜ਼ਿੰਦਗੀ ਨਿਊਯਾਰਕ ਸ਼ਹਿਰ ਤੋਂ ਟਹਿਲਣੀ ਸ਼ੁਰੂ ਹੋ ਗਈ। ਘਰ ਤੋਂ ਚੱਲਣ ਤੋਂ ਪਹਿਲਾਂ ਬਲਵਿੰਦਰ ਮਹਿਰਿਆਂ ਦਾ ਚੁਬਾਰਾ ਜਾਂ ਪਿੰਡ 'ਚ ਸ਼ਾਹਾਂ ਦਾ ਚੁਬਾਰਾ ਉਚੇ ਵੇਖੇ ਸਨ। ਇਕ ਵਾਰੀ ਛੋਟੇ ਹੁੰਦਿਆਂ ਮਾਂ ਦਰਬਾਰ ਸਾਹਿਬ ਮੱਥਾ ਟਿਕਾਉਣ ਲੈ ਗਈ। ਤਾਂ ਲਾਗੇ ਬਾਬਾ ਅਟੱਲ ਵੀ ਦਿਖਾਇਆ ਤੇ ਦੱਸਦੇ ਹਨ ਉਹਦੀਆਂ ਛੇ ਸੱਤ ਛੱਤਾਂ ਉਚਾ ਹੈ। ਗਰੀਕ ਦੇ ਸਮੁੰਦਰੀ ਜਹਾਜ਼ਾਂ 'ਚ ਕੰਮ ਕਰ ਕੇ ਕਈ ਦੇਸ਼ ਵੀ ਵੇਖੇ ਤੇ ਉਚੀਆਂ-ਉਚੀਆਂ ਇਮਾਰਤਾਂ ਵੀ ਪਰ ਪਤਾ ਨਹੀਂ ਉਹ ਮੈਨੂੰ ਕਿਉਂ ਨਹੀਂ ਮਨਭਾਈਆਂ। ਪਰ ਇਸ ਸ਼ਹਿਰ ਦੀਆਂ ਇਮਾਰਤਾਂ ਮਨ 'ਚ ਵੱਸ ਗਈਆਂ ਹਨ। ਸ਼ਾਇਦ ਮਨ ਨੇ ਇਹ ਤੈਅ ਕਰ ਲਿਆ ਕਿ ਇਥੇ ਹੀ ਬਸੇਰਾ ਕਰਨਾ ਹੈ। ਇਸੇ ਹੀ ਮਨ ਨੇ ਉਚੀਆਂ ਇਮਾਰਤਾਂ ਦੀ ਮੁਰੰਮਤ ਕਰਨ ਨੂੰ ਕੰਸਟਰੱਕਸ਼ਨ ਦਾ ਕੰਮ ਲੱਭ ਲਿਆ ਤੇ ਤੋਰੀ-ਫੁਲਕਾ ਚੱਲਣ ਲੱਗ ਪਿਆ।

ਛੋਟੇ ਹੁੰਦਿਆਂ ਇਕ ਕਹਾਣੀ ਪੜ੍ਹੀ ਸੀ- 'ਤੇਜ਼ ਰਫਤਾਰ ਨਿਊਯਾਰਕ' ਇਹ ਸ਼ਹਿਰ ਤੁਰਦਾ ਨਹੀਂ ਭੱਜਦਾ ਹੈ। ਇਹ ਸ਼ਹਿਰ ਕਦੀ ਪੂਰਾ ਸੋਂਦਾ ਨਹੀਂ। ਇਹ ਸ਼ਹਿਰ ਅਮਰੀਕਾ ਦਾ ਨਹੀਂ, ਸਾਰੀ ਦੁਨੀਆ ਦੀ ਧੜਕਨ ਹੈ। ਅੱਜ ਇਸ ਸ਼ਹਿਰ ਦਾ ਮੈਂ ਵੀ ਵਾਸੀ ਹੋ ਗਿਆ ਹਾਂ ਤੇ ਸੋਚ ਲਿਆ, ਇਹਦੇ ਵਿਚ ਹੀ ਆਪਣੇ-ਆਪ ਨੂੰ ਢਾਲ ਕੇ ਚੱਲਣ 'ਚ ਭਲਾਈ ਹੈ।



ਜਿਸ ਕੰਸਟਰੱਸ਼ਕਨ ਕੰਪਨੀ 'ਚ ਮੈਂ ਕੰਮ ਕਰਨ ਲੱਗਾ, ਉਹ ਮੁੰਡਾ ਲਾਹੌਰ ਤੋਂ ਸੀ। ਉਹਦਾ ਨਾਂ ਸ਼ੇਖ ਮਜੀਦ ਸੀ। ਉਹਨੇ ਨਵੀਂ ਕੰਪਨੀ ਸ਼ੁਰੂ ਕੀਤੀ ਸੀ। ਮੈਂ ਤੇ ਇਕ ਹੋਰ ਮੁੰਡਾ ਉਸਦੀ ਕੰਪਨੀ 'ਚ ਕੰਮ ਕਰਨ ਲੱਗ ਪਏ। ਛੇ-ਸੱਤ ਮੰਜ਼ਿਲੀ ਇਮਾਰਤ ਤੋਂ ਰੱਸਿਆਂ ਵਾਲੇ ਸਕਾਫਲ ਤੋਂ ਅਸੀਂ ਕੰਮ ਦੀ ਸ਼ੁਰੂਆਤ ਕੀਤੀ। ਸ਼ੇਖ ਮੁਕੱਦਰ ਦਾ ਸਿਕੰਦਰ ਸੀ। ਉਹ ਇੱਟ ਨੂੰ ਹੱਥ ਲਾਉਂਦਾ, ਇੱਟ ਸੋਨੇ ਦੀ ਹੋ ਜਾਂਦੀ। ਸੀਮੈਂਟ ਨੂੰ ਛੋਂਹਦਾ ਤਾ ਹਰੇ ਡਾਲਰ ਹੋ ਜਾਂਦੇ। ਉਹ ਤੁਰਦਾ ਨਹੀਂ ਭੱਜਦਾ ਸੀ। ਮੇਹਨਤ ਤੇ ਮੁਕੱਦਰ ਦੋਨੋਂ ਹੀ ਉਸਦਾ ਸਾਥ ਦੇ ਰਹੇ ਸਨ। ਉਹ ਸਭ ਤੋਂ ਅੱਗੇ ਨਿਕਲ ਜਾਣਾ ਚਾਹੁੰਦਾ ਸੀ ਤੇ ਹੋਇਆ ਵੀ ਇਸੇ ਤਰ੍ਹਾਂ। ਵੇਖਦਿਆਂ ਵੇਖਦਿਆਂ ਦੂਰ ਨਿਕਲ ਗਿਆ ਸੀ। ਕਿਉਂਕਿ ਉਸਦਾ ਹੱਥ ਬਰਾਇਨ ਦੀ ਵੱਡੀ ਕੰਸਟਰੱਕਸ਼ਨ ਕੰਪਨੀ ਨਾਲ ਮਿਲ ਗਿਆ ਸੀ। ਸ਼ੇਖ ਬਰਾਇਨ ਤੋਂ ਸਬਕੰਟਰੈਕਟ ਤੇ ਵੱਡੀਆਂ-ਵੱਡੀਆਂ ਬਿਲਡਿੰਗਾਂ ਦਾ ਕੰਮ ਲੈਣ ਲੱਗ ਪਿਆ ਸੀ।

ਸਰਦੀ ਤੋਂ ਬਾਅਦ ਜਦ ਨਵਾਂ ਸੀਜ਼ਨ ਸ਼ੁਰੂ ਹੋਇਆ ਤਾਂ ਕੰਮ ਦਾ ਹੜ੍ਹ ਹੀ ਆ ਗਿਆ। ਅਸੀਂ ਰੱਸਿਆਂ ਵਾਲੇ ਸਕਾਲਫਾਂ ਨੂੰ ਛੱਡ ਕੇ ਬਿਜਲੀ ਵਾਲੇ ਸਕਾਲਫਾਂ 'ਤੇ ਆ ਗਏ ਸਾਂ। ਕੋਈ ਤੀਹ-ਪੈਂਤੀ ਫੁਟੇ ਸਕਾਲਫ ਤੇ ਪੰਤਾਲੀ ਤੋਂ ਸੱਠ ਮੰਜ਼ਲੀ ਇਮਾਰਤ ਦੇ ਬਾਹਰ ਕੰਮ ਕਰਨ ਲ਼ੱਗ ਪਏ। ਪਹਿਲੇ ਦਿਨ ਇਮਾਰਤਾਂ ਵੇਖ ਹੈਰਾਨ ਹੋ ਗਏ। ਇਨ੍ਹਾਂ 'ਤੇ ਕਿਸ ਤਰ੍ਹਾਂ ਕੰਮ ਕਰਾਂਗੇ ਜਾ ਕਰਵਾਵਾਂਗੇ। ਅਸੀਂ ਕੰਪਨੀ 'ਚ ਛੇ ਮੁੰਡੇ ਸੁਪਰਵਾਈਜ਼ਰ ਬਣ ਗਏ। ਚਾਰ ਅਸੀਂ ਪੰਜਾਬੀ ਤੇ ਦੋ ਸੁਰਾਨਾਮ ਤੋਂ ਸਨ। ਸਾਰੇ ਹੀ ਬਹੁਤ ਮੇਹਨਤੀ ਇਮਾਨਦਾਰ ਤੇ ਆਪਸ 'ਚ ਮਿਲ-ਜੁਲ ਕੇ ਕੰਮ ਕਰਨ ਵਾਲੇ ਸਾਂ।

ਸਾਡੇ ਹੱਥਾਂ ਵਿਚੋਂ ਸੀਮੈਂਟ ਛੁਟ ਗਿਆ ਸੀ। ਸਾਡੇ ਹੱਥਾਂ ਵਿਚ ਵੱਡੇ ਵੱਡੇ ਡਰਾਇੰਗ ਪੇਪਰ ਹੁੰਦੇ ਜੋ ਪੜ੍ਹ-ਸਮਝ ਕੇ ਅਸੀਂ ਬਿਲਡਿੰਗਾਂ 'ਤੇ ਕੰਮ ਕਰਾਉਣਾ ਹੁੰਦਾ ਸੀ। ਪਹਿਲੇ ਕਈ ਰਾਤਾਂ ਨੀਂਦ ਨਾ ਆਈ। ਇਹੀ ਸੋਚ ਕੇ ਕਿ ਇਹ ਕੰਮ ਕਿਸ ਤਰ੍ਹਾਂ ਕਰ ਕੇ ਕਾਮਯਾਬ ਹੋਵਾਂਗੇ। ਅਜੀਬ ਜਿਹਾ ਜ਼ਿੰਦਗੀ ਦਾ ਇਤਫਾਕ ਸੀ। ਆਪਣੇ ਘਰ ਦੇ ਕੋਠੇ 'ਤੋਂ ਗੁਡੀ ਚੜ੍ਹਾਉਂਦਿਆਂ ਡਰ ਲੱਗਦਾ ਸੀ। ਕਿਤੇ ਡਿੱਗ ਨਾ ਪਈਏ। ਉਸ ਵਕਤ ਉਹ ਕੋਠਾ ਸੱਭ ਤੋਂ ਉਚੀ ਜਗ੍ਹਾ ਸੀ ਤੇ ਅੱਜ। ਇਨ੍ਹਾਂ ਉਚੀਆਂ ਬਿਲਡਿੰਗਾਂ ਨੂੰ ਕੋਠਾ ਮੰਨ ਕੇ ਕੰਮ ਸ਼ੁਰੂ ਕਰ ਦਿੱਤਾ। ਮਨ ਦੀ ਦ੍ਰਿੜਤਾ ਨੇ ਕੰਮ ਆਸਾਨ ਕਰ ਦਿੱਤਾ।

ਸ਼ੇਖ ਬਰਾਇਨ ਦੇ ਨਾਲ ਵਧੀਆ ਤੇ ਕੁਝ ਉਸਦੇ ਤਰੀਕਿਆਂ ਨਾਲ ਕੰਮ ਕਰਨਾ ਚਾਹੁੰਦਾ ਸੀ ਤਾਂ ਕਿ ਉਸਦੀ ਕੰਪਨੀ ਵਧੀਆ ਕੰਮ ਕਰ ਕੇ ਹੋਰ ਵੀ ਅੱਗੇ ਵਧ ਸਕੇ। ਇਸੇ ਕਰਕੇ ਸਾਡੇ ਕੋਲ ਨਵੀਆਂ ਵੈਨਾਂ ਤੇ ਉਸਦੇ ਵਿਚ ਰੇਡੀਓ ਤਾਂ ਕਿ ਅਸੀਂ ਸਾਰੇ ਆਪਸ 'ਚ ਗੱਲਬਾਤ ਕਰ ਸਕੀਏ। ਕੰਮ 'ਤੇ ਹਾਂ ਸਾਡੇ ਕੋਲ ਵਾਕੀ-ਟਾਕੀ ਸੈਟ ਹੁੰਦੇ ਸਨ। ਇਹ ਸੇਵਾਵਾਂ ਉਸ ਵਕਤ ਆਮ ਨਹੀਂ ਸਨ।

ਸਾਡੇ 'ਚ ਜੋ ਰਵੀ ਮੁੰਡਾ ਸੁਰਾਨਾਮ ਤੋਂ ਸੀ। ਸਾਡੇ ਬੇਸ ਦੇ ਪਿਛਲੇ ਪਾਸੇ ਉਹ ਤੇ ਉਸ ਦੀ ਪਤਨੀ ਰਹਿੰਦੇ ਸਨ। ਰਵੀ ਬਹੁਤ ਮੇਹਨਤੀ ਸੀ। ਸਕੇਚਲ ਦਾ ਕੰਮ ਸਾਰਾ ਉਸਦੇ ਜੁੰਮੇ ਸੀ। ਸ਼ਨਿਚਰਵਾਰ ਨੂੰ ਅਸੀਂ ਸਾਰੇ ਕੰਮ ਜਲਦੀ ਖਤਮ ਕਰ ਕੇ ਸ਼ਾਮੀਂ ਬੇਸ 'ਤੇ ਇਕੱਠੇ ਹੁੰਦੇ। ਰਵੀ ਦੀ ਪਤਨੀ ਬੜੀ ਸਾਊ ਸੀ। ਉਹਨੇ ਸਾਡੇ ਲਈ ਡਿਨਰ ਬਣਾ ਦੇਣਾ, ਅਸੀਂ ਬੋਤਲ ਦਾ ਢੱਕਣ ਖੋਲ੍ਹ ਕੇ ਅਗਲੇ ਹਫਤੇ ਦੀ ਤਿਆਰੀ ਦੀਆਂ ਗੱਲਾਂ ਕਰ ਲੈਣੀਆਂ। ਗੱਲਾਂ ਗੱਲਾਂ 'ਚ ਮੈਂ ਪੁਛਿਆ, ਰਵੀ ਤੂੰ ਵੀ ਹੁਣ ਬਰਾਇਨ ਦੀ ਜੋਬ ਤੇ ਬਰਾਇਨ ਤੇਰੀ ਜੋਬ 'ਤੇ ਕਿਤੇ ਆਉਂਦੈ? ਭਾਊ ਜੀ ਆਉਂਦੈ ਤੇ ਜਾਣ ਲੱਗੇ ਸੌ ਡਾਲਰ ਦੇ ਕੇ ਕਹਿੰਦਾ, ਮੇਰੇ ਲਈ ਦੁਆ ਕਰੀਂ ਆਪਣੇ ਰੱਬ ਅੱਗੇ। ਪਤਾ ਨਹੀਂ ਕਿਹੜੀਆਂ ਦੁਆਵਾਂ ਵੋ ਮਾਂਗਤਾ ਹੈ। ਰਵੀ ਹਿੰਦੀ ਬੋਲਦਾ ਸੀ। ਅੰਬਰਸਰੀਆ ਹੋਣ ਕਰਕੇ ਮੈਨੂੰ ਸਾਰੇ ਭਾਊ ਕਹਿ ਕੇ ਬੁਲਾਉਂਦੇ ਸਨ। ਇਥੋਂ ਤੱਕ ਕੇ ਸ਼ੇਖ ਵੀ ਮੈਨੂੰ ਇਸੇ ਨਾਂ ਨਾਲ ਹੀ ਬਲਾਉਂਦਾ ਸੀ। ਰਵੀ ਇਹੀ ਕੁਝ ਬਰਾਇਨ ਮੇਰੀ ਜੋਬ 'ਤੇ ਕਰਦੈ। ਦੂਸਰੇ ਦੋਸਤ ਕਹਿਣ ਲੱਗੇ, ਯਾਰ ਸਾਨੂੰ ਵੀ ਬਰਾਇਨ ਦੀ ਜੋਬ ਮਿਲੇ ਅਸੀਂ ਵੀ ਰੱਜ-ਰੱਜ ਕੇ ਦੁਆਵਾਂ ਦਿਆ ਕਰਾਂਗੇ। ਸੌ ਦੇ ਨੋਟ ਵਾਲੀ ਗੱਲ ਇੰਨੀ ਹੈਰਾਨੀ ਵਾਲੀ ਨਹੀਂ ਸੀ, ਪਰ ਦੁਆਵਾਂ ਵਾਲੇ ਬੋਲ ਹੈਰਾਨ ਕਰਦੇ। ਕਈ ਵਾਰੀ ਮੈਂ ਸੋਚਦਾ, ਸ਼ਾਇਦ ਇਸਦਾ ਤਕੀਆ ਕਲਾਮ ਹੋਵੇਗਾ।

ਪੜ੍ਹਿਆ-ਸੁਣਿਆ ਸੀ, ਹੁਣ ਅਜ਼ਮਾ ਵੀ ਲਿਆ ਹੈ। ਡਿਗਰੀਆਂ ਦੀ ਪੜ੍ਹਾਈ ਬਹੁਤ ਕੁਝ ਸਿਖਾਉਂਦੀ ਹੈ ਪਰ ਜੇ ਉਹਦੇ ਨਾਲ ਤਜਰਬਾ ਪਲੱਸ ਹੋ ਜਾਵੇ ਤੇ ਫਿਰ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ। ਸਾਡੇ ਕੋਲ ਡਿਗਰੀਆਂ ਨਹੀਂ ਸਨ, ਪਰ ਹੱਥੀਂ ਕੰਮ ਕਰਨ ਦਾ ਤਜਰਬਾ ਸੀ। ਕਿਉਂਕਿ ਅਸੀ ਜੁਗਾੜੂ ਸਭਿਆਤਾ ਦੇ ਲੋਕ ਹਾਂ। ਮੈਨਹਟਨ 'ਚ ਜਿਸ ਬਿਲਡਿੰਗ 'ਤੇ ਮੈਂ ਕੰਮ ਕਰ ਰਿਹਾ ਸਾਂ, ਕੁਝ ਵੱਖਰੀ ਤਰ੍ਹਾਂ ਦਾ ਕੰਮ ਹੋਰ ਮਿਲ ਗਿਆ। ਸ਼ੇਖ ਨੇ ਮੈਨੂੰ ਬੇਸ 'ਤੇ ਬੁਲਾ ਕੇ ਉਸ ਕੰਮ ਦੀ ਡਰਾਇੰਗ ਦੇ ਦਿੱਤੀ। ਅਗਲੇ ਦਿਨ ਕੰਮ 'ਤੇ ਜਾ ਕੇ ਜਦੋਂ ਮੈਂ ਕੰਮ ਨੂੰ ਜਾਚਿਆ ਤਾਂ ਉਹਦੀ ਮੈਨੂੰ ਸਮਝ ਨਹੀਂ ਪੈ ਰਹੀ ਸੀ। ਤਿੰਨ ਦਿਨ ਬਾਅਦ ਮੈਂ ਆਪਣੇ ਦੋਸਤ ਸੁਪਰਵਾਈਜ਼ਰ ਕਾਲੇ ਨੂੰ ਵਾਕੀ ਟਾਕੀ 'ਤੇ ਲੰਚ 'ਤੇ ਆਪਣੀ ਜੋਬ 'ਤੇ ਸੱਦ ਲਿਆ। ਉਸ ਨੂੰ ਸਾਰਾ ਕੁਝ ਸਮਝਾਇਆ ਤੇ ਉਹ ਮੇਰੀ ਸਲਾਹ ਨਾਲ ਸਹਿਮਤ ਸੀ। ਸ਼ਾਮ ਨੂੰ ਅਸੀਂ ਸ਼ੇਖ ਨੂੰ ਵੀ ਸਮਝਾ ਦਿਤਾ। ਉਹ ਵੀ ਸਾਡੀ ਸਲਾਹ ਨਾਲ ਰਜ਼ਾਮੰਦ ਸੀ। ਦਰਅਸਲ ਜੋ ਨਵਾਂ ਕੰਮ ਕਰਨਾ ਸੀ ਉਹ ਬਿਲਡਿੰਗ ਦੇ ਇੰਜੀਨੀਅਰ ਵਲੋਂ ਬਣਾਈ ਡਰਾਇੰਗ ਨਾਲ ਅਸੀਂ ਕਰਦੇ। ਬਿਲਡਿੰਗ ਦੇ ਏਅਰ ਕੰਡੀਸ਼ਨ ਦਰਵਾਜ਼ੇ ਤੇ ਹੋਰ ਕਈ ਕੁਝ ਬਦਲਣਾ ਪੈਣਾ ਸੀ। ਸ਼ੇਖ ਨੇ ਬਰਾਇਨ ਨੂੰ ਇਤਲਾਹ ਪਹੁੰਚਾ ਦਿਤੀ। ਅਗਲੀ ਸਵੇਰ ਹੀ ਬਰਾਇਨ ਆਪਣਾ ਇੰਜੀਨੀਅਰ ਲੈ ਕੇ ਮੇਰੇ ਕੋਲ ਪਹੁੰਚ ਗਿਆ। ਸਰਵੇ ਕਰਨ ਤੋਂ ਬਾਅਦ ਬਰਾਇਨ ਦਾ ਇੰਜੀਨੀਅਰ ਵੀ ਸਾਡੇ ਨਾਲ ਸਹਿਮਤ ਸੀ। ਬਿਲਡਿੰਗ ਮੈਨੇਜਮੈਂਟ ਨੇ ਆਪਣੇ ਇੰਜੀਨੀਅਰ ਨੂੰ ਸੱਦ ਲਿਆ। ਉਹਨੇ ਆਪਣੀ ਗਲਤੀ ਮਨਜ਼ੂਰ ਕਰ ਲਈ ਤੇ ਮੈਨੇਜਮੈਂਟ ਨੇ ਉਸ ਦੀ ਕੰਮ ਤੋਂ ਸਦਾ ਲਈ ਛੁੱਟੀ ਕਰ ਦਿੱਤੀ। ਬਰਾਇਨ ਬੇਹੱਦ ਖੁਸ਼ ਸੀ। ਜਾਂਦੇ ਹੋਏ ਮੈਨੂੰ ਗਲਵੱਕੜੀ ਪਾ ਕੇ ਗਿਆ ਤੇ ਫੇਰ ਉਹ ਦੁਆਵਾਂ ਵਾਲਾ ਤਕੀਆ ਕਲਾਮ।

ਸ਼ੇਖ ਆਪਣੀ ਚੜ੍ਹਤ 'ਤੇ ਸੀ ਕਿ ਮੇਰੇ ਬੰਦਿਆਂ ਕੋਲ ਤਜਰਬਾ ਤੇ ਕੰਮ ਕਾਰ ਕਰਨ ਦੇ ਤਰੀਕੇ ਹਨ। ਅਸੀਂ ਸਾਰੇ ਬੜੀ ਮੇਹਨਤ ਕਰਦੇ। ਛੇ ਵਜੇ ਘਰੋਂ ਨਿਕਲੇ ਰਾਤ ਦੇ ਦਸ ਵੱਜ ਜਾਂਦੇ ਸਨ ਘਰ ਆਉਂਦੇ ਨੂੰ, ਪਰ ਸ਼ੇਖ ਵੀ ਸਾਨੂੰ ਰੱਜਵੀਂ ਮੇਹਨਤ ਦੇ ਰੱਜਵੇਂ ਪੈਸੇ ਦੇਂਦਾ ਸੀ।

ਮੇਰਾ ਅਮੀਰਕਨ ਨਾਮ ਭਿਲਲੇ ਸੀ। ਇਕ ਵਾਰੀ ਬਰਾਇਨ ਦੇ ਘਰ 'ਚ ਸਵਿਮਿੰਗ ਪੂਲ ਦੀ ਰਿਪੇਅਰ ਕਰਨ ਵਾਲੀ ਸੀ। ਸ਼ੇਖ ਨੇ ਮੈਨੂੰ ਕਿਹਾ ਬਰਾਇਨ ਕਹਿੰਦੈ, ਭਿਲਲੇ ਨੂੰ ਭੇਜੀਂ ਮੇਰੇ ਘਰ ਕੰਮ ਕਰਨ ਨੂੰ। ਜਦ ਉਹ ਜੋਬ 'ਤੇ ਅਇਆ ਤਾਂ ਉਸ ਕੋਲੋਂ ਮੈਂ ਕੰਮ ਬਾਰੇ ਪੁਛ ਲਿਆ ਕਿ ਕੀ ਕੰਮ ਉਹਦੇ ਘਰ 'ਚ ਕਰਨ ਵਾਲਾ ਹੈ। ਉਨ੍ਹਾਂ ਦਿਨਾਂ 'ਚ ਘਫੰ ਨਹੀਂ ਸੀ ਹੁੰਦੇ। ਉਸ ਨੇ ਮੈਨੂੰ ਘਰ ਦੀ ਡਾਇਰੈਕਸ਼ਨ ਦਿਤੀ ਤੇ ਆਉਂਦੇ ਸ਼ਨਿਚਰਵਾਰ ਉਥੇ ਜਾਣਾ ਤੈਅ ਹੋ ਗਿਆ।

ਮੈਂ ਛੇ ਮੁੰਡੇ ਚੰਗਾ ਕੰਮ ਕਰਨ ਵਾਲੇ ਵੈਨ 'ਚ ਬਿਠਾ ਕੇ ਬਰਾਇਨ ਦੇ ਘਰ ਪਹੁੰਚ ਗਿਆ। ਕੋਈ ਡੇਢ ਕੁ ਘੰਟੇ ਦੀ ਡਰਾਈਵ ਸੀ ਨਿਊਯਾਰਕ ਤੋਂ ਬਾਹਰ ਜੰਗਲ ਜਿਹੇ ਵਿਚ ਕਾਫੀ ਵੱਡਾ ਘਰ ਸੀ। ਉਹ ਬਾਹਰ ਟੇਬਲਾਂ 'ਤੇ ਕੌਫੀ, ਡੋਨਟ ਤੇ ਕਈ ਕੁਝ ਬਰੇਕਫਾਸਟ ਲਈ ਰੱਖ ਕੇ ਬੈਠਾ ਸੀ।

ਕਹਿੰਦਾ ਪਹਿਲਾਂ ਸਾਰੇ ਬਰੇਕਫਾਸਟ ਕਰੋ ਤੇ ਫਿਰ ਕੰਮ 'ਤੇ ਲੱਗਿਓ। ਸਾਰਾ ਕੰਮ ਉਹਨੇ ਮੈਨੂੰ ਦੱਸ ਦਿਤਾ ਤੇ ਮੈਂ ਮੁੰਡਿਆਂ ਨੂੰ ਸਮਝਾ ਦਿਤਾ। ਤੇ ਬਾਹਰ ਉਹਦੇ ਲਾਗੇ ਪਈ ਕੁਰਸੀ 'ਤੇ ਜਾ ਬੈਠਾ। ਮੈਨੂੰ ਕਹਿੰਦਾ, ਭਿਲਲੇ ਜੇ ਤੂੰ ਮਾਈਂਡ ਨਾ ਕਰੇ ਤਾਂ ਮੈਂ ਤੁਹਾਡੇ ਬਾਰੇ ਕੁਝ ਪੁਛਣਾ ਚਾਹੁੰਦਾ ਹਾਂ। ਮੈਂ ਕਿਹਾ, ਸਰ ਜੋ ਤੁਹਾਡਾ ਦਿਲ ਕਰਦੈ ਪੁੱਛੋ।

ਤੁਸੀਂ ਸਾਰੇ ਪਾਕਿਸਤਾਨ ਤੋਂ ਜੇ? ਮੈਂ ਕਿਹਾ ਸ਼ੇਖ ਪਾਕਿਸਤਾਨ ਤੋਂ ਹੈ, ਅਸੀਂ ਸਾਰੇ ਇੰਡੀਆ ਤੋਂ। ਮੈਂ ਦੇਖਦਾਂ ਤੁਸੀਂ ਬਹੁਤ ਇਮਾਨਦਾਰ ਤੇ ਸਖਤ ਮੇਹਨਤ ਕਰਦੇ ਜੇ। ਤੁਹਾਡੀ ਫੈਮਿਲੀ ਤੁਹਾਡੇ ਨਾਲ ਰਹਿੰਦੀ ਹੈ? ਮੈਂ ਕਿਹਾ, ਸਰ ਮੋਸਟਲੀ ਅਸੀਂ ਸਾਰੇ ਬੈਚੁਲਰ ਹਾਂ। ਜੇ ਕੋਈ ਵਿਆਹਿਆ ਵੀ ਤਾਂ ਉਹ ਪਿੱਛੇ ਪਰਿਵਾਰ ਨਾਲ ਰਹਿੰਦੇ ਹਨ। ਅਸੀਂ ਦੋ-ਤਿੰਨ ਬੈਡਰੂਮ ਅਪਾਰਟਮੈਂਟ ਲੈ ਕੇ ਚਾਰ-ਚਾਰ ਪੰਜ-ਪੰਜ ਜਣੇ ਇਕੱਠੇ ਰਹਿੰਦੇ ਹਾਂ। ਸਾਡੇ ਮਾਂ-ਪਿਉ ਭੈਣ-ਭਰਾ ਸਾਰੇ ਇੰਡੀਆ 'ਚ ਇਕੱਠੇ ਰਹਿੰਦੇ ਹਨ। ਅਸੀਂ ਜੋ ਵੀ ਕਮਾਉਂਦੇ ਹਾਂ, ਕੁਝ ਖ਼ਰਚ ਕਰ ਕੇ, ਜ਼ਿਆਦਾ ਹਿੱਸਾ ਬਚਾ ਕੇ ਆਪਣੇ ਪਰਿਵਾਰਾਂ ਨੂੰ ਭੇਜ ਦਿੰਦੇ ਹਾਂ।

ਉਹ ਮੇਰੀਆਂ ਗੱਲਾਂ ਸੁਣ ਕੇ ਹੈਰਾਨ ਹੋ ਰਿਹਾ ਸੀ। ਕਹਿੰਦਾ, ਅਮਰੀਕਨ ਲੋਕ ਤਾਂ ਇਸ ਤਰ੍ਹਾਂ ਨਹੀਂ ਕਰਦੇ। ਮੇਰਾ ਇਕ ਮੁੰਡਾ ਤੇ ਕੁੜੀ ਹਨ। ਉਹ ਅੱਡ ਰਹਿੰਦੇ ਹਨ। ਇਸ ਘਰ 'ਚ ਮੈਂ ਤੇ ਮੇਰੀ ਵਾਈਫ ਰਹਿੰਦੇ ਹਾਂ। ਸਰ ਇਹ ਸਾਡਾ ਇੰਡੀਅਨ ਕਲਚਰ ਹੈ। ਮਿਲ-ਜੁਲ ਕੇ ਰਹਿਣਾ ਸਾਡੀ ਸੱਭਿਅਤਾ ਹੈ, ਅਸੀਂ ਸਾਰੀ ਉਮਰ ਆਪਣੇ ਪਰਿਵਾਰਾਂ ਨਾਲ ਜੁੜੇ ਰਹਿ ਕੇ ਜ਼ਿੰਦਗੀ ਗੁਜ਼ਾਰਦੇ ਹਾਂ। ਉਹ ਖੁਸ਼ ਹੋ ਕੇ ਮੇਰੀਆਂ ਗੱਲਾਂ ਸੁਣ ਰਿਹਾ ਸੀ। ਤੁਸੀਂ ਸਖ਼ਤ ਮੇਹਨਤ ਕਰਦੇ ਜੇ ਤੁਹਾਡਾ ਫਨ ਕੀ ਹੋਇਆ?

ਅਸੀਂ ਜਿੰਨੇ ਵੀ ਦੋਸਤ ਇਕੱਠੇ ਰਹਿੰਦੇ

***(ਬਾਕੀ ਅਗਲੇ ਸਫੇ 'ਤੇ)***

# ਦਾਲਚੀਨੀ ਦੇ ਫ਼ਾਇਦੇ

ਕਹਿੰਦੇ ਨੇ ਕਿ ਬਾਦਸ਼ਾਹ ਨੀਰੋ ਨੇ ਆਪਣੀ ਪਤਨੀ ਸਬੀਨਾ ਦੀ ਮੌਤ ਉੱਤੇ ਦਾਲਚੀਨੀ ਨੂੰ ਬਹੁਤ ਮਹੱਤਤਾ ਦਿੰਦਿਆਂ ਪੂਰੇ ਇੱਕ ਸਾਲ ਵਿਚ ਵਰਤੀ ਜਾਣ ਵਾਲੀ ਦਾਲਚੀਨੀ ਨੂੰ ਇੱਕੋ ਸਮੇਂ ਬਾਲਿਆਂ ਤਾਂ ਜੋ ਚੁਫ਼ੇਰੇ ਉਸ ਦੀ ਖ਼ੁਸ਼ਬੂ ਫੈਲਦੀ ਰਹੇ। ਈਸਾ ਮਸੀਹ ਤੋਂ ਲਗਭਗ 2800 ਸਾਲ ਪਹਿਲਾਂ ਤੋਂ ਚੀਨ ਵਿਚ ਦਾਲਚੀਨੀ ਦੀ ਵਰਤੋਂ ਦਾ ਜ਼ਿਕਰ ਮਿਲਦਾ ਹੈ। ਇਸ ਨੂੰ ਬੇਸ਼ਕੀਮਤੀ ਖ਼ੁਸ਼ਬੂਦਾਰ ਬੂਟੇ ਵਜੋਂ ਮਾਨਤਾ ਦਿੱਤੀ ਗਈ ਹੈ। ਦਾਲਚੀਨੀ ਦੀ ਮਹਿਕ ਸਦਕਾ ਇਸ ਨੂੰ ਲੁੱਟਣ ਲਈ ਕੁੱਝ ਜੰਗਾਂ ਦਾ ਵੀ ਜ਼ਿਕਰ ਮਿਲਦਾ ਹੈ ਕਿਉਂਕਿ ਇਸ ਦੀ ਵਰਤੋਂ ਨਾਲ ਉਤੇਜਨਾ ਵੀ ਜੋੜੀ ਗਈ ਹੈ। ਈਜਿਪਟ ਵਿਖੇ ਮੌਤ ਤੋਂ ਬਾਅਦ 'ਮੰਮੀ' ਬਣਾਉਣ ਲਈ ਵੀ ਸਰੀਰ ਦੇ ਆਲੇ-ਦੁਆਲੇ ਦਾਲਚੀਨੀ ਦਾ ਲੇਪ ਲਾਇਆ ਜਾਂਦਾ ਸੀ।

ਡਾ. ਹਰਸ਼ਿੰਦਰ ਕੌਰ, ਐੱਮ.ਡੀ.
ਫੋਨ: 0175-2216783

ਦਾਲਚੀਨੀ ਦੀ ਮਹੱਤਤਾ ਤਾਂ ਇਸ ਧਰਤੀ ਉੱਤੇ ਪਹਿਲੀ ਸਦੀ ਵਿਚ ਲੱਗੀ ਇਸ ਦੀ ਕੀਮਤ ਤੋਂ ਹੀ ਹੋ ਜਾਂਦੀ ਹੈ ਜਦੋਂ 350 ਗ੍ਰਾਮ ਦਾਲਚੀਨੀ ਦੇ ਬਦਲੇ ਸਾਢੇ ਪੰਜ ਕਿੱਲੋ ਚਾਂਦੀ ਦਿੱਤੇ ਜਾਣ ਦਾ ਜ਼ਿਕਰ ਮਿਲਦਾ ਹੈ।

ਪੁਰਾਣੇ ਸਮਿਆਂ ਵਿਚ ਖੰਘ, ਜ਼ੁਕਾਮ, ਗਲੇ ਦੀ ਖ਼ਰਾਸ਼ ਆਦਿ ਲਈ ਦਾਲਚੀਨੀ ਕਈ ਸਦੀਆਂ ਤੱਕ ਵਰਤੀ ਜਾਂਦੀ ਰਹੀ। ਸ਼ਿਕਾਰ ਤੋਂ ਬਾਅਦ ਮਾਸ ਨੂੰ ਖ਼ਰਾਬ ਹੋਣ ਤੋਂ ਬਚਾਉਣ ਲਈ ਅਤੇ ਕੀਟਾਣੂਆਂ ਤੋਂ ਬਚਾਉਣ ਲਈ, ਉਸ ਨੂੰ ਚੰਗੀ ਤਰ੍ਹਾਂ ਦਾਲਚੀਨੀ ਪਾਊਡਰ ਵਿਚ ਲਪੇਟ ਕੇ ਰੱਖਿਆ ਜਾਂਦਾ ਸੀ।

ਸਤਾਰ੍ਹਵੀਂ ਸਦੀ ਵਿਚ ਸੀਲੋਨ ਵਿਖੇ ਦੁਨੀਆ ਦਾ ਸਭ ਤੋਂ ਵੱਡਾ ਦਾਲਚੀਨੀ ਦਾ ਭੰਡਾਰ ਲੱਭਿਆ ਗਿਆ ਸੀ। ਇੰਗਲੈਂਡ ਨੇ ਇਸ ਨੂੰ ਹਥਿਆਉਣ ਲਈ ਸੀਲੋਨ ਉੱਤੇ ਹੀ ਕਬਜ਼ਾ ਕਰ ਲਿਆ ਸੀ।

ਜਦੋਂ ਉਗਾਉਣ ਦੀ ਜਾਚ ਆ ਗਈ ਤਾਂ ਹੁਣ ਦੁਨੀਆ ਦੇ ਕਈ ਹਿੱਸਿਆਂ ਵਿਚ ਦਾਲਚੀਨੀ ਉਗਾਈ ਜਾਣ ਲੱਗ ਪਈ ਹੈ। ਬਹੁਤ ਸਾਰੇ ਮੁਲਕਾਂ ਵਿਚ ਇਸ ਨੂੰ ਨਸ਼ੇ ਵਾਂਗ ਵਰਤਿਆ ਜਾ ਰਿਹਾ ਹੈ। ਨੌਜਵਾਨ ਬੱਚੇ 'ਦਾਲਚੀਨੀ ਚੈਲੰਜ' ਅਧੀਨ ਜਦੋਂ ਚਮਚ ਭਰ ਕੇ ਦਾਲਚੀਨੀ ਪਾਊਡਰ ਇਕਦਮ ਅੰਦਰ ਲੰਘਾਉਂਦੇ ਹਨ ਤਾਂ ਕਈ ਵਾਰ ਸਾਹ ਦੀ ਨਾਲੀ ਬੰਦ ਹੋ ਜਾਣ ਨਾਲ ਥਾਏਂ ਮੌਤ ਵੀ ਹੋ ਜਾਂਦੀ ਹੈ।

ਹਜ਼ਾਰਾਂ ਸਾਲਾਂ ਤੋਂ ਵਰਤੀ ਜਾਂਦੀ ਦਾਲਚੀਨੀ ਉੱਤੇ ਹੋਈਆਂ ਖੋਜਾਂ ਦੌਰਾਨ ਇਸ ਦੇ ਸ਼ੱਕਰ ਰੋਗੀਆਂ ਉੱਤੇ ਬਹੁਤ ਵਧੀਆ ਅਸਰ ਵੇਖੇ ਗਏ ਸਨ। ਐਂਟੀਆਕਸੀਡੈਂਟ ਭਰਪੂਰ ਹੋਣ ਸਦਕਾ ਇਹ ਦਿਲ ਲਈ ਵੀ ਲਾਹੇਵੰਦ ਸਾਬਤ ਹੋ ਚੁੱਕੀ ਹੈ।

**ਜ਼ਿਆਦਾਤਰ ਦਾਲਚੀਨੀ ਦੀਆਂ ਦੋ ਕਿਸਮਾਂ ਮਿਲਦੀਆਂ ਹਨ :-** ਸੀਲੋਨ ਅਤੇ ਕੇਸੀਆ। ਸੀਲੋਨ ਅਸਲ ਦਾਲਚੀਨੀ ਦੀ ਕਿਸਮ ਹੈ ਅਤੇ ਮਹਿੰਗੀ ਹੈ। ਆਮ ਤੌਰ ਉੱਤੇ ਬਾਜ਼ਾਰ ਵਿਚ ਕੇਸੀਆ ਕਿਸਮ ਹੀ ਮਿਲਦੀ ਹੈ। ਦਰਖ਼ਤ ਦੀਆਂ ਟਾਹਣੀਆਂ ਦੀ ਛਿੱਲੜ ਨੂੰ ਸੁਕਾ ਕੇ, ਪੀਸ ਕੇ, ਦਾਲਚੀਨੀ ਪਾਊਡਰ ਬਣਾਇਆ ਜਾਂਦਾ ਹੈ। ਇਸ ਵਿਚਲੇ ਤੇਲ ਸਦਕਾ ਹੀ ਖ਼ੁਸ਼ਬੂ ਚੁਫ਼ੇਰੇ ਫੈਲਦੀ ਹੈ, ਜਿਸ ਵਿਚ "ਸਿਨਾਮੈਲਡੀਹਾਈਡ" ਹੁੰਦਾ ਹੈ। ਇਹੀ ਐਂਟੀਆਕਸੀਡੈਂਟ ਨਾਲ ਭਰਿਆ ਪਿਆ ਹੈ। ਪੌਲੀਫੀਨੋਲ ਵੀ ਦਾਲਚੀਨੀ ਵਿਚ ਹੁੰਦੇ ਹਨ ਜੋ ਸਰੀਰ ਅੰਦਰਲੀ ਸੋਜ਼ਿਸ਼ ਘਟਾਉਂਦੇ ਹਨ। ਇਹ ਏਨਾ ਤਗੜਾ ਅਸਰ ਵਿਖਾਉਂਦੇ ਹਨ ਕਿ ਬਥੇਰੇ ਖਾਣਿਆਂ ਨੂੰ ਖ਼ਰਾਬ ਹੋਣ ਤੋਂ ਬਚਾਉਣ ਲਈ ਦਾਲਚੀਨੀ ਨੂੰ ਕੁਦਰਤੀ 'ਪ੍ਰੀਜ਼ਰਵੇਟਿਵ' ਵਜੋਂ ਵਰਤਿਆ ਜਾ ਰਿਹਾ ਹੈ।

ਇੱਕ ਖੋਜ ਵਿਚ 100 ਸ਼ੱਕਰ ਰੋਗੀ ਮਰੀਜ਼ਾਂ ਨੂੰ ਰੋਜ਼ ਪੌਣਾ ਚਮਚ ਦਾਲਚੀਨੀ ਖੁਆਉਣ ਬਾਅਦ ਵੇਖਿਆ ਗਿਆ ਕਿ ਸਰੀਰ ਅੰਦਰ ਸ਼ੱਕਰ ਦੀ ਮਾਤਰਾ ਅਤੇ ਮਾੜੇ ਕੋਲੈਸਟਰੋਲ ਦੀ ਮਾਤਰਾ ਕਾਫ਼ੀ ਘੱਟ ਹੋ ਗਈ।

ਉਸ ਤੋਂ ਬਾਅਦ 13 ਖੋਜਾਂ ਦਿਲ ਦੇ ਰੋਗੀ ਮਰੀਜ਼ਾਂ ਉੱਤੇ ਕੀਤੀਆਂ ਗਈਆਂ ਜਿਨ੍ਹਾਂ ਵਿਚ ਸਭ ਦੇ ਸਰੀਰਾਂ ਅੰਦਰ ਟਰਾਈਗਲਿਸਰਾਈਡ ਅਤੇ ਮਾੜੇ ਕੋਲੈਸਟਰੋਲ ਦੀ ਮਾਤਰਾ ਘਟੀ ਹੋਈ ਲੱਭੀ। ਇਨ੍ਹਾਂ ਸਭ ਨੂੰ ਤਿੰਨ ਮਹੀਨੇ ਅੱਧਾ ਚਮਚ ਰੋਜ਼ ਦਾਲਚੀਨੀ ਖੁਆਈ ਗਈ ਸੀ।

ਜਿਨ੍ਹਾਂ ਬਲੱਡ ਪ੍ਰੈੱਸ਼ਰ ਦੇ ਰੋਗੀਆਂ ਨੂੰ ਰੋਜ਼ ਪੌਣਾ ਚਮਚ ਦਾਲਚੀਨੀ ਅੱਠ ਹਫ਼ਤਿਆਂ ਲਈ ਖੁਆਈ ਗਈ ਸੀ, ਉਨ੍ਹਾਂ ਸਾਰਿਆਂ ਦਾ ਬਲੱਡ ਪ੍ਰੈੱਸ਼ਰ ਵੀ ਘੱਟ ਗਿਆ ਤੇ ਕੁੱਝ ਨੂੰ ਬਲੱਡ ਪ੍ਰੈੱਸ਼ਰ ਦੀ ਦਵਾਈ ਬੰਦ ਵੀ ਕਰ ਦਿੱਤੀ ਗਈ।

**ਇਨਸੂਲਿਨ ਦਾ ਅਸਰ ਵਧਾਉਣਾ :** ਟਾਈਪ ਦੋ ਸ਼ੱਕਰ ਰੋਗੀਆਂ ਵਿਚ ਸਰੀਰ ਅੰਦਰ ਨਿਕਲਦੀ ਇਨਸੂਲਿਨ ਦਾ ਅਸਰ ਕਾਫ਼ੀ ਘੱਟ ਹੋ ਜਾਂਦਾ ਹੈ। ਸਿਰਫ਼ ਹਾਲੇ ਤੱਕ ਦੋ ਖੋਜਾਂ ਵਿਚ ਦਾਲਚੀਨੀ ਨਾਲ ਸਰੀਰ ਅੰਦਰ ਇਨਸੂਲਿਨ ਦਾ ਅਸਰ ਵਧਦਾ ਵੇਖਿਆ ਗਿਆ ਹੈ। ਹੋਰ ਖੋਜਾਂ ਜਾਰੀ ਹਨ ਜਿਨ੍ਹਾਂ ਰਾਹੀਂ ਸਪਸ਼ਟ ਪਤਾ ਲੱਗ ਸਕੇਗਾ ਕਿ ਇਹ ਅਸਰ ਕਿਵੇਂ ਹੁੰਦਾ ਹੈ ਅਤੇ ਕਿੰਨੀ ਦੇਰ ਤੱਕ ਅਸਰਦਾਰ ਸਾਬਤ ਹੁੰਦਾ ਹੈ। ਇਹ ਅਸਰ ਸ਼ੱਕਰ ਰੋਗੀਆਂ ਲਈ ਕੁਦਰਤੀ ਵਰਦਾਨ ਸਾਬਤ ਹੋ ਸਕਦਾ ਹੈ।

ਇਹ ਤਾਂ ਪਹਿਲਾਂ ਹੀ ਸਾਬਤ ਹੋ ਚੁੱਕਿਆ ਹੈ ਕਿ ਖਾਣੇ ਅੰਦਰਲੇ ਮਿੱਠੇ ਨੂੰ ਦਾਲਚੀਨੀ ਛੇਤੀ ਹਜ਼ਮ ਨਹੀਂ ਹੋਣ ਦਿੰਦੀ ਜਿਸ ਨਾਲ ਲਹੂ ਅੰਦਰ ਸ਼ੱਕਰ ਦੀ ਮਾਤਰਾ ਛੇਤੀ ਨਹੀਂ ਵਧਦੀ। ਕਈ ਤਰ੍ਹਾਂ ਦੇ ਰਸ ਜਿਹੜੇ ਕਾਰਬੋਹਾਈਡ੍ਰੇਟ ਨੂੰ ਤੋੜ ਕੇ ਸਰੀਰ ਅੰਦਰ ਸ਼ੱਕਰ ਵਧਾਉਂਦੇ ਹਨ, ਉਨ੍ਹਾਂ ਦੇ ਕੰਮ ਕਾਰ ਨੂੰ ਦਾਲਚੀਨੀ ਕਾਫ਼ੀ ਘਟਾ ਦਿੰਦੀ ਹੈ।

ਦਾਲਚੀਨੀ ਵਿਚਲਾ ਇੱਕ ਅੰਸ਼ ਤਾਂ ਆਪ ਹੀ ਇਨਸੂਲਿਨ ਵਰਗਾ ਅਸਰ ਵਿਖਾ ਦਿੰਦਾ ਹੈ। ਦੋ ਮਹੀਨੇ ਲਗਾਤਾਰ ਦਾਲਚੀਨੀ ਖਾਣ ਵਾਲੇ ਸ਼ੱਕਰ ਰੋਗੀਆਂ ਦੀ 'ਐਚ.ਬੀ.ਏ. ਇੱਕ ਸੀ' ਮਾਤਰਾ ਵੀ ਠੀਕ ਹੋਈ ਲੱਭੀ। ਇਸ ਖੋਜ ਵਿਚ ਮਰੀਜ਼ਾਂ ਨੂੰ ਲਗਭਗ ਇੱਕ ਤੋਂ ਦੋ ਚਮਚ ਰੋਜ਼ ਦਾਲਚੀਨੀ ਖੁਆਈ ਗਈ ਸੀ।

**ਨਸਾਂ ਉੱਤੇ ਅਸਰ :** ਚੂਹਿਆਂ ਉੱਤੇ ਹੋਈ ਖੋਜ ਵਿਚ ਦਾਲਚੀਨੀ ਨਾਲ ਦਿਮਾਗ਼ ਅੰਦਰਲੀ ਇੱਕ ਪ੍ਰੋਟੀਨ ਘਟੀ ਹੋਈ ਲੱਭੀ ਜਿਸ ਨੇ ਨਿਊਰੋਟਰਾਂਸਮੀਟਰ ਰਸ ਦੀ ਮਾਤਰਾ ਵਧਾ ਕੇ ਪਾਰਕਿਨਸਨ ਵਰਗੇ ਰੋਗ ਵਿਚ ਫ਼ਾਇਦਾ ਦੇ ਦਿੱਤਾ ਤੇ ਯਾਦਾਸ਼ਤ ਦਾ ਸੈਂਟਰ ਵੀ ਰਵਾਂ ਹੁੰਦਾ ਵੇਖਿਆ ਗਿਆ। ਇਸ ਖੋਜ ਨੂੰ ਐਲਜ਼ੀਮਰ ਅਤੇ ਪਾਰਕਿਨਸਨ ਰੋਗੀ ਬੰਦਿਆਂ ਉੱਤੇ ਕਰਨ ਬਾਰੇ ਸੋਚਿਆ ਜਾ ਰਿਹਾ ਹੈ ਕਿ ਕਿੰਨੀ ਖ਼ੁਰਾਕ, ਕਿੰਨੀ ਦੇਰ ਖੁਆਉਣ ਨਾਲ ਕਿੰਨਾ ਕੁ ਅਸਰ ਹੋਵੇਗਾ!

**ਕੈਂਸਰ :** ਚੂਹਿਆਂ ਵਿਚ ਹੋਈ ਖੋਜ ਵਿਚ ਇਹ ਤੱਥ ਸਾਹਮਣੇ ਆਏ ਹਨ ਕਿ ਅੰਡਕੋਸ਼ ਦੇ ਕੈਂਸਰ ਵਿਚ ਦਾਲਚੀਨੀ ਵਿਚਲੇ ਸਿਨਾਮੈਲਡੀਹਾਈਡ ਸਦਕਾ ਸੈੱਲਾਂ ਦਾ ਫੈਲਣਾ ਘੱਟ ਹੋ ਗਿਆ। ਇਹ ਖੋਜ ਸਿਰਫ਼ ਚੂਹਿਆਂ ਉੱਤੇ ਹੀ ਕੀਤੀ ਗਈ ਹੈ। ਔਰਤਾਂ ਉੱਤੇ ਹਾਲੇ ਤੱਕ ਇਹ ਖੋਜ ਸੰਪੂਰਨ ਨਹੀਂ ਹੋਈ ਕਿ ਕਿੰਨੇ ਫੈਲੇ ਕੈਂਸਰ ਉੱਤੇ ਕਿੰਨੀ ਖ਼ੁਰਾਕ ਨਾਲ ਸਹੀ ਅਸਰ ਦਿਸੇਗਾ।

ਭਾਰ ਘਟਣਾ : ਹਾਲੇ ਤੱਕ ਸਿਰਫ਼ ਇਕ ਖੋਜ ਰਾਹੀਂ ਇਹ ਤੱਥ ਉਘਾੜਿਆ ਗਿਆ ਹੈ ਕਿ



ਸੀਲੋਨ ਦਾਲਚੀਨੀ ਨਾਲ ਸਰੀਰ ਅੰਦਰਲੇ ਥਿੰਦੇ ਦੇ ਸੈੱਲ ਛੇਤੀ ਖੁਰਨ ਲੱਗ ਪੈਂਦੇ ਹਨ ਜਿਸ ਸਦਕਾ ਭਾਰ ਘਟਾਇਆ ਜਾ ਸਕਦਾ ਹੈ ਬਸ਼ਰਤੇ ਕਿ ਰੋਜ਼ਾਨਾ ਕਸਰਤ ਅਤੇ ਸੰਤੁਲਿਤ ਖ਼ੁਰਾਕ ਨਾਲੋ ਨਾਲ ਲਈ ਜਾਵੇ।

**ਬਲੱਡ ਪ੍ਰੈੱਸ਼ਰ :** ਸਾਰੀਆਂ ਖੋਜਾਂ ਵਿਚ ਉਨ੍ਹਾਂ ਸ਼ੱਕਰ ਰੋਗੀਆਂ ਨੂੰ ਸ਼ਾਮਲ ਕੀਤਾ ਗਿਆ ਜਿਨ੍ਹਾਂ ਨੂੰ ਨਾਲ ਬਲੱਡ ਪ੍ਰੈੱਸ਼ਰ ਦਾ ਰੋਗ ਵੀ ਸੀ। ਇਨ੍ਹਾਂ ਮਰੀਜ਼ਾਂ ਨੂੰ ਹਰ ਰੋਜ਼ ਅੱਧਾ ਚਮਚ ਦਾਲਚੀਨੀ ਤਿੰਨ ਮਹੀਨੇ ਰੈਗੂਲਰ ਖੁਆਈ ਗਈ। ਚਾਰੇ ਖੋਜਾਂ ਵਿਚ ਇਹ ਲੱਭਿਆ ਗਿਆ ਕਿ ਉੱਪਰਲਾ ਬਲੱਡ ਪ੍ਰੈੱਸ਼ਰ 5 ਪੁਆਇੰਟ ਘਟ ਗਿਆ। ਕਿਸੇ ਵੀ ਖੋਜ ਨੇ ਹਾਲੇ ਤੱਕ ਇਹ ਸਪਸ਼ਟ ਨਹੀਂ ਕੀਤਾ ਕਿ ਇਹ ਅਸਰ ਕਿੰਨੀ ਦੇਰ ਤੱਕ ਰਹਿ ਜਾਂਦਾ ਹੈ! ਕੀ ਤਿੰਨ ਮਹੀਨੇ ਖਾਣ ਬਾਅਦ ਅੱਗੋਂ ਫਿਰ ਦਾਲਚੀਨੀ ਖਾਣ ਦੀ ਲੋੜ ਪਵੇਗੀ ਜਾਂ ਨਹੀਂ, ਇਹ ਹਾਲੇ ਤੱਕ ਗੱਲ ਸਾਫ਼ ਨਹੀਂ ਕੀਤੀ ਜਾ ਸਕੀ।

**ਯਾਦਾਸ਼ਤ ਦੇ ਸੈਂਟਰ ਉੱਤੇ ਅਸਰ :** ਜਿਨ੍ਹਾਂ ਚੂਹਿਆਂ ਉੱਤੇ ਦਾਲਚੀਨੀ ਨਾਲ ਖੋਜ ਕੀਤੀ ਗਈ ਸੀ, ਉਨ੍ਹਾਂ ਵਿਚ ਪਹਿਲਾਂ ਰੱਖੀ ਚੀਜ਼ ਵੱਲ ਪਹੁੰਚਣ ਦੇ ਰਾਹ ਨੂੰ ਯਾਦ ਰੱਖਣ ਦੀ ਤਾਕਤ ਵੱਧ ਲੱਭੀ। ਹਾਲੇ ਤੱਕ ਅਜਿਹੀ ਇੱਕ ਵੀ ਖੋਜ ਇਨਸਾਨਾਂ ਉੱਤੇ ਨਹੀਂ ਕੀਤੀ ਗਈ।

**ਜੋੜਾਂ ਦੇ ਦਰਦ :** ਲਗਭਗ 115 ਤਰ੍ਹਾਂ ਦੇ ਖਾਣਿਆਂ ਵਿਚੋਂ ਸੋਜ਼ਿਸ਼ ਨਾਲ ਜੂਝਣ ਦੀ ਤਾਕਤ ਸਭ ਤੋਂ ਵੱਧ ਸੀਲੋਨ ਦਾਲਚੀਨੀ ਵਿਚ ਹੀ ਲੱਭੀ ਹੈ। ਇਸੇ ਲਈ ਜਦੋਂ ਰੋਜ਼ ਅੱਧਾ ਚਮਚ ਦਾਲਚੀਨੀ ਰਿਊਮੈਟਾਇਡ ਆਰਥਰਾਈਟਿਸ ਦੇ ਮਰੀਜ਼ਾਂ ਨੂੰ 8 ਹਫ਼ਤੇ ਖੁਆਈ ਗਈ ਤਾਂ ਉਨ੍ਹਾਂ ਨੂੰ ਪੀੜ ਅਤੇ ਸੋਜ਼ਿਸ਼ ਵਿਚ ਕਾਫ਼ੀ ਆਰਾਮ ਦਿਸਿਆ।

**ਕੋਲੈਸਟਰੋਲ :** ਦੋ ਗਰੁੱਪਾਂ ਵਿਚ 60-60 ਮਰੀਜ਼ ਵੰਡ ਕੇ ਜਦੋਂ ਇੱਕ ਗਰੁੱਪ ਦੇ 60 ਮਰੀਜ਼ਾਂ ਨੂੰ ਚੌਥਾ ਹਿੱਸਾ ਚਮਚ ਦਾ ਸੀਲੋਨ ਦਾਲਚੀਨੀ ਦਾ 40 ਦਿਨ ਖੁਆਇਆ ਗਿਆ ਤਾਂ ਇਸ ਗਰੁੱਪ ਦੇ ਮਰੀਜ਼ਾਂ ਦਾ ਮਾੜਾ ਕੋਲੈਸਟਰੋਲ ਘੱਟ ਹੋ ਗਿਆ। ਜਦੋਂ 18 ਹਫ਼ਤੇ ਲਗਾਤਾਰ ਖੁਆਉਣਾ ਜਾਰੀ ਰੱਖਿਆ ਗਿਆ ਤਾਂ ਚੰਗੇ ਕੋਲੈਸਟਰੋਲ ਵਿਚ ਵਾਧਾ ਹੋਇਆ ਵੀ ਲੱਭਿਆ। ਇਸ ਖੋਜ ਵਿਚ ਇਹ ਅਸਰ ਕਿੰਨੀ ਦੇਰ ਤੱਕ ਰਿਹਾ, ਬਾਰੇ ਹਾਲੇ ਦੱਸਿਆ ਨਹੀਂ ਗਿਆ ਪਰ ਫ਼ਾਇਦਾ ਜ਼ਰੂਰ ਲੱਭਿਆ ਗਿਆ ਹੈ।

**ਬੱਚੇਦਾਨੀ ਦੇ ਰਾਹ ਦੀ ਸੋਜ਼ਿਸ਼ :** ਲੈਬਾਰਟਰੀ ਵਿਚ 'ਕੈਂਡੀਡਾ ਐਲਬੀਕੈਨਸ' (ਉੱਲੀ) ਉੱਤੇ ਜਦੋਂ ਖੋਜ ਕੀਤੀ ਗਈ ਤਾਂ ਸੀਲੋਨ ਦਾਲਚੀਨੀ ਦੇ ਪਾਊਡਰ ਦੇ ਘੋਲ ਵਿਚ ਪਾਉਣ ਬਾਅਦ ਇਹ ਉੱਕਾ ਹੀ ਖ਼ਤਮ ਹੋਈ ਲੱਭੀ। ਇਸੇ ਲਈ ਹੁਣ ਇਹ ਖੋਜ ਸ਼ੁਰੂ ਕੀਤੀ ਗਈ ਹੈ ਕਿ ਕੀ ਅਸਲ ਵਿਚ ਵੀ ਜਦੋਂ ਬੱਚੇਦਾਨੀ ਦੇ ਰਾਹ ਦੀ ਸੋਜ਼ਿਸ਼ ਵਾਸਤੇ ਜੇ ਦਵਾਈ ਵਿਚ ਇਸ ਨੂੰ ਵਰਤਿਆ ਜਾਵੇ ਤਾਂ ਕੀ ਕੁਦਰਤੀ ਢੰਗ ਨਾਲ ਬਿਹਤਰ ਨਤੀਜੇ ਕੱਢੇ ਜਾ ਸਕਦੇ ਹਨ? ਹੁਣ ਤੱਕ ਕਈ ਕੈਪਸੂਲਾਂ ਵਿਚ ਜਾਂ ਦਵਾਈਆਂ ਵਿਚ ਪਹਿਲਾਂ ਹੀ ਦਾਲਚੀਨੀ ਸ਼ਾਮਲ ਕੀਤੀ ਜਾ ਚੁੱਕੀ ਹੈ ਅਤੇ ਚਾਹ ਦੇ ਨਾਲ-ਨਾਲ ਕਈ ਮੂੰਹ ਉੱਤੇ ਲਾਏ ਜਾਣ ਵਾਲੇ ਮਾਸਕ ਵੀ ਦਾਲਚੀਨੀ ਭਰਪੂਰ ਮਿਲਦੇ ਹਨ। ਕਈ ਕਿਸਮਾਂ ਦੇ ਪਾਊਡਰ, ਕਰੀਮ, ਲਿਪਸਟਿਕ ਵਿਚ ਵੀ ਦਾਲਚੀਨੀ ਮਿਲਾਈ ਹੋਈ ਮਿਲਦੀ ਹੈ ਜੋ ਇਨ੍ਹਾਂ ਚੀਜ਼ਾਂ ਨੂੰ ਛੇਤੀ ਖ਼ਰਾਬ ਨਹੀਂ ਹੋਣ ਦਿੰਦੀ।

**ਕੀਟਾਣੂਆਂ ਦੀ ਰੋਕਥਾਮ ਲਈ :** ਕੁੱਝ ਕਿਸਮ ਦੇ ਕੀਟਾਣੂ ਜਿਵੇਂ ਸਾਲਮੋਨੈਲਾ, ਈ. ਕੋਲਾਈ, ਉੱਲੀ, ਕੁੱਝ ਵਾਇਰਸ ਕੀਟਾਣੂਆਂ ਆਦਿ, ਉੱਤੇ ਲੈਬਾਰਟਰੀ ਵਿਚ ਕੀਤੀ ਖੋਜ ਬਹੁਤ ਅਸਰਦਾਰ ਸਿੱਧ ਹੋ ਚੁੱਕੀ ਹੈ ਜੋ ਸੀਲੋਨ ਦਾਲਚੀਨੀ ਦੇ ਹੁੰਦਿਆਂ ਪਨਪ ਹੀ ਨਹੀਂ ਸਕਦੇ। ਇਹ ਖੋਜ ਭਾਵੇਂ ਇਨਸਾਨਾਂ ਉੱਤੇ ਹਾਲੇ ਸੰਪੂਰਨ ਨਹੀਂ ਹੋਈ ਪਰ ਮੁੱਢਲੇ ਤੌਰ ਉੱਤੇ ਚੰਗੇ ਨਤੀਜੇ ਸਾਹਮਣੇ ਆ ਰਹੇ ਹਨ ਕਿ ਬੀਮਾਰੀ ਵਿਚ ਦਾਲਚੀਨੀ ਦੀ ਚਾਹ ਬਣਾ ਕੇ ਲੈਂਦੇ ਰਹਿਣ ਨਾਲ ਛੇਤੀ ਠੀਕ ਹੋਇਆ ਜਾ ਸਕਦਾ ਹੈ।

ਸਿਨਾਮਨ ਤੇਲ ਸਦਕਾ ਹੀ ਇਹ ਚੰਗੇ ਅਸਰ ਦਿਸਦੇ ਹਨ ਜਿਸ ਨਾਲ ਖੰਘ, ਜ਼ੁਕਾਮ ਕਈ ਵਾਰ ਬਿਨਾਂ ਦਵਾਈ ਦੇ ਹੀ ਠੀਕ ਕੀਤਾ ਜਾ ਸਕਦਾ ਹੈ। ਇੱਕ ਕੱਪ ਪਾਣੀ ਵਿਚ ਦਾਲਚੀਨੀ ਦਾ ਟੋਟਾ ਜਾਂ ਚੂੰਡੀ ਪਾਊਡਰ ਸਮੇਤ ਇੱਕ ਲੌਂਗ, ਇੱਕ ਛੋਟੀ ਲਾਚੀ, ਇੱਕ ਮੋਟੀ ਲਾਚੀ, ਥੋੜੀ ਸੌਂਫ ਅਤੇ ਕੁੱਝ ਤੁਲਸੀ ਦੇ ਪੱਤੇ ਪਾ ਕੇ ਉਬਾਲ ਲਵੋ। ਉਬਾਲਣ ਬਾਅਦ ਢਕ ਕੇ ਰੱਖਣ ਵੇਲੇ ਉਸ ਵਿਚ ਤਾਜ਼ਾ ਅਦਰਕ ਅਤੇ ਤਾਜ਼ੀ ਕੱਚੀ ਹਲਦੀ ਰਤਾ ਕੁ ਕੁੱਟ ਕੇ ਮਿਲਾ ਕੇ ਰੱਖ ਦਿਓ। ਕੋਸੇ ਕੋਸੇ ਇਸ ਪਾਣੀ ਨੂੰ ਦਿਨ ਵਿਚ ਦੋ ਵਾਰ ਪੀਣ ਨਾਲ ਗਲਾ ਖ਼ਰਾਬ ਛੇਤੀ ਠੀਕ ਕੀਤਾ ਜਾ ਸਕਦਾ ਹੈ।

ਡੇਂਗੂ ਵਿਚ ਵੀ ਇਹੀ ਨੁਸਖ਼ਾ ਅਜ਼ਮਾਇਆ ਜਾ ਸਕਦਾ ਹੈ।

ਮੂੰਹ ਅੰਦਰੋਂ ਬਦਬੂ ਆਉਂਦੀ ਹੋਵੇ ਤਾਂ ਵੀ ਦਾਲਚੀਨੀ ਨੂੰ ਮੂੰਹ ਅੰਦਰ ਰੱਖ ਕੇ, ਚੂਸ ਕੇ ਜਾਂ ਇਸ ਦੇ ਪਾਣੀ ਨਾਲ ਚੁਲੀਆਂ ਕਰ ਕੇ ਬਦਬੂ ਹਟਾਈ ਜਾ ਸਕਦੀ ਹੈ।

**ਹਾਰਮੋਨਾਂ ਦੀ ਗੜਬੜੀ :** ਜਿਨ੍ਹਾਂ ਔਰਤਾਂ ਦੇ ਮੂੰਹ ਉੱਤੇ ਵਾਲ ਆਉਣ ਲੱਗ ਪੈਣ ਜਾਂ ਮਾਹਵਾਰੀ ਰੈਗੂਲਰ ਨਾ ਹੋਵੇ, ਉਨ੍ਹਾਂ ਵਿਚ ਹਾਰਮੋਨਾਂ ਦੀ ਦਵਾਈ ਖਾਂਦੇ ਰਹਿਣ ਨਾਲ ਜੇ ਅੱਧਾ ਚਮਚ ਸੀਲੋਨ ਦਾਲਚੀਨੀ ਰੋਜ਼ 6 ਮਹੀਨੇ ਖੁਆਈ ਜਾਵੇ ਤਾਂ ਮਾਹਵਾਰੀ ਰੈਗੂਲਰ ਹੋਣ ਬਾਰੇ ਇੱਕ ਸਾਰਥਕ ਖੋਜ ਸਾਹਮਣੇ ਆ ਚੁੱਕੀ ਹੈ। ਜੇ ਸਿਰਫ਼ ਦਾਲਚੀਨੀ ਹੀ ਖਾਧੀ ਜਾਵੇ ਤਾਂ ਹਾਰਮੋਨਾਂ ਦੀ ਮਾਤਰਾ ਨਾਰਮਲ ਨਹੀਂ ਪਹੁੰਚਦੀ ਭਾਵੇਂ ਮਾਹਵਾਰੀ ਠੀਕ ਹੋਣ ਲੱਗ ਪੈਂਦੀ ਹੈ। ਇਸੇ ਲਈ ਨਾਲੋ ਨਾਲ ਡਾਕਟਰੀ ਸਲਾਹ ਨਾਲ ਦਵਾਈ ਜ਼ਰੂਰ ਲੈਣੀ ਚਾਹੀਦੀ ਹੈ।

**ਚਮੜੀ ਲਈ :** ਸੀਲੋਨ ਦਾਲਚੀਨੀ ਚਮੜੀ ਵਿਚਲੇ ਕੋਲਾਜਨ ਨੂੰ ਲਚਕੀਲਾ ਬਣਾਉਂਦੀ ਹੈ ਜਿਸ ਸਦਕਾ ਅਨੇਕ ਮਹਿੰਗੇ ਫੇਸ ਪੈਕ ਇਸ ਨੂੰ ਸ਼ਾਮਲ ਕਰਨ ਲੱਗ ਪਏ ਹਨ ਕਿ ਚਿਹਰੇ ਦੀ ਰੌਣਕ ਦੇ ਨਾਲੋ ਨਾਲ ਚਮੜੀ ਦੀ ਲਚਕ ਵੀ ਬਰਕਰਾਰ ਰਹੇ। ਕਿਲ ਮੁਹਾਂਸੇ ਲਈ ਇਹ ਬਿਹਤਰੀਨ ਸਾਬਤ ਹੋ ਚੁੱਕੀ ਹੈ। ਉਸ ਵਾਸਤੇ ਤਿੰਨ ਚਮਚ ਸ਼ਹਿਦ ਵਿਚ ਇੱਕ ਚਮਚ ਸੀਲੋਨ ਦਾਲਚੀਨੀ ਮਿਲਾ ਕੇ 30 ਸਕਿੰਟ ਲਈ ਮਾਈਕਰੋਵੇਵ ਵਿਚ ਰੱਖ ਕੇ 10 ਮਿੰਟ ਲਈ ਮੂੰਹ ਉੱਤੇ ਲੇਪ ਲਾ ਕੇ ਮੂੰਹ ਚੰਗੀ ਤਰ੍ਹਾਂ ਕੋਸੇ ਪਾਣੀ ਨਾਲ ਧੋ ਲੈਣਾ ਚਾਹੀਦਾ ਹੈ। ਹਫ਼ਤੇ ਵਿਚ ਇੱਕ ਵਾਰ ਵਰਤਣ ਨਾਲ ਕਿੱਲ ਮੁਹਾਂਸੇ ਦੋ ਕੁ ਮਹੀਨਿਆਂ ਵਿਚ ਸਾਫ਼ ਹੋ ਜਾਂਦੇ ਹਨ।

ਅੰਤ ਵਿਚ ਇਹ ਦੱਸਣਾ ਜ਼ਰੂਰੀ ਹੈ ਕਿ ਦਾਲਚੀਨੀ ਦੀਆਂ ਸਾਰੀਆਂ ਖੋਜਾਂ ਸੀਲੋਨ ਕਿਸਮ ਨਾਲ ਹੀ ਕੀਤੀਆਂ ਗਈਆਂ ਹਨ। ਬਾਜ਼ਾਰ ਵਿਚ ਕੇਸੀਆ ਕਿਸਮ ਹੀ ਵੱਧ ਮਿਲਦੀ ਹੈ ਜਿਸ ਵਿਚ 'ਕੁਮਾਰਿਨ' ਹੋਣ ਸਦਕਾ ਇਸ ਦੀ ਵਾਧੂ ਵਰਤੋਂ ਤਗੜਾ ਨੁਕਸਾਨ ਵੀ ਕਰ ਸਕਦੀ ਹੈ।

ਇੰਜ ਹੀ ਸੁੱਕੀ ਲੱਕੜ ਵਿਚ ਲੱਗੀ ਉੱਲੀ ਵੀ ਖ਼ਤਰਨਾਕ ਹੋ ਸਕਦੀ ਹੈ ਜੋ ਬਹੁਤ ਧਿਆਨ ਨਾਲ ਵਰਤਣੀ ਚਾਹੀਦੀ ਹੈ।

ਅੱਗੇ ਤੋਂ ਦਾਲਚੀਨੀ ਖ਼ਰੀਦਣ ਤੋਂ ਪਹਿਲਾਂ ਬਾਹਰ ਲਿਖਿਆ 'ਸੀਲੋਨ' ਜ਼ਰੂਰ ਦੇਖ ਲੈਣਾ ਚਾਹੀਦਾ ਹੈ। ਜੇ 'ਸੀਲੋਨ' ਨਹੀਂ ਲਿਖਿਆ ਹੋਇਆ, ਤਾਂ ਸਮਝ ਲਇਓ ਕਿ ਇਹ 'ਕੇਸੀਆ' ਕਿਸਮ ਹੀ ਹੈ।

## ਦੁਆਵਾਂ

*(ਪਿਛਲੇ ਸਫੇ ਦੀ ਬਾਕੀ)*

ਹਾਂ, ਸਾਰਾ ਵੀਕ ਕਈ ਵਾਰੀ ਇਕ-ਦੂਜੇ ਨੂੰ ਮਿਲਦੇ ਵੀ ਨਹੀਂ। ਹਰ ਵਿਅਕਤੀ ਦਾ ਆਪੋ ਆਪਣਾ ਕੰਮ ਦਾ ਸਕੈਜੂਅਲ ਹੈ। ਸ਼ਨਿਚਰਵਾਰ ਸ਼ਾਮੀਂ ਰਲ ਬੈਠਦੇ ਹਾਂ। ਕਈ ਵਾਰੀ ਦੋ-ਚਾਰ ਹੋਰ ਵੀ ਆ ਜਾਂਦੇ ਹਨ। ਵਧੀਆ ਖਾਣਾ ਬਣਾ ਕੇ ਵਿਸਕੀ ਦੀ ਬੋਤਲ ਖੋਲ੍ਹਦੇ ਹਾਂ। ਰੱਜ ਕੇ ਪੈੱਗ ਲਗਾਉਂਦੇ ਹਾਂ। ਆਪਣੀਆਂ ਤੇ ਆਪਣੇ ਪਰਿਵਾਰਾਂ ਦੀਆਂ ਖੂਬ ਗੱਲਾਂ-ਬਾਤਾਂ ਕਰ ਕੇ ਸਾਰੇ ਵੀਕ ਦੀ ਥਕਾਵਟ ਉਤਾਰਦੇ ਹਾਂ। ਉਹ ਪੈੱਗ ਵਾਲੀ ਗੱਲ 'ਤੇ ਖੂਬ ਹੱਸਿਆ। ਇਹ ਤੁਹਾਡਾ ਵਧੀਆ ਫ਼ਨ ਹੈ। ਅਸੀਂ ਹੋਰ ਵੀ ਕਾਫ਼ੀ ਗੱਲਾਂ ਕੀਤੀਆਂ।

ਲੰਚ ਵੇਲੇ ਉਹਨੇ ਪੀਜ਼ਾ ਮੰਗਵਾ ਦਿੱਤਾ। ਸ਼ਾਮ ਹੋਣ ਤੋਂ ਪਹਿਲਾਂ ਅਸੀਂ ਉਸਦੇ ਘਰ ਦਾ ਕੰਮ ਮੁਕਾ ਦਿੱਤਾ। ਤੁਰਨ ਲੱਗੇ ਤੇ ਬਰਾਇਨ ਨੇ ਸੱਤ ਚਿੱਟੇ ਲਿਫਾਫੇ ਦਿੱਤੇ। ਮੇਰੇ ਲਈ ਵੱਖਰਾ ਮੈਨੂੰ ਫੜਾ ਦਿੱਤਾ ਤੇ ਕਹਿੰਦਾ ਇਹ ਬਾਕੀ ਆਪਣੇ ਇੱਕ ਇੱਕ ਕਰਕੇ ਦੋਸਤਾਂ ਨੂੰ ਦੇ ਦੇਵੀਂ। ਤੇ ਨਾਲ ਇੱਕ ਬੈਗ ਵਿਚ ਦੋ ਵਿਸਕੀ ਦੀਆਂ ਬੋਤਲਾਂ। ਮੈਂ ਬੇਨਤੀ ਕੀਤੀ, ਬਰਾਇਨ ਸਰ ਤੁਸੀਂ ਆਪ ਇਨ੍ਹਾਂ ਨੂੰ ਦੇਵੋਗੇ ਤਾਂ ਉਨ੍ਹਾਂ ਨੂੰ ਬਹੁਤ ਖੁਸ਼ੀ ਹੋਵੇਗੀ! ਉਸ ਨੇ ਸਾਰਿਆਂ ਨਾਲ ਹੱਥ ਮਿਲਾਇਆ ਤੇ ਲਿਫਾਫੇ ਵੀ ਵੰਡ ਦਿੱਤੇ। ਉਸ ਦਿਨ ਉਸਦਾ ਤਕੀਆ ਕਲਾਮ ਮੈਂ ਅਗਿਓਂ ਵੱਲ ਲਿਆ! ਮਿਸਟਰ ਬਰਾਇਨ ਨੂੰ ਅੱਜ ਅਸੀਂ ਸਾਰੇ ਰਲ ਕੇ ਦੁਆਵਾਂ ਦੇਵਾਂਗੇ। ਉਹ ਜ਼ੋਰ ਦੀ ਹੱਸਿਆ ਤੇ ਅਸੀਂ ਗੁਡਬਾਏ ਕਹੀ। ਵੈਨ ਵਿਚ ਬੈਠਦਿਆਂ ਹੀ ਮੁੰਡੇ ਲਲਕਾਰੇ ਮਾਰਨ ਲੱਗ ਪਏ। ਮੈਂ ਕਿਹਾ, ਲਿਫਾਫੇ ਖੋਲੋ ਤੇ ਵੇਖੋ ਕੀ ਹੈ? ਸਾਰਿਆਂ ਦੇ ਲਿਫਾਫੇ 'ਚ ਸੌ ਸੌ ਡਾਲਰ ਦਾ ਨੋਟ ਸੀ। ਸਾਰੇ ਖੁਸ਼ ਸਨ। ਕੰਪਨੀ ਵੱਲੋਂ ਵੀ ਪੈਸੇ ਮਿਲ ਜਾਣੇ ਸਨ। ਸਾਰੇ ਰਾਹ ਉਹ ਬਰਾਇਨ ਦੀਆਂ ਗੱਲਾਂ ਕਰਦੇ ਆਏ। ਉਪਰੋਂ ਸ਼ਨਿਚਰਵਾਰ ਦੀ ਸ਼ਾਮ ਨੂੰ ਰੰਗੀਨ ਕਰਨ ਲਈ ਦੋ ਬੋਤਲਾਂ ਵੀ ਦੇਣੋਂ ਨਹੀਂ ਭੁੱਲਿਆ।

ਆਦਮੀ ਦੀ ਫਿਤਰਤ ਹੈ ਅਸੀਂ ਸਮੇਂ ਦੇ ਮੁਤਾਬਿਕ ਹੱਸਦੇ ਹੱਸਦੇ ਰੋ ਵੀ ਪੈਂਦੇ ਹਾਂ ਤੇ ਰੋਂਦੇ ਰੋਂਦੇ ਹੱਸਣਾ ਵੀ ਨਹੀਂ ਭੁੱਲਦੇ। ਪਰ ਬਰਾਇਨ ਨੂੰ ਮੈਂ ਸਦਾ ਹੱਸਦਿਆਂ ਹੀ ਦੇਖਿਆ ਸੀ। ਮੈਂ ਕਿਸੇ ਕਿਤਾਬ 'ਚ ਇਹ ਲਫਜ਼ ਪੜ੍ਹੇ ਸਨ ਕਿ ਇਨਸਾਨ ਉਹੀ ਹੈ, ਜਿਹੜਾ ਸਿਰ ਬੱਦਲਾਂ ਨੂੰ ਛੋਂਹਦਾ ਹੋਵੇ ਪਰ ਪੈਰ ਸਦਾ ਜ਼ਮੀਨ 'ਤੇ ਹੋਣ। ਬਰਾਇਨ ਇਸ ਧਾਰਨਾ ਦਾ ਮੈਨੂੰ ਧੁਰਾ ਲੱਗਦਾ ਸੀ।

ਸਰਦੀਆਂ ਵਿਚ ਬਾਹਰ ਦਾ ਕੰਮ ਬਰਫ਼ ਤੇ ਠੰਡ ਪੈਣ ਕਰਕੇ ਘਟ ਜਾਂਦੇ ਅਤੇ ਹੁੰਦਾ ਵੀ ਬੜਾ ਮੁਸ਼ਕਲ ਸੀ। ਉਧਰ ਘਰ ਫੋਨ ਕਰਨਾ ਤਾਂ ਉਨ੍ਹਾਂ ਕਹਿਣਾ ਐਤਕੀਂ ਸਰਦੀਆਂ ਵਿਚ ਘਰ ਆ। ਇੱਕ ਦਿਨ ਅੰਮਾਂ ਨੇ ਤਾਬੜ-ਤੋੜ ਹਮਲਾ ਕੀਤਾ ਸੀ! ਪੁੱਤ ਆਜਾ ਹੁਣ ਤੇਰੇ ਲਈ ਬੰਨੋ ਵੇਖ ਕੇ ਆਈ ਹਾਂ। ਬਥੇਰਾ ਪਰਦੇਸਾਂ 'ਚ ਇਕੱਲੇ ਨੇ ਰਹਿ ਲਿਆ। ਮਾਂ ਦੇ ਬੋਲਾਂ ਨੂੰ ਸਿਰ ਮੱਥੇ ਕਹਿੰਦਾ ਹਫਤੇ ਵਿਚ ਹੀ ਚਾਰ ਮਹੀਨੇ ਦੀ ਛੁੱਟੀ ਲੈ ਕੇ ਦਸੰਬਰ ਦੇ ਅਖੀਰ ਘਰ ਚਲਾ ਗਿਆ।

ਦੋ ਕੁ ਹਫਤਿਆਂ ਬਾਅਦ ਹੀ ਗ੍ਰਿਸਤ ਦੀ ਜ਼ਿੰਦਗੀ 'ਚ ਬੱਝ ਚਾਰ ਮਹੀਨੇ ਬਾਅਦ ਨਿਊਯਾਰਕ ਵਾਪਸ ਆ ਜਾਂਦਾ ਹਾਂ! ਯਾਰਾਂ-ਦੋਸਤਾਂ ਤੋਂ ਬਾਅਦ ਪਤਾ ਲੱਗਾ ਕਿ ਜਿੱਥੇ ਮੈਂ ਕੰਮ ਕਰਾਉਂਦਾ ਸੀ, ਉਹ ਜੋਬ ਅਜੇ ਖਤਮ ਨਹੀਂ ਹੋਈ। ਸ਼ੇਖ ਕਹਿੰਦਾ ਤੇਰੇ ਜਾਣ ਤੋਂ ਬਾਅਦ ਉੱਥੇ ਬਿਲਕੁਲ ਕੰਮ ਨਹੀਂ ਹੋਇਆ। ਜ਼ੋਰ ਪਾ ਕੇ ਉਸ ਜੋਬ ਨੂੰ ਤੂੰ ਖਤਮ ਕਰ! ਉਸੇ ਹੀ ਜਗ੍ਹਾ 'ਤੇ ਫਿਰ ਮੇਰੀ ਤੈਨਾਤੀ ਹੋ ਗਈ।

ਮਹੀਨਾ ਕੁ ਉਸ ਜੋਬ 'ਤੇ ਬੀਤ ਗਿਆ। ਇੱਕ ਸ਼ਾਮ ਫੇਰ ਅਸੀਂ ਬੇਸ 'ਤੇ ਇਕੱਠੇ ਹੋ ਰਵੀ ਦੇ ਘਰ ਮਹਿਫਲ ਲਾਉਂਦੇ ਹਾਂ! ਹੌਲੀ ਜਿਹੀ ਮੈਂ ਰਵੀ ਨੂੰ ਪੁੱਛਿਆ ਬਰਾਇਨ ਵਾਲੀ ਜੋਬ ਖਤਮ ਹੋ ਗਈ। ਕਹਿੰਦਾ, ਅਜੇ ਨਹੀਂ ਸਰਦੀਆਂ ਕਰਕੇ ਕੰਮ ਬਹੁਤ ਸਲੋਅ ਹੁੰਦਾ। ਮੈਂ ਰਵੀ ਨੂੰ ਝਿਜਕਦੇ ਹੋਏ ਪੁੱਛਿਆ, ਹੁਣ ਤੇਰੇ ਕੰਮ 'ਤੇ ਕਦੇ ਬਰਾਇਨ ਨਹੀਂ ਆਇਆ? ਮਹੀਨਾ ਕੰਮ ਕਰਦਿਆਂ ਨੂੰ ਹੋ ਗਿਆ, ਮੈਂ ਇੱਕ ਵਾਰੀ ਵੀ ਉਹਨੂੰ ਆਪਣੀ ਜੋਬ 'ਤੇ ਨਹੀਂ ਦੇਖਿਆ।

ਇੰਨੀ ਗੱਲ ਕਰਨ 'ਤੇ ਰਵੀ ਤੇ ਸਾਰੇ ਦੋਸਤ ਚੁੱਪ ਤੇ ਮੈਨੂੰ ਹੈਰਾਨ ਹੋ ਕੇ ਦੇਖ ਰਹੇ ਸਨ। ਮੈਂ ਕਿਹਾ, ਇਸ ਵਿਚ ਹੈਰਾਨ ਹੋ ਕੇ ਵੇਖਣ ਵਾਲੀ ਕਿਹੜੀ ਗੱਲ ਹੈ ਮੈਂ ਬਰਾਇਨ ਬਾਰੇ ਹੀ ਪੁੱਛਿਆ? ਤਾਂ ਉਸਨੇ ਨਿੰਮੋਝੂਣੇ ਹੋ ਕਿਹਾ, ਭਾਊ ਸ਼ਾਇਦ ਤੈਨੂੰ ਪਤਾ ਨਹੀਂ ਕਿਉਂਕਿ ਤੂੰ ਇੰਡੀਆ ਗਿਆ ਹੋਇਆ ਸੀ।

ਬਰਾਇਨ ਇਸ ਦੁਨੀਆ 'ਤੇ ਨਹੀਂ ਰਿਹਾ। ਉਹ ਕਾਫੀ ਅਰਸੇ ਤੋਂ ਕੈਂਸਰ ਦੀ ਬਿਮਾਰੀ ਨਾਲ ਪੀੜਤ ਸੀ। ਹਸਪਤਾਲ ਵਾਲਿਆਂ ਨੇ ਜੁਆਬ ਦੇ ਦਿੱਤਾ ਤੇ ਇਕ ਹਫ਼ਤੇ ਬਾਅਦ ਉਹ ਆਪਣੇ ਘਰ ਵਿਚ ਹੀ ਇਹ ਦੁਨੀਆ ਤਿਆਗ ਗਿਆ। ਉਹਦੇ ਜਾਣ 'ਤੇ ਸ਼ੇਖ ਕਹਿੰਦਾ, ਅੱਜ ਮੇਰੀ ਸੱਜੀ ਬਾਂਹ ਟੁੱਟ ਗਈ। ਮੈਂ ਵੀ ਸੁੰਨ ਹੋ ਕੇ ਅੱਖਾਂ ਮੀਟ ਲਈਆਂ। ਬਰਾਇਨ ਦਾ ਘਰ ਨਜ਼ਰ ਆ ਰਿਹਾ ਸੀ। ਜੋਬ ਦੀ ਛੱਤ ਉੱਤੇ ਤੁਰਦਾ ਕਾਲੇ ਬੂਟ, ਕਾਲੀ ਪੈਂਟ, ਚਿੱਟੀ ਕਮੀਜ਼ ਤੇ ਕਾਲੀਆਂ ਐਨਕਾਂ ਤੇ ਉਹਦਾ ਦੁਆਵਾਂ ਵਾਲਾ ਤਕੀਆ ਕਲਾਮ ਬੱਸ ਹੁਣ ਚੇਤਿਆਂ 'ਚ ਹੀ ਰਹਿ ਜਾਵੇਗਾ।

ਮੈਂ ਚੁੱਪ ਨੂੰ ਤੋੜਦਾ ਹੋਇਆ 'ਯਾਰੋ ਆਓ ਆਪਾਂ ਸਾਰੇ ਰਲ ਕੇ ਬਰਾਇਨ ਲਈ ਦੁਆਵਾਂ ਕਰਦੇ ਹਾਂ ਕਿ ਪਰਮਾਤਮਾ ਉਹਨੂੰ ਆਪਣੇ ਚਰਨਾਂ 'ਚ ਨਿਵਾਜੇ। ਅਲਵਿਦਾ ਬਰਾਇਨ।

# ਕੈਨੇਡੀਅਨ ਪੰਜਾਬੀ ਕਵਿਤਾ ਦੇ ਥੀਮਿਕ ਪਾਸਾਰ -1

ਆਦਿ ਕਾਲ ਤੋਂ ਕਵਿਤਾ ਅਤੇ ਮਨੁੱਖ ਦਾ ਰਿਸ਼ਤਾ ਅਟੁੱਟ ਰਿਹਾ ਹੈ। ਸੰਸਾਰ ਭਰ ਵਿਚ ਕਵਿਤਾ ਪਲੇਠਾ, ਪ੍ਰਚੱਲਤ ਅਤੇ ਮਨਪਸੰਦ ਸਾਹਿਤ ਰੂਪ ਮੰਨਿਆ ਜਾਂਦਾ ਹੈ ਜਿਸ ਰਾਹੀਂ ਮਨੁੱਖ ਆਪਣੇ ਮਨੋਭਾਵਾਂ, ਵਿਚਾਰਾਂ, ਉਦਗਾਰਾਂ ਅਤੇ ਫਿਲਾਸਫੀ ਦੀ ਅਭਿਵਿਅਕਤੀ ਕਰਦਾ ਆ ਰਿਹਾ ਹੈ। ਸਭ ਤੋਂ ਪਹਿਲਾਂ ਪੰਜਾਬੀ ਕਵਿਤਾ ਦਾ ਪੱਲਾ ਬਾਰ੍ਹਵੀਂ ਸਦੀ ਵਿਚ ਬਾਬਾ ਫਰੀਦ ਨੇ ਫੜਿਆ ਅਤੇ ਇਹ ਕਈ ਪੜਾਵਾਂ ਵਿਚੋਂ ਲੰਘਦੀ ਪੰਜ ਦਰਿਆ ਪਾਰ ਕਰ ਕੇ ਅੱਜ ਵਿਦੇਸ਼ੀ ਧਰਤੀਆਂ 'ਤੇ ਮੌਲ ਰਹੀ ਹੈ। ਵਿਦੇਸ਼ਾਂ ਵਿਚ ਬਹੁਤ ਵੱਡੀ ਗਿਣਤੀ ਪੰਜਾਬੀਆਂ ਦੀ ਵੱਸੀ ਹੋਈ ਹੈ, ਜੋ ਬੜੀ ਮੁੱਲਵਾਨ ਕਵਿਤਾ ਰਚ ਰਹੇ ਹਨ। ਇਸੇ ਤਰ੍ਹਾਂ ਕੈਨੇਡਾ ਵਿਚ

**ਸੁਰਜੀਤ (ਟੋਰਾਂਟੋ)**
E-Mail: surijtk33@gmial,com

ਇਸ ਸਮੇਂ ਪੰਜਾਬੀ ਕਵੀ ਬੜੀ ਸਰਗਰਮੀ ਨਾਲ ਕਾਵਿਕਾਰੀ ਕਰ ਰਹੇ ਹਨ ਅਤੇ ਇਹ ਮੰਨਿਆ ਜਾਂਦਾ ਹੈ ਕਿ ਇੱਥੇ ਵੱਖ ਵੱਖ ਵਿਧਾਵਾਂ ਵਿਚ ਹਰ ਵਰ੍ਹੇ ਸੌ ਤੋਂ ਵੱਧ ਲੇਖਕਾਂ ਦੀਆਂ ਕਿਤਾਬਾਂ ਛਪਦੀਆਂ ਹਨ। ਕਵਿਤਾ ਮਨੁੱਖ ਦੇ ਹਰ ਭਾਵ ਨੂੰ ਅਭਿਵਿਅਕਤ ਕਰਦੀ ਹੈ ਜਾਂ ਕਹਿ ਲਈਏ ਕਿ ਕਿਸੇ ਸਮਾਜ ਦੀ ਰੂਹ ਦੇ ਦਰਸ਼ਨ ਕਰਵਾਉਣ ਵਿਚ ਸਮਰੱਥ ਹੈ ਤਾਂ ਇਹ ਅਤਿਕਥਨੀ ਨਹੀਂ ਹੋਵੇਗੀ। ਆਪਣੇ ਇਸ ਲੇਖ ਰਾਹੀਂ ਅਸੀਂ ਕੈਨੇਡਾ ਵਿਚ ਲਿਖੀ ਜਾ ਰਹੀ ਪੰਜਾਬੀ ਕਵਿਤਾ ਦੀ ਰੂਹ ਜਾਂ ਥੀਮਿਕ ਪਾਸਾਰਾਂ ਦੀ ਗੱਲ ਕਰਾਂਗੇ।

ਪ੍ਰਸ਼ਨ ਹੈ ਕਿ ਕੈਨੇਡਾ ਵਿਚ ਕਵਿਤਾ ਕਦੋਂ ਤੋਂ ਲਿਖਣੀ ਸ਼ੁਰੂ ਹੋਈ? ਵੀਹਵੀਂ ਸਦੀ ਦੇ ਆਰੰਭ ਵਿਚ ਗਦਰੀ ਬਾਬਿਆਂ ਨੇ ਕੈਨੇਡਾ ਵਿਚ ਜਦੋਂ ਪਰਵੇਸ਼ ਕੀਤਾ ਉਸ ਵੇਲੇ ਦੂਜੇ ਸੰਸਾਰ ਯੁੱਧ ਤੋਂ ਬਾਅਦ ਭਾਰਤ ਦੇ ਲੋਕ ਆਜ਼ਾਦੀ ਦੀ ਪ੍ਰਾਪਤੀ ਲਈ ਜਦੋ-ਜਹਿਦ ਕਰ ਰਹੇ ਸਨ। ਗਦਰੀ ਬਾਬਿਆਂ ਨੇ ਇੱਥੇ ਆ ਕੇ ਆਪਣੇ ਹੌਸਲੇ ਬੁਲੰਦ ਰੱਖਦਿਆਂ ਅੰਗ੍ਰੇਜ਼ੀ ਸਾਮਰਾਜ ਦੀ ਗੁਲਾਮੀ ਦਾ ਜੂਲਾ ਲਾਹ ਸੁੱਟਣ ਦਾ ਬੀੜਾ ਚੁੱਕਿਆ। 1907 ਵਿਚ ਇਸ ਕਾਰਜ ਨੂੰ ਤੀਖਣ ਕਰਨ ਲਈ 'ਗਦਰ ਲਹਿਰ' ਦੀ ਸ਼ੁਰੂਆਤ ਕੀਤੀ ਗਈ। ਉਨ੍ਹਾਂ 'ਸੁਦੇਸ਼ ਸੇਵਕ' ਅਤੇ 'ਸੰਸਾਰ' ਨਾਮੀ ਪਰਚੇ ਕੱਢੇ ਅਤੇ ਆਪਣੇ ਅੰਦੋਲਨ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਕ੍ਰਾਂਤੀਕਾਰੀ ਕਵਿਤਾ ਦੀ ਰਚਨਾ ਕੀਤੀ ਜੋ ਕਿ ਸੰਸਾਰ ਭਰ ਦੇ ਰਸਾਲਿਆਂ ਅਤੇ ਪੁਸਤਕਾਂ ਵਿਚ ਛਪਦੀ ਰਹੀ। 'ਗਦਰ' ਅਤੇ 'ਗਦਰ ਗੂੰਜ' ਰਸਾਲਿਆਂ ਵਿਚ ਵੀ ਪੰਜਾਬੀ ਦਾ ਇਨਕਲਾਬੀ ਸਾਹਿਤ ਛਾਪਿਆ ਜਾਂਦਾ ਰਿਹਾ। "ਇਹ ਕਹਿਣਾ ਕੋਈ ਅਤਿਕਥਨੀ ਨਹੀਂ ਕਿ ਗ਼ਦਰ ਨੂੰ ਪ੍ਰਚੰਡ ਕਰਨ ਵਿਚ ਕਵਿਤਾ ਨੇ ਬਹੁਤ ਵੱਡਾ ਯੋਗਦਾਨ ਪਾਇਆ।" (ਵਿਕੀਪੀਡੀਆ) ਗਦਰ ਲਹਿਰ ਦੀ ਕਵਿਤਾ ਦੇ ਵਿਸ਼ਿਆਂ ਵਿਚ ਨਸਲੀ ਵਿਤਕਰੇ, ਭੂ-ਹੇਰਵਾ, ਬ੍ਰਿਟਿਸ਼ ਸਰਕਾਰ ਪ੍ਰਤੀ ਨਫਰਤ, ਅੰਗ੍ਰੇਜ਼ਾਂ ਨੂੰ ਦੇਸ ਵਿਚੋਂ ਭਜਾਉਣ ਲਈ ਲੋਕਾਂ ਨੂੰ ਦਿੱਤੀ ਪ੍ਰੇਰਨਾ ਅਤੇ ਸਿੱਖ ਵਿਚਾਰਧਾਰਾ ਨਾਲ ਸੰਬੰਧਿਤ ਕਵਿਤਾਵਾਂ ਸ਼ਾਮਿਲ ਹਨ।

ਹਿੰਦੋਸਤਾਨ ਦੇ ਬੱਚਿਓ ਕਰੋ ਛੇਤੀ,
ਚਲੋ ਦੇਸ਼ ਨੂੰ ਗ਼ਦਰ ਮਚਾਣ ਬਦਲੇ।
ਹੀਰਾ ਹਿੰਦ ਬੇ-ਕੀਮਤੀ ਪਿਯਾ ਰੁਲਦਾ,
ਸਸਤਾ ਬੌਹਤ ਜੇ ਮਿਲੇ ਭੀ ਜਾਨ ਬਦਲੇ"

ਕਰਤਾਰ ਸਿੰਘ ਸਰਾਭਾ ਦੀ ਲਿਖੀ ਕਵਿਤਾ ਵਿਚ ਕੁਰਬਾਨੀ ਦਾ ਜਜ਼ਬਾ ਪ੍ਰਬਲ ਸੀ, ਉਹ ਲਿਖਦੇ ਹਨ

"ਸਾਡੇ ਵੀਰਨੋ ਤੁਸੀਂ ਨੇ ਖੁਸ਼ ਰਹਿਣਾ,
ਅਸੀਂ ਆਪਣੀ ਆਪ ਨਿਭਾਅ ਦਿਆਂਗੇ।
ਦੁੱਖ ਝੱਲਾਂਗੇ ਹਸ ਕੇ ਵਾਂਗ ਮਰਦਾਂ,
ਨਾਲ ਖੁਸ਼ੀ ਦੇ ਸੀਸ ਲਗਾਅ ਦਿਆਂਗੇ।
ਖਾਤਰ ਧਰਮ ਦੀ ਜਿੰਦ ਕੁਰਬਾਨ ਕਰਕੇ,
ਜੜ ਜੁਲਮ ਦੀ ਪੁੱਟ ਦਿਖਾ ਦਿਆਗੇ। " (ਵਿਕੀਪੀਡੀਆ)

ਗਦਰ ਲਹਿਰ ਦੀ ਕਵਿਤਾ ਦੇ ਇਕ ਲੰਮੇ ਅੰਤਰਾਲ ਤੋਂ ਬਾਅਦ 1960ਵਿਆਂ ਤੋਂ ਬਹੁਤ ਸਾਰੇ ਭਾਰਤੀਆਂ ਦੀ ਕੈਨੇਡਾ ਵਿਚ ਆਮਦ ਸ਼ੁਰੂ ਹੋ ਗਈ। ਅੰਕੜਿਆਂ ਅਨੁਸਾਰ ਅਜਮੇਰ ਰੋਡੇ ਨੇ 1966, ਨਵਤੇਜ ਭਾਰਤੀ ਤੇ ਸੁਰਿੰਦਰ ਕੌਰ ਚਾਹਲ ਨੇ 1968, ਸੁਰਿੰਦਰ ਗੀਤ ਨੇ 1974, ਇਕਬਾਲ ਰਾਮੂਵਾਲੀਆ ਅਤੇ ਸੁਖਿੰਦਰ ਨੇ 1975 ਵਿਚ ਕੈਨੇਡਾ ਆਵਾਸ ਕੀਤਾ। ਸੋ ਇਉਂ ਕਾਮਾਗਾਟਾ ਮਾਰੂ ਦੀ ਆਮਦ ਤੋਂ ਲੈ ਕੇ ਅੱਜ ਤੱਕ ਪੰਜਾਬੀਆਂ ਨੂੰ ਕੈਨੇਡਾ ਦੀ ਧਰਤੀ 'ਤੇ ਆਇਆਂ ਇਕ ਸਦੀ ਤੋਂ ਉੱਪਰ ਦਾ ਸਮਾਂ ਹੋ ਚੁੱਕਾ ਹੈ। ਸਭ ਤੋਂ ਪਹਿਲਾਂ ਪੰਜਾਬੀ ਕਵਿਤਾ ਨੇ ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਵਿਚ ਆਪਣੇ ਪੈਰ ਜਮਾਉਣੇ ਸ਼ੁਰੂ ਕੀਤੇ। ਸੁਖਵੰਤ ਹੁੰਦਲ ਵੱਲੋਂ ਤਿਆਰ ਕੀਤੀ ਗਈ 'ਕੈਨੇਡਾ ਦੀ ਪੰਜਾਬੀ ਕਵਿਤਾ' ਨਾਂ ਦੀ ਪੁਸਤਕ ਤੋਂ ਗਿਆਤ ਹੁੰਦਾ ਹੈ ਕਿ ਉਨ੍ਹਾਂ 1973 ਵਿਚ 'ਪੰਜਾਬੀ ਲਿਟਰੇਰੀ ਐਸੋਸੀਏਸ਼ਨ' ਨਾਂ ਦੀ ਇਕ ਸਾਹਿਤਕ ਸੰਸਥਾ ਦੀ ਸਥਾਪਨਾ ਕੀਤੀ ਜਿਸ ਵਿਚ ਬਹੁਤ ਸਾਰੇ ਕਵੀ ਜੁੜੇ। ਇਸ ਦੇ ਨਾਲ ਹੀ ਸੁਖਵੰਤ ਹੁੰਦਲ ਵੱਲੋਂ ਕੱਢੇ ਜਾਂਦੇ 'ਵਤਨੋਂ ਦੂਰ' ਨਾਮਕ ਰਸਾਲੇ ਨੇ ਪੰਜਾਬੀ ਸਾਹਿਤ ਨੂੰ ਮੁੜ ਸੁਰਜੀਤ ਕਰਨ ਵਿਚ ਵੱਡਾ ਯੋਗਦਾਨ ਪਾਇਆ। 'ਕੈਨੇਡਾ ਦੀ ਪੰਜਾਬੀ ਕਵਿਤਾ' ਪੁਸਤਕ ਜੋ ਕਿ 1980 ਵਿਚ ਪ੍ਰਕਾਸ਼ਿਤ ਹੋਈ, ਵਿਚ ਅਜਮੇਰ ਰੋਡੇ, ਅਮਰਜੀਤ ਚਾਹਲ, ਇਕਬਾਲ ਰਾਮੂਵਾਲੀਆ, ਸਾਧੂ, ਸੂਫੀ ਅਮਰਜੀਤ, ਸੁਰਜੀਤ ਕਲਸੀ, ਸੁਰਿੰਦਰ ਧੰਜਲ, ਸੁਰਦੇਵ ਜਟਾਣਾ, ਸਰਵਣ ਬੋਲ, ਹਰਦੇਵ ਵੜੈਚ, ਹਰਜਿੰਦਰ ਰਾਣਾ, ਹਰਮਿੰਦਰ, ਕੇਸਰ ਸਿੰਘ, ਕਸ਼ਮੀਰਾ ਸਿੰਘ ਚਮਨ, ਕੁਲਵੰਤ ਸਿੰਘ ਸਹੋਤਾ, ਗੁਰਮੀਤ ਛੀਨਾ, ਗੁਰਚਰਨ ਰਾਮਪੁਰੀ, ਗਿੱਲ ਮੋਰਾਂਵਾਲੀ, ਜਸਬੀਰ ਗੁਰਮ, ਜਰਨੈਲ ਸਿੰਘ, ਜੀਵਨ ਰਾਮਪੁਰੀ, ਦਰਸ਼ਨ ਬੈਂਸ, ਨਵਤੇਜ ਭਾਰਤੀ, ਬਲਦੇਵ ਚੀਮਾ, ਲਾਟ ਭਿੰਡਰ ਆਦਿ 27 ਕਵੀ ਸ਼ਾਮਿਲ ਹਨ। ਅਸੀਂ ਇੱਥੇ ਇਸ ਵਿਸਤਾਰ ਵਿਚ ਨਹੀਂ ਪੈਣਾ ਕਿ ਪਹਿਲਾਂ ਕਿਹੜੇ ਕਵੀ ਨੇ ਕਵਿਤਾ ਰਚੀ ਹੋਵੇਗੀ ਪਰ ਇਸ ਸਾਰੀ ਕਵਿਤਾ ਦੀ ਵੱਥ ਬਹੁਤ ਮੁੱਲਵਾਨ ਹੈ। ਇਨ੍ਹਾਂ ਕਵੀਆਂ ਨੇ ਕੈਨੇਡੀਅਨ ਜ਼ਿੰਦਗੀ ਦੇ ਹਰ ਪਹਿਲੂ 'ਤੇ ਕਾਵਿਕਾਰੀ ਕੀਤੀ। ਜੇ ਅਸੀਂ ਵੀਹਵੀਂ ਸਦੀ ਦੇ ਅੰਤ ਵਿਚ ਕੈਨੇਡਾ ਵਿਚ ਵੱਸਦੇ ਪੰਜਾਬੀਆਂ ਦੀ ਸਮਾਜਿਕ, ਮਾਨਸਿਕ ਅਤੇ ਆਰਥਿਕ ਸਥਿਤੀ ਦੇ ਦਰਸ਼ਨ ਕਰਨੇ ਹੋਣ ਤਾਂ ਉਹ ਇਨ੍ਹਾਂ 27 ਕਵੀਆਂ ਦੀ ਕਵਿਤਾ ਵਿਚੋਂ ਕੀਤੇ ਜਾ ਸਕਦੇ ਹਨ।

ਪਹਿਲਾਂ ਪਹਿਲ ਜਿਹੜੇ ਲੋਕ ਕੈਨੇਡਾ ਆਏ ਉਨ੍ਹਾਂ ਨੇ ਇੱਥੇ ਆ ਕੇ ਸੈਟਲ ਹੋਣ ਲਈ ਬਹੁਤ ਸਾਰੀਆਂ ਕਠਿਨਾਈਆਂ ਦਾ ਸਾਹਮਣਾ ਕੀਤਾ। ਦਰਸ਼ਨ ਬੁੱਟਰ ਆਪਣੀ ਕਾਵਿ ਪੁਸਤਕ "ਗੰਠੜੀ" ਵਿਚ ਲਿਖਦਾ ਹੈ, "ਜ਼ਿੰਦਗੀ ਬਹੁਤ ਹੀ ਦਿਲਕਸ਼ ਅਤੇ ਦਰਦਨਾਕ ਵਰਤਾਰਿਆਂ ਦੇ ਰਹੱਸਮਈ ਸਿਲਸਿਲੇ ਦਾ ਨਾਂ ਹੈ। ਕਵਿਤਾ ਇਸ ਆਨੰਦ ਅਤੇ ਕੁੰਠਾ 'ਚੋਂ ਸਹਿਜ ਗੁਜ਼ਰ ਜਾਣ ਦਾ ਮੰਤਰ ਹੈ।" ਜ਼ਿੰਦਗੀ ਦੇ ਦਰਦਨਾਕ ਵਰਤਾਰਿਆਂ ਵਿਚੋਂ ਲੰਘਦਿਆਂ ਸਾਡੇ ਇਨ੍ਹਾਂ ਕਵੀਆਂ ਨੇ ਕਵਿਤਾ ਰਾਹੀਂ ਕਥਾਰਸਿਜ਼ ਤਾਂ ਕੀਤਾ ਹੀ ਨਾਲ ਹੀ ਵੇਲੇ ਦੇ ਵਰਤਾਰਿਆਂ ਦਾ ਇਕ ਇਤਿਹਾਸ ਵੀ ਸਿਰਜਿਆ। ਕੈਨੇਡਾ ਆ ਕੇ ਲੋਹ-ਭੱਠੀਆਂ ਵਿਚ ਢਲ ਕੇ ਰੋਬੋਟ ਬਣ ਗਏ ਬੰਦਿਆਂ ਦਾ ਮਾਰਮਿਕ ਚਿਤਰਣ ਜਰਨੈਲ ਸਿੰਘ ਇਉਂ ਪੇਸ਼ ਕਰਦਾ ਹੈ,

ਲੋਹ ਨਗਰ ਵਿਚ ਲੋਹ ਭੱਠੀ ਵਿਚ
ਮੈਂਲੋਹੇ ਦੇ ਸੰਗ ਨਿਤ ਢਲਦਾ ਹਾਂ
.............................
ਮੇਰੇ ਹਮਜਿਨਸੋ
ਮੇਰੇ ਅੰਦਰੋਂ ਲਹੂ ਮਾਸ ਦਾ ਮੈਂ ਲੱਭਦੇ ਹੋ?
ਲੋਹੇ ਦੇ ਰੋਬਾਟਾਂ ਅੰਦਰ
ਕਦ ਧੜਕਦੇ ਨੇ ਦਿਲ ਰਕਤ ਦੇ
("ਕੈਨੇਡਾ ਦੀ ਪੰਜਾਬੀ ਕਵਿਤਾ"ਪ.109)

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਜੇ ਪਰਵਾਸ ਵਿਚ ਇੰਨੀਆਂ ਤਕਲੀਫਾਂ ਝੱਲਣੀਆਂ ਪੈਂਦੀਆਂ ਹਨ ਤਾਂ ਬੰਦਾ ਪਰਵਾਸ ਹੀ ਕਿਉਂ ਕਰਦਾ ਹੈ? ਇੱਥੇ ਇਕ ਲੋਕ ਗੀਤ ਦਾ ਹਵਾਲਾ ਦੇਣਾ ਬਣਦਾ ਹੈ,

ਮੋਰ ਪੁਛੀਂਦੇ ਕੂੰਜਾਂ ਕੋਲੋਂ, ਤੁਸਾਂ ਨਿਤ ਪਰਦੇਸ ਤਿਆਰੀ।
ਜਾਂ ਤਾਂ ਤੁਹਾਡਾ ਵਤਨ ਕੁਚੱਜੜਾ, ਜਾਂ ਲੇਖੀਂ ਨਿਤ ਉਡਾਰੀ।
.........
ਧੁਰੋਂ ਲਿਖੀਆਂ ਨੂੰ ਕੋਈ ਮੇਟ ਨਹੀਂ ਸਕਦਾ, ਸਭ ਦਾਤੇ ਚੋਗ ਖਿਲਾਰੀ"

ਪੰਜਾਬੀ ਬੰਦੇ ਨੇ ਸ਼ੌਕ ਨਾਲ ਪਰਵਾਸ ਨਹੀਂ ਕੀਤਾ। ਜ਼ਿਆਦਾਤਰ ਕਿਸਾਨੀ ਕਿੱਤੇ ਨਾਲ ਸੰਬੰਧਿਤ ਕਵੀਆਂ ਨੇ 1947 ਵਿਚ ਦੇਸ਼ ਦੀ ਵੰਡ ਤੋਂ ਬਾਅਦ ਆਈ ਆਰਥਿਕ ਮੰਦਹਾਲੀ ਨਾਲ ਜੂਝਦਿਆਂ ਰੋਜ਼ੀ ਰੋਟੀ ਦੀ ਖਾਤਿਰ ਪਰਦੇਸਾਂ ਨੂੰ ਕੂਚ ਕੀਤਾ। ਸ਼ਾਇਦ ਕੁਦਰਤ ਨੇ ਉਨ੍ਹਾਂ ਦੀ 'ਚੋਗ' ਵਿਦੇਸ਼ੀ ਧਰਤੀ 'ਤੇ ਖਿਲਾਰੀ ਸੀ ਜਿਸ ਨੂੰ ਚੁਗਣ ਲਈ ਉਨ੍ਹਾਂ ਨੂੰ ਵਿਦੇਸ਼ਾਂ 'ਚ ਰੁਲਣਾ ਹੀ ਪੈਣਾ ਸੀ। ਉਨ੍ਹਾਂ ਦੀਆਂ ਕਵਿਤਾਵਾਂ ਵਿਚੋਂ ਉਨ੍ਹਾਂ ਦਾ ਇਹ ਦਰਦ ਮਾਰਮਿਕ ਚਿਤਰ ਪੇਸ਼ ਕਰਦਾ ਹੈ। ਸਾਧੂ ਦੀ ਕਵਿਤਾ ਦੇ ਇੱਕੋ ਬੰਦ ਵਿਚ ਇੱਕੋ ਵੇਲੇ ਆਪਣੇ ਦੇਸ਼ 'ਤੇ ਮਾਣ ਵੀ ਹੈ, ਭੂ-ਹੇਰਵਾ ਵੀ ਸ਼ਾਮਿਲ ਹੈ ਅਤੇ ਪਰਵਾਸ ਕਰਨ ਦਾ ਕਾਰਣ ਵੀ,

ਸਵੇਰੇ ਸਵਖਤੇ ਭਾਫਾਂ ਛੱਡਦੇ ਖੂਹਾਂ ਦੇ ਪਾਣੀ
ਤੁਹਾਡੇ ਸਾਉਨਾ-ਬਾਥ ਤੋਂ ਘੱਟ ਨਹੀਂ ਹੁੰਦੇ
ਮੰਨਿਆ ਕਿ ਉਂਝ ਅਸੀਂ
ਭੁੱਖ ਹੱਥੋਂ ਤੰਗ ਹੋ ਕੇ ਇੱਧਰ ਨੂੰ ਦੌੜੇ ਹਾਂ
("ਕੈਨੇਡਾ ਦੀ ਪੰਜਾਬੀ ਕਵਿਤਾ" ਪੰ 43)

ਭਾਵੇਂ ਦੇਸ ਵਿਚ ਤੰਗੀਆਂ ਸਨ ਪਰ ਪੰਜਾਬੀ ਬੰਦੇ ਦਾ ਆਪਣੀ ਧਰਤੀ, ਆਪਣੇ ਖੇਤਾਂ, ਆਪਣੇ ਖੂਹਾਂ ਨਾਲ ਜੋ ਮੋਹ ਹੈ ਉਹ ਕਦੇ ਨਹੀਂ ਮੁੱਕਦਾ ਤਾਂ ਹੀ ਤਾਂ ਕਵੀ ਨੂੰ ਖੂਹ ਦੇ ਚੁਬੱਚੇ ਵਿਚ ਨਹਾਉਣਾ 'ਸਾਉਨਾ ਬਾਥ' ਤੋਂ ਘੱਟ ਨਹੀਂ ਲੱਗਦਾ। ਆਪਣੀ ਮਿੱਟੀ ਦਾ ਇਹ ਮੋਹ ਤਾਂ ਉਸਦੇ ਦਿਲ ਵਿਚ ਸਦਾ ਬਰਕਰਾਰ ਰਹਿੰਦਾ ਹੈ ਪਰ ਜਦੋਂ ਉਹ ਦੇਸ ਪਰਤਦਾ ਹੈ ਤਾਂ ਹਾਲਾਤ ਬਦਲੇ ਹੋਏ ਹੁੰਦੇ ਹਨ ਉਸਦੇ ਕਈ ਸੁਪਨੇ ਚੂਰ-ਚੂਰ ਹੋ ਜਾਂਦੇ ਹਨ। ਸਾਡਾ ਹਰਮਨ ਪਿਆਰਾ ਕਵੀ ਸੁਰਜੀਤ ਪਾਤਰ ਲਿਖਦਾ ਹੈ,

"ਜੋ ਬਦੇਸਾਂ 'ਚ ਰੁਲਦੇ ਨੇ ਰੋਜ਼ੀ ਲਈ
ਉਹ ਜਦੋਂ ਦੇਸ ਪਰਤਣਗੇ ਆਪਣੇ ਕਦੀ
ਕੁਝ ਤਾਂ ਸੇਕਣਗੇ ਮਾਂ ਦੇ ਸਿਵੇ ਦੀ ਅਗਨ
ਬਾਕੀ ਕਬਰਾਂ ਦੇ ਰੁਖ ਹੇਠ ਜਾ ਬਹਿਣਗੇ"

ਪਰਦੇਸ ਗਏ ਬੰਦੇ ਦੇ ਪਿੱਛੇ ਰਹਿ ਗਏ ਹਮਸਾਇਆਂ ਦੀ ਉਨ੍ਹਾਂ ਪ੍ਰਤੀ ਸੋਚ ਵੱਖਰੀ ਹੁੰਦੀ ਹੈ। ਉਹ ਸੋਚਦੇ ਹਨ ਕਿ ਕੈਨੇਡਾ ਇਕ ਸਵਰਗ ਹੈ ਅਤੇ ਜਦੋਂ ਡਾਲਰਾਂ ਵਿਚ ਪੈਸੇ ਆਉਂਦੇ ਦਿਸਦੇ ਹਨ ਤਾਂ ਹਰ ਕਿਸੇ ਦਾ ਮਨ ਕਰਦਾ ਹੈ ਕਿ ਉਹ ਵੀ ਕੈਨੇਡਾ ਜਾ ਕੇ ਸੁਖੀ ਵੱਸੇ। ਦੇਸੋਂ ਦੋਸਤ ਅਤੇ ਰਿਸ਼ਤੇਦਾਰ ਚਿੱਠੀਆਂ ਲਿਖਦੇ ਨੇ ਕਿ 'ਮੈਨੂੰ ਵੀ ਕਿਸੇ ਤਰ੍ਹਾਂ ਕੈਨੇਡਾ ਬੁਲਾ', ਪਰ ਉਹ ਜਾਣਦਾ ਹੈ ਕਿ ਇੱਥੇ ਆ ਕੇ ਤਨ 'ਤੇ ਹੰਢਾਏ ਦੁੱਖਾਂ ਨੂੰ ਸਹਿਣਾ, ਬਿਗਾਨੇ ਦੇਸ ਵਿਚ ਜਾ ਕੇ ਰੁਲਣਾ, ਭੱਠੀਆਂ 'ਚ ਝੋਕੇ ਜਾਣਾ ਸੌਖਾ ਨਹੀਂ ਹੁੰਦਾ ਇਸ ਲਈ ਉਹ ਆਪਣੇ ਪਿੱਛੇ ਰਹਿ ਗਏ ਹਮਸਾਇਆਂ ਨੂੰ ਖਤ ਲਿਖ ਕੇ ਚੇਤਾਵਨੀ ਦਿੰਦਾ ਹੈ -

ਤੇਰਾ ਖਤ ਆਇਆ
ਤੂੰ ਵੀ ਚਾਹੁੰਦਾ ਉਡਾਰੀ ਲਾਉਣੀ
ਤੇਰੇ ਸੁਪਨਿਆਂ ਵਿਚ ਵੀ
ਸੋਨੇ ਦੇ ਵਾਲਾਂ ਵਾਲੀ
ਪਰੀ ਆਉਣ ਲਗ ਪਈ ਹੈ!
...........
ਇੱਥੇ ਤਾਂ ਜੀਣ ਦਾ ਕੋਈ ਹੱਜ ਨਹੀਂ
(ਸੁਖਵੰਤ ਹੁੰਦਲ, "ਕੈਨੇਡਾ ਦੀ ਪੰਜਾਬੀ ਕਵਿਤਾ"ਪੰ 36)
ਜਾਂ
ਭਠ ਪਰਦੇਸ ਦੀ ਚਾਕਰੀ
ਭਠ ਵੇਸਵਾ ਦਾ ਵਿਹਾਰ
ਇਕ ਦਿਲ ਸਾਡਾ ਆਰ ਟੰਗਿਆ
ਇਕ ਦਿਲ ਸਾਡਾ ਪਾਰ
(ਜਰਨੈਲ ਸਿੰਘ "ਕੈਨੇਡਾ ਦੀ ਪੰਜਾਬੀ ਕਵਿਤਾ"ਪੰ 110)

ਸੋ ਕੈਨੇਡਾ ਰਹਿ ਕੇ ਕਵੀ ਮਨ ਦੋ ਦੇਸਾਂ ਵਿਚ ਫਸਿਆ ਮਹਿਸੂਸ ਕਰਦਾ ਹੈ। ਇਕ ਹੋਰ ਮਹੱਤਵਪੂਰਣ ਪਹਿਲੂ ਹੈ ਇਸ ਕਵਿਤਾ ਦਾ ਜਿਸ ਵਿਚ ਖਤੋ-ਕਿਤਾਬਤ ਦਾ ਜ਼ਿਕਰ ਹੈ। ਅੱਜ ਖਤ ਲਿਖਣੇ ਬੰਦ ਹੋ ਗਏ ਹਨ ਪਰ ਕਦੇ ਖਤਾਂ ਦਾ ਬਹੁਤ ਵੱਡਾ ਆਸਰਾ ਹੁੰਦਾ ਸੀ। ਇਸ ਦੌਰ ਦੇ ਕਵੀਆਂ ਦੁਆਰਾ ਹਮਸਾਇਆਂ ਨੂੰ ਲਿਖੇ ਖਤਾਂ ਦੇ ਅਦਾਨ-ਪਰਦਾਨ ਦਾ ਵਾਰ-ਵਾਰ ਜ਼ਿਕਰ ਆਇਆ ਹੈ। ਓਦਰੇ ਹੋਏ ਕਵੀਆਂ ਦੇ ਖਤਾਂ ਦੀ ਇਬਾਰਤ ਉਦਾਸ ਹੈ, ਸੁਖਵੰਤ ਹੁੰਦਲ ਖਤ ਵਿਚ ਦੇਸ ਵਿਚਲੇ ਦੋਸਤਾਂ ਦੀ ਕਲਪਨਾ ਅਤੇ ਆਪਣੀ ਹੱਡ ਭੰਨਵੀਂ ਮਜ਼ਦੂਰੀ ਦੀ ਅਸਲੀਅਤ ਵਿਚਲੇ ਪਾੜੇ ਬਾਰੇ ਲਿਖਦਾ ਹੈ,

ਤੂੰ ਤਾਂ ਚਿਤਵਿਆ ਹੋਣਾ
ਮੈਨੂੰ ਕੁਰਸੀ ਤੇ ਬੈਠਾ ਮਸ਼ੀਨਾਂ 'ਚ ਘਿਰਿਆ
ਉਂਗਲਾਂ ਨਾਲ ਬਟਨ ਨੱਪਦਾ
ਪਰ ਇੱਥੇ- ਚਾਰ ਜ਼ਰਬ ਬਾਰ੍ਹਾਂ
ਜ਼ਰਬ ਬਾਈ ਫੁੱਟ-
ਸੂਤ ਲੈਂਦਾ ਹੈ ਮੇਰੀ ਸੱਤਿਆ
ਜਾਂ ਜਦੋਂ ਕੱਦ ਨਾਲੋਂ ਉੱਚਾ
ਫੜ ਹੱਥ ਵਿਚ ਝਾੜੂ
ਫਰਸ਼ ਕਰਦਾਂ ਹਾਂ ਟਿਚਨ
("ਕੈਨੇਡਾ ਦੀ ਪੰਜਾਬੀ ਕਵਿਤਾ"ਪ 36)

ਪੰਜਾਬੀ ਕੁੜੀਆਂ ਨੂੰ ਵਿਦੇਸ਼ ਜਾਣ ਦਾ ਬੜਾ ਚਾਅ ਹੁੰਦਾ ਹੈ ਜੇ ਉਨ੍ਹਾਂ ਦੀ ਮੰਗਣੀ ਪ੍ਰਦੇਸ ਵਿਚ ਹੋ ਜਾਂਦੀ ਹੈ ਤਾਂ ਉਹ ਖੂਬਸੂਰਤ ਸੁਪਨੇ ਸੰਜੋਣ ਲਗਦੀਆਂ ਹਨ। ਸੁਪਨੇ ਸਜਾਉਂਦੀ ਆਪਣੀ ਮੰਗੇਤਰ ਨੂੰ ਕਵੀ ਹਿਦਾਇਤ ਕਰਦਾ ਇੱਥੋਂ ਦੇ ਹਾਲਾਤ ਦੱਸਦਾ ਹੈ ਕਿ ਤੇਰੇ ਸੁਪਨੇ ਇੱਥੇ ਆ ਕੇ ਚੂਰ ਚੂਰ ਹੋ ਜਾਣੇ ਨੇ ਜਦੋਂ ਤੈਨੂੰ ਰੈਸਟੋਰੈਂਟਾਂ ਵਿਚ ਕੰਮ ਕਰਨਾ ਪਿਆ,

ਪਰ ਇੱਥੇ ਕਿਸੇ ਧੂੰਏਂ ਭਰੇ
ਰੈਸਤੋਰਾਂ ਵਿਚ ਕਰੇਂਗੀ ਸਾਫ
ਧੁਖਦੇ ਟੋਟਿਆਂ ਵਾਲੀਆਂ ਐਸ਼ਟਰੇਆਂ
ਤਾਂ ਕੀ ਬੀਤੇਗੀ?
("ਕੈਨੇਡਾ ਦੀ ਪੰਜਾਬੀ ਕਵਿਤਾ"ਪੰ 39)

ਅਸੀਂ ਸਾਰੇ ਜਾਣਦੇ ਹਾਂ ਕਿ ਜਦੋਂ ਬੰਦੇ ਨੂੰ ਸੱਟ ਲੱਗਦੀ ਹੈ ਤਾਂ ਉਸਨੂੰ ਸਭ ਤੋਂ ਪਹਿਲਾਂ ਆਪਣੀ ਮਾਂ ਯਾਦ ਆਉਂਦੀ ਹੈ, ਜਦੋਂ ਵਿਦੇਸ਼ 'ਚ ਬੈਠਾ ਬੰਦਾ ਉਦਾਸ ਹੋ ਕੇ ਆਪਣਿਆਂ ਨੂੰ ਖਤ ਲਿਖ ਕੇ ਆਪਣੇ ਦੁਖ ਬਿਆਨਦਾ ਹੈ ਤਾਂ ਉਹ ਆਪਣੀ ਮਾਤ ਭੂਮੀ ਨੂੰ ਯਾਦ ਕਰਦਾ ਹੈ ਪਰ ਉਸਨੂੰ ਇਸ ਗੱਲ ਦਾ ਝੋਰਾ ਹੈ ਕਿ ਉਸ ਤੋਂ ਹੁਣ ਆਪਣੀ ਧਰਤੀ 'ਤੇ ਮੁੜ ਨਹੀਂ ਹੋਣਾ, ਇਸਦਾ ਕਾਰਣ ਵੀ ਉਹ ਦੱਸਦਾ ਹੈ-

ਮੇਰੇ ਦੇਸ਼ ਤੂੰ ਮੈਥੋਂ ਇੰਨਾਂ ਦੂਰ ਹੋ ਗਿਆ
ਜਿੰਨਾਂ ਮੈਥੋਂ ਮੇਰਾ ਬਚਪਨ
...
ਜਦ ਮੁੜਨ ਦੀ ਸੋਚਦਾਂ
ਤਾਂ ਯੁਗਾਂ ਪੁਰਾਣੀ
ਪੇਟ ਦੀ ਭੁੱਖ ਫਿਰ ਧੁਖ ਉੱਠਦੀ ਹੈ
(ਅਮਰਜੀਤ ਚਾਹਲ "ਕੈਨੇਡਾ ਦੀ ਪੰਜਾਬੀ ਕਵਿਤਾ"ਪੰ 39)

ਪਰ ਇਸਦੇ ਉਲਟ ਦੇਸ ਮੁੜ ਵਾਪਿਸ ਨਾ ਜਾ ਸਕਣ ਦਾ ਇਕ ਝੋਰਾ ਹੋਰ ਵੀ ਹੈ ਕਿ ਸੁਖ-ਸੁਵਿਧਾਵਾਂ ਦਾ ਆਦੀ ਹੋ ਗਿਆ ਬੰਦਾ ਜੇ ਦੇਸ ਮੁੜ ਵੀ ਗਿਆ ਵੀ ਤਾਂ ਹੁਣ ਉੱਥੇ ਰਹੇਗਾ ਕਿਵੇਂ?

ਚਲੇ ਵੀ ਗਏ ਤਾਂ ਰਹਿ ਨਹੀਂ ਹੋਣਾ
ਕਾਰ ਟੀ ਵੀ ਫੂਨ ਤੇ ਫਰਿਜ ਦੀ ਮੌਜ
ਨਾਲੇ ਪੈਂਸ਼ਨ ਦਾ ਲਾਲਚ
ਵੀ ਨਹੀਂ ਜਾਣ ਦਿੰਦਾ-
(ਸੂਫੀ ਅਮਰਜੀਤ "ਕੈਨੇਡਾ ਦੀ ਪੰਜਾਬੀ ਕਵਿਤਾ"ਪੰ 48)

ਸ਼ੁਰੂ ਸ਼ੁਰੂ ਵਿਚ ਜਿਹੜੇ ਲੋਕ ਇੱਥੇ ਆਏ ਉਨ੍ਹਾਂ ਨੂੰ ਮਿਹਨਤ-ਮੁਸ਼ੱਕਤ ਤੋਂ ਇਲਾਵਾ ਨਸਲੀ ਵਿਤਕਰਿਆਂ ਦਾ ਵੀ ਸਾਹਮਣਾ ਕਰਨਾ ਪਿਆ। ਬਹੁਤ ਸਾਰੀਆਂ ਉਦਾਹਰਣਾਂ ਮਿਲਦੀਆਂ ਹਨ ਜਦੋਂ ਗੋਰੇ ਤੁਰੇ ਜਾਂਦੇ ਪੰਜਾਬੀਆਂ ਦੀਆਂ ਪੱਗਾਂ ਉਤਾਰ ਦਿੰਦੇ ਸਨ ਜਾਂ ਉਨ੍ਹਾਂ ਨੂੰ ਤੁਰਿਆਂ ਜਾਂਦਿਆਂ ਨੂੰ ਠੁੱਡੇ ਮਾਰ ਕੇ ਸੁੱਟ ਦਿੰਦੇ ਜਾਂ ਬਿਨਾਂ ਵਜ੍ਹਾ ਕੁੱਟਣ ਮਾਰਣ ਲੱਗਦੇ। ਇਨ੍ਹਾਂ ਕਵੀਆਂ ਨੇ ਇਨ੍ਹਾਂ ਘਟਨਾਵਾਂ ਦਾ ਮਾਰਮਿਕ ਚਿਤਰ ਪੇਸ਼ ਕੀਤਾ ਹੈ। ਕਵੀ ਸਾਧੂ ਨੇ ਆਪਣੇ ਪ੍ਰਤੀ ਫੈਲੀ ਨਫਰਤ ਨੂੰ ਆਪਣੀ ਕਵਿਤਾ ਵਿਚ ਇੰਜ ਬਿਆਨਿਆ ਹੈ, ਉਹ ਗੋਰਿਆਂ ਨੂੰ ਮੁਖਾਤਿਬ ਹੋ ਕੇ ਕਹਿੰਦਾ ਹੈ,

ਸਾਡੀਆਂ ਕਈ ਆਦਤਾਂ ਤੁਹਾਨੂੰ
ਚੰਗੀਆਂ ਨਹੀਂ ਲੱਗਦੀਆਂ –
("ਕੈਨੇਡਾ ਦੀ ਪੰਜਾਬੀ ਕਵਿਤਾ"ਪੰ 43)
ਜਾਂ
ਸੌ ਦੁੱਖਾਂ ਦਾ ਦੁਖ ਤਾਂ
'ਈਸਟ ਇੰਡੀਅਨ' ਹੋਣ ਦਾ ਹੈ
ਬਥੇਰਾ ਸਾਬਣ ਮਲੀਦਾ
ਪਰ ਰੰਗ ਕਿੱਥੇ ਬਦਲਦਾ ਸਾਡਾ
ਕਈ ਗੋਰੇ ਤਾਂ ਸਾਨੂੰ ਦੇਖ ਮਚ ਜਾਂਦੇ ਨੇ
ਕਈ ਬੁੜ ਬੁੜ ਕਰਦੇ ਲੰਘ ਜਾਂਦੇ
ਕਈ ਕਾਰ ਵਿਚੋਂ ਥੁੱਕ ਜਾਂਦੇ
...

ਸੂਫੀ ਅਮਰਜੀਤ ਤਾਂ ਇਸ ਤੋਂ ਵੀ ਅੱਗੇ ਦੀ ਗੱਲ ਕਰਦਾ ਹੈ ਜਦੋਂ ਉਹ ਲਿਖਦਾ ਹੈ-

...ਅਸੀਂ ਮਨੁੱਖ ਹੋਵਾਂਗੇ
ਅਸਲੀਅਤ ਇਹੋ ਹੀ ਹੈ ਹਾਲੇ ਵੀ
ਕਿ ਅਸੀਂ ਪੰਜਾਬੀ ਹੀ ਹਾਂ
ਭਾਂਵੇਂ ਅਸੀਂ ਕੈਨੇਡੀਅਨ ਜਿਹੇ ਹੀ ਹੋ ਗਏ।
ਪਰ ਚਿੱਟੀ ਚਮੜੀ ਵਾਲਿਆਂ
"ਈਸਟ-ਇੰਡੀਅਨ"
ਦਾ ਅਬਚਲ ਤਖੱਲਸ
ਸਾਨੂੰ ਬਖਸ਼ ਦਿੱਤਾ ਹੈ।
("ਕੈਨੇਡਾ ਦੀ ਪੰਜਾਬੀ ਕਵਿਤਾ" ਪੰ 46)

ਵਿਤਕਰੇ ਕੇਵਲ ਨਸਲੀ ਨਹੀਂ ਸਨ ਤਾਕਤ ਅਤੇ ਰੁਤਬੇ ਦੇ ਆਧਾਰ 'ਤੇ ਵੀ ਕੀਤੇ ਜਾਂਦੇ ਸਨ। ਇਨ੍ਹਾਂ ਕਾਮਿਆਂ ਨੂੰ ਪੈਰ-ਪੈਰ 'ਤੇ ਮੂੰਹ ਦੀ ਖਾਣੀ ਪੈਂਦੀ ਸੀ। ਜਿਹੜੇ ਪੰਜਾਬੀ ਠੇਕੇਦਾਰ ਬਣ ਜਾਂਦੇ ਉਹ ਵੀ ਆਪਣੀ ਹੀ ਕੌਮ ਦੇ ਬੰਦਿਆਂ ਨਾਲ ਧੋਖੇ ਧੜੀਆਂ ਕਰਦੇ। ਸੂਫੀ ਅਮਰਜੀਤ ਦੀ ਕਵਿਤਾ ਇਸ ਦੀ ਵੀ ਪੁਸ਼ਟੀ ਕਰਦੀ ਹੈ-

ਫਰੇਜ਼ਰ ਵੈਲੀ ਦੇ ਖੇਤਾਂ ਦਾ ਕੰਮ
ਚੀਨਿਆਂ ਤੋਂ ਬਿਨਾਂ ਅਸੀਂ ਹੀ ਸਾਂਭਿਆ ਹੈ
ਪਰ ਪੰਜਾਬੀ ਠੇਕੇਦਾਰ ਨਸਤਰ ਲਾ ਕੇ
ਚੋਖਾ ਲਹੂ ਡੀਕ ਜਾਂਦੇ ਹਨ
("ਕੈਨੇਡਾ ਦੀ ਪੰਜਾਬੀ ਕਵਿਤਾ" ਪੰ 46)

ਪੰਜਾਬੀਆਂ ਵੱਲੋਂ ਅਮੀਰ ਮੰਨੇ ਜਾਣ ਵਾਲੇ ਕੈਨੇਡਾ ਦੇ ਲੋਕ ਕਿਹੋ ਜਿਹੇ ਸਨ ਇਸ ਬਾਰੇ ਵੀ ਕਵੀਆਂ ਨੇ ਬਹੁਤ ਖੁੱਲ੍ਹ ਕੇ ਲਿਖਿਆ ਹੈ। ਇੱਥੇ ਦੇ ਲੋਕ ਵੀ ਗਰੀਬੀ ਨਾਲ ਘੁਲਦੇ ਸਨ ਅਤੇ ਇਕੱਲਤਾ ਭੋਗਦੇ ਸਨ। ਕੈਨੇਡੀਅਨ ਜ਼ਿੰਦਗੀ ਦੀ ਇਕ ਝਲਕ ਅਜਮੇਰ ਰੋਡੇ ਦੀ ਕਵਿਤਾ ਵਿਚ ਵੇਖਣ ਨੂੰ ਮਿਲਦੀ ਹੈ-

ਸ਼੍ਰੀ ਮਤੀ ਸਮਿੱਥ ਇਕੱਲੀ ਰਹਿੰਦੀ ਹੈ
ਘਰ ਦੀ ਸਫਾਈ ਕਰਦੀ ਹੈ
ਸਟੋਵ ਬਾਲਦੀ ਹੈ
ਮਾਸ ਭੁੰਨ ਖਾਂਦੀ ਹੈ
ਕੁੱਤੇ ਦਾ ਮੂੰਹ ਚੁੰਮਦੀ ਹੈ
ਉਸਦੀ ਜੀਭ ਨਾਲ ਜੀਭ ਲਾਉਂਦੀ ਹੈ
ਮੂੰਹ ਤੇ ਪਾਊਡਰ ਲਾਉਂਦੀ ਹੈ
(ਅਜਮੇਰ ਰੋਡੇ, "ਕੈਨੇਡਾ ਦੀ ਪੰਜਾਬੀ ਕਵਿਤਾ" ਪੰ 23)

ਇਸ ਤੋਂ ਉਪਰੰਤ ਉਹ ਦੱਸਦਾ ਹੈ ਕਿ ਉਹ ਤਿਆਰ ਹੋ ਕੇ ਵਿੰਡੋ ਸ਼ੌਪਿੰਗ ਕਰਨ ਜਾਂਦੀ ਹੈ।

ਲਾਟ ਭਿੰਡਰ ਕੈਨੇਡੀਅਨ ਜ਼ਿੰਦਗੀ ਦਾ ਇਕ ਹੋਰ ਹੀ ਪੱਖ ਦਿਖਾਉਂਦਾ ਹੈ-

ਪਰ ਵੀਕਐਂਡ ਤੇ ਜਦ
ਬੀਅਰ-ਪਾਰਲਰ ਚੋਂ ਨਿਕਲੀ
ਗੋਰੀ ਕੁੜੀ ਕੋਈ
ਨਸ਼ੱਈ ਹਾਣੀ ਆਪਣੇ ਦੇ ਨਾਲ
ਮਧਹੋਸ਼ੀ ਦੀ ਹਾਲਤ ਵਿਚ
ਵੈਨ ਉਹਦੀ 'ਚ ਜਾ ਬਹਿੰਦੀ ਹੈ
ਤਾਂ ਦੂਰ ਦੁਨੀਆਂ ਤੋਂ ਉਹਲੇ
ਵੈਨ ਕਿਧਰੇ ਜਾ ਖਲੋਂਦੀ ਹੈ
ਕਿਸੇ ਚੰਨ ਦੇ ਸਾਹਮਣੇ ਜਿਵੇਂ
ਕਾਲੀ ਬਦਲੀ ਕੋਈ ਆ ਖਲੋਂਦੀ ਹੈ
ਹਨੇਰੇ 'ਚ ਖੜੋਤੀ ਵੈਨ ਫਿਰ
ਚਿੱਟਾ ਹਾਸਾ ਹੱਸਦੀ ਹੈ।
("ਕੈਨੇਡਾ ਦੀ ਪੰਜਾਬੀ ਕਵਿਤਾ" ਪੰ 127)

ਇਉਂ 1980 ਤੱਕ ਦੀ ਇਹ ਕਵਿਤਾ ਜੋ ਕਿ 25 ਮਰਦ ਅਤੇ ਦੋ ਨਾਰੀ ਕਵੀਆਂ ਦੀ ਹੈ, ਪੰਜਾਬੀਆਂ ਦੇ ਕੈਨੇਡਾ ਸੈਟਲ ਹੋਣ ਦੇ ਮੁੱਢਲੇ ਸਫ਼ਰ ਦੀਆਂ ਦੁਸ਼ਵਾਰੀਆਂ ਦੀ ਗਾਥਾ ਹੋ ਨਿਬੜਦੀ ਹੈ। ਇਸ ਕਵਿਤਾ ਦੇ ਥੀਮਿਕ ਪਾਸਾਰ ਬਹੁ-ਪੱਖੀ ਹਨ ਜਿਨ੍ਹਾਂ ਵਿਚ ਕਵੀਆਂ ਨੇ ਕੈਨੇਡਾ ਦੀ ਜ਼ਿੰਦਗੀ ਪ੍ਰਤੀ ਆਪਣੇ ਪ੍ਰਤੀਕਰਮ ਖੁੱਲ੍ਹ ਕੇ ਪ੍ਰਗਟਾਏ ਹਨ, ਆਪਣੇ ਨਾਲ ਹੋਣ ਵਾਲੇ ਵਿਤਕਰਿਆਂ ਪ੍ਰਤੀ ਗੁੱਸਾ ਅਤੇ ਨਫਰਤ ਜ਼ਾਹਿਰ ਕੀਤੀ ਹੈ, ਆਪਣੀ ਮਾਤਰ-ਭੂਮੀ ਨੂੰ ਯਾਦ ਕੀਤਾ ਹੈ, ਮਨੁੱਖੀ ਰਿਸ਼ਤਿਆਂ ਦੀ ਗੱਲ ਕੀਤੀ ਹੈ ਅਤੇ ਕੁਝ ਕਵਿਤਾਵਾਂ ਪ੍ਰੋਗਰੈਸਿਵ ਵਿਚਾਰਾਂ ਦੀਆਂ ਧਾਰਣੀ ਵੀ ਮਿਲਦੀਆਂ ਹਨ। ***(ਚੱਲਦਾ)***

# ਪੈਨਲਟੀ ਕਾਰਨਰ ਦਾ ਕਿੰਗ ਸੀ ਪ੍ਰਿਥੀਪਾਲ

## ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661
principalsarwansingh@gmail.com

ਪ੍ਰਿਥੀਪਾਲ ਸਿੰਘ ਹਾਕੀ ਦਾ ਵਿਸ਼ਵ ਪ੍ਰਸਿੱਧ ਫੁੱਲ ਬੈਕ ਖਿਡਾਰੀ ਸੀ। ਉਸ ਨੂੰ ਪੈਨਲਟੀ ਕਾਰਨਰ ਦਾ ਕਿੰਗ ਕਿਹਾ ਜਾਂਦਾ ਸੀ। ਉਹ ਤਿੰਨ ਓਲੰਪਿਕਸ ਖੇਡਿਆ ਤੇ ਤਿੰਨੇ ਵਾਰ ਸਭ ਤੋਂ ਵੱਧ ਗੋਲ ਕੀਤੇ। ਉਸ ਦੀ ਜ਼ੋਰਦਾਰ ਹਿੱਟ ਮੂਹਰੇ ਗੋਲਕੀਪਰਾਂ ਤੇ ਡਿਫੈਂਡਰਾਂ ਦੀ ਕੋਈ ਵਾਹ ਪੇਸ਼ ਨਹੀਂ ਸੀ ਜਾਂਦੀ। ਹਿੱਟ ਰੋਕਣ ਦੀ ਥਾਂ ਉਹ ਬਾਲ ਲਾਂਭੇ ਦੀ ਲੰਘ ਜਾਣ 'ਚ ਹੀ ਬਚਾਅ ਸਮਝਦੇ। ਉਹ ਭਾਰਤੀ ਹਾਕੀ ਟੀਮ ਦਾ ਬੰਬ ਸੀ, ਸਭ ਤੋਂ ਖ਼ਤਰਨਾਕ ਹਥਿਆਰ। ਉਹਦੀ ਖ਼ਤਰਨਾਕ ਹਿੱਟ 'ਤੇ ਕਾਬੂ ਪਾਉਣ ਲਈ ਐੱਫ.ਆਈ.ਐੱਚ ਨੂੰ ਪੈਨਲਟੀ ਕਾਰਨਰ ਲਾਉਣ ਦੇ ਨਿਯਮ ਬਦਲਣੇ ਪਏ ਸਨ!

ਪਹਿਲਾਂ ਪੈਨਲਟੀ ਕਾਰਨਰ ਦੀ ਹਿੱਟ ਸਿੱਧੀ ਗੋਲ ਦੇ ਨੈੱਟ ਵਿਚ ਵੀ ਜਾ ਲੱਗੇ ਤਾਂ ਗੋਲ ਗਿਣਿਆ ਜਾਂਦਾ ਸੀ। ਫਿਰ ਨਿਯਮ ਬਣ ਗਿਆ ਕਿ ਪੈਨਲਟੀ ਕਾਰਨਰ ਦੀ ਹਿੱਟ ਜੇ ਗੋਲ ਪੋਸਟ ਦੇ ਫੱਟੇ 'ਚ ਵੱਜੇ ਤਦ ਹੀ ਗੋਲ ਗਿਣਿਆ ਜਾਵੇਗਾ ਵਰਨਾ ਹਿੱਟ ਫਾਊਲ ਕਰਾਰ ਦੇ ਦਿੱਤੀ ਜਾਵੇਗੀ। ਜਦੋਂ ਇਹ ਨਿਯਮ ਬਣਿਆ ਤਾਂ ਅਖ਼ਬਾਰਾਂ 'ਚ ਚਰਚਾ ਹੋਈ ਕਿ ਪ੍ਰਿਥੀਪਾਲ ਦੀ ਹਿੱਟ ਤੋਂ ਡਰਦਿਆਂ ਹੀ ਪੈਨਲਟੀ ਕਾਰਨਰ ਦਾ ਨਿਯਮ ਬਦਲਿਆ ਗਿਆ ਹੈ! ਨਿਊਜ਼ੀਲੈਂਡ ਦੇ ਇਕ ਅਖ਼ਬਾਰ ਨੇ ਤਾਂ ਪ੍ਰਿਥੀਪਾਲ ਨੂੰ ਭਾਰਤੀ ਹਾਕੀ ਟੀਮ ਦਾ 'ਬੰਬ' ਲਿਖ ਦਿੱਤਾ ਸੀ ਤੇ ਗੋਲਕੀਪਰਾਂ ਨੂੰ ਸੁਚੇਤ ਕੀਤਾ ਸੀ ਕਿ ਉਸ ਦੀ ਹਿੱਟ ਰੋਕਣਾ ਆਪਣੀ ਜਾਨ ਖ਼ਤਰੇ ਵਿਚ ਪਾਉਣਾ ਹੈ। ਇਹੋ ਜਿਹੀ ਸੀ ਨਨਕਾਣੇ ਦੇ ਜੰਮਪਲ ਪ੍ਰਿਥੀਪਾਲ ਸਿੰਘ ਦੀ ਦਹਿਸ਼ਤ!

ਉਸ ਦਾ ਜਨਮ 28 ਫਰਵਰੀ, 1932 ਨੂੰ ਨਨਕਾਣਾ ਸਾਹਿਬ ਵਿਖੇ ਹੋਇਆ ਸੀ। ਤਦੇ ਮੈਂ ਉਹਦੇ ਬਾਰੇ ਲਿਖੇ ਲੇਖ ਦਾ ਨਾਂ 'ਗੁਰੂ ਨਾਨਕ ਦਾ ਗਰਾਂਈਂ' ਰੱਖਿਆ ਸੀ ਜੋ 1966 'ਚ 'ਆਰਸੀ' ਵਿਚ ਛਪਿਆ। ਤਦ ਉਹ ਪੂਰੀ ਚੜ੍ਹਾਈ ਵਿਚ ਸੀ। ਨਨਕਾਣਾ ਸਾਹਿਬ ਦੇ ਗੁਰੂ ਨਾਨਕ ਖ਼ਾਲਸਾ ਹਾਈ ਸਕੂਲ ਵਿਚ ਉਸ ਦੇ ਪਿਤਾ ਸ. ਵਧਾਵਾ ਸਿੰਘ ਮਾਸਟਰ ਸਨ ਜੋ ਖੇਡ ਪ੍ਰੇਮੀ ਸਨ। ਪ੍ਰਿਥੀਪਾਲ ਦਾ ਖੇਡ ਕਰੀਅਰ ਉਸੇ ਸਕੂਲ ਦੇ ਖੇਡ ਮੈਦਾਨ 'ਚੋਂ ਸ਼ੁਰੂ ਹੋਇਆ। ਉਥੇ ਉਹ ਫੁੱਟਬਾਲ ਖੇਡਣ ਲੱਗਾ। ਫਿਰ 1947 ਦੇ ਉਜਾੜੇ 'ਚ ਉਨ੍ਹਾਂ ਨੂੰ ਨਨਕਾਣਾ ਸਾਹਿਬ ਛੱਡ ਕੇ ਬਹਾਦਰਗੜ੍ਹ ਕੋਲ ਪਿੰਡ ਭੱਟ ਮਾਜਰੇ ਆਉਣਾ ਪਿਆ। ਉਥੇ ਅਲਾਟ ਹੋਈ ਜ਼ਮੀਨ ਵਿਚ ਉਨ੍ਹਾਂ ਦਾ ਪਰਿਵਾਰ ਮੁੜ ਖੇਤੀ ਕਰਨ ਲੱਗਾ।

18 ਸਾਲ ਦੀ ਉਮਰੇ ਉਹ ਖੇਤੀਬਾੜੀ ਕਾਲਜ ਲੁਧਿਆਣੇ ਦਾਖਲ ਹੋਇਆ। 1950-51 ਦੇ ਸੈਸ਼ਨ ਵਿਚ ਕੁਲ 120 ਵਿਦਿਆਰਥੀ ਸਨ। ਕਾਲਜ ਦੀ ਹਾਕੀ ਟੀਮ ਬਣਾਉਣ ਲਈ ਗਿਆਰਵਾਂ ਖਿਡਾਰੀ ਨਹੀਂ ਸੀ ਲੱਭ ਰਿਹਾ। ਸਕੂਲ ਵਿਚ ਫੁੱਟਬਾਲ ਖੇਡਦੇ ਰਹੇ ਪ੍ਰਿਥੀਪਾਲ ਨੂੰ ਹੁੰਦੜਹੇਲ ਵੇਖ ਕੇ ਫੁੱਲ ਬੈਕ ਦੀ ਜਗ੍ਹਾ ਖੜ੍ਹਾਅ ਲਿਆ ਗਿਆ। ਉਸ ਜਗ੍ਹਾ ਉਹ ਐਸਾ ਜੰਮਿਆ ਕਿ ਬਾਅਦ ਵਿਚ ਵਿਸ਼ਵ ਦਾ ਸਭ ਤੋਂ ਤਕੜਾ ਫੁੱਲ ਬੈਕ ਖਿਡਾਰੀ ਸਾਬਤ ਹੋਇਆ। ਕਾਲਜ ਦੀ ਹਾਕੀ ਟੀਮ ਵੱਲੋਂ ਉਹ ਹਰ ਸਾਲ ਖੇਡਦਾ। 1955 ਵਿਚ ਉਸ ਨੇ ਪੰਜਾਬ ਯੂਨੀਵਰਸਿਟੀ ਹਾਕੀ ਟੀਮ ਦੀ ਕਪਤਾਨੀ ਕੀਤੀ। ਖੇਡਣ ਦੇ ਨਾਲ ਉਹ ਪੜ੍ਹਾਈ ਵਿਚ ਵੀ ਵਜ਼ੀਫ਼ੇ ਲੈਂਦਾ ਰਿਹਾ। ਉਹਦਾ ਕੱਦ 5 ਫੁੱਟ 9 ਇੰਚ ਸੀ ਤੇ ਵਜ਼ਨ 71 ਕਿਲੋਗਰਾਮ। ਨੱਕ ਤਿੱਖਾ ਸੀ, ਮੱਥਾ ਚੌੜਾ, ਮੁੱਛਾਂ ਨਿੱਕੀਆਂ, ਬੁੱਲ੍ਹ ਢਾਲੂ ਤੇ ਬਾਹਾਂ ਤਕੜੀਆਂ ਸਨ। ਹੱਥ ਉਸ ਤੋਂ ਵੀ ਤਕੜੇ ਤੇ ਉਂਗਲਾਂ ਮੋਟੀਆਂ ਮਜ਼ਬੂਤ। ਜਦ ਦੌੜਦਾ ਤਾਂ ਉਹਦੀ ਗਿੱਚੀ ਪਿੱਛੇ ਲਟਕਦੇ ਵਾਲ ਛਾਲਾਂ ਮਾਰਦੇ ਲੱਗਦੇ। ਮੈਦਾਨ 'ਚ ਖੜ੍ਹਾ ਉਹ ਲੋਹੜੇ ਦਾ ਸਜਦਾ।

ਕਾਲਜ ਤੇ ਯੂਨੀਵਰਸਿਟੀ ਵਿਚ ਉਹ 1950 ਤੋਂ 56 ਤਕ ਪੜ੍ਹਿਆ ਤੇ ਖੇਡਿਆ। ਐੱਮਐੱਸਸੀ ਫਸਟ ਕਲਾਸ ਵਿਚ ਕਰਨ ਪਿੱਛੋਂ ਲੈਕਚਰਾਰ ਲੱਗਣਾ ਸੀ ਪਰ ਉਸ ਨੂੰ ਜਲੰਧਰ ਦੇ ਪੁਲੀਸ ਅਫਸਰ ਅਸ਼ਵਨੀ ਕੁਮਾਰ ਨੇ ਪੰਜਾਬ ਪੁਲਿਸ ਵਿਚ ਠਾਣੇਦਾਰ ਭਰਤੀ ਕਰ ਲਿਆ। ਪੰਜਾਬ ਪੁਲਿਸ ਦੀ ਟੀਮ ਕੱਪ 'ਤੇ ਕੱਪ ਜਿੱਤਣ ਲੱਗੀ। 1958 ਵਿਚ ਉਹ ਭਾਰਤੀ ਹਾਕੀ ਟੀਮ ਵਿਚ ਚੁਣਿਆ ਗਿਆ। ਉਸ ਟੀਮ ਨੇ ਕੀਨੀਆ, ਯੂਗਾਂਡਾ, ਤਨਜ਼ਾਨੀਆ ਤੇ ਜ਼ੰਜ਼ੀਬਾਰ ਵਿਚ ਮੈਚ ਖੇਡੇ। 1959 ਵਿਚ ਉਹ ਮਿਊਨਿਖ਼ ਦਾ ਅੰਤਰਰਾਸ਼ਟਰੀ ਹਾਕੀ ਟੂਰਨਾਮੈਂਟ ਖੇਡਿਆ ਤੇ ਯੂਰਪ ਦੇ ਕਈ ਮੁਲਕਾਂ ਦਾ ਦੌਰਾ ਕੀਤਾ। 1960 'ਚ ਰੋਮ ਦੀਆਂ ਓਲੰਪਿਕ ਖੇਡਾਂ ਵਿਚ ਉਸ ਨੇ ਡੈਨਮਾਰਕ ਤੇ ਹਾਲੈਂਡ ਦੀਆਂ ਟੀਮਾਂ ਵਿਰੁੱਧ ਹੈਟ ਟ੍ਰਿਕ ਮਾਰੇ। ਹਾਲੈਂਡ ਵਿਰੁਧ ਤਾਂ ਤਿੰਨੇ ਗੋਲ ਅਖ਼ੀਰਲੇ ਛੇ ਸੱਤ ਮਿੰਟਾਂ ਵਿਚ ਹੀ ਕੀਤੇ। ਏਡੀ ਵੱਡੀ ਪ੍ਰਾਪਤੀ ਪਿੱਛੋਂ ਉਸ ਨੂੰ ਵਿਸ਼ਵ ਦਾ ਬਿਹਤਰੀਨ ਪੈਨਲਟੀ ਕਾਰਨਰ ਲਾਉਣ ਵਾਲਾ ਖਿਡਾਰੀ ਕਿਹਾ ਜਾਣ ਲੱਗਾ। ਉਥੇ ਭਾਰਤੀ ਟੀਮ ਦੇ ਗੋਲਾਂ ਵਿਚੋਂ ਸਭ ਤੋਂ ਵੱਧ ਗੋਲ ਉਹਦੀ ਸਟਿੱਕ ਨਾਲ ਹੀ ਹੋਏ।

1961 'ਚ ਇਕ ਇੰਟਰਨੈਸ਼ਨਲ ਹਾਕੀ ਟੂਰਨਾਮੈਂਟ ਅਹਿਮਦਾਬਾਦ ਵਿਖੇ ਹੋਇਆ। ਉਥੇ ਜਰਮਨੀ ਵਿਰੁੱਧ ਫਾਈਨਲ ਮੈਚ ਪ੍ਰਿਥੀਪਾਲ ਦੇ ਪੈਨਲਟੀ ਕਾਰਨਰ ਨਾਲ ਜਿੱਤਿਆ ਗਿਆ। ਉਸੇ ਸਾਲ ਉਹ ਭਾਰਤੀ ਟੀਮ ਨਾਲ ਨਿਊਜ਼ੀਲੈਂਡ ਤੇ ਆਸਟ੍ਰੇਲੀਆ ਦੇ ਟੂਰ 'ਤੇ ਗਿਆ। 1962 ਵਿਚ ਜਕਾਰਤਾ ਦੀਆਂ ਏਸ਼ਿਆਈ ਖੇਡਾਂ ਵਿਚੋਂ ਚਾਂਦੀ ਦਾ ਤਗ਼ਮਾ ਜਿੱਤਿਆ। ਫਿਰ ਅਸ਼ਵਨੀ ਕੁਮਾਰ ਨਾਲ ਅਣਬਣ ਹੋ ਜਾਣ ਪਿੱਛੋਂ 1963 'ਚ ਉਹ ਪੰਜਾਬ ਪੁਲਿਸ ਛੱਡ ਕੇ ਰੇਲਵੇ ਪੁਲਿਸ ਵਿਚ ਚਲਾ ਗਿਆ। ਉਹ ਅਣਖੀ ਖਿਡਾਰੀ ਸੀ ਤੇ ਕਿਸੇ ਦੀ ਈਨ ਨਹੀਂ ਸੀ ਮੰਨਦਾ। ਰੇਲਵੇ 'ਚ ਜਾਣ ਨਾਲ ਉਹਦੀ ਟੀਮ ਦੇਸ਼ ਦੇ ਵੱਡੇ ਹਾਕੀ ਕੱਪ ਜਿੱਤਣ ਲੱਗੀ। ਉਥੇ ਉਸ ਨੂੰ ਰੇਲਵੇ ਮਨਿਸਟਰ ਮੈਡਲ ਨਾਲ 'ਬੈੱਸਟ ਰੇਲਵੇ ਸਪੋਰਟਸਮੈਨ' ਵਜੋਂ ਸਨਮਾਨਿਆ ਗਿਆ। ਅਸ਼ਵਨੀ ਕੁਮਾਰ ਨੇ ਉਸ ਨੂੰ ਸਬਕ ਸਿਖਾਉਣ ਲਈ ਭਾਰਤੀ ਹਾਕੀ ਟੀਮ ਵਿਚੋਂ ਕੱਢ ਦਿੱਤਾ ਜਿਸ ਦੀ ਅਖ਼ਬਾਰਾਂ 'ਚ ਕਾਫੀ ਆਲੋਚਨਾ ਹੋਈ। ਸੁਆਲ ਉਠਾਇਆ ਗਿਆ, "ਕੀ ਉਹ ਪੰਜਾਬ ਪੁਲੀਸ ਛੱਡਣ ਤੇ ਰੇਲਵੇ 'ਚ ਜਾਣ ਨਾਲ ਹੀ ਚੰਗੇ ਖਿਡਾਰੀ ਤੋਂ ਮਾੜਾ ਖਿਡਾਰੀ ਬਣ ਗਿਆ?"

ਉਤੋਂ ਟੋਕੀਓ-1964 ਦੀਆਂ ਓਲੰਪਿਕ ਖੇਡਾਂ ਆ ਗਈਆਂ। ਉਦੋਂ ਭਾਰਤ ਕੋਲੋਂ ਓਲੰਪਿਕ ਤੇ ਏਸ਼ੀਆ ਦੀ ਹਾਕੀ ਗੁਰਜ ਖੁੱਸੀ ਹੋਈ ਸੀ ਜੋ ਮੁੜ ਜਿੱਤਣੀ ਸੀ। ਮੀਡੀਆ ਨੇ ਪ੍ਰਿਥੀਪਾਲ ਸਿੰਘ ਦੇ ਹੱਕ 'ਚ ਆਵਾਜ਼ ਚੁੱਕੀ ਤਾਂ ਉਸ ਨੂੰ ਮੁੜ ਭਾਰਤੀ ਟੀਮ ਵਿਚ ਪਾ ਲਿਆ ਗਿਆ। ਰੋਮ ਵਾਂਗ ਟੋਕੀਓ 'ਚ ਵੀ ਉਸ ਨੇ ਸਭ ਤੋਂ ਵੱਧ ਗੋਲ ਕੀਤੇ। ਫਾਈਨਲ ਮੈਚ ਰੋਮ ਦੇ ਫਾਈਨਲ ਵਾਂਗ ਫਿਰ ਭਾਰਤ ਤੇ ਪਾਕਿਸਤਾਨ ਵਿਚਕਾਰ ਆਣ ਪਿਆ। ਉਦੋਂ ਪਾਕਿਸਤਾਨੀ ਖਿਡਾਰੀ ਸਮਝਦੇ ਸਨ ਕਿ ਭਾਰਤੀ ਕੁੜੀਆਂ ਵਾਂਗ ਸੋਹਲ ਖੇਡ ਖੇਡਦੇ ਹਨ



ਇਸ ਲਈ ਉਨ੍ਹਾਂ ਨੂੰ ਮਾਰ ਧਾੜ ਦੀ ਖੇਡ ਨਾਲ ਹਰਾਇਆ ਜਾ ਸਕਦੈ।

ਪ੍ਰਿਥੀਪਾਲ ਹੋਰਾਂ ਨੇ ਮਤਾ ਪਕਾ ਲਿਆ ਕਿ ਐਤਕੀਂ ਉਨ੍ਹਾਂ ਨੂੰ ਬੰਦਿਆਂ ਵਾਂਗ ਟੱਕਰਨਾ। ਮੈਚ ਦੇ ਦੂਜੇ ਅੱਧ 'ਚ ਹਾਕੀਆਂ ਭਿੜ ਪਈਆਂ। ਜਪਾਨ ਦੇ ਅਖ਼ਬਾਰ 'ਯਮੇਰੀ' ਨੇ ਉਹਦੀ ਤਸਵੀਰ ਛਾਪੀ ਜਿਸ ਵਿਚ ਪਾਕਿਸਤਾਨੀ ਖਿਡਾਰੀ ਨੇ ਭਾਰਤੀ ਟੀਮ ਦੇ ਕਪਤਾਨ ਚਰਨਜੀਤ ਸਿੰਘ ਉੱਤੇ ਹਾਕੀ ਉੱਘਰੀ ਹੋਈ ਸੀ ਤੇ ਪ੍ਰਿਥੀਪਾਲ ਨੇ ਪਾਕਿਸਤਾਨੀ ਖਿਡਾਰੀ ਦੇ ਗਿੱਟਿਆਂ ਵਿਚ ਹਾਕੀ ਅੜਾ ਕੇ ਉਹਦੀਆਂ ਰਗਾਂ ਨੂੰ ਹੱਥ ਪਾਇਆ ਹੋਇਆ ਸੀ। ਇਸ ਨਾਲ ਭਾਰਤੀ ਖਿਡਾਰੀਆਂ ਦੀ ਸੋਹਲ ਖੇਡ ਦਾ ਭੁਲੇਖਾ ਨਿਕਲ ਗਿਆ। ਭਾਰਤ ਇਕ ਗੋਲ ਨਾਲ ਅੱਗੇ ਸੀ। ਪਾਕਿਸਤਾਨ ਦਾ ਫਾਰਵਰਡ 'ਬੋਲ਼ਾ' ਪ੍ਰਿਥੀਪਾਲ ਤੋਂ ਡਰਦਾ ਉਹਦੇ ਲਵੇ ਲੱਗਣੋਂ ਹੀ ਹਟ ਗਿਆ। ਬੋਲ਼ੇ ਨੂੰ ਅੱਗੇ ਵਧਣੋਂ ਝਿਜਕਦਿਆਂ ਵੇਖ ਫੁੱਲ ਬੈਕ ਤਨਵੀਰ ਨੇ ਕਿਹਾ, "ਬੋਲਿਆ ਮਰ 'ਗਾਂਹ, ਗੋਲ ਉਤਾਰ।" ਬੋਲ਼ੇ ਨੇ ਜਵਾਬ ਦਿੱਤਾ, "ਇਹ ਨ੍ਹੀ ਉਤਰਦਾ ਹੁਣ, 'ਗਾਂਹ ਤੇਰਾ ਪਿਉ ਖੜ੍ਹਾ!" ਇੰਜ ਭਾਰਤ ਨੇ ਰੋਮ ਦੀ ਹਾਰ ਦਾ ਬਦਲਾ ਲਿਆ।

ਟੋਕੀਓ 'ਚ ਭਾਰਤੀ ਟੀਮ ਦੇ 22 ਗੋਲਾਂ ਵਿਚੋਂ 11 ਗੋਲ ਪ੍ਰਿਥੀਪਾਲ ਸਿੰਘ ਨੇ ਕੀਤੇ। ਦੋ ਸਾਲ ਬਾਅਦ 1966 ਦੀਆਂ ਏਸ਼ਿਆਈ ਖੇਡਾਂ ਬੈਂਕਾਕ ਵਿਚ ਹੋਈਆਂ। ਉਦੋਂ ਗੋਲਚੀ ਸ਼ੰਕਰ ਲਖਸ਼ਮਣ ਤੋਂ ਬਿਨਾਂ ਅੱਗੇ ਖੇਡਣ ਵਾਲੇ ਸਾਰੇ ਖਿਡਾਰੀ ਜੂੜਿਆਂ ਵਾਲੇ ਸਰਦਾਰ ਸਨ। ਉਥੇ ਭਾਰਤੀ ਹਾਕੀ ਟੀਮ ਨੇ ਪਹਿਲੀ ਵਾਰ ਏਸ਼ਿਆਈ ਖੇਡਾਂ ਦਾ ਗੋਲਡ ਮੈਡਲ ਜਿੱਤਿਆ। ਕੁਝ ਮਹੀਨੇ ਬਾਅਦ ਪ੍ਰਿਥੀਪਾਲ ਰੇਲਵੇ ਦੀ ਨੌਕਰੀ ਛੱਡ ਕੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਹਿਸਾਰ ਕੈਂਪਸ ਵਿਚ ਸਟੂਡੈਂਟਸ ਵੈੱਲਫੇਅਰ ਵਿਭਾਗ ਦਾ ਡਿਪਟੀ ਡਾਇਰੈਕਟਰ ਬਣ ਗਿਆ। ਡਿਪਟੀ ਡਾਇਰੈਕਟਰ ਹੁੰਦਿਆਂ ਵੀ ਉਹ ਸਰਗਰਮ ਹਾਕੀ ਖੇਡਦਾ ਰਿਹਾ।

1967 ਵਿਚ ਪ੍ਰਿਥੀਪਾਲ ਨੂੰ ਭਾਰਤੀ ਹਾਕੀ ਟੀਮ ਦਾ ਕੈਪਟਨ ਬਣਾਇਆ ਗਿਆ ਜਿਸ ਨੇ ਜਰਮਨੀ ਤੇ ਨੀਦਰਲੈਂਡਜ਼ ਦੀਆਂ ਟੀਮਾਂ ਖਿਲਾਫ਼ ਟੈੱਸਟ ਮੈਚ ਖੇਡੇ। ਉਸੇ ਸਾਲ ਭਾਰਤੀ ਟੀਮ ਨੇ ਉਸ ਦੀ ਕਪਤਾਨੀ ਵਿਚ ਮੈਡਰਿਡ ਦਾ ਅੰਤਰਾਸ਼ਟਰੀ ਟੂਰਨਾਮੈਂਟ ਜਿੱਤਿਆ। 1968 ਵਿਚ ਮੈਕਸੀਕੋ ਦੀਆਂ ਓਲੰਪਿਕ ਖੇਡਾਂ ਸਮੇਂ ਪ੍ਰਿਥੀਪਾਲ ਸਿੰਘ ਤੇ ਗੁਰਬਖ਼ਸ਼ ਸਿੰਘ ਨੂੰ ਜਾਇੰਟ ਕਪਤਾਨ ਬਣਾਇਆ ਗਿਆ। ਉਥੇ ਵੀ ਪ੍ਰਿਥੀਪਾਲ ਨੇ ਸਭ ਤੋਂ ਵੱਧ ਗੋਲ ਕੀਤੇ ਪਰ ਟੀਮ ਕਾਂਸੀ ਦਾ ਤਗ਼ਮਾ ਹੀ ਜਿੱਤ ਸਕੀ। ਇੰਜ ਪ੍ਰਿਥੀਪਾਲ ਸਿੰਘ ਪਾਸ ਓਲੰਪਿਕ ਖੇਡਾਂ ਦੇ ਸੋਨੇ, ਚਾਂਦੀ ਤੇ ਕਾਂਸੀ ਦੇ ਤਿੰਨ ਤਗਮੇ ਹਨ ਅਤੇ ਏਸ਼ਿਆਈ ਖੇਡਾਂ ਦਾ ਇਕ ਗੋਲਡ ਤੇ ਇਕ ਸਿਲਵਰ ਮੈਡਲ ਹੈ। ਉਸ ਦੇ ਕੁਲ ਮੈਡਲ ਤਾਂ ਦੋ ਦਰਜਨ ਤੋਂ ਵੀ ਵੱਧ ਹੋਣਗੇ।

ਮੈਕਸੀਕੋ ਦੀਆਂ ਓਲੰਪਿਕ ਖੇਡਾਂ ਪਿੱਛੋਂ ਉਹ ਸਰਗਰਮ ਹਾਕੀ ਤੋਂ ਰਿਟਾਇਰ ਹੋ ਗਿਆ। ਤਦ ਤਕ ਉਹ ਪੀਏਯੂ ਲੁਧਿਆਣਾ ਵਿਖੇ ਵਿਦਿਆਰਥੀ ਭਲਾਈ ਵਿਭਾਗ ਦਾ ਡਾਇਰੈਕਟਰ ਬਣ ਚੁੱਕਾ ਸੀ। ਉਹਦੀ ਆਮਦ ਨਾਲ ਖੇਤੀਬਾੜੀ ਯੂਨੀਵਰਸਿਟੀ ਦੀਆਂ ਖੇਡ ਸਰਗਰਮੀਆਂ ਵਿਚ ਹੋਰ ਵੀ ਵਾਧਾ ਹੋ ਗਿਆ। ਉਥੇ ਖੇਡਾਂ ਦੇ ਵੱਡੇ ਟੂਰਨਾਮੈਂਟ ਕਰਾਏ ਜਾਣ ਲੱਗੇ। ਉਸ ਨੂੰ ਕੁਝ ਸਮਾਂ ਭਾਰਤੀ ਹਾਕੀ ਟੀਮਾਂ ਦੀ ਚੋਣ ਕਮੇਟੀ ਦਾ ਪ੍ਰਧਾਨ ਬਣਾਇਆ ਗਿਆ। ਉਹ ਅੰਤਰਾਰਸ਼ਟਰੀ ਹਾਕੀ ਟੂਰਨਾਮੈਂਟਾਂ ਦਾ ਆਬਜ਼ਰਵਰ ਰਿਹਾ ਅਤੇ ਨੈਸ਼ਨਲ ਇੰਸਟੀਚਿਊਟ ਆਫ਼ ਸਪੋਰਟਸ ਪਟਿਆਲਾ ਤੇ ਲਕਸ਼ਮੀ ਬਾਈ ਕਾਲਜ ਆਫ਼ ਫਿਜ਼ੀਕਲ ਐਜੂਕੇਸ਼ਨ ਗਵਾਲੀਅਰ ਦੀਆਂ ਪ੍ਰਬੰਧਕ ਕਮੇਟੀਆਂ ਦਾ ਵੀ ਮੈਂਬਰ ਰਿਹਾ। ਹਾਕੀ ਖਿਡਾਰੀਆਂ ਵਿਚੋਂ ਉਸ ਨੂੰ ਸਭ ਤੋਂ ਪਹਿਲਾਂ ਅਰਜਨ ਅਵਾਰਡ ਮਿਲਿਆ ਤੇ ਪਦਮ ਸ੍ਰੀ ਦੀ ਉਪਾਧੀ ਨਾਲ ਵੀ ਸਨਮਾਨਿਆ ਗਿਆ।

1969 ਵਿਚ ਗੁਰੂ ਨਾਨਕ ਦੇਵ ਜੀ ਦੇ 500ਵੇਂ ਪ੍ਰਕਾਸ਼ ਉਤਸਵ 'ਤੇ ਮੈਂ ਨਨਕਾਣਾ ਸਾਹਿਬ ਗਿਆ ਤਾਂ ਪ੍ਰਿਥੀਪਾਲ ਦੀ ਇੱਛਾ ਅਨੁਸਾਰ ਉਹਦੇ ਪਹਿਲੇ ਖੇਡ ਮੈਦਾਨ ਦੀ ਮਿੱਟੀ ਲੈ ਆਇਆ। ਮੁੜ ਕੇ ਲੁਧਿਆਣੇ ਰਹਿੰਦੇ ਪ੍ਰਿਥੀਪਾਲ ਦੇ ਪਰਿਵਾਰ ਨੂੰ ਉਨ੍ਹਾਂ ਦੇ ਪੁਰਾਣੇ ਘਰ, ਸਕੂਲ ਤੇ ਹੱਟੀਆਂ ਭੱਠੀਆਂ ਦਾ ਹਾਲ ਚਾਲ ਦੱਸਿਆ। ਦੱਸਿਆ ਕਿ ਉਨ੍ਹਾਂ ਦੇ ਘਰ 'ਚ ਹੁਣ ਨਕੋਦਰ ਦੇ ਜੁਲਾਹੇ ਰਹਿੰਦੇ ਹਨ। ਉਨ੍ਹਾਂ ਨੇ ਤੁਹਾਨੂੰ ਸਲਾਮ ਆਖੀ ਹੈ। ਨਨਕਾਣਾ ਸਾਹਿਬ ਦੀਆਂ ਗੱਲਾਂ ਸੁਣਦਿਆਂ ਪ੍ਰਿਥੀਪਾਲ ਸਿੰਘ ਦੀਆਂ ਅੱਖਾਂ 'ਚ ਹੰਝੂ ਤੈਰ ਆਏ। ਪੁਰਾਣੀਆਂ ਯਾਦਾਂ ਵੀ ਕਿਆ ਯਾਦਾਂ ਹੁੰਦੀਆਂ ਨੇ! ਤਦੇ ਤਾਂ ਕਿਹਾ ਜਾਂਦੈ ਕਿ ਬੰਦੇ ਦਾ ਬਚਪਨ ਭਾਵੇਂ ਕਿਹੋ ਜਿਹਾ ਵੀ ਗੁਜ਼ਰਿਆ ਹੋਵੇ, ਹੁਲਾਰਾ ਜਿਹਾ ਆ ਜਾਂਦੈ ਬਚਪਨ ਨੂੰ ਯਾਦ ਕਰ ਕੇ। ਪ੍ਰਿਥੀਪਾਲ ਵੀ ਬਚਪਨ ਦੀਆਂ ਗੱਲਾਂ ਕਰਦਾ ਸੁਣਦਾ ਬੱਚਾ ਬਣ ਜਾਂਦਾ ਸੀ!

ਮੈਂ ਉਸ ਨੂੰ ਪਹਿਲੀ ਵਾਰ ਦਿੱਲੀ ਦੇ ਸ਼ਿਵਾ ਜੀ ਸਟੇਡੀਅਮ ਵਿਚ ਮਿਲਿਆ ਸਾਂ ਤੇ ਫਿਰ ਖੇਤੀਬਾੜੀ ਯੂਨੀਵਰਸਿਟੀ ਦੇ ਹਿਸਾਰ ਕੈਂਪਸ ਵਿਚ ਉਸ ਕੋਲ ਰਾਤ ਰਿਹਾ ਸਾਂ। ਜਦੋਂ ਉਹ ਲੁਧਿਆਣੇ ਆ ਗਿਆ ਤਾਂ ਸਾਡਾ ਆਮ ਹੀ ਮੇਲ ਮਿਲਾਪ ਹੋਣ ਲੱਗਾ। ਉਹ ਸਾਡੇ ਪਿੰਡ ਚਕਰ ਤੇ ਢੁੱਡੀਕੇ ਕਾਲਜ ਵਿਚ ਵੀ ਜਾ ਆਇਆ ਸੀ ਪਰ ਮੈਂ ਉਸ ਦਾ ਨਵਾਂ ਪਿੰਡ ਭੱਟ ਮਾਜਰਾ ਨਹੀਂ ਸਾਂ ਵੇਖ ਸਕਿਆ।

ਨਵੀਂ ਦਿੱਲੀ ਦੀਆਂ ਏਸ਼ਿਆਈ ਖੇਡਾਂ-1982 ਪਿੱਛੋਂ ਲੁਧਿਆਣੇ ਹੋਈ ਗੱਲਬਾਤ ਮੈਨੂੰ ਮੁੜ-ਮੁੜ ਯਾਦ ਆ ਜਾਂਦੀ ਹੈ। ਉਦੋਂ ਉਸ ਨੇ ਭਾਰਤ ਦੇ ਰਾਸ਼ਟਰਪਤੀ ਨੂੰ ਲਿਖੇ ਪੱਤਰ ਦੀ ਇਕ ਕਾਪੀ ਮੈਨੂੰ ਦਿੱਤੀ ਸੀ। ਉਸ ਵਿਚ ਲਿਖਿਆ ਸੀ ਕਿ ਦਿੱਲੀ ਏਸ਼ੀਆਡ ਦੇ ਅਧਿਕਾਰੀਆਂ ਨੇ ਓਲੰਪਿਕ ਖੇਡਾਂ ਦੇ ਗੋਲਡ ਮੈਡਲ ਜਿੱਤਣ ਵਾਲਿਆਂ ਨੂੰ ਵੀ ਸੱਦਾ ਪੱਤਰ ਨਹੀਂ ਸਨ ਭੇਜੇ। ਪ੍ਰਿਥੀਪਾਲ ਸਿੰਘ ਨੂੰ ਕੋਈ ਸੱਦਾ ਪੱਤਰ ਨਹੀਂ ਸੀ ਪੁੱਜਾ ਜਿਸ ਦਾ ਉਸ ਨੂੰ ਦਿਲੀ ਦੁੱਖ ਸੀ।

ਹੋਣੀ ਦਾ ਭਾਣਾ ਵੇਖੋ ਕਿ ਯੂਨੀਵਰਸਿਟੀ ਵਿਚ ਵਿਦਿਆਰਥੀ ਗੁੱਟਾਂ ਦੇ ਝਗੜੇ ਸੁਲਝਾਉਂਦਿਆਂ ਉਹ ਇਕ ਗੁੱਟ ਦੀ ਹਿੱਟ ਲਿਸਟ 'ਤੇ ਆ ਗਿਆ। 20 ਜਨਵਰੀ 1983 ਦੇ ਦਿਨ ਕਾਤਲ ਮੋਟਰ ਸਾਈਕਲ 'ਤੇ ਆਏ ਤੇ ਕੈਂਪਸ ਵਿਚ ਹੀ ਗੋਲੀਆਂ ਮਾਰ ਕੇ ਰੂਪੋਸ਼ ਹੋ ਗਏ। 1947 ਦੀ ਮਾਰ ਧਾੜ 'ਚੋਂ ਤਾਂ ਪ੍ਰਿਥੀਪਾਲ ਬਚ ਨਿਕਲਿਆ ਸੀ ਪਰ ਆਪਣੀ ਯੂਨੀਵਰਸਿਟੀ ਵਿਚ ਬਚ ਨਾ ਸਕਿਆ। ਪਿੱਛੇ ਉਸ ਦੀ ਵਿਧਵਾ ਪਤਨੀ, ਗੋਦ ਲਈ ਬੱਚੀ ਤੇ ਵੱਡੇ ਭਰਾ ਦੇ ਬੱਚੇ ਰਹਿ ਗਏ। ਪ੍ਰਿਥੀਪਾਲ ਜੋੜੇ ਦਾ ਆਪਣਾ ਕੋਈ ਬੱਚਾ ਨਹੀਂ ਸੀ। ਉਸ ਦੇ ਵੱਡੇ ਭਰਾ ਦਾ ਪਹਿਲਾਂ ਹੀ ਇਕ ਸੜਕ ਹਾਦਸੇ ਵਿਚ ਦੇਹਾਂਤ ਹੋ ਗਿਆ ਸੀ।

ਯੂਨੀਵਰਸਿਟੀ ਵਿਚ ਉਸ ਨੂੰ ਸ਼ਰਧਾਂਜਲੀ ਦੇਣ ਸਮੇਂ ਬੜਾ ਵੱਡਾ ਇਕੱਠ ਹੋਇਆ। ਉਸ ਦੀ ਯਾਦ ਵਿਚ ਪ੍ਰਿਥੀਪਾਲ ਸਿੰਘ ਸਪੋਰਟਸ ਕੰਪਲੈਕਸ ਬਣਾਇਆ ਗਿਆ ਜਿੱਥੇ ਹਾਕੀ ਦਾ ਆਸਟ੍ਰੋ ਟਰਫ਼ ਲਾਇਆ ਗਿਆ। ਉਸ ਦੀ ਯਾਦ ਵਿਚ ਹਾਕੀ ਦੇ ਟੂਰਨਾਮੈਂਟ ਹੁੰਦੇ ਹਨ। ਕੁਝ ਸਾਲ ਪਹਿਲਾਂ ਮੈਂ ਕੈਨੇਡਾ ਤੋਂ ਪੰਜਾਬ ਗਿਆ ਤਾਂ ਪ੍ਰਿਥੀਪਾਲ ਸਿੰਘ ਦੇ ਭਤੀਜੇ ਤਰਲੋਚਣ ਸਿੰਘ ਦਾ ਫੋਨ ਆਇਆ। ਉਸ ਨੇ ਸੱਦਾ ਦਿੱਤਾ ਕਿ ਮੈਂ ਉਨ੍ਹਾਂ ਦੇ ਪਿੰਡ ਆਵਾਂ ਤੇ ਆਪਣੇ ਮਿੱਤਰ ਦਾ ਘਰ ਵੇਖਾਂ।

ਮੈਂ ਉਨ੍ਹਾਂ ਦੇ ਘਰ ਗਿਆ ਤਾਂ ਨਿੰਮ ਕੋਲ ਮੱਝਾਂ ਬੱਝੀਆਂ ਹੋਈਆਂ ਸਨ ਜੋ ਅੱਖਾਂ ਮੀਟੀ ਜੁਗਾਲੀ ਕਰ ਰਹੀਆਂ ਸਨ। ਇਕ ਬੰਨੇ ਖੁਰਲੀਆਂ ਬਣੀਆਂ ਹੋਈਆਂ ਤੇ ਖੇਤੀਬਾੜੀ ਦੇ ਸੰਦ ਪਏ ਸਨ। ਪ੍ਰਿਥੀਪਾਲ ਸਿੰਘ ਦੀ ਭੈਣ ਤੇ ਭਤੀਜੇ ਮੌਜੂਦ ਸਨ। ਉਹ ਬੈਠਕ ਜਿੱਥੇ ਹਾਕੀ ਦੇ ਓਲੰਪੀਅਨ ਤੇ ਅਫਸਰ ਆਉਂਦੇ ਜਾਂਦੇ ਰਹੇ ਸਨ ਵੀਰਾਨ ਪਈ ਸੀ। ਉਹਦੇ ਵਿਚ ਕੁਝ ਖੇਡ ਨਿਸ਼ਾਨੀਆਂ ਜ਼ਰੂਰ ਪਈਆਂ ਸਨ ਜੋ ਚੇਤਾ ਕਰਾਉਂਦੀਆਂ ਸਨ ਕਿ ਇਹ ਪੈਨਲਟੀ ਕਾਰਨਰ ਦੇ ਬਾਦਸ਼ਾਹ ਦੀ ਬੈਠਕ ਸੀ!

ਫੁੱਟਬਾਲ ਦੇ ਦੀਵਾਨੇ ਬ੍ਰਾਜ਼ੀਲ ਦੇ ਪੇਲੇ ਵੱਲੋਂ ਪਹਿਨੀਆਂ ਪੁਸ਼ਾਕਾਂ ਦੀਆਂ ਲੀਰਾਂ ਵੀ ਸਾਂਭੀ ਬੈਠੇ ਹਨ। ਸਾਡਾ ਪ੍ਰਿਥੀਪਾਲ ਸਿੰਘ ਵੀ ਤਾਂ ਹਾਕੀ ਦਾ ਪੇਲੇ ਹੀ ਸੀ। ਅਸੀਂ ਤਾਂ ਉਹਦੀ ਉਹ ਹਾਕੀ ਵੀ ਨਹੀਂ ਸੰਭਾਲੀ ਜੀਹਦੇ ਨਾਲ ਉਹਨੇ ਓਲੰਪਿਕ ਖੇਡਾਂ ਵਿਚ ਸਭ ਤੋਂ ਬਹੁਤੇ ਗੋਲ ਕੀਤੇ ਸਨ!

---

# ਸਮੇਂ ਦਾ ਸੱਚ

ਪਰਮਜੀਤ ਸਿੰਘ ਸੇਖੋਂ (ਦਾਖਾ)
ਫੋਨ: 510-774-5909

* ਵਾਹ ਨੀ ਬੋਤਲੇ ਤੂੰ ਵੀ ਕੀ ਚੀਜ਼ ਐਂ...ਜਨਮ ਲੈਂਦਿਆਂ ਹੀ ਦੁੱਧ ਦੀ ਬੋਤਲ, ਥੋੜਾ ਵੱਡੇ ਹੋਏ ਤਾਂ ਕੋਕ ਪੈਪਸੀ ਦੀ ਬੋਤਲ, ਜਵਾਨੀ 'ਚ ਪੈਰ ਧਰਿਆ ਤਾਂ ਬੀਅਰ ਦੀ ਬੋਤਲ, ਉਸ ਤੋਂ ਬਾਅਦ ਵਿਸਕੀ ਦੀ ਬੋਤਲ, ਲੀਵਰ ਫੇਲ੍ਹ ਹੋਇਆ ਤਾਂ ਗੁਲੂਕੋਜ਼ ਦੀ ਬੋਤਲ, ਅਪਰੇਸ਼ਨ ਹੋਇਆ ਤਾਂ ਖ਼ੂਨ ਦੀ ਬੋਤਲ, ਮਰ ਗਏ ਤਾਂ ਗੰਗਾ ਜਲ ਦੀ ਬੋਤਲ। ਬੋਤਲ ਜ਼ਿੰਦਗੀ ਦੇ ਨਾਲ ਵੀ ਅਤੇ ਜ਼ਿੰਦਗੀ ਤੋਂ ਬਾਅਦ ਵੀ।

* ਜਦ ਨਿਯਮਾਂ ਦੀ ਪਾਲਣਾ ਨਹੀਂ ਹੁੰਦੀ ਤਦ ਹਾਦਸੇ ਹੁੰਦੇ ਹਨ।

* ਕਿੰਨਾ ਵੀ ਪੜ੍ਹ ਲਵੋ, ਦਰਵਾਜ਼ੇ 'ਤੇ ਧੱਕਣਾ ਜਾਂ ਖਿੱਚਣਾ ਪੜ੍ਹ ਕੇ, ਦੋ ਸੈਕਿੰਡ ਸੋਚਣਾ ਪੈਂਦਾ ਹੈ, ਖਿੱਚਣਾ ਹੈ ਕਿ ਧੱਕਾ ਦੇਣਾ ਹੈ।

* ਜੇ ਤੁਸੀਂ ਸਿਰ ਨੂੰ ਆਕੜ ਨਾਲ ਭਰੀ ਰੱਖੋਗੇ ਤਾਂ ਸਿਆਣਪ ਲਈ ਥਾਂ ਨਹੀਂ ਬਚੇਗੀ।

* ਸਿਰ 'ਚ ਸਿੰਧੂਰ ਰਿਸ਼ਤੇ ਦਾ ਗਵਾਹ ਹੋ ਸਕਦਾ ਹੈ ਪਰ ਪ੍ਰੇਮ ਦਾ ਨਹੀਂ।

* ਸਾਂਭ ਕੇ ਰੱਖੀਂ ਯਾਦਾਂ ਦਾ ਸਰਮਾਇਆ ਇਕੱਲੇ ਬਹਿ ਕੇ ਮੁਸਕੁਰਾਉਣ ਦੇ ਕੰਮ ਆਉਣਗੀਆਂ।

* ਚੰਗਾ ਇਨਸਾਨ ਮਤਲਬੀ ਨਹੀਂ ਹੁੰਦਾ ਬਸ ਦੂਰ ਹੋ ਜਾਂਦਾ ਹੈ ਉਨ੍ਹਾਂ ਲੋਕਾਂ ਤੋਂ ਜਿਨ੍ਹਾਂ ਨੂੰ ਉਸ ਦੀ ਕਦਰ ਨਹੀਂ ਹੁੰਦੀ।

* ਜੇ ਤੁਹਾਨੂੰ ਰੋਕਣ ਜਾਂ ਟੋਕਣ ਵਾਲਾ ਤੁਹਾਡੇ ਸਿਰ 'ਤੇ ਕੋਈ ਹੈ ਤਾਂ ਰੱਬ ਦਾ ਸ਼ੁਕਰ ਮਨਾਇਆ ਕਰੋ। ਕਿਉਂਕਿ ਜਿਨ੍ਹਾਂ ਬਾਗਾਂ ਦੇ ਮਾਲੀ ਨਹੀਂ ਹੁੰਦੇ ਉਹ ਬਾਗ ਬਹੁਤ ਜਲਦੀ ਉਜੜ ਜਾਂਦੇ ਹਨ।

* ਕਿੰਨਾ ਮੁਸ਼ਕਿਲ ਹੋ ਗਿਆ ਹੈ ਅੱਜ-ਕਲ੍ਹ ਆਪਣਿਆਂ ਦੇ ਵਿਚੋਂ ਆਪਣਿਆਂ ਨੂੰ ਲੱਭਣਾ।

* ਚੰਗਾ ਜਾਂ ਬੁਰਾ ਇਨਸਾਨ ਆਪਣੀ ਜ਼ੁਬਾਨ ਪਿੱਛੇ ਛੁਪਿਆ ਹੁੰਦੈ ਜੇਕਰ ਉਸਨੂੰ ਵੇਖਣਾ ਐ ਤਾਂ ਬੋਲਣ ਦਿਓ।

* ਅਸਤ ਹੁੰਦੇ ਸੂਰਜ ਨੂੰ ਜਿਹੜੇ ਦੇਖਣਾ ਪਸੰਦ ਨਹੀਂ ਕਰਦੇ, ਓਹੀ ਦੂਸਰੇ ਦਿਨ ਚੜ੍ਹਦੇ ਸੂਰਜ ਨੂੰ ਪਾਣੀ ਚੜ੍ਹਾ ਕੇ ਮੱਥਾ ਟੇਕਦੇ ਨੇ।

* ਆਪਣਾ ਹੱਕ ਮੰਗਣ ਵਾਲਿਆਂ ਨੂੰ ਕਦੀ ਭਿਖਾਰੀ ਸਮਝਣ ਦੀ ਗ਼ਲਤੀ ਨਾ ਕਰੋ, ਪਤਾ ਨਹੀਂ ਵਕ਼ਤ ਔਰ ਹਾਲਾਤ ਕਦੋਂ ਤੁਹਾਨੂੰ ਉਸ ਦੀ ਜਗ੍ਹਾ 'ਤੇ ਲਿਆ ਕੇ ਖੜ੍ਹਾ ਕਰ ਦੇਣ।

* ਜਿਸਦੀ ਸੰਗਤ ਨਾਲ ਤੁਹਾਡੇ ਵਿਚਾਰ ਸ਼ੁੱਧ ਹੋਣ ਲੱਗ ਜਾਣ ਸਮਝ ਜਾਣਾ ਉਹ ਇਨਸਾਨ ਸਾਧਾਰਨ ਨਹੀਂ ਹੈ।

* ਸੱਚੇ ਬੰਦੇ ਦੀ ਕਮਜ਼ੋਰੀ ਉਸ ਦੇ ਜਜ਼ਬਾਤ ਹੁੰਦੇ ਨੇ ਜਿਸ ਦਾ ਫ਼ਾਇਦਾ ਲੋਕ ਰੱਜ ਕੇ ਉਠਾਉਂਦੇ ਨੇ।

---

# ਮੋਹਰ



ਹਰਦੀਪ ਸਿੰਘ ਸੋਢੀ
ਫੋਨ: 480-794-0325

ਜੋ ਕਰਮਾਂ ਵਿਚ ਹੋਵੇ ਉਹ ਖਾਣਾ ਹੀ ਪੈਂਦਾ ਹੈ ਚੰਗਾ ਹੋਵੇ ਮਾੜਾ ਹੋਵੇ ਬੰਦੇ ਨੂੰ ਖਾਣਾ ਪੈਂਦਾ ਹੈ, ਬਖਤੌਰ ਸਿੰਘ ਸਬਜ਼ੀ ਲੈਣ ਗਿਆ ਉਸ ਨੇ ਵੀਹ ਕਿੱਲੋ ਆਲੂ ਲਏ ਅਤੇ ਆਲੂ ਲੈਂਦੇ ਸਮੇਂ ਉਸ ਨੇ ਦੋ ਤਿੰਨ ਕਿੱਲੋ ਕੱਟੇ ਵੱਢੇ ਆਲੂ ਚੁਗ ਕੇ ਬਾਹਰ ਕੱਢ ਦਿੱਤੇ, ਸਬਜ਼ੀ ਵਾਲੇ ਨੇ ਮਜ਼ਾਕ ਨਾਲ ਕਿਹਾ ਜਿਸ ਦੀ ਮੋਹਰ ਇਨ੍ਹਾਂ ਆਲੂਆਂ 'ਤੇ ਲੱਗੀ ਹੋਈ ਹੈ ਉਹੀ ਖਾਵੇਗਾ ਇਨ੍ਹਾਂ ਨੂੰ।

ਬਖਤੌਰ ਸਿੰਘ ਕਹਿੰਦਾ, 'ਮੇਰੀ ਮੋਹਰ ਨਹੀਂ ਸੀ ਲੱਗੀ ਇਨ੍ਹਾਂ 'ਤੇ ਇਸੇ ਲਈ ਮੈਂ ਕੱਢ ਕੇ ਤੇਰੇ ਕੋਲ ਛੱਡ ਚੱਲਿਆ ਹਾਂ' ਕਹਿ ਕੇ ਚਲਾ ਗਿਆ, ਸ਼ਾਮ ਨੂੰ ਬਖਤੌਰ ਸਿੰਘ ਕਿਸੇ ਕੰਮ ਬਾਜ਼ਾਰ ਗਿਆ ਤੇ ਉਸ ਦੇ ਦੋਸਤ ਪਕੌੜੇ ਖਾ ਰਹੇ ਸਨ। ਉਨ੍ਹਾਂ ਬਖਤੌਰੇ ਨੂੰ ਵੀ ਬੁਲਾ ਲਿਆ ਜਦ ਬਖਤੌਰਾ ਵੀ ਪਕੌੜੇ ਖਾ ਰਿਹਾ ਸੀ ਤਾਂ ਸਬਜ਼ੀ ਵਾਲਾ ਅਚਾਨਕ ਉਥੇ ਆ ਗਿਆ ਤੇ ਕਹਿੰਦਾ ਤੇਰੇ ਵੱਲੋਂ ਛੱਡੇ ਆਲੂ ਇਸ ਹਲਵਾਈ ਨੇ ਲੈ ਆਂਦੇ ਸਨ ਅਤੇ ਉਨ੍ਹਾਂ ਦੇ ਪਕੌੜੇ ਬਣ ਗਏ। ਆਖਿਰ ਨੂੰ ਖਾਣੇ ਤਾਂ ਤੈਨੂੰ ਹੀ ਪਏ ਕਿਉਂਕਿ ਇਨ੍ਹਾਂ ਉੱਤੇ ਤੇਰੀ ਹੀ 'ਮੋਹਰ' ਲੱਗੀ ਹੋਈ ਸੀ।

# ਮਿੰਨੀ ਓਪੇਰਾ: ਯੋਰਪ ਤੋਂ ਫ਼ਲਸਤੀਨ ਤੱਕ: ਸਫ਼ਰ-ਏ-ਹਿਟਲਰ -2

## ਦਹਿਸ਼ਤਵਾਦੀ ਕੌਣ?

ਸੱਤ ਅਕਤੂਬਰ ਦਾ
ਮੈਂ ਭਾਜੀ ਪਾ ਕੇ
ਹਿਸਾਬ ਵਾਪਸ ਕਰਨਾ ਹੈ,
ਇਧਰ ਵੀ ਲੋਕ ਮਰੇ ਸਨ
ਉਧਰ ਵੀ ਲੋਕਾਂ ਨੂੰ ਪੈਣਾ ਮਰਨਾ ਹੈ,
ਇਧਰ ਮਾਨਵਤਾ ਦਾ ਜੋ ਘਾਣ ਹੋਇਆ ਸੀ
ਇਹਨੂੰ ਜ਼ਰਬਾਂ ਲਾ ਲਾ
ਉੱਧਰ ਮਾਨਵਤਾ ਦਾ
ਘਾਣ ਕਰਨਾ ਹੈ!



ਤਾਂ ਜਾ ਕੇ ਮੈਂ
ਇਜ਼ਰਾਈਲ ਦਾ ਹਾਕਮ
ਕਹਾਉਣਾ ਹੈ!
ਦੁਨੀਆਂ ਵਾਲਿਓ, ਕੋਈ

ਡਾ. ਸੁਖਪਾਲ ਸੰਘੇੜਾ ਉਰਫ ਪਰਖ਼ਾ

ਤਾਂ ਮੈਨੂੰ ਦੱਸੋ
ਦਹਿਸ਼ਤਵਾਦੀ ਕਿੱਥੇ ਹੋਣਾ ਹੈ?

ਕਿਸੇ 'ਹਮਾਸ' ਦਹਿਸ਼ਤਵਾਦੀ ਨੇ
ਖ਼ਬਰੇ ਮੇਰੇ ਹੱਥ ਆਉਣਾ ਹੈ,
ਜਾਂ ਨਹੀ ਆਉਣਾ ਹੈ,
ਜੇ ਕਾਬੂ ਆ ਵੀ ਗਏ
ਤਾਂ ਉਨ੍ਹਾਂ ਦਾ ਖ਼ੂਨ
ਮੇਰੀ 'ਬਦਲੇ ਦੀ ਪਿਆਸ' ਲਈ
ਪਾਣੀ ਦੀ ਇੱਕ ਬੂੰਦ ਮਾਤਰ ਹੀ ਹੋਣਾ ਹੈ।

ਐਤਕੀਂ ਮੈਂ ਸਾਰਾ ਯੱਭ ਹੀ ਮੁਕਾ ਸੁੱਟਣਾ ਹੈ,
ਪੂਰੇ 'ਗਾਜ਼ਾ' ਉੱਪਰ ਸੁਹਾਗਾ ਫ਼ੇਰ ਕੇ
ਉੱਥੋਂ ਦੀ ਮਨੁੱਖ਼ਤਾ ਨੂੰ ਮਿੱਟੀ ਵਿਚ ਮਿਲਾ ਸੁੱਟਣਾ ਹੈ।
ਮੈਂ ਤਾਂ ਸਾਰੀ ਫ਼ਲਸਤੀਨੀ ਕੌਮ ਦਾ
ਹੁਣ ਘਾਣ-ਬੱਚਾ ਪੀੜ੍ਹ ਸੁੱਕਣੇ ਪਾ ਸੁੱਟਣਾ ਹੈ,
ਹਾਲੇ ਤੱਕ ਤਾਂ ਮੈਂ ਉਜਾੜਦਾ ਹੀ ਰਿਹਾ ਹਾਂ
ਕੁਝ ਮਾਰਦਾ ਹੀ ਰਿਹਾ ਹਾਂ,
ਉਨ੍ਹਾਂ ਨੂੰ ਪੀੜ੍ਹੀ ਦਰ ਪੀੜ੍ਹੀ,
ਹੁਣ ਮੈਂ ਮਨੁੱਖਤਾ ਦੇ ਨਕਸ਼ੇ ਤੋਂ ਹੀ
ਫ਼ਲਸਤੀਨੀ ਕੌਮ ਦਾ
ਖ਼ੁਰਾ-ਖੋਜ ਹੀ ਮਿਟਾ ਸੁੱਟਣਾ ਹੈ।

ਤਾਂ ਜਾ ਕੇ ਮੈਂ
ਇਜ਼ਰਾਈਲ ਦਾ ਹਾਕਮ ਕਹਾਉਣਾ ਹੈ!
ਫ਼ਿਰ ਵੀ ਹਰ ਦਹਿਸ਼ਤਵਾਦੀ ਨੂੰ
ਮੇਰੇ ਕਾਨੂੰਨ ਸਾਹਮਣੇ ਪੈਣਾ ਆਉਣਾ ਹੈ,
ਦੁਨੀਆਂ ਵਾਲਿਓ, ਕੋਈ ਤਾਂ ਮੈਨੂੰ ਦੱਸੋ
ਦਹਿਸ਼ਤਵਾਦੀ ਕਿੱਥੇ ਹੋਣਾ ਹੈ?

ਥੱਲੇ ਗਾਜ਼ਾ ਦੀ ਧਰਤ 'ਤੇ
ਨੀਚੇ ਉੱਜੜੇ-ਵਸਦੇ ਫ਼ਲਸਤੀਨੀ ਲੋਕ ਨੇ,
ਉੱਪਰ ਆਸਮਾਨ ਵਿਚੋਂ ਮੈਂ
ਨੀਚੇ ਲੋਕਾਂ 'ਤੇ ਬੰਬ ਵਰ੍ਹਾਏ ਨੇ,
ਵਰ੍ਹਾਉਂਦਾ ਰਹਾਂਗਾ,
ਲੋਕਾਂ ਦੇ ਘਰ ਮਿੱਟੀ 'ਚੇ ਮਿਲਾਏ ਨੇ
ਮਿਲਾਉਂਦਾ ਰਹਾਂਗਾ,
ਪਿੰਡਾਂ ਦੇ ਪਿੰਡ ਖੰਡਰ ਬਣਾਏ ਨੇ
ਬਣਾਉਂਦਾ ਰਹਾਂਗਾ।

ਤਾਂ ਜਾ ਕੇ ਮੈਂ
ਇਜ਼ਰਾਈਲ ਦਾ ਹਾਕਮ ਕਹਾਉਂਦਾ ਰਹਾਂਗਾ!
ਸੁਰੰਗਾਂ ਧਰਤ ਵਿਚ ਹੁੰਦੀਆਂ
ਸੁਰੰਗਾਂ ਮਨਾਂ ਵਿਚ ਵੀ,
ਕਿਸ ਭੇਸ 'ਚੇ ਲੁਕਿਆ
ਕਿਸ ਢੰਗ 'ਚੇ ਹੋਣਾ,
ਦੁਨੀਆਂ ਵਾਲਿਓ, ਕੋਈ ਤਾਂ ਮੈਨੂੰ ਦੱਸੋ
ਦਹਿਸ਼ਤਵਾਦੀ ਕਿੱਥੇ ਕਿੱਥੇ
ਕਿਸ ਕਿਸ ਸੁਰੰਗ 'ਚੇ ਹੋਣਾ।

ਮੈਂ ਆਸਮਾਨ ਤੋਂ ਐਸਾ ਕਹਿਰ ਵਰ੍ਹਾਇਆ ਹੈ
ਜਿਹਨੇ ਬੱਚਿਆਂ ਸੰਗ ਮਾਪਿਆਂ ਨੂੰ
ਸਾਥ ਸਾਥ ਰੁਆਇਆ ਹੈ,
ਬੱਚਿਆਂ ਸੰਗ ਮਾਪਿਆਂ ਤੋਂ ਵੀ
ਦਹਿਸ਼ਤ ਵਿਚ ਚੀਕ-ਚਿਹਾੜਾ ਪਵਾਇਆ ਹੈ,
ਕੋਈ ਯੋਗ ਨਹੀਂ ਛੱਡਿਆ ਜੋ
ਉਨ੍ਹਾਂ ਨੂੰ ਸ਼ਾਂਤ ਕਰਾਉਣ ਆਇਆ ਹੈ।

ਬੱਚਿਆਂ ਸੰਗ ਮਾਪਿਆਂ ਨੂੰ
ਸਾਥ ਸਾਥ ਰੁਆਉਂਦਾ ਰਹਾਂਗਾ,
ਉਨ੍ਹਾਂ ਤੋਂ ਸਾਥ ਸਾਥ ਦਹਿਸ਼ਤ ਵਿਚ
ਚੀਕ-ਚੀਹਾੜਾ ਪਵਾਉਂਦਾ ਰਹਾਂਗਾ।

ਜਦੋਂ ਤੱਕ ਦੁਨੀਆਂ ਦੀ
ਇੱਕ ਵੀ ਤਾਕਤ ਮੇਰੇ ਸੰਗ ਹੈ,
ਮੈਂ ਉਹਦੇ ਉਹਲੇ ਆਪਣੇ ਅੰਦਰਲੀ
ਭੇਡ ਨੂੰ ਛੁਪਾਉਂਦਾ, ਸ਼ੇਰ ਵਾਂਗ ਦਹਾੜਦਾ
ਇਜ਼ਰਾਈਲ ਦਾ ਹਾਕਮ ਕਹਾਉਂਦਾ ਰਹੇਗਾ।

ਦੁਨੀਆਂ ਵਾਲਿਓ, ਕੋਈ ਤਾਂ ਮੈਨੂੰ ਦੱਸੋ
ਦਹਿਸ਼ਤਵਾਦੀ ਕਿੱਥੇ ਕਿੱਥੇ ਸਿਰ ਛੁਪਾਉਂਦਾ ਰਹੇਗਾ?
---

## ਇਜ਼ਰਾਈਲ

ਇਹ ਜੋ ਇਹਦੇ ਹਾਕਮ ਜਾਂ
ਇਹ ਜੋ ਇਜ਼ਰਾਈਲ ਹੈ,
ਮਨੁੱਖਤਾ ਦੇ ਪੈਮਾਨੇ 'ਤੇ
ਅੱਜਕੱਲ੍ਹ ਨਾ ਕੋਈ
ਇਹ ਤੋਂ ਵੱਧ ਜ਼ਲੀਲ ਹੈ।

ਇਹਦੇ ਨਾਲ ਬਹੁਤੇ ਨਹੀਂ ਜਿਨ੍ਹਾਂ ਨੂੰ
ਇਹ ਇਨਾਮ ਹਾਸਲ ਹੈ,
ਮਾਡਰਨ ਯੁੱਗ ਵਿਚ ਰਹਿੰਦਾ ਇਹ
ਸਭ ਤੋਂ ਮਹਾਂ ਲੋਕ-ਕਾਤਿਲ ਹੈ।
ਸਿਪਾਹੀ ਦੀ ਸਿਪਾਹੀ ਦੀ ਲੜਾਈ 'ਚੇ
ਇਸਦਾ ਬਾਹਲਾ ਵਿਸ਼ਵਾਸ ਨਹੀਂ,
ਉਹ ਲੜਾਈ ਜਿੱਤਣੇ ਹੀ ਕਿਓਂਕਿ
ਇਸਨੂੰ ਬਾਹਲੀ ਆਸ ਨਹੀਂ।

ਮਾਸੂਮ ਨਿਹੱਥੇ ਲੋਕਾਂ 'ਤੇ ਇਹ
ਕਾਹਨੂੰ ਬੰਬ ਵਰ੍ਹਾਉਂਦਾ ਹੈ?
ਲੁੱਟ-ਪੁੱਟ ਕੇ ਇੱਕ ਕੌਮ ਨੂੰ
ਗ਼ੁਲਾਮ ਬਣਾਉਣੀ ਚਾਹੁੰਦਾ ਹੈ,
ਜੇ ਨਾ ਬਣੇ ਉਸ ਕੌਮ ਦੀ
ਹਸਤੀ ਮਿਟਾਓਣੀ ਚਾਹੁੰਦਾ ਹੈ।

ਲਾਹਣਤ ਮਨੁੱਖਤਾ ਦੀ ਇਹਨੂੰ:
ਅਨਮਨੁੱਖੀ ਭਾਣਾ ਹਿਟਲਰੀ
ਸੋਚ ਦਾ ਜੋ ਜਾਇਆ ਸੀ,
ਇਜ਼ਰਾਈਲੀ ਵਡੇਰਿਆਂ ਉੱਪਰ
ਹਿਟਲਰ ਨੇ ਵਰਤਾਇਆ ਸੀ,
ਵੱਖਰੇ ਵਕਤ ਹਾਲਾਤਾਂ ਵਿਚੇ
ਉਸੇ ਭਾਣੇ ਦੀ ਰੂਹ ਵਾਲਾ
ਇਹ ਭਾਣਾ ਧੀਮੀ ਰਫਤਾਰੇ,
ਫ਼ਲਸਤੀਨੀ ਕੌਮ ਦੇ ਉੱਪਰ
ਇਜ਼ਰਾਈਲ ਵਰਤਾ ਰਿਹਾ।
ਇੱਕੀਵੀਂ ਸਦੀ 'ਚੇ 'ਪਰਖ਼ਿਆਂ'
ਹਿਟਲਰ ਦਾ ਰੋਲ ਨਿਭਾ ਰਿਹਾ।

ਜਿਹਨੇ ਬੱਚਿਆਂ ਤੇ ਮਾਪਿਆਂ ਨੂੰ
ਸਾਥ ਸਾਥ ਰੁਆਇਆ ਹੈ,
ਬੱਚਿਆਂ ਤੇ ਮਾਪਿਆਂ ਤੋਂ
ਦਹਿਸ਼ਤ 'ਚੇ ਰਲ ਕੇ
ਚੀਕ-ਚਿਹਾੜਾ ਪਵਾਇਆ ਹੈ,

ਮੈਨੂੰ ਦੱਸੋ ਦੁਨੀਆਂ ਵਾਲਿਓ,
ਉਹ ਦਹਿਸ਼ਤਵਾਦੀ ਕੌਣ ਹੈ,
ਜੋ ਤੁਹਾਡੇ ਨਜ਼ਰੀਂ ਆਇਆ ਹੈ?
---

# ਬੰਦਾ ਬੰਦੇ ਦਾ ਦਾਰੂ

ਮਨੁੱਖ ਨੇ ਆਪਣੀ ਸਹੂਲਤ ਲਈ ਮਸ਼ੀਨ ਬਣਾਈ। ਸੁਣਿਐਂ ਅਜੋਕੇ ਡਿਜੀਟਲ ਦੌਰ 'ਚ ਮਸਨੂਹੀ ਅਕਲ 'ਸੋਚ' ਸਕਣ ਦੀ ਸਮਰੱਥਾ ਵੀ ਰਖਦੀ ਹੈ। ਇਸ ਵਿਸ਼ੇ ਦੇ ਵਿਦਵਾਨ ਸੱਜਣ ਅਤੇ ਮਾਹਿਰ ਤਾਂ ਇਹੀ ਕਹਿੰਦੇ ਹਨ। ਜੇ ਮਸ਼ੀਨ/ਮਸਨੂਹੀ ਅਕਲ ਸੋਚਣ ਵੀ ਲਗ ਪਈ ਤਾਂ ਫਿਰ ਮਨੁੱਖ ਦੀ ਹੋਂਦ ਤੇ ਹੋਣੀ ਤਾਂ ਹਾਸ਼ੀਏ 'ਤੇ ਆ ਜਾਏਗੀ। ਤੇ ਜਦ ਮਸ਼ੀਨ, ਮਨੁੱਖ ਦਾ ਬਦਲ ਬਣ ਗਈ ਤਾਂ ਮਾਨਵਤਾ ਦਾ ਤਾਂ ਸਿਰਿਉਂ ਹੀ ਮਸ਼ੀਨੀਕਰਨ ਹੋ ਜਾਵੇਗਾ। ਇਸ ਸੂਰਤੇ-ਹਾਲ 'ਚ ਬੜੀ ਗੰਭੀਰ ਸਥਿਤੀ ਬਣ ਜਾਵੇਗੀ।



ਪਰ ਕਹਿੰਦੇ ਹਨ ਬੰਦਾ ਬੰਦੇ ਦਾ ਦਾਰੂ ਹੁੰਦੈ! ਇਥੇ ਦਾਰੂ ਦਾ ਮਤਲਬ ਦੇਸੀ ਦਾਰੂ ਭਾਵ ਸ਼ਰਾਬ ਨਹੀਂ। ਇਥੇ ਇਸ ਦਾ ਅਰਥ ਫਾਰਸੀ ਵਾਲੇ ਸ਼ਬਦ ਤੋਂ ਹੈ ਭਾਵ ਦਵਾ, ਔਖਧ-"ਹਰਿ ਹਰਿ ਨਾਮੁ ਦੀਓ ਦਾਰੂ"॥ (ਸ੍ਰੀ.ਗ.ਗ.ਸ.ਅੰਗ 622),

ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: +91 98766-55055

"ਅਵਖਧ ਸਭੇ ਕੀਤਿਅਨੁ ਨਿੰਦਕ ਕਾ ਦਾਰੂ ਨਾਹਿ"॥(ਅੰਗ 315), "ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ"॥ (ਅੰਗ 148)

'ਬੰਦਾ' ਸ਼ਬਦ ਵੀ ਫਾਰਸੀ ਦਾ ਹੀ ਹੈ ਜਿਸ ਦਾ ਅਰਥ ਹੈ ਸੇਵਕ, ਦਾਸ-"ਮੈ ਬੰਦਾ ਬੈ ਖਰੀਦੁ ਸਚੁ ਸਾਹਿਬੁ ਮੇਰਾ"॥(ਅੰਗ 396)', 'ਵਖਤੁ ਵੀਚਾਰੇ ਸੁ ਬੰਦਾ ਹੋਇ"॥(ਅੰਗ 84)

(ਮਨੁਸ ਤੇ ਪੁਰਖੁ ਸੰਸਕ੍ਰਿਤ ਦੇ ਸ਼ਬਦ ਹਨ, ਮਰਦ ਫਾਰਸੀ ਦਾ, ਆਦਮੀ ਅਰਬੀ ਦਾ ਅਤੇ ਇਨ੍ਹਾਂ ਸਭ ਦੇ ਅਰਥ ਵੀ ਮਨੁਖ, ਆਦਮੀ, ਪੁਰਸ਼ ਹੀ ਹਨ)।

ਸੋ, ਔਖੀ ਘੜੀ ਵੇਲੇ ਬੰਦਾ ਹੀ ਬੰਦੇ ਦੇ ਕੰਮ ਆਉਂਦੈ। ਬੇਸ਼ਕ ਅਸੀਂ ਵਣਜੀਕਰਨ ਅਤੇ ਉਪਭੋਗਤਾਵਾਦੀ ਦੌਰ ਵਿਚੋਂ ਗੁਜ਼ਰ ਰਹੇ ਹਾਂ ਜਿਥੇ ਸਵਾਰਥਸਿਧੀ ਇਸ ਦੌਰ ਦਾ ਮੂਲ ਮਾਰਕਿਟੀ ਸਿਧਾਂਤ ਹੈ, ਫਿਰ ਵੀ ਸੰਕਟ ਸਮੇਂ ਆਦਮੀ ਹੀ ਆਦਮੀ ਦੀ ਬਾਂਹ ਫੜਦੈ, ਭਾਈਚਾਰਾ ਨਾਲ ਖੜਦੈ, ਸਮਾਜ ਅਤੇ ਬੰਦੇ ਅੰਦਰਲਾ ਸੇਵਾਭਾਵ ਸਹਾਈ ਹੁੰਦੈ।

ਉੱਤਰਾਖੰਡ ਦੇ ਉੱਤਰਕਾਸ਼ੀ ਜ਼ਿਲ੍ਹੇ ਵਿਚ ਸਿਲਕਿਆਰਾ ਸੁਰੰਗ ਵਿਚ 17 ਦਿਨ ਫਸੇ 41 ਮਜ਼ਦੂਰਾਂ ਨੂੰ ਜਦ ਆਖਰੀ ਪੜਾਅ 'ਤੇ ਹੱਥਾਂ ਅਤੇ ਦੇਸੀ ਸੰਦਾਂ ਨਾਲ ਕੰਮ ਕਰਨ ਵਾਲੇ ਕਿਰਤੀਆਂ ਦੀ 12-ਮੈਂਬਰੀ ਟੀਮ ਨੇ 28 ਨਵੰਬਰ ਨੂੰ ਬਾਹਰ ਕਢਿਆ ਤਾਂ ਬੜਾ ਹੀ ਸਕੂਨ ਮਿਲਿਆ। ਪੂਰੇ ਦੇਸ਼-ਦੁਨੀਆਂ ਨੂੰ ਇਹ ਸਕੂਨ ਮਿਲਿਆ। ਪਰ ਸਾਨੂੰ ਇਹ ਸਕੂਨ ਦੋ ਸਿਰਮੌਰ ਕਾਰਨਾਂ ਕਰਕੇ ਮਿਲਿਆ। ਪਹਿਲਾ, ਮਨੁੱਖੀ ਹੁਨਰ ਦੀ ਮਸ਼ੀਨ ਉਪਰ ਜਿੱਤ ਕਾਰਨ! ਜਿਥੇ ਅਮਰੀਕਾ ਦੀ ਕਹਿੰਦੀ ਕਹਾਉਂਦੀ ਅੱਤ-ਆਧੁਨਿਕ ਡਰਿਲਿੰਗ ਵਾਲੀ 'ਆਊਗਰ' ਮਸ਼ੀਨ ਫੇਲ੍ਹ ਹੋ ਗਈ, ਓਥੇ ਸਾਦ-ਮੁਰਾਦੇ ਦੇਸੀ ਹੁਨਰਮੰਦ ਕਾਮੇ ਸਫਲ ਹੋ ਗਏ!

ਦੂਸਰਾ, ਇਸ ਕਰਕੇ ਕਿ ਇਨਸਾਨੀਅਤ ਅਜੇ ਵੀ ਜ਼ਿੰਦਾ ਹੈ! ਇਨ੍ਹਾਂ ਕਿਰਤੀਆਂ, ਜਿਨ੍ਹਾਂ ਵਰਗਿਆਂ ਦਾ ਰਵਾਇਤੀ ਤ੍ਰਿਸਕਾਰਕ ਨਾਮਕਰਨ 'ਚੂਹਾ-ਖੁੱਡ ਖੁਦਾਈਕਾਰ' ਕੀਤਾ ਗਿਐ, ਨੇ ਆਪਣੀ ਸਖਤ ਘਾਲਣਾ ਦਾ ਕੋਈ ਵੀ ਪੈਸਾ ਲੈਣੋਂ ਇਹ ਕਹਿ ਕੇ ਇਨਕਾਰ ਕਰ ਦਿਤਾ ਕਿ ਉਨ੍ਹਾਂ ਨੇ ਆਪਣੇ ਭਾਈਵੰਦ ਮਜ਼ਦੂਰਾਂ ਦੀ ਸਹਾਇਤਾ ਅਤੇ ਦੇਸ਼ ਦੀ ਸੇਵਾ ਹਿਤ ਇਹ ਕਾਰਜ ਕੀਤਾ ਹੈ।

ਲਗਦਾ ਸੀ ਮਸ਼ੀਨੀ ਦੌਰ ਵਿਚ ਬੰਦੇ ਦਾ ਲਹੂ ਚਿੱਟਾ ਹੋ ਗਿਆ ਹੋਣੈਂ, ਪਰ ਅਜੇ ਲਾਲ ਹੀ ਹੈ! ਹਾਂ, ਚਿੱਟਾ ਵੀ ਬੜਿਆਂ ਦਾ ਹੋਣੈ, ਪਰ ਆਪਾਂ ਲਾਲ ਹੀ ਦੇਖੀਏ ਅਤੇ ਜਿਨ੍ਹਾਂ ਦੀਆਂ ਰਗਾਂ ਵਿਚ ਇਹ ਹੁਣ ਵੀ ਗਰਦਿਸ਼ ਕਰਦੈ ਉਨ੍ਹਾਂ ਨੂੰ ਸਲਾਮ ਕਰੀਏ-"ਏਕ ਵੀ ਪੱਤਾ ਹੈ ਬਾਕੀ ਜਬ ਤਕ, ਕੋਈ ਕਿਉਂ ਮਾਯੂਸ ਹੋ, /ਟਾਹਨੀਉਂ ਹਿਲਤੀ ਰਹੋ, ਠੰਡੀ ਹਵਾ ਚਲਤੀ ਰਹੇ"(ਸਰਦਾਰ ਪੰਛੀ)।

"ਰੈਟ ਹੋਲ ਮਾਈਨਰਜ਼" (ਚੂਹਾ-ਖੁੱਡ ਖੁਦਾਈਕਾਰ) ਹਾਸ਼ੀਏ ਉਪਰ ਧਕੇਲੇ ਗਏ ਉਹ ਵੰਚਿਤ ਲੋਕ ਹਨ ਜੋ ਆਪਣੀ ਗੁਜ਼ਰ ਬਸਰ ਕਰਨ ਲਈ ਹੱਥਾਂ ਅਤੇ ਦੇਸੀ ਸੰਦਾਂ ਨਾਲ ਕੋਲੇ ਦੀਆਂ ਖਾਨਾਂ ਵਿਚੋਂ ਛੋਟੀਆਂ ਛੋਟੀਆਂ ਮੋਰੀ-ਨੁਮਾ ਖੁੱਡਾਂ/ਸੁਰੰਗਾਂ ਰਾਹੀਂ ਜੀਵਨ ਨੂੰ ਝੁਲਕਾ ਦੇਣ ਲਈ ਖਤਰੇ ਮੁਲ ਲੈ ਕੇ ਕੋਲਾ ਕਢਦੇ ਹਨ। ਹੱਥੀਂ ਕੰਮ ਕਰਨ ਵਾਲੇ ਇਨ੍ਹਾਂ ਦਿਹਾੜੀਦਾਰਾਂ ਨੂੰ ਬਹੁਤ ਹੀ ਘਟ ਪੈਸੇ ਮਿਲਦੇ ਹਨ। ਕਈ ਗੈਰ-ਕਾਨੂੰਨੀ ਢੰਗ ਨਾਲ ਵੀ ਦੇਸੀ ਵਿਧੀ ਰਾਹੀਂ ਖੁਦਾਈ ਕਰਦੇ ਹਨ। ਪਰ ਜਿਨ੍ਹਾਂ ਕਾਮਿਆਂ ਨੇ ਸਿਲਕਿਆਰਾ ਸੁਰੰਗ ਵਿਚਲਾ ਅੜਿਆ ਹੋਇਆ ਕੰਮ ਨੇਪਰੇ ਲਾਇਆ ਉਹ ਇਕ ਕੰਪਨੀ ਵਿਚ ਤਾਇਨਾਤ ਸਨ।

(ਉਂਝ ਨੈਸ਼ਨਲ ਗਰੀਨ ਟ੍ਰਿਬਿਊਨਲ ਨੇ 2014 ਵਿਚ ਰੈਟ-ਹੋਲ ਮਾਈਨਿੰਗ ਨੂੰ ਗੈਰ-ਕਾਨੂੰਨੀ ਕਰਾਰ ਦਿੰਦਿਆਂ ਇਸ ਉਪਰ ਪਾਬੰਦੀ ਲਗਾਈ ਹੋਈ ਹੈ, ਫਿਰ ਵੀ ਸੁਣਿਐਂ ਕਿ ਮੇਘਾਲਿਆ ਵਿਚ ਕੁਝ ਥਾਂਵਾਂ ਉਪਰ ਇਹ ਲੇਟਵੀਂ ਖੁਦਾਈ ਵਿਧੀ ਲੁਕਵੇਂ ਢੰਗ ਨਾਲ ਹੁੰਦੀ ਰਹਿੰਦੀ ਹੈ)।

ਜਦ ਖੇਤੀ ਅਜੇ ਹਲ-ਹਲਟਾਂ ਨਾਲ ਹੀ ਹੁੰਦੀ ਸੀ, ਉਦੋਂ ਅਸੀਂ ਆਪ ਇਹ ਚੂਹਾ-ਖੁੱਡਾਂ ਦੇਖੀਆਂ ਹਨ। ਇਹ ਖੁੱਡਾਂ ਬਹੁਤੀਆਂ ਤਾਂ ਚੂਹੇ ਹੀ ਕਢਦੇ ਹਨ ਪਰ ਸਹੇ/ਖਰਗੋਸ਼ ਵੀ ਬਣਾਉਂਦੇ ਹਨ। ਇਹ 4-5 ਫੁੱਟ (ਜਾਂ ਸ਼ਾਇਦ ਇਸ ਤੋਂ ਵੀ



ਵਧੇਰੇ) ਡੂੰਘੀਆਂ ਹੁੰਦੀਆਂ ਹਨ। ਕਣਕ ਦੀ ਵਢਾਈ ਉਪਰੰਤ ਅਗਲੀ ਫਸਲ ਬੀਜਣ ਲਈ ਰੌਣੀ ਕਰਨੀ ਹੁੰਦੀ ਸੀ। ਹਲਟ ਦਾ ਪਾਣੀ ਹੌਲੀ ਹੌਲੀ ਖੇਤ ਪੁਜਦਾ ਸੀ। ਪਰ ਖੇਤਾਂ ਵਿਚ ਕਈ ਥਾਂ ਚੂਹਿਆਂ ਨੇ ਮਿੱਟੀ ਦੇ ਢੇਰ ਲਗਾਏ ਹੋਣੇ ਅਤੇ ਖੁੱਡਾਂ ਕਢੀਆਂ ਹੋਣੀਆਂ। ਇਕ ਤਾਂ ਵੈਸੇ ਵੀ ਬਲਦਾਂ ਨਾਲ ਚਲਣ ਵਾਲੇ ਹਲਟ ਦੇ ਪਾਣੀ ਦੀ ਮਿਕਦਾਰ/ਰਫਤਾਰ ਥੋੜੀ/ਹੌਲੀ ਹੁੰਦੀ ਸੀ, ਉਪਰੋਂ ਸਾਰਾ ਪਾਣੀ ਘਰਲ ਘਰਲ ਕਰ ਕੇ ਖੁੱਡ ਵਿਚ ਜਾਈ ਜਾਣਾ। ਬੜੇ ਪ੍ਰੇਸ਼ਾਨ ਹੋਣਾ। ਚੂਹੇ ਨਿਰੀ ਖੁੱਡ ਹੀ ਨਹੀਂ ਕਢਦੇ ਸਗੋਂ ਇਕ ਸੁਰੰਗ ਵੀ ਪੁਟਦੇ ਹਨ, ਜੋ 15-20 ਫੁੱਟ ਜਾਂ ਇਸ ਤੋਂ ਵੀ ਵਧੇਰੇ ਲੰਮੀ ਦੂਰੀ 'ਤੇ ਅਗੇ ਜਾ ਕੇ ਨਿਕਲਦੀ ਹੈ। ਖੁੱਡ ਵਿਚ ਪਾਣੀ ਜਾਣ 'ਤੇ ਸਾਰੇ ਚੂਹੇ ਅਗਲੇ ਪਾਸੇ ਦੇ ਮਘੋਰੇ ਰਾਹੀਂ ਬਾਹਰ ਨਿਕਲ ਕੇ ਦੌੜ ਜਾਂਦੇ ਸਨ। ਕਈਆਂ ਨੂੰ ਤਾਂ ਕਿਸਾਨ ਦਬੋਚ ਲੈਂਦੇ ਸਨ ਪਰ ਬਹੁਤੇ ਬਚ ਨਿਕਲਦੇ ਸਨ। ਉਨ੍ਹਾਂ ਸਮਿਆਂ 'ਚ ਅਜੇ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਨਹੀਂ ਸੀ ਸ਼ੁਰੂ ਹੋਈ।

ਸੋ, ਇਨ੍ਹਾਂ ਚੂਹੇ-ਖੁੱਡਾਂ ਦੀ ਖੇਤਾਂ ਵਿਚਲੀ ਸੱਚੀਂ-ਮੁਚੀਂ ਦੀ ਖੁਦਾਈ ਤੋਂ ਹੀ ਇਹ ਟਰਮ 'ਰੈਟ-ਹੋਲ ਮਾਈਨਿੰਗ' ਬਣੀ ਹੈ।

ਇਥੇ ਅਸੀਂ ਇਹ ਬਿਲਕੁਲ ਨਹੀਂ ਕਹਿਣਾ ਚਾਹੁੰਦੇ ਕਿ 41 ਮਜ਼ਦੂਰਾਂ ਨੂੰ ਬਚਾਉਣ ਵਿਚ ਮਸ਼ੀਨਾਂ ਨੇ ਕੋਈ ਕੰਮ ਨਹੀਂ ਕੀਤਾ। ਬਹੁਤ ਕੀਤਾ। ਸਾਡੇ ਇੰਜੀਨੀਆਰਾਂ, ਮਾਹਿਰਾਂ (ਸਮੇਤ ਵਿਦੇਸ਼ੀ ਮਾਹਿਰਾਂ), ਫੌਜ ਦੇ ਜਵਾਨਾਂ/ਅਫਸਰਾਂ, ਪ੍ਰਸ਼ਾਸਨ, ਪੁਲਿਸ ਅਤੇ ਹੋਰ ਸਰਕਾਰੀ ਅਧਿਕਾਰੀਆਂ/ਏਜੰਸੀਆਂ ਦੀਆਂ ਟੀਮਾਂ ਨੇ ਰਲ ਮਿਲ ਕੰਮ ਕੀਤਾ।

ਪਰ ਜਦ 12 ਮੀਟਰ ਉਰ੍ਹਾਂ ਹੀ ਆਊਬਰ ਮਸ਼ੀਨ ਟੁੱਟ ਗਈ ਤਾਂ ਫਿਰ ਸਾਡੇ ਸਾਧਾਰਨ ਕਿਰਤੀ ਅਤੇ ਸਾਦੇ ਦੇਸੀ ਸੰਦ ਕੰਮ ਆਏ! 26 ਘੰਟੇ ਲਗਾਤਾਰ ਅੰਨ੍ਹੇ ਖੂਹ ਵਰਗੇ ਕਾਲੇ-ਬੋਲੇ ਹਨੇਰੇ ਵਿਚ ਇਹ ਕਿਰਤੀ ਖੁਦਾਈ ਕਰਦੇ ਰਹੇ ਅਤੇ ਕੀਮਤੀ ਜਾਨਾਂ ਬਚਾਉਣ ਵਿਚ ਕਾਮਯਾਬ ਹੋਏ!

ਉੱਤਰਾਖੰਡ ਅਤੇ ਕੇਂਦਰ ਸਰਕਾਰਾਂ ਦੁਆਰਾ ਇਨ੍ਹਾਂ ਦਾ ਸਨਮਾਨ ਕਰਨਾ ਬਣਦਾ ਹੈ।

17 ਦਿਨ ਫਸੇ ਰਹਿਣਾ ਤੇ ਢੇਰੀ ਨਾ ਢਾਹੁਣਾ ਵੀ ਕਮਾਲ ਦੀ ਦਲੇਰੀ ਵਾਲਾ ਵਰਤਾਰਾ ਹੈ, ਜਿਸ ਲਈ ਸਾਰੇ 41 ਕਾਮੇ ਵਧਾਈ ਦੇ ਪਾਤਰ ਹਨ। ਫੋਰਮੈਨ ਗੱਬਰ ਸਿੰਘ ਨੇਗੀ ਦੀ ਅਗਵਾਈ ਅਤੇ ਸਭ ਤੋਂ ਆਖਿਰ ਵਿਚ ਬਾਹਰ ਨਿਕਲਣ ਦੀ ਪੇਸ਼ਕਸ਼ ਬਾ-ਕਮਾਲ ਲੀਡਰਸ਼ਿਪ ਦੀ ਉਦਾਹਰਣ ਹੈ।

12 ਮੈਂਬਰੀ ਟੀਮ 'ਚੋਂ ਸਭ ਤੋਂ ਪਹਿਲਾਂ ਫਸੇ ਹੋਏ ਮਜ਼ਦੂਰਾਂ ਕੋਲ ਮੁਨਾ ਕੁਰੈਸ਼ੀ ਪੁੱਜਾ। ਉਹ ਦਿੱਲੀ ਦੀ ਸੀਵਰ ਸਾਫ ਕਰਨ ਵਾਲੀ ਕੰਪਨੀ ਵਿਚ ਕੰਮ ਕਰਦਾ ਹੈ। ਇਸ ਕੁਸ਼ਲ ਅਤੇ ਸਾਹਸੀ ਟੀਮ, ਜਿਸ ਨੇ 26 ਘੰਟੇ ਲਗਾਤਾਰ ਬਚਾਉ ਅਪਰੇਸ਼ਨ ਦਾ ਕੰਮ ਕੀਤਾ, ਦੇ ਹੋਰ ਮੈਂਬਰਾਂ ਵਿਚ ਮੋਨੂੰ ਕੁਮਾਰ, ਵਕੀਲ ਖਾਨ, ਫਿਰੋਜ਼, ਪਰਸਾਦੀ ਲੋਧੀ, ਵਿਪਿਨ ਆਦਿ ਸ਼ਾਮਿਲ ਸਨ। ਉਨ੍ਹਾਂ ਦੀ ਸਫਲਤਾ ਉਪਰ ਐਨਡੀਐਮਏ ਦੇ ਮੈਂਬਰ ਲੈਫਟੀਨੈਂਟ ਜਨਰਲ ਅਤਾ ਹਸਨੈਨ ਨੇ ਇਨ੍ਹਾਂ ਖੁਦਾਈਕਾਰਾਂ ਦਾ ਸ਼ੁਕਰੀਆ ਅਦਾ ਕਰਦਿਆਂ ਕਿਹਾ, "ਜਿੱਥੇ ਮਸ਼ੀਨ ਨੇ ਕੰਮ ਕਰਨਾ ਬੰਦ ਕਰ ਦਿੱਤਾ ਉੱਥੇ ਮਨੁੱਖ ਦੇ ਹੱਥ ਕੰਮ ਆਏ"!

ਫਸੇ ਹੋਏ ਕਿਰਤੀ ਅਤੇ ਉਨ੍ਹਾਂ ਨੂੰ ਬਾਹਰ ਕੱਢਣ ਲਈ ਰੱਬ ਵਾਂਗ ਬਹੁੜਨ ਵਾਲੇ ਖੁਦਾਈਕਾਰ ਵੱਖ ਵੱਖ ਖਿੱਤਿਆਂ, ਧਰਮਾਂ, ਬੋਲੀਆਂ, ਜਾਤਾਂ, ਸ਼੍ਰੇਣੀਆਂ ਦੇ ਸਨ ਪਰ ਸੰਕਟ ਵਿਚ ਸਭ ਦਾ ਧਰਮ ਇਨਸਾਨੀਅਤ ਅਤੇ ਭਾਈਚਾਰਾ ਹੋ ਨਿਬੜਿਆ!

ਉਪਰੋਕਤ ਪਹਿਲੂਆਂ ਤੋਂ ਲੋਕਾਂ 'ਚ ਵੰਡੀਆਂ ਪਾਉਣ ਵਾਲਿਆਂ ਦੇ ਮੂੰਹ 'ਤੇ ਇਹ ਕਰਾਰੀ ਚਪੇੜ ਸੀ!

ਕਹਿੰਦੇ ਹਨ ਕਿ-

"ਯੂੰ ਤੋ ਹਰ ਦਿਲ ਕਿਸੀ ਦਿਲ ਪੇ ਫਿਦਾ ਹੋਤਾ ਹੈ,
ਮਗਰ ਪਿਆਰ ਕਰਨੇ ਵਾਲੋਂ ਕਾ ਅੰਦਾਜ਼ ਜੁਦਾ ਹੋਤਾ ਹੈ।
ਇਨਸਾਨ ਲਾਖ ਸੰਭਲਨੇ ਪਰ ਭੀ ਗਿਰਤਾ ਹੈ,
ਮਗਰ ਵੋ ਜੋ ਗਿਰਤੇ ਕੋ ਸੰਭਾਲੇ ਖੁਦਾ ਹੋਤਾ ਹੈ!

# ਕੁੜੀਆਂ ਦੀ ਫਿਲਮ 'ਗਰਲਜ਼ ਵਿਲ ਬੀ ਗਰਲਜ਼' ਦਾ ਮੇਲਾ



*ਫਿਲਮ 'ਗਰਲਜ਼ ਵਿਲ ਬੀ ਗਰਲਜ਼' ਦਾ ਮੇਲਾ ਦਾ ਦ੍ਰਿਸ਼ ਅਤੇ (ਸੱਜੇ) ਫਿਲਮ ਦਾ ਪੋਸਟਰ।*

ਰਿਚਾ ਚੱਢਾ ਅਤੇ ਅਲੀ ਫਜ਼ਲ ਪ੍ਰੋਡਕਸ਼ਨਜ਼ ਦੀ ਪਹਿਲੀ ਫਿਲਮ 'ਗਰਲਜ਼ ਵਿਲ ਬੀ ਗਰਲਜ਼' ਸਨਡਾਂਸ ਫਿਲਮ ਫੈਸਟੀਵਲ ਦੇ ਡਰਾਮੈਟਿਕ ਫੀਚਰ ਵਰਗ ਲਈ ਚੁਣੀ ਗਈ ਹੈ। ਇਹ ਇਕਲੌਤੀ ਭਾਰਤੀ ਫਿਲਮ ਹੈ ਜੋ ਫੈਸਟੀਵਲ ਦੇ ਪ੍ਰੀਮੀਅਰ ਦੌਰਾਨ ਦਿਖਾਈ ਜਾਵੇਗੀ। ਜ਼ਿਕਰਯੋਗ ਹੈ ਕਿ ਸਨਡਾਂਸ ਫਿਲਮ ਫੈਸਟੀਵਲ ਅਮਰੀਕਾ ਵਿਚ ਹਰ ਸਾਲ ਜਨਵਰੀ ਮਹੀਨੇ ਕਰਵਾਇਆ ਜਾਂਦਾ ਹੈ। ਰਿਚਾ ਨੇ ਕਿਹਾ, "ਫਜ਼ਲ ਅਲੀ ਅਤੇ ਮੈਂ ਵਿਲੱਖਣ ਕਹਾਣੀਆਂ ਦੇ ਨਜ਼ਰੀਏ ਨਾਲ ਇਸ ਪ੍ਰੋਡਕਸ਼ਨ ਦੀ ਸ਼ੁਰੂਆਤ ਕੀਤੀ ਹੈ। 'ਗਰਲਜ਼ ਵਿਲ ਬੀ ਗਰਲਜ਼' ਦਾ ਸਨਡਾਂਸ ਫੈਸਟੀਵਲ ਦੇ ਪ੍ਰੀਮੀਅਰ ਲਈ ਚੁਣੇ ਜਾਣਾ ਸਾਡੇ ਲਈ ਮਾਣ ਵਾਲੀ ਗੱਲ ਹੈ।" ਇਸ ਬਾਰੇ ਫਜ਼ਲ ਅਲੀ ਨੇ ਕਿਹਾ, "ਸਾਡੀ ਪਹਿਲੀ ਹੀ ਪ੍ਰੋਡਕਸ਼ਨ ਫਿਲਮ ਸਨਡਾਂਸ ਦਾ ਹਿੱਸਾ ਬਣ ਰਹੀ ਹੈ ਜਿਸ ਨਾਲ ਸਾਡਾ ਸੁਫ਼ਨਾ ਸਾਕਾਰ ਹੋਇਆ ਹੈ।"

ਫਿਲਮ 'ਗਰਲਜ਼ ਵਿਲ ਬੀ ਗਰਲਜ਼' ਦਾ ਨਿਰਦੇਸ਼ਨ ਸ਼ੁਚੀ ਤਲਾਟੀ ਨੇ ਕੀਤਾ ਹੈ ਅਤੇ ਇਹ ਫਿਲਮ ਉੱਤਰ ਭਾਰਤ ਵਿਚ ਹਿਮਾਲਿਆ ਦੀਆਂ ਵਾਦੀਆਂ 'ਚ ਵੱਸੇ ਇਕ ਬੋਰਡਿੰਗ ਸਕੂਲ 'ਤੇ ਫਿਲਮਾਈ ਗਈ ਹੈ। ਇਹ 16 ਸਾਲ ਦੀ ਲੜਕੀ ਮੀਰਾ ਦੀ ਕਹਾਣੀ ਬਿਆਨਦੀ ਹੈ ਜੋ ਬਾਗੀ ਸੁਭਾਅ

**ਆਮਨਾ ਕੌਰ**

ਦੀ ਹੈ। ਇਸ ਫਿਲਮ ਵਿਚ ਮਲਿਆਲਮ ਅਦਾਕਾਰ ਕਨੀ ਕੁਸਰੁਤੀ, ਜਿਤਿਨ ਗੁਲਾਟੀ ਦੇ ਨਾਲ-ਨਾਲ ਪ੍ਰੀਤੀ ਪਨੀਗ੍ਰਾਹੀ ਅਤੇ ਕੇਸ਼ਵ ਬਿਨੋਏ ਕਿਰਨ ਮੁੱਖ ਭੂਮਿਕਾਵਾਂ ਨਿਭਾਈਆਂ ਹਨ। ਨਿਰਦੇਸ਼ਕ ਸ਼ੁਚੀ ਨੇ ਕਿਹਾ ਹੈ, "ਮੈਨੂੰ ਖੁਸ਼ੀ ਹੈ ਕਿ ਮੇਰੀ ਪਹਿਲੀ ਫਿਲਮ ਸਿਨੇਮਾ ਦੇ ਮੱਕਾ ਸਨਡਾਂਸ ਵਿਚ ਚੁਣੀ ਗਈ ਹੈ।"

ਸ਼ੁਚੀ ਤਲਾਟੀ ਨੇ 'ਅਮੈਰਿਕਨ ਫਿਲਮ ਇੰਸਟੀਚਿਊਟ' ਤੋਂ ਫਿਲਮ ਡਾਇਰੈਕਸ਼ਨ ਦੀ ਸਿਖਲਾਈ ਹਾਸਲ ਕੀਤੀ ਹੋਈ ਹੈ। ਆਪਣੇ ਕੰਮ ਸਦਕਾ ਉਹ 'ਬ੍ਰਿਜਸ-ਲਾਰਸਨ ਪ੍ਰੋਡਕਸ਼ਨ ਐਵਾਰਡ' ਵੀ ਹਾਸਲ ਕਰ ਚੁੱਕੀ ਹੈ। ਆਪਣੀ ਖਾਸ ਪ੍ਰਤਿਭਾ ਲਈ ਉਸ ਨੂੰ 'ਵਿਮੈੱਨ ਇੰਨ ਫਿਲਮ ਐਂਡੋਮੈਂਟ' ਖਿਤਾਬ ਨਾਲ ਵੀ ਸਨਮਾਨਿਤ ਕੀਤਾ ਜਾ ਚੁੱਕਾ ਹੈ। 'ਅਮੈਰਿਕਨ ਫਿਲਮ ਇੰਸਟੀਚਿਊਟ' ਪੁੱਜਣ ਤੋਂ ਪਹਿਲਾਂ ਉਹ ਮੁੰਬਈ ਵਿਚ ਆਪਣੇ ਕਿਆਮ ਦੌਰਾਨ ਵੱਖ-ਵੱਖ ਕਮਰਸ਼ੀਅਲਾਂ ਅਤੇ ਫੀਚਰ ਫਿਲਮਾਂ ਲਈ ਕੰਮ ਕਰ ਚੁੱਕੀ ਸੀ। 'ਇੰਦੂਗੀਕਸ' ਨਾਂ ਦੀ ਸੰਸਥਾ ਵਿਚ ਉਹ ਕ੍ਰੀਏਟਿਵ ਹੈੱਡ ਰਹੀ ਹੈ ਅਤੇ ਇਸ ਸਮੇਂ ਦੌਰਾਨ ਉਸ ਨੇ 20 ਤੋਂ ਜ਼ਿਆਦਾ ਕਮਸ਼ੀਅਲਾਂ ਲਈ ਕੰਮ ਕੀਤਾ। ਫਿਲਮ 'ਗਰਲਜ਼ ਵਿਲ ਬੀ ਗਰਲਜ਼' ਤੋਂ ਪਹਿਲਾਂ ਉਹ 'ਦਿ ਜਿਗਸਾਅ ਮੈਨ', ਦਿ ਡਿਲਿਵਰੀ', 'ਰੂਟਡ ਇੰਨ ਹੋਪ' ਵਰਗੀਆਂ ਫਿਲਮਾਂ ਬਣਾ ਚੁੱਕੀ ਹੈ ਅਤੇ ਸੰਸਾਰ ਭਰ ਵਿਚ ਖੂਬ ਚਰਚਾ ਕਰਵਾ ਚੁੱਕੀ ਹੈ।



# ਖੁਸ਼ੀ ਕਪੂਰ ਦੇ ਖੁਸ਼ੀ ਦੇ ਪਲ

ਫਿਲਮ ਨਿਰਮਾਤਾ ਬੋਨੀ ਕਪੂਰ ਦੀ ਛੋਟੀ ਧੀ ਖੁਸ਼ੀ ਕਪੂਰ ਫਿਲਮ 'ਆਰਚੀਜ਼' ਰਾਹੀਂ ਆਪਣੇ ਕਰੀਅਰ ਦੀ ਸ਼ੁਰੂਆਤ ਕਰ ਰਹੀ ਹੈ। ਬੋਨੀ ਕਪੂਰ ਨੇ ਆਪਣੀ ਧੀ ਦੀ ਤਾਰੀਫ਼ ਕਰਦਿਆਂ ਆਖਿਆ ਕਿ ਫਿਲਮ ਨੇ ਉਸ ਨੂੰ ਆਪਣੇ ਸਕੂਲ ਦੇ ਦਿਨਾਂ ਦੀ ਯਾਦ ਦਿਵਾ ਦਿੱਤੀ ਹੈ। ਬੋਨੀ ਕਪੂਰ ਨੇ ਇੰਸਟਾਗ੍ਰਾਮ 'ਤੇ ਫਿਲਮ ਦੀ ਡਾਇਰੈਕਟਰ ਜ਼ੋਇਆ ਅਖ਼ਤਰ ਦੇ ਕੰਮ ਦੀ ਤਾਰੀਫ਼ ਕਰਦਿਆਂ ਕਿਹਾ, "ਫਿਲਮ ਨੇ ਮੈਨੂੰ ਮੇਰੇ ਸਕੂਲ ਦੇ ਦਿਨਾਂ ਦੀ ਯਾਦ ਦਿਵਾ ਦਿੱਤੀ ਹੈ ਜਦੋਂ ਆਰਚੀਜ਼ ਕਾਮਿਕਸ ਹਰ ਇਕ ਨੌਜਵਾਨ ਦੀ ਪਸੰਦ ਹੁੰਦੀਆਂ ਸਨ। ਜ਼ੋਇਆ ਦੀ ਸਿਰਜੀ ਇਹ ਦੁਨੀਆ ਤੁਹਾਨੂੰ ਬੀਤੇ ਸਮੇਂ ਵਿਚ ਲੈ ਜਾਂਦੀ ਹੈ। ਫਿਲਮ ਦਾ ਹਰ ਅਦਾਕਾਰ ਬਾਖ਼ੂਬੀ ਚੁਣਿਆ ਗਿਆ ਹੈ ਅਤੇ ਫਿਲਮ ਦੇ ਗੀਤ ਆਰਚੀਜ਼ ਦੀ ਦੁਨੀਆ ਨਾਲ ਪੂਰੀ ਤਰ੍ਹਾਂ ਮੇਲ ਖਾਂਦੇ ਹਨ। ਫਿਲਮ ਦਾ ਸਾਰਾ ਅਮਲਾ ਵਧਾਈ ਦਾ ਪਾਤਰ ਹੈ। ਮੈਂ ਫਿਲਮ ਦਾ ਪੂਰਾ ਆਨੰਦ ਮਾਣਿਆ ਤੇ ਆਰਚੀਜ਼ ਦੀ ਕਾਮਿਕਸ ਨੂੰ ਵਾਰ-ਵਾਰ ਪੜ੍ਹਨ ਵਾਂਗ ਇਸ ਨੂੰ ਵਾਰ-ਵਾਰ ਦੇਖਣ ਦਾ ਚਾਹਵਾਨ ਹਾਂ।"

ਫਿਲਮ ਦੀ ਸਕਰੀਨਿੰਗ ਮੌਕੇ ਖੁਸ਼ੀ ਕਪੂਰ ਨੇ ਆਪਣੀ ਮਾਂ ਸ੍ਰੀਦੇਵੀ ਨੂੰ ਸ਼ਰਧਾਂਜਲੀ ਦਿੰਦਿਆਂ ਸੁਨਹਿਰੀ ਰੰਗ ਦਾ ਉਹੀ ਗਾਊਨ ਪਹਿਨਿਆ ਸੀ ਜੋ ਸ੍ਰੀਦੇਵੀ ਨੇ 2013 ਵਿਚ ਪਹਿਨਿਆ ਸੀ। ਅਦਾਕਾਰਾ ਜਾਹਨਵੀ ਕਪੂਰ ਨੇ ਵੀ ਇੰਸਟਾਗ੍ਰਾਮ 'ਤੇ ਆਪਣੀ ਭੈਣ ਨੂੰ ਸ਼ੁਭ ਕਾਮਨਾਵਾਂ ਭੇਟ ਕੀਤੀਆਂ। ਇਸ ਫਿਲਮ ਰਾਹੀਂ ਅਮਿਤਾਭ ਬੱਚਨ ਦਾ ਦੋਹਤਾ ਅਗਸਤਿਆ ਨੰਦਾ ਅਤੇ ਸ਼ਾਹਰੁਖ ਦੀ ਧੀ ਸੁਹਾਨਾ ਖ਼ਾਨ ਵੀ ਪਹਿਲੀ ਵਾਰ ਨਜ਼ਰ ਆਉਣਗੇ। ***-ਜਗਜੀਤ ਸੇਖੋਂ***

# ਔਰਤ ਦੇ ਸੰਘਰਸ਼ ਦੀ ਅਨੂਠੀ ਕਹਾਣੀ 'ਢਾਈ ਆਖਰ'

ਹਿੰਦੀ ਫਿਲਮ 'ਢਾਈ ਆਖਰ' (ਢਾਈ ਅੱਖਰ) ਨੂੰ ਗੋਆ ਵਿਚ ਹੋਣ ਵਾਲੇ 54ਵੇਂ ਇੰਡੀਅਨ ਇੰਟਰਨੈਸ਼ਨਲ ਫਿਲਮ ਫੈਸਟੀਵਲ (ਆਈ.ਐੱਫ.ਐੱਫ.ਆਈ.) 2023 ਦੇ ਮੁਕਾਬਲਾ ਸੈਕਸ਼ਨ ਵਿਚ ਚੁਣਿਆ ਗਿਆ ਹੈ। ਇਸ ਦਾ ਵਿਸ਼ਵ ਪ੍ਰੀਮੀਅਰ 25 ਨਵੰਬਰ ਨੂੰ ਹੋਇਆ ਸੀ। ਇਸ ਵੱਕਾਰੀ ਕੌਮਾਂਤਰੀ ਫਿਲਮ

**ਬ੍ਰਿਜਮੋਹਨ**

ਮੇਲੇ ਵਿਚ ਇਸ ਸੁਤੰਤਰ ਫਿਲਮ ਦਾ ਵਿਸ਼ਵ ਪ੍ਰੀਮੀਅਰ ਹੋਣਾ ਜ਼ਿਕਰਯੋਗ ਪ੍ਰਾਪਤੀ ਹੈ। ਇੱਥੇ ਇਸ ਦਾ ਮੁਕਾਬਲਾ 'ਕੰਤਾਰਾ', 'ਗੁਲਮੋਹਰ' ਅਤੇ 96ਵੇਂ ਆਸਕਰ ਲਈ ਨਾਮਜ਼ਦ '2018-ਐਵਰੀਵਨ ਇਜ਼ ਏ ਹੀਰੋ' ਵਰਗੀਆਂ ਫਿਲਮਾਂ ਨਾਲ ਹੈ।

ਹਿੰਦੀ ਲੇਖਕ ਅਮਰੀਕ ਸਿੰਘ ਦੀਪ ਦੇ ਨਾਵਲ 'ਤੀਰਥਾਟਨ ਕੇ ਬਾਦ' ਉਤੇ ਆਧਾਰਿਤ ਫਿਲਮ 'ਢਾਈ ਆਖਰ' ਹਰਸ਼ਿਤਾ ਨਾਂ ਦੀ ਅਜਿਹੀ ਔਰਤ ਦੀ ਕਹਾਣੀ ਹੈ ਜੋ ਸਾਲਾਂ ਬੱਧੀ ਘਰੇਲੂ ਹਿੰਸਾ ਅਤੇ ਬੇ-ਗ਼ੈਰਤ ਵਿਆਹੁਤਾ ਜੀਵਨ ਦਾ ਸ਼ਿਕਾਰ ਰਹੀ। ਉਹ ਚਿੱਠੀਆਂ ਰਾਹੀਂ ਨਾਮਵਰ ਲੇਖਕ ਸ੍ਰੀਧਰ ਦੇ ਨੇੜੇ ਆਉਂਦੀ ਹੈ ਪਰ ਵਿਧਵਾ ਹੋਣ ਸਦਕਾ ਉਨ੍ਹਾਂ ਦਾ ਇਹ ਰਿਸ਼ਤਾ ਪੁਰਖ ਪ੍ਰਧਾਨ ਸਮਾਜ ਅਤੇ ਪਰਿਵਾਰ ਵੱਲੋਂ ਸਵੀਕਾਰ ਨਹੀਂ ਕੀਤਾ ਜਾਂਦਾ। ਇਸ ਫਿਲਮ ਦੇ ਕੇਂਦਰ ਵਿਚ ਹਰਸ਼ਿਤਾ ਵੱਲੋਂ ਆਪਣੀ ਪਛਾਣ ਨੂੰ ਲੱਭਣ ਦਾ ਯਤਨ ਹੈ। ਕੀ ਹਰਸ਼ਿਤਾ ਇਸ ਨਾਲ ਜੁੜੀਆਂ ਚੁਣੌਤੀਆਂ ਦਾ ਸਾਹਮਣਾ ਕਰ ਸਕੇਗੀ? ਸ੍ਰੀਧਰ ਨਾਲ ਉਸ ਦੇ ਰਿਸ਼ਤੇ ਬਾਬਤ ਪਰਿਵਾਰ ਦੀ ਨਫ਼ਰਤ ਦਾ ਅੰਤ ਕੀ ਹੋਵੇਗਾ? ਕੀ ਦੋਹਾਂ ਦਾ ਪਿਆਰ ਪਰਵਾਨ ਚੜ੍ਹੇਗਾ? ਫਿਲਮ ਇਨ੍ਹਾਂ ਸਾਰੇ ਸਵਾਲਾਂ ਦੇ ਭਾਵਨਾਤਮਕ ਜਵਾਬ ਲੱਭਣ ਦੀ ਕੋਸ਼ਿਸ਼ ਹੈ। ਇਹ ਫਿਲਮ ਦਰਸ਼ਕ ਨੂੰ ਆਪਣੇ ਨਾਲ ਤੋਰ ਕੇ ਲੈ ਜਾਂਦੀ ਹੈ। ਸਭ ਅਦਾਕਾਰਾਂ ਨੇ ਆਪੋ-ਆਪਣੀ ਕਲਾ ਦੇ ਜੌਹਰ ਦਿਖਾਏ ਹਨ।


ਇਹ ਫਿਲਮ ਪਰਵੀਨ ਅਰੋੜਾ ਦੁਆਰਾ ਨਿਰਦੇਸ਼ਤ ਅਤੇ ਕਬੀਰ ਕਮਿਊਨੀਕੇਸ਼ਨਜ਼ ਤੇ ਆਕ੍ਰਿਤੀ ਪ੍ਰੋਡਕਸ਼ਨਸ ਪ੍ਰਾਈਵੇਟ ਲਿਮਟਿਡ ਦੇ ਬੈਨਰ ਹੇਠ ਬਣਾਈ ਗਈ ਹੈ। ਨਿਰਦੇਸ਼ਕ ਪਰਵੀਨ ਅਰੋੜਾ ਦਾ ਕਹਿਣਾ ਹੈ ਕਿ ਇਹ ਫਿਲਮ ਪਿਆਰ ਦਾ ਗੀਤ ਹੈ ਜੋ ਕਿਸੇ ਦੀ ਜ਼ਿੰਦਗੀ ਨੂੰ ਬਦਲਣ ਦੀ ਤਾਕਤ ਰੱਖਦਾ ਹੈ। ਇਸ ਰਾਹੀਂ ਉਹ ਇਹ ਦਰਸਾਉਣਾ ਚਾਹੁੰਦੇ ਹਨ ਕਿ ਕਿਵੇਂ ਪਰਿਵਾਰਾਂ ਵਿਚ ਔਰਤਾਂ ਨਾਲ ਦੁਰਵਿਹਾਰ ਅਤੇ ਹਿੰਸਾ ਨੂੰ ਆਮ ਵਰਤਾਰੇ ਵਜੋਂ ਸਵੀਕਾਰ ਕਰ ਲਿਆ ਜਾਂਦਾ ਹੈ ਜਿਸ ਨਾਲ ਔਰਤਾਂ ਦੀ ਸ਼ਖ਼ਸੀਅਤ 'ਤੇ ਮਾੜਾ ਅਸਰ ਪੈਂਦਾ ਹੈ।

ਇਸ ਫਿਲਮ ਵਿਚ ਹਿੰਦੀ ਅਤੇ ਮਰਾਠੀ ਸਿਨਮਾ ਦੀ ਮਸ਼ਹੂਰ ਅਦਾਕਾਰਾ ਮ੍ਰਿਣਾਲ ਕੁਲਕਰਨੀ ਨੇ ਹਰਸ਼ਿਤਾ ਦੀ ਮੁੱਖ ਭੂਮਿਕਾ ਨਿਭਾਈ ਹੈ। ਇਸ ਤੋਂ ਇਲਾਵਾ ਫਿਲਮਾਂ ਅਤੇ ਰੰਗਮੰਚ ਦੇ ਉੱਘੇ ਅਦਾਕਾਰ ਹਰੀਸ਼ ਖੰਨਾ ਅਤੇ ਮਸ਼ਹੂਰ ਮਰਾਠੀ ਅਦਾਕਾਰ ਰੋਹਿਤ ਕੋਕਾਟੇ ਨੇ ਅਹਿਮ ਭੂਮਿਕਾਵਾਂ ਨਿਭਾਈਆਂ ਹਨ। 'ਜਿਸ ਲਾਹੌਰ ਨਹੀਂ ਦੇਖਿਆ' ਅਤੇ ਫਿਲਮ 'ਗਾਂਧੀ ਗੌਡਸੇ-ਏਕ ਯੁੱਧ' ਦੇ ਲੇਖਕ ਅਸਗ਼ਰ ਵਜਾਹਤ ਨੇ ਇਸ ਫਿਲਮ ਦੀ ਰੂਪਾਂਤਰਿਤ ਸਕ੍ਰਿਪਟ ਅਤੇ ਸੰਵਾਦ ਲਿਖੇ ਹਨ। ਫਿਲਮ ਦੀ ਸ਼ਾਨਦਾਰ ਟੀਮ ਵਿਚ ਗੀਤਕਾਰ ਇਰਸ਼ਾਦ ਕਾਮਿਲ, ਹਿੰਦੀ ਅਤੇ ਬੰਗਾਲੀ ਸੰਗੀਤ ਨਿਰਦੇਸ਼ਕ ਅਨੁਪਮ ਰਾਏ ਅਤੇ ਗਾਇਕਾ ਕਵਿਤਾ ਸੇਠ ਸ਼ਾਮਲ ਹਨ।






*ਫਿਲਮ 'ਢਾਈ ਆਖਰ' ਦਾ ਪੋਸਟਰ ਅਤੇ (ਸੱਜੇ) ਫਿਲਮ ਦਾ ਦ੍ਰਿਸ਼।*


KALGIDHAR TRUST BARU SAHIB, 1982
LET'S WELCOME AND CELEBRATE THE NEW YEAR 2024
WITH
DR. DAVINDER SINGH JI
President - The Kalgidhar Trust - Baru Sahib
MEET & GREET
December 31st, 2023
Morning Divan: 10:00 AM
Evening Divan: 8:00 PM
Sikh Religious Society of Chicago
1280 Winnetka Street
Palatine IL 60067
January 1st, 2024
Evening Divan: 6:00 PM
Dinner: 9:00 PM
Aaj Da Mudda, jus
Jaidev Singh Bhattal's Residence, 143 Founders Pointe S., Bloomingdale, IL
Educate to Save
Educate Kids Save Punjab
Sponsor a Child Now!
$500 Yearly
$5000 For Lifetime
EducateToSave.com
FOR MORE INFORMATION CONTACT:
MAJOR GURCHARN SINGH JHAJ: 847-330-1421 | MANDEEP SINGH PANNU: 224-704-3282 | RAVIDEEP KAUR: 972-693-1077